# ਦਹਿਸ਼ਤਗਰਦ ਕੌਣ ?
# ਸਿੱਖ ਕਿ ਸਰਕਾਰ




Digitized by Panjab Digital Library | www.panjabdigilib.org



ਅਜੀਤ ਸਿੰਘ ਬੈਂਸ, ਮਾਹਿਲਪੁਰ, ਜ਼ਿਲਾ ਹੁਸ਼ਿਆਰਪੁਰ ਦੇ ਇਕ ਦੇਸ਼ਭਗਤ ਪਰਿਵਾਰ ਵਿਚੋਂ ਹਨ । ਆਪ ਨੇ ਆਪਣਾ ਜੀਵਨ ਇਕਨਾਮਿਕਸ ਦੇ ਲੈਕਚਰਾਰ ਦੇ ਤੌਰ 'ਤੇ ਆਰੰਭ ਕੀਤਾ । ਉਨਾਂ ਸਾਲਾਂ ਵਿਚ ਆਪਨੇ ਲੋਕਾਂ ਦੇ ਹੱਕਾਂ ਦੀ ਰਾਖੀ ਵਿਚ ਸਰਗਰਮ ਹਿੱਸਾ ਲਿਆ, ਇਹ ਲੱਛਣ, ਆਪ ਦੇ ਸਾਰੇ ਜੀਵਨ ਦੀ ਖਾਸੀਅਤ ਰਿਹਾ ਹੈ ।

ਤਿੰਨ ਸਾਲ ਕਾਲਜ ਵਿਚ ਪੜ੍ਹਾਉਣ ਤੋਂ ਬਾਅਦ 1954 ਵਿਚ ਆਪਨੇ ਹੁਸ਼ਿਆਰਪੁਰ ਵਿਚ ਲੀਗਲ ਪਰੈਕਟਿਸ ਅਰੰਭ ਕਰ ਲਈ, ਅਤੇ 1964 ਵਿੱਚ ਹਾਈ ਕੋਰਟ 'ਚ ਪਰੈਕਟਿਸ ਕਰਨ ਲੱਗੇ । ਜਸਟਿਸ ਬੈਂਸ ਉਸੇ ਸਾਲ ਪੰਜਾਬ ਬਾਰ ਕੌਂਸਲ ਵਿਚ ਚੁਣੇ ਗਏ ਤੇ ਪੰਜਾਬ ਸਰਕਾਰ ਨੇ ਆਪ ਨੂੰ ਡਿਪਟੀ ਐਡਵੋਕੇਟ ਜਨਰਲ ਨਿਯੁਕਤ ਕਰ ਦਿੱਤਾ । 1972 ਵਿਚ ਆਪ ਪੰਜਾਬ ਅਤੇ ਹਰਿਆਣਾ ਬਾਰ ਕੌਂਸਲ ਦੇ ਪ੍ਰਧਾਨ ਬਣ ਗਏ ਅਤੇ 1974 ਵਿਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜੱਜ ਬਣ ਗਏ, ਜਿਸ ਅਹੁਦੇ 'ਤੇ 1984 ਵਿਚ ਆਪਣੇ ਰੀਟਾਇਰ ਹੋਣ ਤੱਕ ਰਹੇ । ਅਕਤੂਬਰ 1985 ਵਿਚ

...ਜਾਰੀ

Digitized by Panjab Digital Library / www.panjabdigilib.org

MADAAN
BOOK HOUSE
Punjabi Universit
Patiala-147002
Ph. S. 283315

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਦਹਿਸ਼ਤਗਰਦ ਕੌਣ ? ਸਿੱਖ ਕਿ ਸਰਕਾਰ

ਅਜੀਤ ਸਿੰਘ ਬੈਂਸ

ਵਿਚਾਰ ਪ੍ਰਕਾਸ਼ਨ

Digitized by Panjab Digital Library | www.panjabdigilib.org

ਸਭ ਹੱਕ ਲੇਖਕ ਦੇ ਰਾਖਵੇਂ
ਦਹਿਸ਼ਤਗਰਦ ਕੌਣ ? ਸਿੱਖ ਕਿ ਸਰਕਾਰ
ਜਸਟਿਸ ਅਜੀਤ ਸਿੰਘ ਬੈਂਸ

ਪਹਿਲੀ ਵਾਰ 1988 'ਚ ਕਨੇਡਾ ਤੋਂ
ਦੂਜੀ ਵਾਰ ਪੰਜਾਬ 'ਚ 1995

ਪ੍ਰਕਾਸ਼ਕ : ਨਵਦੀਪ ਸਿੰਘ
ਵਿਚਾਰ ਪ੍ਰਕਾਸ਼ਨ
ਪਿੰਡ ਤੇ ਡਾ: ਸਕਰੌਦੀ,
ਜ਼ਿਲ੍ਹਾ ਸੰਗਰੂਰ–148026
ਸਰਵਰਕ : ਸੁਖਵੰਤ ਸਿੰਘ
ਕੰਪੋਜ਼ਿੰਗ : ਨਿਊ ਦਸ਼ਮੇਸ਼ ਪ੍ਰਿੰਟਰਜ਼, 131-ਰਣਜੀਤ ਨਗਰ (ਜਲੰਧਰ)
ਛਾਪਕ : ਮੌਡ ਕਲਰ ਪ੍ਰਿੰਟਰਜ਼ (ਪ੍ਰਾ:) ਲਿਮ: ਮੰਡੀ ਰੋਡ, ਜਲੰਧਰ

ਮੁੱਲ : 50 ਰੁਪਏ

Digitized by Panjab Digital Library | www.panjabdigilib.org

# ਸਮਰਪਣ

ਮੇਰੇ ਮਾਪਿਆਂ,
ਬਾਬੂ ਗੁਰਬਖਸ਼ ਸਿੰਘ ਅਤੇ ਅੰਮ੍ਰਿਤ ਕੌਰ ਨੂੰ,
ਜਿਨ੍ਹਾਂ ਦਾ ਹਿੰਦੁਸਤਾਨ ਦੀ ਆਜ਼ਾਦੀ ਲਈ
ਕੰਮ ਉਤਸ਼ਾਹ ਦਾ ਇੱਕ ਸਦੀਵੀ
ਸੋਮਾ ਬਣਿਆ ਰਹੇਗਾ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਤਰਤੀਬ


ਭਾਗ ਪਹਿਲਾ
ਪੰਜਾਬ ਵਿਚ ਮਨੁੱਖੀ ਅਧਿਕਾਰ
ਕਾਂਡ ਇਕ—ਸਾਕਾ "ਕਾਲੀ ਗਰਜ" ਹਨ੍ਹੇਰਗਰਦੀ ਦਾ ਦਸਤੂਰ 1
ਕਾਂਡ ਦੋ—ਸੰਵਿਧਾਨ ਦੀਆਂ ਗੈਰ-ਜਮਹੂਰੀ ਮੱਦਾਂ ਅਤੇ ਜਾਬਰ ਕਾਨੂੰਨ 10
ਕਾਂਡ ਤਿੰਨ—ਪੰਜਾਬ ਵਿਚ ਮਨੁੱਖੀ ਅਧਿਕਾਰਾਂ ਦਾ ਉਲੰਘਣ 19
ਕਾਂਡ ਚਾਰ—ਹਕੂਮਤ ਦੀ ਦਹਿਸ਼ਤਗਰਦੀ 25

ਭਾਗ ਦੂਜਾ
ਪੰਜਾਬ : ਕੇਂਦਰ ਤੇ ਰਾਜਾਂ ਵਿਚਕਾਰ ਸਬੰਧਾਂ ਦਾ ਮਸਲਾ
ਕਾਂਡ ਇਕ—ਕੌਮਾਂ ਦਾ ਆਪਾ ਨਿਰਣੇ ਦਾ ਹੱਕ 35
ਕਾਂਡ ਦੋ—ਦਰਿਆਈ ਪਾਣੀਆਂ ਅਤੇ ਕੁਦਰਤੀ ਸਾਧਨਾਂ ਦੀ ਲੁੱਟ ਦਾ ਸਵਾਲ 43
ਕਾਂਡ ਤਿੰਨ—ਭਾਸ਼ਾਈ ਸੂਬੇ ਅਤੇ ਇਲਾਕਾਈ ਝਗੜੇ 49
ਕਾਂਡ ਚਾਰ—ਕੇਂਦਰ—ਰਾਜ ਸਮੱਸਿਆਵਾਂ ਦਾ ਆਧਾਰ 56

ਭਾਗ ਤੀਜਾ
ਵਰਤਮਾਨ ਹਾਲਤ (ਦ੍ਰਿਸ਼ਟੀਕੋਣ)
ਕਾਂਡ ਇਕ—ਅੱਜ ਦਾ ਹਿੰਦੁਸਤਾਨ 59
ਕਾਂਡ ਦੋ—ਇਤਿਹਾਸ ਵਿਚ ਪੰਜਾਬ ਦੀ ਥਾਂ 63
ਕਾਂਡ ਤਿੰਨ—ਅਜ਼ਾਦੀ ਤੋਂ ਲੈ ਕੇ ਹਰਿਮੰਦਰ ਸਾਹਿਬ ਉੱਤੇ ਬਾਰ-ਬਾਰ ਹਮਲਿਆਂ ਤੱਕ 69

ਭਾਗ ਚੌਥਾ
ਸਿੱਖਾਂ ਦੀ ਦੇਸ਼ ਭਗਤੀ : ਇਕ ਇਤਿਹਾਸਕ ਦ੍ਰਿਸ਼ਟੀਕੋਣ
ਕਾਂਡ ਇਕ—ਸਿੱਖ ਧਰਮ ਦੀ ਚੜ੍ਹਤ,
ਹਕੂਮਤੀ ਤੇ ਸਮਾਜਕ ਜ਼ਬਰੋ-ਜ਼ੁਲਮ ਵਿਰੁੱਧ ਸੰਘਰਸ਼ 78
ਕਾਂਡ ਦੋ—ਹਰਿਮੰਦਰ ਸਾਹਿਬ ਜਬਰੋ-ਜ਼ੁਲਮ ਨਾਲ ਟੱਕਰ ਦਾ ਇੱਕ ਚਿੰਨ੍ਹ 88
ਕਾਂਡ ਤਿੰਨ—ਫਿਰਕਾਪ੍ਰਸਤੀ ਅਤੇ ਆਧੁਨਿਕ ਸਿਆਸੀ ਪਾਰਟੀਆਂ ਦਾ ਜਨਮ 92
ਕਾਂਡ ਚਾਰ—ਸਿੱਖਾਂ 'ਤੇ ਹਮਲੇ ਕਿਉਂ ਕੀਤੇ ਜਾ ਰਹੇ ਹਨ ? 97

ਭਾਗ ਪੰਜਵਾਂ
ਜ਼ਾਲਮ ਅਤੇ ਮਜ਼ਲੂਮ ਇੱਕੋ ਜਿੰਨੇ ਦੋਸ਼ੀ ਨਹੀਂ ਹਨ 105

ਜ਼ਮੀਮਾ—
* ਮਨੁੱਖੀ ਅਧਿਕਾਰਾਂ ਦਾ ਆਮ ਐਲਾਨਨਾਮਾ 110
* ਹਕੂਮਤੀ ਦਹਿਸ਼ਤਗਰਦੀ ਅਤੇ ਮਨੁੱਖੀ ਅਧਿਕਾਰ 117


Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਲੇਖਕ ਵੱਲੋ ਕੁਝ ਸ਼ਬਦ

ਇਹ ਕਿਤਾਬ (Seige of the Sikhs) ਪਹਿਲਾਂ-ਪਹਿਲ ਅਗਸਤ, 1988 ਵਿੱਚ 'ਦ ਨਿਊ ਪਬਲਿਸ਼ੰਗ ਕੰਪਨੀ ਲਿਮ: ਟਰੰਟੋ' ਵੱਲੋ ਕਨੇਡਾ ਵਿੱਚ ਇੱਕੋ ਮੌਕੇ ਅੰਗਰੇਜ਼ੀ,ਫਰਾਂਸੀਸੀ ਅਤੇ ਪੰਜਾਬੀ* ਵਿੱਚ ਛਾਪੀ ਗਈ ਸੀ । ਜਨਤਾ ਵੱਲੋ ਇਸ ਕਿਤਾਬ ਨੂੰ ਭਰਪੂਰ ਹੁੰਗਾਰਾ ਮਿਲਿਆਂ ਅਤੇ ਥੋੜੇ ਸਮੇ ਅੰਦਰ ਹੀ ਇਸ ਦੀਆਂ ਹਜਾਰਾ ਕਾਪੀਆਂ ਵਿਕ ਗਇਆਂ ਸਨ । ਉਸ ਮੋਕੇ ਸਰਕਾਰੀ ਰੋਕਾਂ ਕਾਰਨ ਇਸ ਨੂੰ ਭਾਰਤ ਅੰਦਰ ਛਾਪਣਾ ਸੰਭਵ ਨਾ ਹੋ ਸਕਿਆ।

ਸਿੱਖਾਂ ਦੀ ਘੇਰਾਬੰਦੀ ਅਜੇ ਵੀ ਜਾਰੀ ਹੈ । ਦਰਬਾਰ ਸਾਹਿਬ (ਸ੍ਰੀ ਅੰਮ੍ਰਿਤਸਰ) ਦੁਆਲੇ ਭਾਰਤ ਸਰਕਾਰ ਦੀਆਂ ਸੁਰੱਖਿਆ ਫੋਰਸਾਂ ਦਾ ਘੇਰਾ ਅਜੇ ਵੀ ਤਣਿਆ ਹੋਇਆ ਹੈ । ਪਿਛਲੇ ਪੰਜਾਂ ਸਾਲਾਂ ਦੌਰਾਨ ਪੰਜਾਬ ਅੰਦਰ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਨਾਵਾਂ ਨੇ ਅੱਤ ਦੀਆਂ ਹੱਦਾਂ ਛੋਹ ਲਈਆਂ ਹਨ । ਮਸਲਾ, ਜਿਹੜਾ ਕਿ ਸਿਆਸੀ ਹੈ, ਉਸਨੂੰ ਅਮਨ ਤੇ ਕਾਨੂੰਨ ਦੇ ਮਸਲੇ ਵੱਜੋਂ ਜਾਂ ਇੱਥੋਂ ਤੱਕ ਕਿ ਕਿਸੇ ਕੜੇ ਕਾਨੂੰਨ ਦੀ ਪ੍ਰਵਾਹ ਕੀਤੇ ਬਗੈਰ ਮਹਿਜ਼ "ਗੜਬੜ" ਵੱਜੋਂ ਨਜਿੱਠਿਆ ਜਾ ਰਿਹਾ ਹੈ । ਕਾਨੂੰਨ ਦੇ ਰਾਜ ਦੀ ਕੋਈ ਗੱਲ ਨਹੀਂ ਰਹਿ ਗਈ । ਸਿਵਲ ਪ੍ਰਸ਼ਾਸਨ ਬੇਮਾਅਣਾ ਹੋ ਕੇ ਰਹਿ ਗਿਆ ਹੈ । ਪੰਜਾਬ ਸਿਵਲ ਅਫਸਰ ਪੁਲਸ ਬੁਰਛਾਗਰਦੀ ਖਿਲਾਫ ਕੋਈ ਡੇਢ ਮਹੀਨਾ "ਕਲਮ ਛੋੜ" ਹੜਤਾਲ ਉੱਤੇ ਰਹੇ ਹਨ । ਪੰਜਾਬ ਅੰਦਰ ਅਗਵਾ, ਤਸੀਹੇ, ਬਲਾਤਕਾਰ ਲਾ-ਪਤਾ ਹੋਣ ਅਤੇ ਗੈਰ ਕਾਨੂੰਨੀ ਹੱਤਿਆਵਾਂ ਰੋਜ਼ ਮਰ੍ਹਾ ਦੀ ਗੱਲ ਬਣ ਕੇ ਰਹਿ ਗਈਆਂ ਹਨ । ਪੰਜਾਬ ਦੇ ਲੋਕ ਆਮ ਕਰਕੇ ਅਤੇ ਸਿੱਖ ਖਾਸ ਕਰਕੇ "ਮੁੱਖ ਧਾਰਾ" ਤੋਂ ਬੇਮੁੱਖ ਹੋ ਗਏ ਹਨ । ਹੱਕੀ ਰੋਸ ਦੀ ਸੰਘੀ ਨੱਪ ਦੇਣ ਅਤੇ ਪੁਲਸ ਤੇ ਨੀਮ ਫੌਜੀ ਤਾਕਤਾਂ ਦੇ ਵਹਿਸ਼ੀਕਰਨ ਨੇ ਲੋਕਾਂ ਨੂੰ ਖੌਫਜ਼ਦਾ ਕੀਤਾ ਹੋਇਆ ਹੈ । ਲੋਕਾਂ ਨੂੰ ਆਪਣੇ ਮੋਏ ਪੁੱਤਰਾਂ ਦੀਆਂ ਨਾ ਲਾਸ਼ਾਂ ਦਿੱਤੀਆਂ ਜਾਂਦੀਆਂ ਹਨ ਅਤੇ ਨਾ ਹੀ ਉਨ੍ਹਾਂ ਦੇ ਭੋਗ ਦੀਆਂ ਰਸਮਾਂ ਪੂਰੀਆਂ ਕਰਨ ਦੀ ਇਜ਼ਾਜਤ ਦਿੱਤੀ ਜਾਂਦੀ ਹੈ । ਸਰਹੱਦੀ ਜ਼ਿਲ੍ਹਿਆਂ ਦੇ ਪਿੰਡਾਂ ਅੰਦਰ ਦਿਨ ਦੇ ਛਪਾਅ ਤੋਂ ਲੈ ਕੇ ਸੂਰਜ ਚੜ੍ਹਨ ਤੱਕ ਕਰਫਿਊ ਲੱਗਾ ਰਹਿੰਦਾ ਹੈ । ਹਜ਼ਾਰਾਂ ਨਿਰਦੋਸ਼ ਵਿਅਕਤੀ ਸਾਲਾਂ ਤੋਂ ਬਿਨਾਂ ਮੁਕੱਦਮੇ ਚਲਾਏ ਜੇਲ੍ਹਾਂ ਅੰਦਰ ਰੁਲ ਰਹੇ ਹਨ । ਫਰਵਰੀ, 1992 ਵਿੱਚ ਬੇਅੰਤ ਸਿੰਘ ਦੀ ਸਰਕਾਰ ਬਣਨ ਤੋਂ ਬਾਅਦ ਪੰਦਰਾਂ ਹਜ਼ਾਰ ਦੇ ਕਰੀਬ ਨੌਜਵਾਨਾਂ ਨੂੰ ਜਿਬਾਹ ਕੀਤਾ ਜਾ ਚੁੱਕਾ ਹੈ । ਸਰਕਾਰ ਦੇ ਜ਼ੁਲਮਾਂ ਖਿਲਾਫ ਜ਼ਬਾਨ ਖੋਲ੍ਹਣ ਦੀ ਜ਼ੁਰਅੱਤ ਕਰਨ ਵਾਲੇ ਮਨੁੱਖੀ ਅਧਿਕਾਰ ਜੱਥੇਬੰਦੀਆਂ ਦੇ ਕਾਰਕੁੰਨਾਂ, ਵਕੀਲਾਂ, ਪੱਤਰਕਾਰਾਂ ਤੇ ਧਾਰਮਿਕ ਹਸਤੀਆਂ ਤੱਕ ਨੂੰ ਬਖਸ਼ਿਆ ਨਹੀਂ ਜਾ ਰਿਹਾ । ਅਕਾਲ ਤਖ਼ਤ ਦੇ ਸਾਬਕਾ ਜੱਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਜਗਰਾਓਂ ਦੀ ਪੁਲਸ ਨੇ ਦਸੰਬਰ (1992) ਦੇ ਆਖ਼ਰੀ ਹਫਤੇ ਉਨ੍ਹਾਂ ਦੇ ਘਰ (ਕਾਉਂਕੇ) ਤੋਂ ਗ੍ਰਿਫਤਾਰ ਕੀਤਾ । ਜਨਵਰੀ (1993) ਦੇ ਪਹਿਲੇ ਹਫਤੇ ਉਨ੍ਹਾਂ ਨੂੰ "ਪੁਲਸ ਹਿਰਾਸਤ" ਚੋਂ ਫਰਾਰ ਕਰਾਰ ਦੇ ਦਿੱਤਾ ਗਿਆ । ਪੁਲਸ ਦੀ ਇਸ ਸ਼ਬਦਾਵਲੀ ਤੋਂ ਜਾਣੂੰ ਕੋਈ ਵੀ ਵਿਅਕਤੀ

---

* ਉਸ ਮੌਕੇ ਇਹ "ਸਿੱਖਾਂ ਦੀ ਘੇਰਾਬੰਦੀ" ਦੇ ਅਨੁਵਾਨ ਹੇਠ ਛਪੀ ਸੀ ।

Digitized by Panjab Digital Library | www.panjabdigilib.org

ਜਾਣ ਸਕਦਾ ਹੈ ਕਿ ਭਾਈ ਸਾਹਿਬ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ । ਬਾਅਦ ਵਿੱਚ ਕਿਸੇ ਵੀ ਵਿਅਕਤੀ ਨੂੰ ਉਨ੍ਹਾਂ ਨਮਿਤ ਰੱਖੇ ਗਏ ਭੋਗ ਦੀਆਂ ਰਸਮਾਂ 'ਚ ਸ਼ਾਮਲ ਨਹੀਂ ਹੋਣ ਦਿੱਤਾ ਗਿਆ । ਰੋਪੜ ਦੇ ਇੱਕ ਵਕੀਲ ਕੁਲਵੰਤ ਸਿੰਘ ਨੂੰ ਉਸਦੀ ਪਤਨੀ ਤੇ ਡੇਢ ਸਾਲ ਦੇ ਬੱਚੇ ਸਮੇਤ 25 ਜਨਵਰੀ 1993 ਨੂੰ ਉਸਦੀ ਕਾਰ ਸਮੇਤ ਹਿਰਾਸਤ ਵਿੱਚ ਲਿਆ ਗਿਆ । ਬਾਅਦ ਵਿੱਚ ਤਸੀਹੇ ਦੇ ਕੇ ਉਨ੍ਹਾਂ ਨੂੰ ਜਾਨੋਂ ਮਾਰ ਦਿੱਤਾ ਗਿਆ । ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਦੇ ਵਕੀਲਾਂ ਨੇ ਦੋ ਮਹੀਨੇ ਹੜਤਾਲ ਕਰੀ ਰੱਖੀ । ਪਰ ਸਰਕਾਰ ਦੇ ਕੰਨਾਂ 'ਤੇ ਜੂੰ ਤੱਕ ਨਹੀਂ ਸਰਕੀ । 25 ਸਤੰਬਰ, 1992 ਨੂੰ ਜਲੰਧਰ ਜ਼ਿਲ੍ਹਾ ਕਚਹਿਰੀ ਵਿੱਚ ਕੰਮ ਕਰਦੇ ਵਕੀਲ ਜਗਵਿੰਦਰ ਸਿੰਘ ਨੂੰ ਗ੍ਰਿਫਤਾਰ ਕਰਕੇ ਲਾਪਤਾ ਕਰ ਦਿੱਤਾ ਗਿਆ । ਵਕੀਲਾਂ ਨੇ ਲੰਮਾ ਚਿਰ ਹੜਤਾਲਾਂ, ਧਰਨੇ ਤੇ ਮੁਜ਼ਾਹਰੇ ਕੀਤੇ ਪਰ ਲਾਪਤਾ ਹੋਏ ਵਕੀਲ ਦੀ ਕੋਈ ਉੱਘ ਸੁੱਘ ਨਹੀਂ ਮਿਲੀ । ਅਜਿਹੇ ਹੀ ਢੰਗ ਨਾਲ ਬਠਿੰਡਾ ਦੇ ਵਕੀਲ ਆਰ.ਐੱਸ. ਮਨਸ਼ਾਹੀਆ ਨੂੰ 'ਗਾਇਬ' ਕਰ ਦਿਤਾ ਗਿਆ । ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੇ ਕਾਰਕੁੰਨ ਅਤੇ ਅਜੀਤ ਅਖ਼ਬਾਰ ਦੇ ਅਮਰਗੜ੍ਹ (ਸੰਗਰੂਰ) ਸਥਿਤ ਪੱਤਰਕਾਰ ਰਾਮ ਸਿੰਘ ਬਲਿੰਗ ਨੂੰ ਪੁਲਸ ਨੇ 24 ਸਤੰਬਰ, 1992 ਨੂੰ ਬੱਸ 'ਚੋਂ ਅਗਵਾ ਕਰ ਲਿਆ ਨਾ ਉਸਨੂੰ ਕਿਸੇ ਅਦਾਲਤ 'ਚ ਪੇਸ਼ ਕੀਤਾ ਗਿਆ ਅਤੇ ਨਾ ਹੀ ਉਸਦੇ ਕੋਈ ਸੁਰਾਗ ਮਿਲਿਆ । 25 ਸਤੰਬਰ, 1992 ਨੂੰ ਜਗਰਾਓਂ ਨੇੜੇ ਲੀਲਾਂ ਪਿੰਡ ਦੇ ਬੂਟਾ ਸਿੰਘ ਭੱਟੀ (ਜੋ ਦਲਿਤ ਤੇ ਘੱਟ ਗਿਣਤੀ ਮੋਰਚੇ ਦਾ ਆਗੂ ਸੀ) ਨੂੰ ਉਸਦੇ ਘਰੋਂ ਗ੍ਰਿਫਤਾਰ ਕੀਤਾ ਗਿਆ । ਅੱਜ ਤੱਕ ਨਾ ਉਸਦੀ ਗ੍ਰਿਫਤਾਰੀ ਦਿਖਾਈ ਗਈ ਹੈ ਤੇ ਨਾ ਹੀ ਉਸਦੀ ਕੋਈ ਉੱਘ ਸੁੱਘ ਨਿਕਲੀ ਹੈ । ਖੁਦ ਮੈਨੂੰ ਵੀ 3 ਅਪ੍ਰੈਲ, 1992 ਨੂੰ ਸਵੇਰੇ ਸਵਾ ਨੌਂ ਵਜੇ ਚੰਡੀਗੜ੍ਹ ਦੀ ਗੋਲਫ ਗਰਾਊਂਡ ਤੋਂ ਗੈਰ ਕਾਨੂੰਨੀ ਢੰਗ ਨਾਲ ਹਿਰਾਸਤ ਵਿੱਚ ਲੈ ਲਿਆ ਗਿਆ । ਮੈਨੂੰ ਹੱਥਕੜੀ ਲਾਈ ਗਈ, ਤਸੀਹੇ ਦਿੱਤੇ ਗਏ, ਤਲਾਸ਼ੀ ਦੇ ਵਰੰਟਾਂ ਤੋਂ ਬਿਨਾਂ ਹੀ ਘਰ ਦੀ ਤਲਾਸ਼ੀ ਲਈ ਗਈ । ਮੈਨੂੰ ਤੀਜੇ ਦਿਨ (5 ਅਪ੍ਰੈਲ) ਜਾ ਕੇ ਰੋਪੜ ਅਦਾਲਤ ਵਿੱਚ ਪੇਸ਼ ਕੀਤਾ ਗਿਆ ਅਤੇ ਸਾਢੇ ਚਾਰ ਮਹੀਨੇ ਜੇਲ੍ਹ ਅੰਦਰ ਰੱਖਿਆ ਗਿਆ । 3 ਅਪ੍ਰੈਲ, 1993 ਨੂੰ ਇੱਕ ਪਤਵੰਤੇ ਸਿੱਖ ਕਾਰਕੁੰਨ ਕਰਨਲ ਪ੍ਰਤਾਪ ਸਿੰਘ ਨੂੰ ਝੂਠੇ ਦੋਸ਼ਾਂ ਤਹਿਤ ਗ੍ਰਿਫਤਾਰ ਕਰਕੇ ਜੇਲ੍ਹ ਅੰਦਰ ਡੱਕ ਦਿੱਤਾ ਗਿਆ । ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੇ ਇੱਕ ਮੋਹਰੀ ਕਾਰਕੁੰਨ ਜਸਪਾਲ ਸਿੰਘ ਨੂੰ ਚੰਡੀਗੜ੍ਹ ਪੁਲਸ ਨੇ ਅਗਸਤ 1993 ਵਿੱਚ ਗ੍ਰਿਫਤਾਰ ਕਰਕੇ ਡੇਢ ਮਹੀਨਾ ਭਰ ਗੈਰ ਕਾਨੂੰਨੀ ਹਿਰਾਸਤ ਵਿੱਚ ਰੱਖਿਆ । ਅਕਾਲ ਫੈਡਰਸ਼ਨ ਦੇ ਮੁੱਖੀ ਭਾਈ ਕੰਵਰ ਸਿੰਘ ਦੇ ਮਾਮਲੇ ਨੇ ਪੰਜਾਬ ਦੀ ਲਾ-ਕਨੂੰਨੀ ਅਤੇ ਦੰਭ ਨੂੰ ਨੰਗੇ ਰੂਪ ਵਿੱਚ ਉਜਾਗਰ ਕਰਕੇ ਰੱਖ ਦਿੱਤਾ ਹੈ । ਭਾਈ ਕੰਵਰ ਸਿੰਘ ਨੂੰ ਮਈ, 1993ਨੂੰ ਅਹਿਮਦਾਬਾਦ ਤੋਂ ਗ੍ਰਿਫਤਾਰ ਕਰਕੇ ਉਸਦੀ ਪਤਨੀ ਤੇ ਬੱਚੇ ਸਮੇਤ ਦਸ ਮਹੀਨੇ ਗੈਰ ਕਾਨੂੰਨੀ ਹਿਰਾਸਤ ਵਿੱਚ ਰੱਖਿਆ ਗਿਆ । ਬਾਅਦ ਵਿੱਚ ਉਸਨੂੰ 29 ਮਾਰਚ, 1994 ਨੂੰ 'ਆਤਮ ਸਮਰਪਣ' ਕਰਵਾਉਣ ਲਈ ਪੁਲਸ ਮੁੱਖੀ ਕੇ.ਪੀ. ਐੱਸ.ਗਿੱਲ ਦੇ ਨਿਵਾਸ ਸਥਾਨ 'ਤੇ ਲਿਆਂਦਾ ਗਿਆ । ਉਸਨੂੰ ਪੁਲਸ ਵੱਲੋਂ ਤਿਆਰ ਕੀਤਾ ਲਿਖਤੀ ਬਿਆਨ ਪੜ੍ਹਨ ਲਈ ਕਿਹਾ ਗਿਆ । ਪਰ ਭਾਈ ਕੰਵਰ ਸਿੰਘ ਨੇ ਅਖਬਾਰੀ ਨੁਮਾਇੰਦਿਆਂ ਦੀ ਮੌਜੂਦਗੀ ਵਿੱਚ ਪੁਲਸ ਦੇ ਕੁਫਰ ਦਾ ਭਾਂਡਾ ਭੰਨਦੇ ਹੋਏ ਆਪਣੀ ਗ੍ਰਿਫਤਾਰੀ ਅਤੇ ਦੱਸਾਂ ਮਹੀਨਿਆਂ ਦੀ ਗੈਰ ਕਾਨੂੰਨੀ ਹਿਰਾਸਤ ਦੀ ਸਾਰੀ ਕਹਾਣੀ ਸੱਚੋ ਸੱਚ ਬਿਆਨ ਕਰ ਦਿੱਤੀ । ਇਹ ਸੱਚ ਬਿਆਨੀ ਨੇ ਕੇ.ਪੀ.ਐੱਸ.ਗਿੱਲ ਨੂੰ ਪੱਤਰਕਾਰਾਂ ਦੀ ਭਰੀ

Digitized by Panjab Digital Library | www.panjabdigilib.org

ਕਚਹਿਰੀ ਵਿੱਚ ਝੂਠਾ ਸਾਬਤ ਕਰ ਦਿੱਤਾ ।

ਇਹ ਉਦਹਾਰਣਾਂ ਤਾਂ ਹਕੀਕਤ ਦਾ ਛੋਟਾ ਜਿਹਾ ਅੰਸ਼ ਹੀ ਹਨ । ਪਿਛਲੇ ਦਹਾਕੇ ਦੌਰਾਨ ਹਕੂਮਤੀ ਦਹਿਸ਼ਤਗਰਦੀ ਦੇ ਕਾਰਨਾਮਿਆਂ ਦੀਆਂ ਬੇਸ਼ੁਮਾਰ ਜਿਲਦਾਂ ਤਿਆਰ ਹੋ ਸਕਦੀਆਂ ਹਨ । ਸਾਡੇ ਉੱਪਰ ਪੁਲਸ ਜ਼ਿਆਦਤੀਆਂ ਦਾ ਹਾਲ ਵਰਨਣ ਕਰਨ ਦੀ ਅਣ ਐਲਾਨੀ ਮਨਾਹੀ ਲਾ ਰੱਖੀ ਹੋਈ ਹੈ ਅਤੇ ਸਾਡੇ ਕਾਰਕੁੰਨਾਂ ਨੂੰ ਅਨੇਕਾਂ ਢੰਗਾਂ ਰਾਹੀਂ ਹਾਲ-ਪ੍ਰੇਸ਼ਾਨ ਕੀਤਾ ਜਾਂਦਾ ਹੈ ।

ਸਾਰੇ ਭਾਰਤ ਅੰਦਰ ਸਿੱਖ ਨੌਜਵਾਨਾਂ ਦਾ ਸ਼ਿਕਾਰ ਖੇਡਿਆ ਜਾ ਰਿਹਾ ਹੈ । ਪੰਜਾਬ ਪੁਲਸ ਦੇ "ਮਿਜ਼ਾਇਲ ਦਸਤੇ" ਹੋਰਨਾਂ ਰਾਜਾਂ ਅੰਦਰ ਭੇਜੇ ਜਾਂਦੇ ਹਨ ਅਤੇ ਉਹ ਸਿਖ ਨੌਜਵਾਨਾਂ ਨੂੰ ਸ਼ਰੇਆਮ ਗੋਲੀਆਂ ਨਾਲ ਭੁੰਨ ਕੇ ਉਨ੍ਹਾਂ ਦੀਆਂ ਮ੍ਰਿਤਕ ਦੇਹਾਂ ਚੁੱਕ ਲਿਆਉਂਦੇ ਹਨ । ਪੰਜਾਬ ਅੰਦਰ ਤਾਇਨਾਤ ਪੁਲਸ ਫੌਜ ਤੇ ਨੀਮ ਫੌਜੀ ਦਸਤਿਆਂ ਦੀ ਨਫਰੀ 5 ਲੱਖ ਦੇ ਕਰੀਬ ਪਹੁੰਚੀ ਹੋਈ ਹੈ । ਪੰਜਾਬ ਨੂੰ ਇੱਕ ਵੱਡੇ ਤਸੀਹਾ ਕੇਂਦਰ (ਕੰਨਸਟਰੇਸ਼ਨ ਕੈਂਪ) 'ਚ ਤਬਦੀਲ ਕਰ ਰੱਖਿਆ ਹੈ । ਇਸਦਾ ਬਾਹਰ ਦੇ ਸੰਸਾਰ ਨਾਲੋਂ ਅਜੇ ਵੀ ਰਾਬਤਾ ਤੋੜ ਰੱਖਿਆ ਹੋਇਆ ਹੈ । ਬੇਨਤੀ ਦੇ ਬਾਵਜੂਦ ਐਮਨੈਸਟੀ ਇੰਟਰਨੈਸ਼ਨ ਵਰਗੀਆਂ ਮਨੁੱਖੀ ਅਧਿਕਾਰ ਸੰਸਥਾਵਾਂ ਨੂੰ ਪੰਜਾਬ ਅੰਦਰ ਦਾਖਲ ਹੋਣ ਦੀ ਆਗਿਆ ਨਹੀਂ ਦਿੱਤੀ ਜਾ ਰਹੀ ।

ਟਾਡਾ, ਐੱਨ.ਐੱਸ.ਏ.ਆਰਮਡ ਫੋਰਸਜ਼ (ਸਪੈਸ਼ਲ ਪਾਵਰਜ਼ ਐਕਟ) ਵਰਗੇ ਕਾਲੇ ਕਾਨੂੰਨ ਅਜੇ ਵੀ ਪੰਜਾਬ ਅੰਦਰ ਲਾਗੂ ਹਨ । ਇਨਾਂ ਨੇ ਪੰਜਾਬ ਦੇ ਲੋਕਾਂ ਦੇ ਬੁਨਿਆਦੀ ਹੱਕ ਖੋਹ ਲਏ ਹਨ । ਸੁਪਰੀਮ ਕੋਰਟ ਤੇ ਹਾਈਕੋਰਟਾਂ ਮੂਕ ਦਰਸ਼ਕ ਬਣੀਆਂ ਬੈਠੀਆਂ ਹਨ ਅਤੇ ਦੋਸ਼ੀ ਪੁਲਸ ਅਧਿਕਾਰੀਆਂ ਖਿਲਾਫ ਕੋਈ ਕਾਰਵਾਈ ਨਹੀਂ ਕਰ ਰਹੀਆਂ । ਸੁਪਰੀਮ ਕੋਰਟ ਨੇ ਟਾਡਾ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਉੱਤੇ ਫੈਸਲਾ ਦੇਣ ਲਈ ਛੇ ਸਾਲਾਂ ਤੋਂ ਵੀ ਵੱਧ ਸਮਾਂ ਲਾ ਦਿੱਤਾ ਅਤੇ ਜੋ ਫੈਸਲਾ ਦਿੱਤਾ ਉਸਨੇ ਸਾਰੇ ਇਨਸਾਫ਼ ਪਸੰਦ ਲੋਕਾਂ ਨੂੰ ਬੁਰੀ ਤਰ੍ਹਾਂ ਨਿਰਾਸ਼ ਕੀਤਾ ਹੈ । ਮੇਰੇ ਮਾਮਲੇ ਵਿੱਚ ਵੀ, ਸ੍ਰੀ ਨਿਰਮਲ ਕੁਮਾਰ ਮੁਕਰਜੀ (ਸਾਬਕਾ ਗਵਰਨਰ ਪੰਜਾਬ) ਆਰ.ਐੱਸ.ਨਰੂਲਾ (ਸਾਬਕਾ ਚੀਫ ਜਸਟਿਸ ਪੰਜਾਬ ਹਾਈਕੋਰਟ), ਪਤਵੰਤ ਸਿੰਘ, ਇੰਦਰ ਮੋਹਨ ਅਤੇ ਰਜਨੀ ਕੋਠਾਰੀ ਵਰਗੇ ਅਹਿਮ ਸ਼ਹਿਰੀਆਂ ਵੱਲੋਂ ਦਾਇਰ ਕੀਤੀ ਪਟੀਸ਼ਨ ਤੇ ਡੇਢ ਵਰ੍ਹਾ ਲੰਘ ਜਾਣ ਦੇ ਬਾਵਜੂਦ ਵੀ ਸੁਣਵਾਈ ਦੀ ਤਰੀਕ ਨਿਸ਼ਚਿਤ ਨਹੀਂ ਕੀਤੀ ਗਈ ।

ਬੇਅੰਤ ਸਿੰਘ ਦੀ ਅਗਵਾਈ ਹੇਠਲੀ ਸਰਕਾਰ ਆਲ੍ਹਾ ਦਰਜੇ ਦੀ ਜ਼ਾਲਮ ਤੇ ਭਰਿਸ਼ਟ ਹਕੂਮਤ ਸਿੱਧ ਹੋ ਚੁੱਕੀ ਹੈ । 19 ਫਰਵਰੀ 1992 ਦੀਆਂ ਚੋਣਾਂ ਦਾ 95 ਫੀਸਦੀ ਲੋਕਾਂ ਨੇ ਬਾਈਕਾਟ ਕੀਤਾ ਸੀ । ਇਸ ਕਰਕੇ ਇਸ ਸਰਕਾਰ ਨੂੰ ਲੋਕਾਂ ਦੀ ਨੁਮਾਇੰਦਾ ਸਰਕਾਰ ਕਹਿਣਾ ਲੋਕ ਰਾਜੀ ਪ੍ਰਣਾਲੀ ਨਾਲ ਕੋਝਾ ਮਜ਼ਾਕ ਹੈ ।

ਕੇਂਦਰ ਸਰਕਾਰ ਨੇ ਪੰਜਾਬ ਨੂੰ ਆਪਣੀ ਬਸਤੀ ਅਤੇ ਗੁਲਾਮ ਰਾਜ ਵਿੱਚ ਤਬਦੀਲ ਕਰ ਰੱਖਿਆ ਹੈ । ਪੰਜਾਬ ਦੇ ਲੋਕਾਂ ਦਾ ਇਸਦੇ ਕੁਦਰਤੀ ਸਾਧਨਾਂ 'ਤੇ ਕੋਈ ਕੰਟਰੋਲ ਨਹੀਂ । ਇਨ੍ਹਾਂ ਉੱਤੇ ਕੇਂਦਰ ਦਾ ਜੱਫਾ ਵੱਜਾ ਹੋਇਆ ਹੈ । ਇੱਥੇ ਚੋਣਾਂ ਨਿਰਪੱਖ ਜਾਂ ਆਜ਼ਾਦ ਨਹੀਂ ਹੋਈਆਂ । ਕਿਸੇ ਵੀ ਗੈਰ ਕਾਂਗਰਸੀ ਸਰਕਾਰ ਨੂੰ ਆਪਣੀ ਮਿਆਦ ਪੂਰੀ ਨਹੀਂ ਕਰਨ ਦਿੱਤੀ ਗਈ । ਪਿਛਲੇ ਇੱਕ ਦਹਾਕੇ ਦੌਰਾਨ ਬਹੁਤਾ ਸਮਾਂ ਰਾਜ ਨੂੰ ਕੇਂਦਰ ਦੇ ਸਿੱਧੇ ਕੰਟਰੋਲ ਹੇਠ ਰੱਖਿਆ ਗਿਆ । ਪੰਜਾਬ ਦੇ ਲੋਕਾਂ ਨੂੰ ਸਮਾਜੀ, ਆਰਥਿਕ ਤੇ ਸਿਆਸੀ ਇਨਸਾਫ਼ ਤੋਂ

Digitized by Panjab Digital Library | www.panjabdigilib.org

ਵਾਂਝਿਆ ਰੱਖਿਆ ਗਿਆ । ਇਸਦੇ ਲੋਕਾਂ ਨੂੰ ਜਿਊਣ ਦੇ ਅਧਿਕਾਰ ਤੋਂ ਅਤੇ ਆਜ਼ਾਦੀ ਤੇ ਖੁਸ਼ਹਾਲੀ ਮਾਨਣ ਤੋਂ ਵਾਂਝਿਆ ਰਖਿਆ ਹੈ । ਉਨ੍ਹਾਂ 'ਤੇ ਰਾਜ ਸਹਿਮਤੀ ਨਾਲ ਨਹੀਂ ਡੰਡੇ ਨਾਲ ਕੀਤਾ ਜਾ ਰਿਹਾ ਹੈ । ਇਹ ਧੱਕੇ ਧੋੜੇ ਤੇ ਬੇਇਨਸਾਫੀਆਂ ਹੀ ਹਨ ਜਿਨ੍ਹਾਂ ਨੇ ਪੰਜਾਬ ਨੂੰ ਪੂਰੇ ਦਸ ਵਰ੍ਹੇ ਲਟ ਲਟ ਬਲਦੇ ਸਿਵੇ 'ਚ ਤਬਦੀਲ ਕਰੀ ਰੱਖਿਆ ਹੈ । ਪੰਜਾਬ ਅੰਦਰ ਜਿਸ 'ਅਮਨ ਚੈਨ' ਅਤੇ 'ਸ਼ਾਂਤੀ' ਦੇ ਪਰਤ ਆਉਣ ਦੇ ਬੁਲੰਦ ਬਾਗ ਦਾਅਵੇ ਕੀਤੇ ਜਾ ਰਹੇ ਹਨ, ਇਹ 'ਸ਼ਾਂਤੀ' ਕਬਰਸਤਾਨ ਦੀ ਸ਼ਾਂਤੀ ਤੋਂ ਵੱਧ ਕੁਝ ਨਹੀਂ ਹੈ । ਜਿੰਨਾ ਚਿਰ ਪੰਜਾਬ ਦੇ ਲੋਕਾਂ ਨੂੰ ਸਮਾਜਿਕ, ਆਰਥਿਕ ਤੇ ਸਿਆਸੀ ਖੇਤਰ ਅੰਦਰ ਪੂਰਾ ਹੱਕ ਤੇ ਇਨਸਾਫ਼ ਨਸੀਬ ਨਹੀਂ ਹੁੰਦਾ ਅਤੇ ਜਿੰਨਾ ਚਿਰ ਪੰਜਾਬ ਅੰਦਰ ਮਨੁੱਖੀ ਅਧਿਕਾਰਾਂ ਦੀਆਂ ਘੋਰ ਉਲੰਘਣਾਵਾਂ ਖ਼ਤਮ ਨਹੀਂ ਹੁੰਦੀਆਂ, ਉਨਾਂ ਚਿਰ ਕਿਸੇ 'ਸ਼ਾਂਤੀ' ਜਾਂ 'ਖੁਸ਼ੀਆਂ ਖੇੜਿਆਂ' ਦੀ ਤੱਵਕੋਂ ਕਰਨੀ ਇਤਿਹਾਸ ਦੇ ਸਬਕਾਂ ਪ੍ਰਤੀ ਨਾ-ਸਮਝੀ ਦਾ ਪ੍ਰਗਟਾਵਾ ਕਰਨਾ ਹੈ ।

ਅਜੀਤ ਸਿੰਘ ਬੈਂਸ,

ਚੰਡੀਗੜ੍ਹ 15 ਮਈ, 1994

ਨੋਟ :- ਇਸ ਐਡੀਸ਼ਨ ਵਿੱਚ ਕਿਤਾਬ ਦੇ ਮੂਲ ਪਾਠ ਤੋਂ ਇਲਾਵਾ ਲੇਖਕ ਵੱਲੋਂ ਬਾਅਦ 'ਚ ਲਿਖਿਆ ਗਿਆ ਇੱਕ ਲੇਖ ਪੂਰੇ ਦਾ ਪੂਰਾ ਸ਼ਾਮਲ ਕੀਤਾ ਗਿਆ ਹੈ । ਲੇਖਕ ਨੇ ਮੂਲ ਪਾਠ ਵਿੱਚ ਵੀ ਕੁਝ ਕੁ ਥਾਵਾਂ ਉੱਤੇ ਲੋੜੀਂਦੀ ਸੋਧ-ਸੁਧਾਈ ਕੀਤੀ ਹੈ ।

Digitized by Panjab Digital Library | www.panjabdigilib.org

## ਭਾਗ ਪਹਿਲਾ

# ਪੰਜਾਬ ਵਿੱਚ ਮਨੁੱਖੀ ਅਧਿਕਾਰ

## ਕਾਂਡ ਇਕ

## ਸਾਕਾ ''ਕਾਲੀ ਗਰਜ਼'' ਹਨ੍ਹੇਰਗਰਦੀ ਦਾ ਦਸਤੂਰ

ਸਾਕਾ ''ਕਾਲੀ ਗਰਜ਼'' ਚਾਰ ਸਾਲਾ ਵਿੱਚ ਪੰਜਵਾਂ ਐਸਾ ਮੌਕਾ ਹੈ, ਜਦ ਕੇਂਦਰੀ ਸਰਕਾਰ ਨੇ ਅੰਮ੍ਰਿਤਸਰ ਵਿੱਚ ਹਰਿਮੰਦਰ ਸਾਹਿਬ ਉੱਤੇ ਇਕ ਗਿਣਿਆ-ਮਿਥਿਆ ਹਮਲਾ ਕੀਤਾ ਹੈ। ਸੋਚ ਸਮਝ ਕੇ ਵਿਉਂਤੇ ਅਤੇ ਜਥੇਬੰਦ ਕੀਤੇ ਗਏ ਇਨ੍ਹਾਂ ਹਮਲਿਆਂ ਦੇ ਵਿਚਾਲੇ ਦੇ ਸਮੇਂ ਵਿੱਚ, ਹਿੰਦੁਸਤਾਨੀ ਹਥਿਆਰਬੰਦ ਸ਼ਕਤੀਆਂ ਹਰਿਮੰਦਰ ਸਾਹਿਬ ਕੰਪਲੈਕਸ ਨੂੰ ਘੇਰਾ ਪਾਈ ਰੱਖਦੀਆਂ ਹਨ, ਅਤੇ ਸਿੱਖਾਂ ਦੇ ਇਸ ਸਭ ਤੋਂ ਪਵਿੱਤਰ ਅਸਥਾਨ ਵਿੱਚ ਹਰੇਕ ਆਉਣ-ਜਾਣ ਵਾਲੇ ਉੱਤੇ ਲਗਾਤਾਰ ਨਿਗ੍ਹਾ ਰੱਖਦੀਆਂ ਹਨ। ਦਰਬਾਰ ਸਾਹਿਬ ਦੇ ਅੰਦਰ ਲੋਕਾਂ ਨੂੰ ਤੰਗ ਅਤੇ ਜ਼ਲੀਲ ਕਰਨ ਲਈ ਤਰ੍ਹਾਂ-ਤਰ੍ਹਾਂ ਦੇ ਕਦਮ ਚੁੱਕੇ ਜਾਂਦੇ ਹਨ। ਪੂਰੇ ਹਿੰਦੁਸਤਾਨ ਵਿੱਚ ਅਤੇ ਪੂਰੀ ਦੁਨੀਆਂ ਵਿੱਚ ਵੀ, ਲੋਕਾਂ ਨੇ ਸਵਾਲ ਪੁੱਛਣੇ ਸ਼ੁਰੂ ਕਰ ਦਿੱਤੇ ਹਨ ਕਿ ਹਰਿਮੰਦਰ ਸਾਹਿਬ ਦੀ ਇਹ ਘੇਰਾਬੰਦੀ ਹੋਰ ਕਿੰਨਾ ਚਿਰ ਜਾਰੀ ਰਹੇਗੀ ? ਸਿੱਖਾਂ ਦੀ ਇਸ ਘੇਰਾਬੰਦੀ ਨੂੰ ਹੋਰ ਕਿੰਨਾ ਚਿਰ ਜਾਰੀ ਰਹਿਣ ਦਿੱਤਾ ਜਾਏਗਾ ? ਮੇਰੇ ਖਿਆਲ ਵਿੱਚ ਹਰਿਮੰਦਰ ਸਾਹਿਬ ਦੀ ਘੇਰਾਬੰਦੀ ਬਿਲਕੁਲ ਸਪੱਸ਼ਟ ਰੂਪ ਵਿੱਚ ਪੰਜਾਬ ਅਤੇ ਹਿੰਦੁਸਤਾਨ ਵਿੱਚ ਸਿੱਖਾਂ ਦੀ ਘੇਰਾਬੰਦੀ ਦੀ ਪ੍ਰਤੀਕ ਹੈ।

9 ਮਈ, 1988 ਨੂੰ ਸ਼ੁਰੂ ਹੋਏ ਓਪਰੇਸ਼ਨ ''ਕਾਲੀ ਗਰਜ਼'' ਦੀ ਖਬਰ ਮੈਨੂੰ ਉਸ ਵਕਤ ਮਿਲੀ ਜਦ ਮੈਂ ਇਹ ਕਿਤਾਬ ਮੁਕੰਮਲ ਕਰਨ ਵਿੱਚ ਲੱਗਾ ਹੋਇਆ ਸਾਂ। ਇਸ ਮੁਹਿੰਮ ਦੌਰਾਨ ਢਾਏ ਗਏ ਅੰਨ੍ਹੇਵਾਹ ਜਬਰ ਬਾਰੇ ਸੁਣ ਕੇ ਮੇਰੇ ਰੌਂਗਟੇ ਖੜੇ ਹੋ ਗਏ। ਇਸ ਓਪਰੇਸ਼ਨ ਨੂੰ ਸਰਕਾਰ ਵੱਲੋਂ ਦਿੱਤਾ ਗਿਆ ਨਾਂ ਵੀ, ਹਿੰਦੁਸਤਾਨੀ ਰਾਜ ਦੇ ਖਾਸੇ ਅਤੇ ਲੋਕਾਂ ਵੱਲ ਇਸ ਦੇ ਰਵੱਈਏ ਨੂੰ ਸਮਝਣ ਲਈ ਕਾਫੀ ਹੈ। ''ਕਾਲੀ ਗਰਜ਼'' ਕੀ ਹੁੰਦੀ ਹੈ ? ਕੀ ਇਸ ਤਰ੍ਹਾਂ ਦੀ ਬੋਲੀ ਇਕ ਜਮਹੂਰੀਅਤ ਪਸੰਦ ਸਰਕਾਰ ਲੋਕਾਂ ਨਾਲ ਆਪਣੇ ਕਾਰ-ਵਿਹਾਰ ਵਿੱਚ ਵਰਤਦੀ ਹੈ ? ਹਿੰਦੁਸਤਾਨੀ ਸਰਕਾਰ ਨੇ ਇਕ ਵਾਰ ਫੇਰ ਓਪਰੇਸ਼ਨ ਨੂੰ ਜਾਇਜ਼ ਸਾਬਤ ਕਰਨ ਲਈ ਅਮਨ-ਕਾਨੂੰਨ ਦਾ ਬਹਾਨਾ ਪੇਸ਼ ਕੀਤਾ ਹੈ। ਐਪਰ ਕੀ ਇਹੀ ਅਸਲੀ ਉਦੇਸ਼ ਹੈ, ਜਾਂ ਫਿਰ ''ਕਾਲੀ ਗਰਜ਼'', ਬਲੈਕ ਥੰਡਰ, ਦਾ ਉਦੇਸ਼ ਲੋਕਾਂ ਉੱਤੇ ਦਹਿਸ਼ਤ ਪਾਉਣਾ ਅਤੇ ਇਕ ਖੂੰਖਾਰ ਰਾਜ ਮੂਹਰੇ ਉਨ੍ਹਾਂ ਦੇ ਗੋਡੇ ਟਿਕਵਾਉਣਾ ਹੈ ? ਇਸ ਕਿਸਮ ਦੇ ਨਾਵਾਂ ਤੋਂ ਇਤਿਹਾਸ ਨਾ-ਵਾਕਫ ਨਹੀਂ ਹੈ। ਦੂਜੀਆਂ ਹਕੂਮਤਾਂ ਨੇ ਆਪਣੀ ਦਹਿਸ਼ਤ ਦੇ ਪ੍ਰਤੀਕ ਬਤੌਰ ''ਬਿਜਲੀ ਦੀ ਕੜ੍ਹਕ'' ਆਦਿ ਨਾਂ ਵਰਤੇ ਸਨ। ਲੇਕਿਨ ਅਜੇਹੇ ਨਾਂ ਅਤੇ ਸੰਕੇਤ ਸਿਰਫ ਉਹੀ ਸਰਕਾਰਾਂ ਵਰਤਦੀਆਂ ਹਨ ਜਿਨ੍ਹਾਂ ਦਾ ਉਦੇਸ਼ ਦੁਸ਼ਮਣਾਂ ਉੱਤੇ ਅਤੇ ਉਹਨਾਂ ਲੋਕਾਂ ਉੱਤੇ ਦਹਿਸ਼ਤ ਪਾਉਣਾ ਹੁੰਦਾ ਹੈ, ਜਿਨ੍ਹਾਂ ਨੂੰ ਉਹ ਵੈਰੀ ਸਮਝਦੀਆਂ ਹਨ। ਜਮਹੂਰੀਅਤ

Digitized by Panjab Digital Library | www.panjabdigilib.org

ਪਸੰਦ ਸਰਕਾਰਾਂ ਅਜੇਹੇ ਨਾਂ ਅਤੇ ਸੰਕੇਤ ਨਹੀਂ ਵਰਤਦੀਆਂ । ਉਹ ਪ੍ਰੇਰਣਾ ਤੋਂ ਕੰਮ ਲੈਂਦੀਆਂ ਹਨ ਅਤੇ ਮਨੁੱਖੀ ਗੈਰਤ 'ਤੇ ਪਹਿਰਾ ਦਿੰਦੀਆਂ ਹਨ । ਆਪਣੇ ਲੋਕਾਂ ਨੂੰ ਇਕ ਦੁਸ਼ਮਣ ਅਤੇ ਹਮਲਾਵਰ ਵਾਲੀ ਅੱਖ ਨਾਲ ਵੇਖਣ ਵਾਲੀ ਸਰਕਾਰ ਹੀ, ਉਨ੍ਹਾਂ ਵੱਲ ਆਪਣੀ ਨੀਤੀ ਨੂੰ ਦਰਸਾਉਣ ਲਈ ਅਕਾਸ਼ ਵਿੱਚ ਕਾਲੀਆਂ ਤੂਫਾਨੀ ਹਨੇਰੀਆਂ ਦੇ ਅਕਸ ਦੀ ਦੁਹਾਈ ਦੇ ਸਕਦੀ ਹੈ ।

ਮੈਨੂੰ ਪਹਿਲਾਂ ਹੀ ਪਤਾ ਸੀ ਕਿ ਜੋ ਬਹਾਨਾ ਹਿੰਦੁਸਤਾਨੀ ਸਰਕਾਰ ਪੇਸ਼ ਕਰੇਗੀ ਉਸ ਬਾਰੇ ਜਾਨਣ ਲਈ ਖਬਰਾਂ ਦਾ ਅਧਿਅਨ ਕਰਨ ਦੀ ਲੋੜ ਨਹੀਂ ਪਏਗੀ । ਇਹ ਉਹੀ ਪੁਰਾਣਾ ਬਹਾਨਾ ਹੈ ਜੋ ਬਾਰ-ਬਾਰ ਪੇਸ਼ ਕੀਤਾ ਗਿਆ ਹੈ । "ਅੱਤਵਾਦੀਆਂ" ਨੂੰ ਬਾਹਰ ਕੱਢਣ ਦੇ ਬਹਾਨੇ ਹੇਠ, ਪੁਲਸ ਅਤੇ ਕਮਾਂਡੋ ਯੂਨਿਟਾਂ ਨੇ 10 ਦਿਨ ਤੱਕ ਹਰਿਮੰਦਰ ਸਾਹਿਬ ਨੂੰ ਘੇਰਾ ਪਾਈ ਰੱਖਿਆ ਅਤੇ ਉਹਨਾਂ ਨੇ ਆਪਣੀ ਖੂੰਖਾਰ ਮੁਹਿੰਮ ਵਿੱਚ ਕਿਸੇ ਨੂੰ ਵੀ ਨਾ ਬਖਸ਼ਿਆ । ਪਾਣੀ ਤੇ ਬਿਜਲੀ ਬੰਦ ਕਰ ਦਿੱਤੇ ਗਏ ਅਤੇ ਸ਼ਕਤੀਸ਼ਾਲੀ ਰਾਈਫਲਾਂ ਨਾਲ ਲੈਸ ਸਰਕਾਰੀ ਨਿਸ਼ਾਨਚੀ ਤਲਾਬ 'ਚੋਂ ਪਾਣੀ ਲੈਣ ਆਉਂਦੇ ਲੋਕਾਂ ਉਤੇ ਸਿਸ਼ਤਾਂ ਬੰਨਦੇ ਰਹੇ । ਇਸ ਓਪਰੇਸ਼ਨ ਵਿੱਚ ਬੇਹੱਦ ਆਧੁਨਿਕ ਸ਼ਸਤਰ ਵਰਤੇ ਗਏ ਅਤੇ ਮੁੱਖ ਜ਼ੋਰ ਸਵੀਡਨ ਦੀਆਂ ਬਣੀਆਂ ਪੀ.ਐਸ.ਜੀ.ਸਨਾਇਪਰ ਰਾਈਫਲਾਂ ਉੱਤੇ ਸੀ, ਜਿਨ੍ਹਾਂ ਨਾਲ ਚੁਣ-ਚੁਣ ਕੇ ਲੋਕਾਂ ਨੂੰ ਮਾਰਿਆ ਗਿਆ ।

ਸਰਕਾਰ ਖੁਦ ਕਹਿੰਦੀ ਹੈ ਕਿ ਉਸ ਵਕਤ ਗੁਰਦੁਆਰੇ ਦੇ ਅੰਦਰ 100 ਤੋਂ ਵੱਧ ਖਾੜਕੂ ਨਹੀਂ ਸਨ । ਜਵਾਬ ਵਿੱਚ ਇਸ ਨੇ ਕੰਪਲੈਕਸ ਦੇ ਗਿਰਦ 5,000 ਸਿਪਾਹੀ ਇਕੱਤਰ ਕਰ ਲਏ, ਜਿਨ੍ਹਾਂ 'ਚ ਨੈਸ਼ਨਲ ਸਕਿਉਰਿਟੀ ਗਾਰਡ ਦੇ ਵਿਸ਼ੇਸ਼ ਬਲੈਕ ਕੈਟ ਕਮਾਂਡੋਜ਼ ਵੀ ਸਨ । ਪੂਰਾ ਓਪਰੇਸ਼ਨ ਇੱਕ ਗਿਣੀ-ਮਿਥੀ ਚਾਲ ਲੱਗਦਾ ਹੈ । ਹਰਿਮੰਦਰ ਸਾਹਿਬ ਕੰਪਲੈਕਸ ਅੰਦਰੋਂ ਕੁੱਝ ਬੰਦਿਆਂ ਨੇ ਭੜਕਾਊ ਬਿਆਨ ਦੇਣੇ ਸ਼ੁਰੂ ਕਰ ਦਿੱਤੇ । ਇਨ੍ਹਾਂ ਬਿਆਨਾਂ ਦਾ ਪ੍ਰੈਸ ਨੇ ਦੁਨੀਆਂ-ਭਰ ਵਿੱਚ ਪ੍ਰਚਾਰ ਕੀਤਾ, ਅਤੇ ਫੌਜ ਬੁਲਾ ਲਈ ਗਈ । ਐਪਰ ਇਹ ਭੜਕਾਊ ਅੰਸਰ ਹਰਿਮੰਦਰ ਸਾਹਿਬ ਦੇ ਅੰਦਰ ਵੜੇ ਕਿੱਦਾਂ ? ਪ੍ਰੈਸ ਨੇ ਉਨ੍ਹਾਂ ਦੇ ਬਿਆਨਾਂ ਨੂੰ ਏਨੇ ਵੱਡੇ ਪੈਮਾਨੇ 'ਤੇ ਦੁਨੀਆਂ ਭਰ ਵਿੱਚ ਕਿਉਂ ਪ੍ਰਚਾਰਿਆ ? ਇਸ ਦੇ ਪਿੱਛੇ ਜ਼ਰੂਰ ਕੋਈ ਚਾਲ ਹੈ । ਮੈਂ ਨਹੀਂ ਮੰਨਦਾ ਕਿ ਇਹ ਸਭ ਆਪ-ਮੁਹਾਰੇ ਹੀ ਹੋਇਆ ਸੀ । ਹਰਿਮੰਦਰ ਸਾਹਿਬ ਦੁਆਲੇ, ਪਿਛਲੇ ਪੰਜ ਸਾਲਾਂ ਤੋਂ ਸੁਰੱਖਿਆ ਸ਼ਕਤੀਆਂ ਦਾ ਘੇਰਾ ਹੈ । ਗੁਰਦੁਆਰੇ ਦੇ ਅੰਦਰ ਜਾਣ ਦੇ ਸਭ ਦਰਵਾਜਿਆਂ ਉੱਤੇ ਪਹਿਰਾ ਹੈ । ਗੁਰਦੁਆਰੇ ਦੇ ਅੰਦਰ ਜਾਣ ਤੋਂ ਪਹਿਲਾਂ ਹਰ ਇੱਕ ਤੋਂ ਪੁੱਛ-ਗਿੱਛ ਕੀਤੀ ਜਾਂਦੀ ਹੈ ਤੇ ਤਲਾਸ਼ੀ ਲਈ ਜਾਂਦੀ ਹੈ । ਅਰਧ-ਫੌਜੀ ਸ਼ਕਤੀਆਂ ਦੇ ਸਹਿਯੋਗ ਤੋਂ ਬਿਨਾਂ ਹਥਿਆਰਬੰਦ ਲੋਕ ਅੰਦਰ ਕਿਸ ਤਰ੍ਹਾਂ ਜਾ ਸਕਦੇ ਸਨ ਜਾਂ ਹਥਿਆਰ ਅੰਦਰ ਕਿਵੇਂ ਲਿਜਾਏ ਜਾ ਸਕਦੇ ਸਨ ?

ਪੰਜਾਬ ਹਿਊਮਨ ਰਾਈਟਸ ਆਰਗੇਨਾਈਜ਼ੇਸ਼ਨ (ਪੰਜਾਬ ਦੀ ਮਨੁੱਖੀ ਅਧਿਕਾਰਾਂ ਬਾਰੇ ਜਥੇਬੰਦੀ) ਨੇ ਮੇਰੀ ਚੇਅਰਮੈਨਸ਼ਿਪ ਹੇਠ, ਮਨੁੱਖੀ ਅਧਿਕਾਰਾਂ ਦੀ ਉਲੰਘਣਾ ਅਤੇ ਗੈਰ-ਕਾਨੂੰਨੀ ਸਰਕਾਰੀ ਕਾਰਵਾਈਆਂ ਦੇ ਕਈ ਕੇਸਾਂ ਦੀ ਜਾਂਚ-ਪੜਤਾਲ ਕੀਤੀ ਹੈ । ਇਸ ਨੇ ਬਲੈਕ ਥੰਡਰ ਬਾਰੇ ਵੀ ਇਕ ਜਾਂਚ-ਪੜਤਾਲ ਕੀਤੀ । ਇਸ ਨੂੰ ਕੋਈ ਵੀ ਐਸਾ ਸਬੂਤ ਨਹੀਂ ਮਿਲਿਆ ਕਿ ਓਪਰੇਸ਼ਨ ਦੇ ਪੂਰੇ 10 ਦਿਨਾਂ ਦੌਰਾਨ ਕੰਪਲੈਕਸ ਦੇ ਅੰਦਰੋਂ ਕਿਸੇ ਨੇ ਕੋਈ ਇਕ ਵੀ ਗੋਲੀ ਚਲਾਈ ਹੋਵੇ । ਤ਼ਦ ਵੀ ਸਰਕਾਰ, ਕੰਪਲੈਕਸ ਦੇ ਅੰਦਰ ਸਿੱਖ ਇਤਿਹਾਸ ਦਾ ਅਜਾਇਬ

Digitized by Panjab Digital Library | www.panjabdigilib.org

ਘਰ ਤਬਾਹ ਕਰਨੋਂ ਨਾ ਟਲੀ । ਇਸ ਨੇ ਜਿੱਤ ਦੇ ਇਤਿਹਾਸਕ ਮਿਨਾਰਾਂ, ਬੁੰਗਿਆਂ ਨੂੰ ਵੀ ਉਡਾਉਣ ਦਾ ਯਤਨ ਕੀਤਾ, ਜੋ 18ਵੀਂ ਸਦੀ ਵਿੱਚ ਮੁਗਲਾਂ ਦੇ ਜਬਰ ਉੱਤੇ ਮਿਸਲਾਂ ਦੀ ਜਿੱਤ ਦੇ ਪ੍ਰਤੀਕ ਬਤੌਰ ਉਸਾਰੇ ਗਏ ਸਨ । ਓਪਰੇਸ਼ਨ ਤੋਂ ਬਾਅਦ, ਪੰਜਾਬ ਕਾਂਗਰਸ (ਇੰ) ਦੇ ਪ੍ਰਧਾਨ ਬਿਅੰਤ ਸਿੰਘ ਨੇ ਕਿਹਾ ਕਿ ਇਹ ''ਪੰਜਾਬ ਦੀ ਗੁੱਥੀ ਨੂੰ ਸੁਲਝਾਉਣ ਦੀ ਯੋਜਨਾ ਦਾ ਹੀ ਇਕ ਹਿੱਸਾ'' ਅਤੇ ਕੇਂਦਰੀ ਸਰਕਾਰ ਦੀ ਰਣ-ਨੀਤੀ ਦਾ ਇਕ ਅਟੁੱਟ ਅੰਗ ਸੀ । ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਵੀ ਜ਼ੋਰ ਦੇ ਕੇ ਕਿਹਾ ਕਿ ''ਕਾਲ਼ੀ ਗਰਜ਼'' ਕੋਈ ਬਿਨਾਂ ਸੋਚੇ-ਸਮਝੇ ਕੀਤੀ ਗਈ ਮਸ਼ਕ ਨਹੀਂ ਸੀ, ਸਗੋਂ ਇਕ ਗਿਣੀ-ਮਿਥੀ ਯੋਜਨਾ ਦਾ ਹਿੱਸਾ ਸੀ । ਜਿਸ ਰਫਤਾਰ ਨਾਲ ਸੀ.ਪੀ.ਆਈ. ਅਤੇ ਸੀ.ਪੀ.(ਐਮ) ਨੇ ਅਤੇ ਵੱਖ-ਵੱਖ ਮਾਓਵਾਦੀ ਪਾਰਟੀਆਂ, ਜਿਨ੍ਹਾਂ ਨੂੰ ਸਰਕਾਰ ਨੇ ਬਾਡੀਗਾਰਡ ਅਤੇ ਹਥਿਆਰਾਂ ਦੇ ਲਾਇਸੈਂਸ ਦਿੱਤੇ ਹੋਏ ਹਨ, ਨੇ ਬਲੈਕ ਥੰਡਰ ਦੀ ਹਮਾਇਤ ਵਿੱਚ ਖੁਸ਼ੀ ਦੇ ਬਿਆਨ ਦਾਗੇ, ਉਸ ਤੋਂ ਸਾਫ ਜ਼ਾਹਿਰ ਹੈ ਕਿ ਉਨ੍ਹਾਂ ਨੂੰ ਸਿੱਧੇ ਜਾਂ ਅਸਿੱਧੇ ਤੌਰ 'ਤੇ ਅਗਾਂਊ ਸੂਚਿਤ ਕਰ ਦਿੱਤਾ ਗਿਆ ਸੀ । ਇਸ ਤੋਂ ਪਤਾ ਲੱਗਦਾ ਹੈ ਕਿ ਹਰਿਮੰਦਰ ਸਾਹਿਬ ਉੱਤੇ ਇਹ ਹਮਲਾ ਕਿਸ ਹੱਦ ਤੱਕ ਬਾਰੀਕੀ ਨਾਲ ਵਿਉਂਤਿਆ ਗਿਆ ਸੀ । ਇਨ੍ਹਾਂ 'ਚੋ ਕਈ ਗਰੁੱਪਾਂ ਅਤੇ ਪਾਰਟੀਆਂ ਨੇ ਤਾਂ ਇਹ ਵੀ ਬੜਕਾਂ ਮਾਰੀਆਂ ਕਿ ਉਨ੍ਹਾਂ ਨੇ ਹੁਣ ਲਾਇਸੈਂਸੀ ਅਤੇ ਗੈਰ-ਲਾਇਸੈਂਸੀ ਹਥਿਆਰਾਂ ਨਾਲ ''ਅੱਤਵਾਦੀਆਂ'' ਨੂੰ ਖਤਮ ਕਰਨ ਲਈ ਆਪਣੇ ਬਰਗੇਡ ਬਣਾ ਲਏ ਹਨ । ਇਹ ਪੰਜਾਬ ਦੇ ਲੋਕਾਂ ਵਿਰੁੱਧ ਰਾਜੀਵ ਗਾਂਧੀ ਦੇ ਬਲੈਕ ਥੰਡਰ ਵਿੱਚ ਸ਼ਾਮਲ ਹਨ ।

ਇਸ ਗੱਲ ਦੇ ਪੱਕੇ ਸਬੂਤ ਹਨ ਕਿ ਓਪਰੇਸ਼ਨ ''ਕਾਲੀ ਗਰਜ਼'', ਖਾਸ ਸਿਆਸੀ ਮਨੋਰਥਾਂ ਨੂੰ ਮੱਦੇ-ਨਜ਼ਰ ਰੱਖਦਿਆਂ ਹੁਸ਼ਿਆਰੀ ਨਾਲ ਵਿਉਂਤੀ ਅਤੇ ਲਾਗੂ ਕੀਤੀ ਗਈ ਕਾਰਵਾਈ ਸੀ । ਪੰਜਾਬ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ, ਪੂਰੇ ਦੇਸ਼ ਵਿੱਚ ਫਿਰਕੂ ਤਣਾਓ ਨੂੰ ਹਵਾ ਦੇਣਾ, ਸਿੱਖਾਂ ਵਿਰੁੱਧ ਸਿਲਸਲੇਵਾਰ ਮੁਹਿੰਮ, ਝੂਠੇ ਪੁਲਸ ਮੁਕਾਬਲੇ ਅਤੇ ਪੁਲਸ ਹਿਰਾਸਤ ਵਿੱਚ ਮੌਤਾਂ—ਇਹ ਸਭ ਸਰਕਾਰ ਦੀ 'ਪਾੜੋ ਤੇ ਰਾਜ ਕਰੋ'' ਦੀ ਪੁਰਾਣੀ ਨੀਤੀ ਨੂੰ ਲਾਗੂ ਕਰਨ ਦੀ ਮੁਹਿੰਮ ਦੇ ਹੀ ਲਾਜ਼ਮੀ ਪੁਰਜ਼ੇ ਹਨ । ਸਾਕਾ ''ਕਾਲੀ ਗਰਜ਼'' ਨੂੰ ਇਸੇ ਪ੍ਰਸੰਗ ਵਿੱਚ ਦੇਖਣਾ ਚਾਹੀਦਾ ਹੈ ।

ਹੁਣ ਖਬਰਾਂ ਤੋਂ ਪਤਾ ਲਗਦਾ ਹੈ ਕਿ ਹਰਿਮੰਦਰ ਸਾਹਿਬ ਜਾਣ ਤੋਂ ਪਹਿਲਾਂ ਸ਼ਰਧਾਲੂਆਂ ਦੀ ਤਲਾਸ਼ੀ ਲਈ ਜਾਂਦੀ ਹੈ । ਕਰੀਬ 15,000 ਲੋਕਾਂ ਨੂੰ, 45 ਡਿਗਰੀ ਸੈਂਟੀਗਰੇਡ ਤੋਂ ਵੀ ਵੱਧ ਗਰਮੀ ਵਿੱਚ ਪੁਲਸ ਸਟੇਸ਼ਨਾਂ ਵਿੱਚ ਡੱਕਿਆ ਗਿਆ ਅਤੇ ਸਿਰਫ ਤਲਾਸ਼ੀ ਲੈਣ ਤੋਂ ਬਾਅਦ ਹੀ ਗੁਰਦੁਆਰੇ ਅੰਦਰ ਜਾਣ ਦੀ ਆਗਿਆ ਦਿੱਤੀ ਗਈ । ਇਹ ਵੀ ਧਾਰਮਕ ਆਜ਼ਾਦੀ ਦੇ ਬੁਨਿਆਦੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ ।

* * *

ਹਿੰਦੁਸਤਾਨੀ ਸਰਕਾਰ ਨੇ ਸ਼ਰੇਆਮ ਅਤੇ ਬਿਨਾਂ ਝਿਜਕ ਐਲਾਨ ਕੀਤਾ ਹੈ ਕਿ ਪੰਜਾਬ ਵਿੱਚ ਅਤੇ ਸਮੁੱਚੇ ਦੇਸ਼ ਵਿੱਚ ਸਮੱਸਿਆ ਅਮਨ-ਕਾਨੂੰਨ ਦੀ ਸਮੱਸਿਆ ਹੈ । ਇਕ ਅਜੇਹੇ ਦੇਸ਼ ਵਿੱਚ ਜਿੱਥੇ ਲੱਖਾਂ ਕਰੋੜਾਂ ਲੋਕ ਭੁੱਖੇ ਮਰ ਰਹੇ ਹਨ, ਜਿੱਥੇ ਵੱਸੋਂ ਦੀ ਵਿਸ਼ਾਲ ਬਹੁ-ਗਿਣਤੀ ਨੂੰ ਜੀਵਨ ਦੀਆਂ ਸਭ ਤੋਂ ਬੁਨਿਆਦੀ ਲੋੜਾਂ ਤੋਂ ਵੀ ਵੰਚਿਤ ਰੱਖਿਆ ਗਿਆ ਹੈ, ਸਰਕਾਰ ਦਾਅਵਾ ਕਰਦੀ ਹੈ ਕਿ ਸਮੱਸਿਆ ਦੀ ਜੜ੍ਹ ਅਮਨ-ਕਾਨੂੰਨ ਹੈ, ਅਤੇ ਸਿਆਸਤ

Digitized by Panjab Digital Library | www.panjabdigilib.org

ਨਹੀਂ । ਇਸ ਦਾਅਵੇ ਨੂੰ ਲਾਗੂ ਕਰਨ ਲਈ ਸਰਕਾਰ ਅਤੇ ਇਸ ਦੀਆਂ ਹਥਿਆਰਬੰਦ ਸ਼ਕਤੀਆਂ ਪੰਜਾਬ ਵਿੱਚ ਅਤੇ ਪੂਰੇ ਦੇਸ਼ ਵਿੱਚ ਲੋਕਾਂ ਵਿਰੁੱਧ ਇਕ ਜਾਬਰ ਅਤੇ ਕਾਤਲਾਨਾ ਮੁਹਿੰਮ ਚਲਾ ਰਹੀਆਂ ਹਨ । ਜਿਉਂ-ਜਿਉਂ ਸਰਕਾਰ ਇਸ ਨੀਤੀ ਉੱਤੇ ਅੱਗੇ ਵਧ ਰਹੀ ਹੈ, ਤਿਉਂ-ਤਿਉਂ ਕਾਨੂੰਨ ਦੇ ਰਾਜ ਦਾ ਨਾਂ-ਨਿਸ਼ਾਨ ਵੀ ਮਿਟਦਾ ਜਾ ਰਿਹਾ ਹੈ । ਸਾਕਾ "ਕਾਲੀ ਗਰਜ" ਤੋਂ ਬਾਅਦ, ਰਾਸ਼ਟਰਤੀ ਵੱਲੋਂ "ਧਾਰਮਕ ਸਥਾਨਾਂ ਦੀ ਦੁਰਵਰਤੋਂ" ਅਤੇ "ਆਰਮਜ਼ ਐਕਟ ਵਿੱਚ ਸੋਧ" ਮੁਤੱਲਕ ਜਾਰੀ ਕੀਤੇ ਗਏ ਦੋ ਆਰਡੀਨੈਂਸਾਂ ਨੇ, ਪੰਜਾਬੀਆਂ ਨੂੰ, ਅਤੇ ਖਾਸ ਕਰ ਸਿੱਖਾਂ ਨੂੰ ਹੋਰ ਵੀ ਪਰਾਏ ਬਣਾ ਦਿੱਤਾ ਹੈ । ਉਹ ਗੰਭੀਰਤਾ ਨਾਲ ਇਹ ਪੁੱਛ ਰਹੇ ਹਨ ਕਿ ਉਨ੍ਹਾਂ ਦੇ ਆਪਣੇ ਹੀ ਦੇਸ਼ ਵਿੱਚ ਉਹਨਾਂ ਨਾਲ ਅਜੇਹਾ ਸਲੂਕ ਕਿਵੇਂ ਕੀਤਾ ਜਾ ਸਕਦਾ ਹੈ, ਜਿੱਥੇ ਉਨ੍ਹਾਂ ਦੀ ਗੈਰਤ ਨੂੰ ਪੈਰਾਂ ਹੇਠ ਲਿਤਾੜਿਆ ਜਾਂਦਾ ਹੈ, ਜਿੱਥੇ ਉਨ੍ਹਾਂ ਦੇ ਧਾਰਮਕ ਅਸਥਾਨਾਂ ਉੱਤੇ ਵੀ ਬਾਰ-ਬਾਰ ਹਮਲੇ ਕੀਤੇ ਜਾਂਦੇ ਹਨ ।

ਹਰਿਮੰਦਰ ਸਾਹਿਬ ਦੀ ਘੇਰਾਬੰਦੀ ਕਿੰਨਾ ਚਿਰ ਜਾਰੀ ਰਹੇਗੀ ? 1984 ਦੇ ਆਪਣੇ ਵਾਈਟ ਪੇਪਰ ਵਿੱਚ, ਸਰਕਾਰ ਨੇ ਦਲੀਲ ਪੇਸ਼ ਕੀਤੀ ਸੀ ਕਿ ਹਰਿਮੰਦਰ ਸਾਹਿਬ ਉੱਤੇ ਹਮਲਾ ਇਸ ਲਈ ਕਰਨਾ ਪਿਆ, ਕਿਉਂਕਿ ਉੱਥੇ ਛੁਪੇ ਬੈਠੇ ਦਹਿਸ਼ਤਗਰਦਾਂ ਨੂੰ ਬਾਹਰ ਕੱਢਣਾ ਜ਼ਰੂਰੀ ਹੋ ਗਿਆ ਸੀ, ਜਿਹੜੇ ਰਾਜ ਲਈ ਖਤਰਾ ਬਣੇ ਹੋਏ ਸਨ । ਇਹ ਨਹੀਂ ਪਤਾ ਕਿ ਸਰਕਾਰ ਨੇ ਕਿਵੇਂ ਇਹ ਫੈਸਲਾ ਕੀਤਾ ਕਿ ਹਰਿਮੰਦਰ ਸਾਹਿਬ ਦੇ ਅੰਦਰ ਬੈਠੇ ਬੰਦੇ ਦਹਿਸ਼ਤਗਰਦ ਸਨ । ਉਨ੍ਹਾਂ ਦੇ ਨਾਂ ਨਹੀਂ ਦਿੱਤੇ ਗਏ ਸਨ ਅਤੇ ਨਾ ਹੀ ਉਨ੍ਹਾਂ ਦੀ ਗ੍ਰਿਫ਼ਤਾਰੀ ਲਈ ਕੋਈ ਵਾਰੰਟ ਜਾਰੀ ਕੀਤੇ ਗਏ ਸਨ । ਫਿਰ ਹਥਿਆਰਬੰਦ ਸ਼ਕਤੀਆਂ ਨੂੰ ਕਿਸ ਨੇ ਇਹ ਅਧਿਕਾਰ ਦਿੱਤਾ ਕਿ ਉਹ ਹਰਿਮੰਦਰ ਸਾਹਿਬ ਵਿੱਚ ਬੈਠੇ ਬੰਦਿਆਂ ਨੂੰ ਜਾਨੋਂ ਮਾਰ ਦੇਣ ? ਹਰਿਮੰਦਰ ਸਾਹਿਬ ਉੱਤੇ ਕੀਤੇ ਗਏ ਬਾਰ-ਬਾਰ ਹਮਲਿਆਂ ਨਾਲ ਹੋਏ ਖੂਨ-ਖਰਾਬੇ ਵਿੱਚ, ਅਖੌਤੀ ਦਹਿਸ਼ਤਗਰਦ ਬਾਹਰ ਕੱਢੇ ਗਏ ਅਤੇ ਜਾਨੋਂ ਮਾਰ ਦਿੱਤੇ ਗਏ, ਪਰ ਅਮਨ ਕਾਨੂੰਨ ਦੀ ਬਹਾਲੀ ਨਹੀਂ ਹੋਈ ।

1984 ਵਿੱਚ ਸਾਕਾ "ਨੀਲਾ ਤਾਰਾ" ਅਧੀਨ ਹਰਿਮੰਦਰ ਸਾਹਿਬ ਉੱਤੇ ਹਿੰਦੁਸਤਾਨੀ ਸਰਕਾਰ ਦੇ ਹਮਲੇ ਦੀ ਦੁਨੀਆਂ ਦੇ ਬਹੁਤ ਸਾਰੇ ਹਿੱਸਿਆਂ ਵਿੱਚ ਨਿਖੇਧੀ ਕੀਤੀ ਗਈ ਸੀ । ਪਰ ਹੁਣ ਇਹ ਅਜਿਹੇ ਹਮਲਿਆਂ ਨੂੰ ਨਿੱਤ ਦਾ ਕੰਮ ਬਣਾਉਣਾ ਚਾਹੁੰਦੀ ਹੈ । ਇਸ ਦੇ ਦੂਸਰੇ ਓਪਰੇਸ਼ਨ-ਜਿਵੇਂ ਕਿ ਓਪਰੇਸ਼ਨ ਵੁਡ ਰੋਜ਼, ਜਿਸ ਦੌਰਾਨ "ਸਫ਼ਾਏ" ਦੀ ਮੁਹਿੰਮ ਵਿੱਚ ਹਜ਼ਾਰਾਂ ਹੀ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ ਅਤੇ ਬਹੁਤ ਸਾਰੇ ਲੋਕ ਜਾਨੋਂ ਮਾਰ ਦਿੱਤੇ ਗਏ ਸਨ-ਵੀ ਕੋਈ ਘੱਟ ਕਾਤਲਾਨਾ ਨਹੀਂ ਸਨ । ਸ੍ਰੀਮਤੀ ਗਾਂਧੀ ਦੇ ਕਤਲ ਤੋਂ ਬਾਅਦ ਸਿੱਖਾਂ ਦੀ ਨਸਲਕੁਸ਼ੀ ਦੀ ਮੁਹਿੰਮ ਅੱਤ ਦਰਜੇ ਦੀ ਕਾਤਲਾਨਾ ਮੁਹਿੰਮ ਸੀ । ਹਿੰਦੁਸਤਾਨ ਦੇ ਰਿਟਾਇਰਡ ਚੀਫ ਜਸਟਿਸ ਐਸ.ਐਮ.ਸੀਕਰੀ, ਜਸਟਿਸ ਵੀ.ਐਮ.ਤਾਰਕੁੰਡੇ, ਅਤੇ ਪ੍ਰੋਫੈਸਰ ਰਜਨੀ ਕੋਠਾਰੀ ਵਰਗੇ ਮੰਨੇ-ਪ੍ਰਮੰਨੇ ਵਿਅਕਤੀਆਂ 'ਤੇ ਆਧਾਰਿਤ, ਜਿਨ੍ਹਾਂ ਤਿੰਨ ਸੁਤੰਤਰ ਪੜਤਾਲੀਆ ਕਮੇਟੀਆਂ ਨੇ ਇਨ੍ਹਾਂ ਫਸਾਦਾਂ ਦੀ ਜਾਂਚ ਕੀਤੀ ਸੀ, ਉਨ੍ਹਾਂ ਸਭ ਨੇ ਇਹ ਦੱਸਿਆ ਕਿ ਸਿੱਖਾਂ ਦੀ ਨਸਲਕੁਸ਼ੀ ਇੱਕ ਬਹੁਤ ਹੀ ਵਿਉਂਤ-ਬੱਧ ਤਰੀਕੇ ਨਾਲ ਕੀਤੀ ਗਈ ਸੀ । ਉਨ੍ਹਾਂ ਨੇ ਕਾਂਗਰਸ ਪਾਰਟੀ ਨਾਲ ਸਬੰਧਤ ਉਨ੍ਹਾਂ ਬੰਦਿਆਂ ਦੇ ਨਾਂ ਵੀ ਦੱਸੇ ਜੋ ਦਿੱਲੀ ਵਿੱਚ ਸਿੱਖਾਂ ਦੀ ਨਸਲਕੁਸ਼ੀ ਲਈ ਜ਼ਿੰਮੇਵਾਰ ਸਨ । ਇਨ੍ਹਾਂ ਵਿੱਚੋਂ ਦੋ ਬੰਦੇ ਕੇਂਦਰੀ ਸਰਕਾਰ ਵਿੱਚ ਅਹਿਮ ਪਦਵੀਆਂ ਉੱਤੇ ਹਨ ।

Digitized by Panjab Digital Library | www.panjabdigilib.org

ਦੋ ਪੜਤਾਲੀਆ ਕਮੇਟੀਆਂ ਨੇ ਸਾਂਝੇ ਤੌਰ 'ਤੇ ਦੱਸਿਆ : "ਪੈਟਰੋਲ ਦੇ ਡੱਬੇ ਲੈ ਕੇ ਉਹ ਮੁਹੱਲਿਆਂ ਵਿੱਚ ਗਏ ਅਤੇ ਗਿਣੇ-ਮਿਥੇ ਢੰਗ ਨਾਲ ਸਿੱਖਾਂ ਦੇ ਘਰਾਂ, ਦੁਕਾਨਾਂ ਅਤੇ ਗੁਰਦੁਆਰਿਆਂ ਨੂੰ ਅੱਗਾਂ ਲਾਈਆਂ । ਜਿਨ੍ਹਾਂ ਇਲਾਕਿਆਂ ਦਾ ਅਸੀਂ ਦੌਰਾ ਕੀਤਾ, ਉਨ੍ਹਾਂ ਸਭ ਥਾਵਾਂ 'ਤੇ ਸਾਨੂੰ ਸਥਾਨਕ ਮੌਕੇ ਦੇ ਗਵਾਹਾਂ ਨੇ ਦੱਸਿਆ ਕਿ ਅੱਗ ਲਾਉਣ ਵਾਲਿਆਂ ਦੇ ਮੋਹਰੀ ਕਾਂਗਰਸ (ਇੰ) ਦੇ ਮੰਨੇ-ਪ੍ਰਮੰਨੇ ਲੀਡਰ ਅਤੇ ਵਰਕਰ ਸਨ ਅਤੇ ਕਾਂਗਰਸ (ਇੰ) ਦੇ ਸਥਾਨਕ ਕੇਡਰ ਸਿੱਖਾਂ ਦੇ ਘਰ ਅਤੇ ਦੁਕਾਨਾਂ ਦੀ ਸੂਹ ਦੇ ਰਹੇ ਸਨ । ਇੱਕ ਉੱਚ ਪੁਲਸ ਅਧਿਕਾਰੀ, ਜੋ ਸਮਝਣ ਯੋਗ ਕਾਰਨਾਂ ਕਰਕੇ ਆਪਣਾ ਨਾਂ ਗੁਪਤ ਰੱਖਣਾ ਚਾਹੁੰਦਾ ਹੈ, ਨੇ ਦੱਸਿਆ : 'ਦੁਕਾਨਾਂ ਦੇ ਨਾਂ ਹਿੰਦੀ ਜਾਂ ਅੰਗਰੇਜ਼ੀ ਵਿੱਚ ਹਨ । ਅੱਗ ਲਾਉਣ ਵਾਲੇ ਅਨਪੜ੍ਹ ਇਹ ਕਿਵੇਂ ਜਾਣ ਸਕਦੇ ਸਨ ਕਿ ਇਹ ਦੁਕਾਨਾਂ ਹਿੰਦੂਆਂ ਦੀਆਂ ਹਨ ਜਾਂ ਸਿੱਖਾਂ ਦੀਆਂ, ਜਿੰਨਾਂ ਚਿਰ ਉਨ੍ਹਾਂ ਨੂੰ ਕੋਈ ਪੜ੍ਹਿਆ-ਲਿਖਿਆ ਜਾਂ ਸਥਾਨਕ ਵਸਨੀਕ ਮੂਹਰੇ ਹੋ ਕੇ ਨਾ ਦੱਸਦਾ ?'

"ਪੁਨਰ-ਵਾਸ ਕਲੋਨੀਆਂ (ਜਿਵੇਂ ਜਮੁਨਾ ਪਾਰ ਤ੍ਰਿਲੋਕਪੁਰੀ ਅਤੇ ਪੱਛਮ ਵਿੱਚ ਮੰਗੋਲਪੁਰੀ) ਵਿੱਚ ਜਿੱਥੇ ਸਭ ਤੋਂ ਵੱਧ ਕਤਲ ਹੋਏ ਸਨ, ਉੱਥੇ ਵੀ ਉਹੀ ਨਮੂਨਾ ਦੇਖਣ ਵਿੱਚ ਆਇਆ । ਮੁੱਖ ਤੌਰ 'ਤੇ ਸਿੱਖ ਹੀ ਦੰਗਾਕਾਰੀਆਂ ਦਾ ਨਿਸ਼ਾਨਾ ਸਨ। (ਇਨ੍ਹਾਂ ਸਿੱਖਾਂ 'ਚ ਜ਼ਿਆਦਾਤਰ ਉਹ ਹਨ ਜਿਨ੍ਹਾਂ ਨੂੰ 1947 ਵਿੱਚ ਪੱਛਮੀ ਪੰਜਾਬ, ਜੋ ਹੁਣ ਪਾਕਿਸਤਾਨ ਵਿੱਚ ਹੈ, ਵਿੱਚੋਂ ਉਜਾੜਿਆ ਗਿਆ ਸੀ ਤੇ ਜੋ ਦਿੱਲੀ ਵਿੱਚ ਆ ਕੇ ਵਸ ਗਏ ਹਨ । ਇਨ੍ਹਾਂ 'ਚੋਂ ਬਚੇ ਹੁਣ ਕਿੱਥੇ ਜਾਣ-ਏ.ਐਸ. ਬੈਂਸ) ਉਨ੍ਹਾਂ ਨੂੰ ਧੂਹ ਧੂਹ ਕੇ ਘਰਾਂ 'ਚੋਂ ਬਾਹਰ ਲਿਆਂਦਾ ਗਿਆ, ਕੁੱਟਿਆ-ਮਾਰਿਆ ਗਿਆ ਅਤੇ ਫਿਰ ਜਿਉਂਦਿਆਂ ਨੂੰ ਸਾੜ ਦਿੱਤਾ ਗਿਆ । ਜਦ ਕਿ ਬਜ਼ੁਰਗ ਮਰਦਾਂ, ਔਰਤਾਂ ਅਤੇ ਬੱਚਿਆਂ ਨੂੰ ਆਮ ਤੌਰ 'ਤੇ ਭੱਜ-ਨਿਕਲਣ ਦੀ ਇਜ਼ਾਜਤ ਦਿੱਤੀ ਗਈ, ਉਨ੍ਹਾਂ ਦੇ ਘਰਾਂ ਨੂੰ ਲੁੱਟ ਕੇ ਬਾਅਦ ਵਿੱਚ ਅੱਗ ਲਾ ਦਿੱਤੀ ਗਈ । ਮੰਗੋਲਪੁਰੀ ਦੇ ਕੁੱਝ ਇਲਾਕਿਆਂ ਵਿੱਚੋਂ ਸਾਨੂੰ ਇਸ ਘੱਲੂਘਾਰੇ 'ਚੋਂ ਜਿਉਂਦੇ ਬਚ ਗਏ ਕੁੱਝ ਬੰਦਿਆਂ ਨੇ ਦੱਸਿਆ ਕਿ ਬੱਚਿਆਂ ਨੂੰ ਵੀ ਬਖਸ਼ਿਆ ਨਹੀਂ ਸੀ ਗਿਆ । ਸਾਨੂੰ ਔਰਤਾਂ ਨਾਲ ਗੁੰਡਾ-ਗਰੋਹਾਂ ਵੱਲੋਂ ਬਲਾਤਕਾਰ ਦੀਆਂ ਰਿਪੋਰਟਾਂ ਵੀ ਮਿਲੀਆਂ । ਤਬਾਹੀ ਦਾ ਸਿਲਸਿਲਾ ਦੁਕਾਨਾਂ, ਕਾਰਖਾਨਿਆਂ ਅਤੇ ਘਰਾਂ ਤੋਂ ਗੁਰਦੁਆਰਿਆਂ ਅਤੇ ਸਿੱਖਾਂ ਦੇ ਸਕੂਲਾਂ ਵੱਲ ਫੈਲਦਾ ਗਿਆ । ਸਭ ਪੀੜ੍ਹਤ ਇਲਾਕਿਆਂ ਵਿੱਚ, ਲੋਕਾਂ 'ਚ ਦਹਿਸ਼ਤ ਫੈਲਾਉਣ ਦਾ ਗਿਣਿਆ-ਮਿਥਿਆ ਯਤਨ, ਹਮਲਾਵਰਾਂ ਵੱਲੋ ਸਿੱਖਾਂ ਨੂੰ ਸ਼ਰੇਆਮ ਸੜਕਾਂ 'ਤੇ, ਲੋਕਾਂ ਦੇ ਸਾਹਮਣੇ ਸਾੜਨ ਦੇ ਰੁਝਾਨ ਤੋਂ ਜ਼ਾਹਿਰ ਹੁੰਦਾ ਸੀ ।"[1]

ਸਿਵਲ ਲਿਬਰਟੀਜ਼ ਗਰੁੱਪਾਂ ਅਤੇ ਹੋਰ ਵਿਰੋਧੀ ਪਾਰਟੀਆਂ ਵੱਲੋਂ ਮੰਗ ਕਰਨ ਦੇ ਬਾਵਜੂਦ ਵੀ ਬੇਦੋਸ਼ੇ ਸਿੱਖਾਂ ਨੂੰ ਕਤਲ ਕਰਨ ਵਾਲਿਆਂ ਵਿਰੁੱਧ ਕੋਈ ਵੀ ਕਾਰਵਾਈ ਨਾ ਕੀਤੀ ਗਈ । ਅਜਿਹਾ ਕਤਲੇਆਮ ਦਿੱਲੀ ਵਿੱਚ ਕਈ ਵਾਰੀ ਹੋਇਆ ਹੈ । ਸਭ ਤੋਂ ਪਹਿਲਾਂ 1947 ਵਿੱਚ ਅਜਿਹਾ ਕਤਲੇਆਮ ਹੋਇਆ ਸੀ, ਜਦ ਮੁਸਲਮਾਨਾਂ ਨੂੰ ਚੁਣ-ਚੁਣ ਕੇ ਕਤਲ ਕੀਤਾ ਗਿਆ ਸੀ । ਇਹੀ ਨਮੂਨਾ ਸਾਰੇ ਹਿੰਦੁਸਤਾਨ ਵਿੱਚ ਹੈ ।

---

1. ਦੋਸ਼ੀ ਕੌਣ ਹਨ ? (ਦਿੱਲੀ: ਪੀਪਲਜ਼ ਯੂਨੀਅਨ ਫਾਰ ਡੈਮੋਕਰੈਟਿਕ ਰਾਈਟਸ ਅਤੇ ਪੀਪਲਜ਼ ਯੂਨੀਅਨ ਫਾਰ ਸਿਵਲ ਵਿਬਰਟੀਜ਼, 1984), ਸਫਾ 3

Digitized by Panjab Digital Library | www.panjabdigilib.org

ਬੇਸ਼ੱਕ ਇਤਿਹਾਸ ਵਿੱਚ ਧਾੜਵੀ ਨਾਦਰਸ਼ਾਹ ਵੱਲੋਂ ਦਿੱਲੀ 'ਚ ਲੋਕਾਂ ਦੇ ਕਤਲੇਆਮ ਬਾਰੇ ਅਸੀਂ ਪੜ੍ਹਿਆ ਹੈ, ਪਰ ਉਸ ਨੇ ਕਿਸੇ ਇਕ ਫਿਰਕੇ ਦੇ ਲੋਕਾਂ ਨੂੰ ਚੁਣ ਕੇ ਨਹੀਂ ਸੀ ਮਾਰਿਆ । ਦਰਅਸਲ, ਨਾਦਰਸ਼ਾਹ ਦੀਆਂ ਫੌਜਾਂ ਵੱਲੋਂ ਕਤਲ ਕੀਤੇ ਗਏ ਲੋਕਾਂ ਵਿੱਚ ਮੁਸਲਮਾਨਾਂ ਦੀ ਗਿਣਤੀ ਗੈਰ-ਮੁਸਲਮਾਨਾਂ ਨਾਲੋਂ ਵਧੇਰੇ ਸੀ । 1947 ਤੋਂ ਲੈ ਕੇ, ਮੁਸਲਮਾਨਾਂ ਨੂੰ ਅਕਸਰ ਚੁਣ ਚੁਣ ਕੇ ਮਾਰਿਆ ਜਾਂਦਾ ਰਿਹਾ ਹੈ, ਪਰ ਇਸ ਵਾਰ ਸਿੱਖਾਂ ਨੂੰ ਚੁਣ ਚੁਣ ਕੇ ਮਾਰਿਆ ਗਿਆ । ਉਨ੍ਹਾਂ ਦੇ ਘਰ ਚੁਣ-ਚੁਣ ਕੇ ਤਬਾਹ ਕਰ ਦਿੱਤੇ ਗਏ । ਹਿੰਦੁਸਤਾਨ ਵਿੱਚ ਕਾਂਗਰਸ (ਇੰ) ਦੇ ਰਾਜ ਹੇਠਲੇ ਤਕਰੀਬਨ ਸਭ ਇਲਾਕਿਆਂ ਵਿੱਚ ਉਨ੍ਹਾਂ ਨੂੰ ਧੂਹ-ਧੂਹ ਕੇ ਬੱਸਾਂ ਅਤੇ ਗੱਡੀਆਂ 'ਚੋਂ ਲਾਹ ਕੇ ਕਤਲ ਕੀਤਾ ਗਿਆ ।

ਇੱਕ ਪੜਤਾਲ ਨੇ ਇਸ ਘੱਲੂਘਾਰੇ ਵਿੱਚ ਹੋਏ ਜਾਨੀ ਅਤੇ ਮਾਲੀ ਨੁਕਸਾਨ ਦਾ ਅਨੁਮਾਨ ਦੱਸਿਆ : "ਜਮੁਨਾ ਪਾਰ ਪੂਰਬੀ ਦਿੱਲੀ ਦੀ ਇਕ ਪੁਨਰਵਾਸ ਬਸਤੀ, ਤ੍ਰਿਲੋਕਪੁਰੀ ਵਿੱਚ 31 ਅਕਤੂਬਰ ਅਤੇ 2 ਨਵੰਬਰ ਵਿਚਕਾਰ ਹੋਈਆਂ ਵਾਰਦਾਤਾਂ, ਬੁੱਚੜਪੁਣੇ ਦੇ ਕਹਿਰ ਦੀ ਇਕ ਖੌਫਨਾਕ ਤਸਵੀਰ ਸਨ । ਸਿਰਫ 48 ਘੰਟਿਆਂ ਦੇ ਅੰਦਰ ਹੀ, ਘੱਟੋ-ਘੱਟ 400 ਸਿੱਖ, ਮੁੱਖ ਤੌਰ 'ਤੇ ਨੌਜਵਾਨ ਮੁੰਡੇ, ਜਿਉਂਦੇ ਸਾੜ ਦਿੱਤੇ ਗਏ । ਇਹ ਕਤਲੇਆਮ ਸਥਾਨਕ ਪੁਲਸ ਮਸ਼ੀਨਰੀ ਦੀ ਗੁੱਝੀ ਰਜ਼ਾਮੰਦੀ ਅਤੇ ਗੁੰਡਿਆਂ ਦੇ ਇੱਕ ਜਥੇਬੰਦ ਗਰੁੱਪ ਦੀ ਸਰਗਰਮ ਸ਼ਮੂਲੀਅਤ ਨਾਲ ਕੀਤਾ ਗਿਆ, ਜਿਨ੍ਹਾਂ ਦੀ ਅਗਵਾਈ ਕਾਂਗਰਸ (ਇੰ) ਦਾ ਇੱਕ ਕੌਂਸਲਰ ਕਰ ਰਿਹਾ ਸੀ ।...

"ਅਧਿਕਾਰੀਆਂ ਨੇ, ਮਾਰੇ ਗਏ ਅਤੇ ਜ਼ਖ਼ਮੀ ਹੋਏ ਲੋਕਾਂ ਦੀ ਗਿਣਤੀ, ਵਿਧਵਾ ਹੋਈਆਂ ਔਰਤਾਂ ਅਤੇ ਯਤੀਮ ਹੋਏ ਬੱਚਿਆਂ ਦੀ ਗਿਣਤੀ ਦਾ, ਜਾਂ ਜਾਇਦਾਦ ਨੂੰ ਹੋਏ ਨੁਕਸਾਨ ਦਾ ਸਹੀ ਅੰਦਾਜ਼ਾ ਲਾਉਣ ਤੋਂ ਇਨਕਾਰ ਕਰ ਦਿੱਤਾ ਹੈ । ਪ੍ਰਸ਼ਾਸਨ ਅੱਜ ਤੱਕ ਵੀ ਉਨ੍ਹਾਂ ਲੋਕਾਂ, ਜਿਨ੍ਹਾਂ ਨੇ ਗੁਰਦੁਆਰਿਆਂ ਵਿੱਚ ਪਨਾਹ ਲਈ ਹੋਈ ਹੈ, ਵਿੱਚੋਂ ਬਹੁਤਿਆਂ ਨੂੰ, ਬੇਘਰੇ ਅਤੇ ਮੁਆਵਜ਼ੇ ਦੇ ਹੱਕਦਾਰ ਮੰਨਣ ਤੋਂ ਇਨਕਾਰ ਕਰ ਰਿਹਾ ਹੈ। ਪ੍ਰਸ਼ਾਸਨ ਸਿਰਫ 10 ਕੈਂਪਾਂ ਨੂੰ ਹੀ ਮੰਨਦਾ ਹੈ, ਜਦ ਕਿ ਇੱਕ ਵਲੰਟੀਅਰ ਜਥੇਬੰਦੀ, ਨਾਗਰਿਕ ਏਕਤਾ ਮੰਚ, ਨੇ ਦਿੱਲੀ ਦੇ ਅੰਦਰ ਹੀ ਘੱਟੋ-ਘੱਟ 18 ਹੋਰ ਕੈਂਪਾਂ ਦੀ ਸ਼ਨਾਖਤ ਕੀਤੀ ਹੈ ।...ਸਰਕਾਰ ਮੁਤਾਬਕ ਕੋਈ 20,000 ਲੋਕ ਬੇਘਰ ਹੋਏ ਹਨ । ਦਰਅਸਲ, ਘੱਟੋ-ਘੱਟ 50,000 ਲੋਕ ਬੇਘਰ ਹਨ । ...

"ਦਿੱਲੀ ਦੀ ਮਿਉਂਸਪਲ ਕਾਰਪੋਰੇਸ਼ਨ ਨੇ ਸਾੜੀਆਂ ਗਈਆਂ ਦੁਕਾਨਾਂ ਦਾ ਇਕ ਸਰਵੇਖਣ ਕੀਤਾ ਤੇ ਉਹ ਇਸ ਸਿੱਟੇ 'ਤੇ ਪੁੱਜੀ ਕਿ 1046 ਦੁਕਾਨਾਂ ਸਾੜੀਆਂ ਗਈਆਂ ਸਨ-ਇਸ ਵਿੱਚ ਝੌਂਪੜੀਆਂ ਅਤੇ ਖੋਖੇ ਸ਼ਾਮਲ ਨਹੀਂ ਸਨ ।"[2]

ਕੇਂਦਰੀ ਸਰਕਾਰ ਦੀ ਹਰ ਕਾਰਵਾਈ ਨੇ ਪੰਜਾਬ ਅਤੇ ਹੋਰ ਇਲਾਕਿਆਂ ਦੀ ਹਾਲਤ ਨੂੰ, ਸਗੋਂ ਵਧੇਰੇ ਉਲਝਾਉਣ ਵਿੱਚ ਹੀ ਮੱਦਦ ਕੀਤੀ ਹੈ । ਪ੍ਰਧਾਨ ਮੰਤਰੀ ਵੱਲੋਂ ਸੰਤ ਲੌਂਗੋਵਾਲ ਨਾਲ 1985 ਵਿੱਚ ਕੀਤੇ ਗਏ ਸਮਝੌਤੇ ਵਿੱਚ, ਕੁੱਝ ਕਾਰਵਾਈਆਂ ਦੀਆਂ ਤਰੀਕਾਂ ਮਿਥੀਆਂ ਗਈਆਂ ਸਨ । ਮਿਸਾਲ ਦੇ ਤੌਰ 'ਤੇ ਚੰਡੀਗੜ੍ਹ 26 ਜਨਵਰੀ, 1986 ਨੂੰ ਪੰਜਾਬ ਵਿੱਚ ਸ਼ਾਮਲ ਕੀਤਾ ਜਾਣਾ ਸੀ । ਐਪਰ ਉਸ ਸਮਝੌਤੇ ਨੂੰ ਵੀ ਲਾਗੂ ਨਾ ਕੀਤਾ ਗਿਆ । ਇਸ

---

2. ਦੋਸ਼ੀ ਕੌਣ ਹਨ ?

Digitized by Panjab Digital Library | www.panjabdigilib.org

ਤਰ੍ਹਾਂ, ਕੇਂਦਰੀ ਸਰਕਾਰ ਦੀ ਸਾਖ ਬਿਲਕੁਲ ਖਤਮ ਹੋ ਗਈ ਹੈ । ਲੋਕ ਇਹ ਪੁੱਛਣ ਲੱਗ ਪਏ ਹਨ ਕਿ ਕੀ ਕੇਂਦਰੀ ਸਰਕਾਰ ਸਿੱਖਾਂ ਅਤੇ ਪੰਜਾਬ ਦਾ ਮਸਲਾ ਹੱਲ ਕਰਨਾ ਚਾਹੁੰਦੀ ਹੈ, ਜਾਂ ਕੀ ਇਸ ਨੇ ਖੁਦ ਹੀ ਮਸਲਾ ਖੜਾ ਕੀਤਾ ਹੈ ਅਤੇ ਇਸ ਨੂੰ ਲਟਕਦਾ ਰੱਖਣਾ ਚਾਹੁੰਦੀ ਹੈ ਤਾਂ ਜੋ ਲੋਕਾਂ ਨੂੰ ਅਸਲੀ ਮਸਲਿਆਂ ਨਾਲ ਨਜਿੱਠਣ ਤੋਂ ਰੋਕਿਆ ਜਾ ਸਕੇ ਅਤੇ ਇਸ ਕੋਲ ਆਪਹੁਦਰੀਆਂ ਕਰਨ ਦਾ ਬਹਾਨਾ ਬਣਿਆ ਰਹੇ ।

ਰਾਜੀਵ ਗਾਂਧੀ ਕਹਿੰਦਾ ਹੈ ਕਿ ਉਹਦੇ ਕੋਲ ਪੰਜਾਬ ਵਿੱਚ ਮਸਲਾ ਹੱਲ ਕਰਨ ਦੀ ਇੱਕ ਵਿਉਂਤ ਹੈ । ਏਦਾਂ ਲੱਗਦਾ ਹੈ ਕਿ ਇਸ ਵਿਉਂਤ ਵਿੱਚ ਲੋਕਾਂ ਉੱਤੇ ਦਹਿਸ਼ਤ ਪਾਉਣ ਲਈ ਫੌਜ ਅਤੇ ਹਥਿਆਰਬੰਦ ਸ਼ਕਤੀਆਂ ਨੂੰ ਵਰਤਣ ਲਈ ਬਹਾਨੇ ਘੜਨਾ ਵੀ ਸ਼ਾਮਲ ਹੈ, ਜਿਵੇਂ ਕਿ ਓਪਰੇਸ਼ਨ "ਕਾਲੀ ਗਰਜ" ਦੌਰਾਨ ਹੋਇਆ ਹੈ । ਏਦਾਂ ਲੱਗਦਾ ਹੈ ਕਿ ਇਸ ਵਿਉਂਤ ਵਿੱਚ ਫਿਰਕੂ ਹਿੰਸਾ ਅਤੇ ਦਹਿਸ਼ਤ ਨੂੰ ਹੋਰ ਵਧਾਉਣਾ ਅਤੇ ਹਿੰਦੂ ਹੰਕਾਰ ਨੂੰ ਹੱਲਾ-ਸ਼ੇਰੀ ਦੇਣਾ ਵੀ ਸ਼ਾਮਲ ਹੈ । ਇਸ ਵਿੱਚ ਕਤਲਾਂ ਦੀ ਸਿਆਸਤ ਨੂੰ ਤੇਜ਼ ਕਰਨਾ ਵੀ ਸ਼ਾਮਲ ਕਰ ਲਿਆ ਗਿਆ ਹੈ । ਸਭ ਮਿਲਾ ਕੇ ਇਸ ਦਾ ਮਤਲਬ ਹੈ ਕਿ ਪੰਜਾਬੀ ਲੋਕ ਇਕ ਦੂਸਰੇ ਨੂੰ ਕਤਲ ਕਰਦੇ ਰਹਿਣ, ਹਿੰਦੂ ਸਿੱਖਾਂ ਵਿਰੁੱਧ ਲੜਨ, ਸਿੱਖ ਆਪਸ ਵਿੱਚ ਲੜਦੇ ਰਹਿਣ, ਜਦ ਕਿ "ਖੱਬੂ" ਪਾਰਟੀਆਂ ਤੋਤੇ ਵਾਂਗੂ ਰਾਜੀਵ ਗਾਂਧੀ ਦੇ ਮੁਹਾਵਰੇ ਦੁਹਰਾਉਂਦੀਆਂ ਰਹਿਣ, ਅਤੇ ਬਾਕੀ ਦੀ ਦੁਨੀਆਂ ਕੱਛਾਂ ਵਿੱਚ ਹੱਥ ਦੇ ਕੇ ਬੈਠੀ ਦੇਖਦੀ ਰਹੇ । ਰਾਜੀਵ ਗਾਂਧੀ ਦੀ ਵਿਉਂਤ ਵਿੱਚ ਸੀ.ਪੀ.ਆਈ.ਅਤੇ ਸੀ.ਪੀ.ਐਮ. ਅਤੇ ਭਾਂਤ-ਭਾਂਤ ਦੇ ਮਾਓਵਾਦੀਆਂ ਲਈ ਵੀ ਇੱਕ ਭੂਮਿਕਾ ਹੈ, ਜਿਹੜੇ ਸਾਰੇ ਹੀ ਇਹ ਕਹਿੰਦੇ ਹਨ ਕਿ ਮੁੱਖ ਮਸਲਾ ਇਹ ਹੈ ਕਿ ਕੀ ਤੁਸੀਂ ਖਾਲਿਸਤਾਨ ਦੇ ਪੱਖ ਵਿੱਚ ਹੋ ਜਾਂ ਇਸ ਦੀ ਵਿਰੋਧਤਾ ਕਰਦੇ ਹੋ । ਇਸ ਤਰੀਕੇ ਨਾਲ ਸਮੁੱਚੀ ਹਾਲਤ ਗੰਧਲਾ ਜਾਂਦੀ ਹੈ ਅਤੇ ਸਰਕਾਰ ਨੂੰ ਜੋ ਜੀ-ਚਾਹੇ ਕਰਨ ਦੀ ਖੁੱਲ੍ਹ ਮਿਲ ਜਾਂਦੀ ਹੈ ।

ਐਪਰ, ਸਰਕਾਰ ਦੀਆਂ ਚਾਲਾਂ ਅਤੇ ਦਬਾਓ ਦੇ ਬਾਵਜੂਦ, ਲੋਕਾਂ ਨੇ ਸਿਆਣਪ ਤੋਂ ਕੰਮ ਲਿਆ ਹੈ ਅਤੇ ਇਨ੍ਹਾਂ ਚਾਲਾਂ ਨੂੰ ਨਕਾਰਾ ਕਰ ਦਿੱਤਾ ਹੈ । ਅਜਿਹੇ ਕੋਈ ਵੀ ਫਿਰਕੂ ਫਸਾਦ ਨਹੀਂ ਹੋਏ ਜਿਨ੍ਹਾਂ 'ਚ ਲੋਕਾਂ ਨੇ ਧਰਮ ਦੇ ਆਧਾਰ 'ਤੇ ਇੱਕ ਦੂਜੇ ਦੀਆਂ ਧੌਣਾਂ ਵੱਢੀਆਂ ਹੋਣ । ਦਰਅਸਲ, ਸਭ ਸਬੂਤ ਦਿਖਾਉਂਦੇ ਹਨ ਕਿ ਜਿਨ੍ਹਾਂ ਨੂੰ ਫਿਰਕੂ ਫਸਾਦ ਕਿਹਾ ਜਾਂਦਾ ਹੈ, ਉਹ ਹਿੰਦੁਸਤਾਨੀ ਰਾਜ ਵੱਲੋਂ ਲੋਕਾਂ ਉੱਤੇ ਅਤੇ ਉਨ੍ਹਾਂ ਦੀ ਏਕਤਾ ਉੱਤੇ ਗਿਣੇ-ਮਿਥੇ ਅਤੇ ਜਾਣ-ਬੁੱਝ ਕੇ ਜਥੇਬੰਦ ਕੀਤੇ ਜਾਂਦੇ ਹਮਲੇ ਹਨ । ਹਿੰਦੁਸਤਾਨ ਦੇ ਸਭ ਹਿੱਸਿਆਂ ਤੋਂ ਮਿਲਦੇ ਸਬੂਤ ਇਸ ਦੀ ਸਪੱਸ਼ਟ ਗਵਾਹੀ ਭਰਦੇ ਹਨ । ਅਰਧ-ਫੌਜੀ ਸ਼ਕਤੀਆਂ ਅਤੇ ਪੁਲਸ ਦੀ ਭੂਮਿਕਾ, 1983 ਵਿੱਚ ਆਸਾਮ ਵਿੱਚ ਸਾਫ ਜ਼ਾਹਿਰ ਸੀ, ਜਦ ਲੋਕਾਂ ਦੇ ਸੰਘਰਸ਼ਾਂ ਨੂੰ ਕੁਚਲਣ ਲਈ ਉੱਥੇ ਫਿਰਕੂ ਕਤਲੇਆਮ ਜਥੇਬੰਦ ਕੀਤੇ ਗਏ ਸਨ । ਮਲਿਆਨਾ ਅਤੇ ਮੇਰਠ ਵਿੱਚ ਮਈ 1987 ਵਿੱਚ, ਜਿੱਥੇ ਹਫਤਾ-ਭਰ ਹੋਏ ਖੂਨੀ ਕਾਰੇ ਵਿੱਚ 117 ਬੰਦੇ ਮਾਰੇ ਗਏ ਸਨ 159 ਜ਼ਖ਼ਮੀ ਹੋਏ ਸਨ ਅਤੇ 5 ਅਰਬ ਰੁਪਏ ਦੀ ਜਾਇਦਾਦ ਤਬਾਹ ਹੋ ਗਈ ਸੀ, ਪ੍ਰੋਵਿੰਸ਼ੀਅਲ ਆਰਮਡ ਕਾਨਸਟੈਬੁਲਰੀ (ਯੂ.ਪੀ.ਦੀ ਇੱਕ ਅਰਧ-ਫੌਜੀ ਸ਼ਕਤੀ) ਅਤੇ ਪੁਲਸ ਦਾ ਹੱਥ ਸਾਫ ਤੌਰ 'ਤੇ ਇਸ ਕਤਲੇਆਮ ਦੇ ਪਿੱਛੇ ਸੀ ।[3]

---

3. ਅਸਗਰ ਅਲੀ ਇੰਜੀਨੀਅਰ, "ਗਿਆਨ ਪ੍ਰਕਾਸ਼ ਕਮੇਟੀ ਦੀ ਮੇਰਠ ਦੇ ਦੰਗਿਆਂ ਬਾਰੇ ਰਿਪੋਰਟ" **ਇਕਨਾਮਿਕ ਐਂਡ ਪੁਲੀਟੀਕਲ ਵੀਕਲੀ** (ਬੰਬਈ) ਜਨਵਰੀ 2-9, 1988, ਸਫ਼ਾ 30

Digitized by Panjab Digital Library | www.panjabdigilib.org

ਸਭ ਕਮਿਸ਼ਨਾਂ ਅਤੇ ਪੜਤਾਲੀਆਂ ਕਮੇਟੀਆਂ ਨੇ ਇਹ ਸਾਬਤ ਕਰ ਦਿੱਤਾ ਹੈ ਅਤੇ ਇਸ 'ਚ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਛੱਡੀ, ਕਿ ਸਰਕਾਰ ਦੇ ਵਰਦੀਆਂ ਵਾਲੇ ਅਤੇ ਚਿੱਟ-ਕੱਪੜੀਏ ਪਿੱਠੂ ਹੀ ਇਹ ਫਸਾਦ ਜਥੇਬੰਦ ਕਰਦੇ ਹਨ । ਸਿਰਫ ਏਨਾਂ ਹੀ ਨਹੀਂ ਕਿ ਲੋਕ ਫਸਾਦਾਂ ਵਿੱਚ ਹਿੱਸਾ ਨਹੀਂ ਲੈਂਦੇ, ਸਗੋਂ ਅਸਲ ਵਿੱਚ ਲੋਕ ਇਕ ਦੂਜੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹ ਜਾਂਦੇ ਹਨ ਤੇ ਹਕੂਮਤ ਦੀ ਬੁਰਸ਼ਾਗਰਦੀ ਵਿਰੁੱਧ ਲੜਾਈ ਵਿੱਚ ਇੱਕ ਦੂਸਰੇ ਦੀ ਮੱਦਦ ਕਰਦੇ ਹਨ ।

ਚਾਹੇ ਇਹ ਭਿਵੰਡੀ ਦੇ "ਫਸਾਦਾਂ" ਦੀ ਪੜਤਾਲ ਕਰਨ ਵਾਲਾ ਮੈਦੋਂ ਕਮਿਸ਼ਨ ਹੋਵੇ, ਜਾਂ ਦਿੱਲੀ ਵਿੱਚ ਇੰਦਰਾ ਗਾਂਧੀ ਕਤਲ ਤੋਂ ਬਾਅਦ ਸਿੱਖਾਂ ਦੀ ਨਸਲਕੁਸ਼ੀ ਦੀ ਪੜਤਾਲ ਕਰਨ ਵਾਲੀਆਂ ਸੁਤੰਤਰ ਕਮੇਟੀਆਂ ਹੋਣ, ਸਭ ਨੇ ਹੀ ਹਿੰਦੁਸਤਾਨੀ ਰਾਜ ਨੂੰ ਕਸੂਰਵਾਰ ਠਹਿਰਾਇਆ ਹੈ । 1985 ਵਿੱਚ ਗੁਜਰਾਤ ਵਿੱਚ ਰਿਜ਼ਰਵੇਸ਼ਨ-ਵਿਰੋਧੀ ਫਸਾਦਾਂ, 1986 ਵਿੱਚ ਅਹਿਮਦਾਬਾਦ ਵਿੱਚ ਹੋਏ ਫਸਾਦਾਂ, ਕਸ਼ਮੀਰ ਅਤੇ ਕੰਨਿਆਂ ਕੁਮਾਰੀ ਵਿੱਚ ਹੋਏ ਫਸਾਦਾਂ ਅਤੇ ਔਰੰਗਾਬਾਦ ਵਿੱਚ ਹੋਏ ਤਾਜ਼ਾ ਫਸਾਦਾਂ ਦੀ ਪੜਤਾਲ ਦੀਆਂ ਰਿਪੋਰਟਾਂ ਨੇ ਵੀ ਇਹੀ ਸਿੱਟਾ ਕੱਢਿਆ ਹੈ । ਅਸਲ ਵਿੱਚ ਇਨ੍ਹਾਂ ਨੂੰ ਫਸਾਦ ਕਹਿਣਾ ਹੀ ਗਲਤ ਹੈ, ਕਿਉਂਕਿ ਇਹ ਹਿੰਦੁਸਤਾਨੀ ਲੋਕਾਂ ਨੂੰ ਜਾਤ, ਧਰਮ, ਬੋਲੀ, ਇਲਾਕੇ ਜਾਂ ਨਸਲ ਦੇ ਅਧਾਰ ਉੱਤੇ ਆਪਸ ਵਿੱਚ ਪਾੜਨ ਲਈ ਹਿੰਦੁਸਤਾਨੀ ਸਰਕਾਰ ਵੱਲੋਂ ਜਥੇਬੰਦ ਕੀਤੀਆਂ ਜਾਂਦੀਆਂ ਮੁਹਿੰਮਾਂ ਹਨ ।

ਪੰਜਾਬੀਆਂ ਨੂੰ ਇਸ ਗੱਲ ਦੀ ਸ਼ਾਬਾਸ਼ ਦੇਣੀ ਪਏਗੀ ਕਿ ਅਜੇਹੀ ਇੱਕ ਵੀ ਮਿਸਾਲ ਨਹੀਂ ਮਿਲਦੀ ਜਿੱਥੇ ਹਿੰਦੂਆਂ-ਵਿਰੋਧੀ ਜਾਂ ਸਿੱਖਾਂ-ਵਿਰੋਧੀ ਫਸਾਦ ਹੋਏ ਹੋਣ । ਸਗੋਂ ਉਨ੍ਹਾਂ ਨੇ ਇਕ ਦੂਸਰੇ ਦੀ ਰਖਵਾਲੀ ਕੀਤੀ ਹੈ । ਮਿਸਾਲ ਦੇ ਤੌਰ 'ਤੇ ਕਾਹਰੀ-ਸਾਹਰੀ ਵਿੱਚ, ਜਦ ਗੁੰਮਰਾਹ ਹੋਏ ਕਾਤਿਲਾਂ ਨੇ ਸਿੱਖਾਂ ਨੂੰ ਹਿੰਦੂਆਂ ਦਾ ਸਾਥ ਛੱਡ ਜਾਣ ਲਈ ਕਿਹਾ ਤਾਂ ਸਿੱਖਾਂ ਨੇ ਸਾਫ ਇਨਕਾਰ ਕਰ ਦਿੱਤਾ ਅਤੇ ਹਿੰਦੂਆਂ ਦੇ ਮੋਢੇ ਨਾਲ ਮੋਢਾ ਲਾ ਕੇ ਖੜੋ ਗਏ ।

ਹਿੰਦੁਸਤਾਨੀ ਸਰਕਾਰ ਨੇ ਆਪਣੇ ਪ੍ਰਸਾਰ ਸਾਧਨਾਂ ਰਾਹੀਂ ਇਸ ਕਿਸਮ ਦਾ ਪ੍ਰਚਾਰ ਫੈਲਾਇਆ ਹੋਇਆ ਹੈ ਕਿ ਪੰਜਾਬ ਸਮੱਸਿਆ ਮੁੱਠੀ-ਭਰ ਦਹਿਸ਼ਤਗਰਦਾਂ ਦੀ ਖੜ੍ਹੀ ਕੀਤੀ ਹੋਈ ਹੈ, ਅਤੇ ਸਿੱਖ ਵੱਖਵਾਦੀ, ਫਿਰਕਾਪ੍ਰਸਤ ਅਤੇ ਦਹਿਸ਼ਤਗਰਦ ਹਨ । ਪਰ ਜਦ ਅਸੀਂ ਅਸਲੀ ਤੱਥਾਂ ਨੂੰ ਫਰੋਲਦੇ ਹਾਂ ਤਾਂ ਹਿੰਦੁਸਤਾਨੀ ਸਰਕਾਰ ਦਾ ਇਹ ਪ੍ਰਚਾਰ ਥੋਥਾ ਤੇ ਝੂਠਾ ਸਾਬਤ ਹੋ ਜਾਂਦਾ ਹੈ । ਤੱਥ ਦਿਖਾਉਂਦੇ ਹਨ ਕਿ ਪੰਜਾਬ ਵਿੱਚ ਸਮੱਸਿਆ ਖੜ੍ਹੀ ਕਰਨ ਵਾਲੇ ਮੁੱਠੀ-ਭਰ ਦਹਿਸ਼ਤਗਰਦ ਨਹੀਂ ਹਨ । ਇਹ ਹਿੰਦੁਸਤਾਨੀ ਸਰਕਾਰ ਹੈ ਜੋ ਹਮੇਸ਼ਾਂ ਹੀ ਪੰਜਾਬੀਆਂ ਨੂੰ ਆਪਸ ਵਿੱਚ ਫਿਰਕੂ ਆਧਾਰ 'ਤੇ ਪਾੜਨ ਲਈ ਪੂਰਾ ਟਿੱਲ ਲਾਉਂਦੀ ਰਹੀ ਹੈ ।

ਅੱਜ, ਪੰਜਾਬ ਵਿੱਚ ਕਾਨੂੰਨ ਦੇ ਰਾਜ ਨਾਂ ਦੀ ਕੋਈ ਚੀਜ਼ ਨਹੀਂ ਹੈ । ਪੰਜਾਬ ਵਿੱਚ ਸੁਰੱਖਿਆ ਸ਼ਕਤੀਆਂ ਅਤੇ ਪੁਲਸ ਦਾ ਰਾਜ ਹੈ । ਪੁਲਸ ਦੇ ਮੁੱਖੀ ਨੇ ਸ਼ਰੇਆਮ "ਗੋਲੀ ਦਾ ਜਵਾਬ ਗੋਲੀ" ਦੇ ਸਿਧਾਂਤ ਦੀ ਵਕਾਲਤ ਕੀਤੀ ਹੈ, ਅਤੇ ਕਹਿੰਦਾ ਹੈ ਕਿ ਪੁਲਸ ਸਿਰਫ ਇਸ ਤਰੀਕੇ ਨਾਲ ਹੀ ਅਮਨ ਕਾਨੂੰਨ ਦੀ ਸਮੱਸਿਆ ਨਾਲ ਨਜਿੱਠ ਸਕਦੀ ਹੈ । ਲੇਕਿਨ ਪੰਜਾਬ ਵਿੱਚ ਮਸਲਾ ਅਮਨ-ਕਾਨੂੰਨ ਦਾ ਮਸਲਾ ਨਹੀਂ, ਇਹ ਇਕ ਸਿਆਸੀ ਮਸਲਾ

Digitized by Panjab Digital Library | www.panjabdigilib.org

ਹੈ । ਜੇਕਰ ਇਹ ਇਕ ਅਮਨ-ਕਾਨੂੰਨ ਦਾ ਹੀ ਮਸਲਾ ਹੁੰਦਾ, ਤਾਂ ਇਹ ਹਰਿਮੰਦਰ ਸਾਹਿਬ ਅਤੇ ਪੰਜਾਬ ਦੇ 40 ਹੋਰ ਗੁਰਦੁਆਰਿਆਂ ਉੱਤੇ ਹਿੰਦੁਸਤਾਨੀ ਫੌਜ ਦੇ 1984 ਦੇ ਹਮਲੇ ਤੋਂ ਬਾਅਦ ਹੱਲ ਹੋ ਜਾਣਾ ਸੀ ।

ਹਰਿਮੰਦਰ ਸਾਹਿਬ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਉੱਤੇ ਹਮਲਾ, ਓਪਰੇਸ਼ਨ ਵੁਡ ਰੋਜ਼, ਓਪਰੇਸ਼ਨ ਬਰਡ, ਅਤੇ ਓਪਰੇਸ਼ਨ ਬਲੈਕ ਥੰਡਰ-ਇਨਾਂ ਸਭ ਨੇ ਹੀ ਸਿੱਖਾਂ ਨਾਲ ਵਧੀਕੀਆਂ ਉੱਤੇ ਕੇਂਦਰੀ ਸਰਕਾਰ ਦੀ ਮਨਜ਼ੂਰੀ ਦੀ ਮੋਹਰ ਲਾਈ ਹੈ ਅਤੇ ਹਾਲਤ ਨੂੰ ਹੋਰ ਵੀ ਸੰਗੀਨ ਬਣਾ ਦਿੱਤਾ ਹੈ । ਕਤਲਾਂ ਵਿੱਚ ਵੀ ਵਾਧਾ ਹੋ ਰਿਹਾ ਹੈ । ਓਪਰੇਸ਼ਨ ਬਲਿਊ ਸਟਾਰ ਅਤੇ ਓਪਰੇਸ਼ਨ ਵੁਡ ਰੋਜ਼ ਦੇ ਨਤੀਜੇ ਵਜੋਂ ਸ੍ਰੀਮਤੀ ਇੰਦਰਾ ਗਾਂਧੀ ਦਾ ਕਤਲ ਹੋਇਆ ਅਤੇ ਉਸਦੇ ਕਤਲ ਤੋਂ ਬਾਅਦ ਸਿੱਖਾਂ ਦੀ ਏਡੇ ਵੱਡੇ ਪੈਮਾਨੇ 'ਤੇ ਨਸਲਕੁਸ਼ੀ ਕੀਤੀ ਗਈ, ਜਿਸ ਦੀ ਮਿਸਾਲ ਦਿੱਲੀ ਅਤੇ ਹੋਰ ਸੂਬਿਆਂ ਵਿੱਚ ਪਹਿਲਾਂ ਕਿਤੇ ਨਹੀਂ ਦੇਖੀ ਗਈ । ਹਿੰਦੁਸਤਾਨੀ ਸਰਕਾਰ ਉਸੇ ਨੀਤੀ ਨੂੰ ਜਾਰੀ ਰੱਖ ਰਹੀ ਹੈ । ਹਰ ਰੋਜ਼, ''ਅਮਨ-ਕਾਨੂੰਨ' ਦੇ ਨਾਂ ਹੇਠ, ਪੰਜਾਬੀਆਂ ਅਤੇ ਹਿੰਦੁਸਤਾਨਦੇ ਹੋਰਨਾਂ ਲੋਕਾਂ ਦੀਆਂ ਜਾਇਜ਼ ਮੰਗਾਂ ਨੂੰ ਕੁਚਲਣ ਲਈ ਨਵੇਂ ਜਾਬਰ ਕਾਨੂੰਨ ਠੋਸੇ ਜਾ ਰਹੇ ਹਨ । ਸਮੁੱਚੇ ਹਿੰਦੁਸਤਾਨ ਵਿੱਚ ਹਨ੍ਹੇਰਗਰਦੀ ਦੇ ਰਾਜ ਦਾ ਪਹਿਰਾ ਹੈ, ਜਿਸ ਨੂੰ ਇਹੀ ਸਰਕਾਰ ਮਨਜ਼ੂਰੀ ਦਿੰਦੀ ਹੈ ਅਤੇ ਜਥੇਬੰਦ ਕਰਦੀ ਹੈ ਜਿਹੜੀ ਕਹਿੰਦੀ ਹੈ ਕਿ ਇਹ ''ਅਮਨ-ਕਾਨੂੰਨ' ਕਾਇਮ ਕਰਨਾ ਚਾਹੁੰਦੀ ਹੈ । ਸਰਕਾਰ ਦਾ ਦਾਅਵਾ ਏਨਾ ਖੋਖਲਾ ਅਤੇ ਥੋਥਾ ਹੈ ਕਿ ਇਹਨੂੰ ਸੁਣ ਕੇ ਸਾਡੇ ਲੋਕਾਂ ਦੀ ਇਕ ਪ੍ਰਸਿੱਧ ਕਹਾਵਤ ਯਾਦ ਆਉਂਦੀ ਹੈ :

ਦੁੱਧ ਦੀ ਰਾਖੀ ਬਿੱਲੀ ।

Digitized by Panjab Digital Library | www.panjabdigilib.org

## ਕਾਂਡ ਦੋ

# ਸੰਵਿਧਾਨ ਦੀਆਂ ਗੈਰ-ਜਮਹੂਰੀ ਮੱਦਾਂ ਅਤੇ ਜਾਬਰ ਕਾਨੂੰਨ

### ਵੁਹੀ ਕਾਤਲ, ਵੁਹੀ ਸ਼ਾਹਿਦ, ਵੁਹੀ ਮੁਨਸਿਫ ਠਹਿਰੇ,
### ਕਤਲ ਕਾ ਦਾਅਵਾ ਕਰੇਂ ਮੇਰੇ ਅਕਰਬਾ ਕਿਸ ਪਰ

ਮਨੁੱਖੀ ਭਾਈਚਾਰੇ ਨੇ ਹਰ ਇੱਕ ਨੂੰ ਕੁੱਝ ਬੁਨਿਆਦੀ ਅਤੇ ਨਾ-ਉਲੰਘਣਯੋਗ ਮਨੁੱਖੀ ਅਧਿਕਾਰ ਦਿੱਤੇ ਹਨ । ਪਰ ਇਹ ਅਧਿਕਾਰ ਆਪਣੇ ਆਪ ਹੀ ਨਹੀਂ ਮਿਲ ਗਏ । ਇਹ ਅਧਿਕਾਰ ਜਿੱਤਣ ਲਈ ਅਤੇ ਆਪਣੀਆਂ ਆਜ਼ਾਦੀਆਂ ਨੂੰ ਬਰਕਰਾਰ ਰੱਖਣ ਲਈ ਲੱਖਾਂ ਹੀ ਲੋਕਾਂ ਨੇ ਆਪਣੀਆਂ ਜਾਨਾਂ ਵਾਰੀਆਂ ਹਨ । 500 ਤੋਂ ਜ਼ਿਆਦਾ ਸਾਲਾਂ ਤੋਂ, ਸਿੱਖ ਆਪਣੇ ਹੱਕਾਂ ਲਈ, ਸਮਾਜਕ ਅੱਤਿਆਚਾਰ ਅਤੇ ਹਕੂਮਤੀ ਜਬਰ ਵਿਰੁੱਧ ਲੜਦੇ ਆ ਰਹੇ ਹਨ । ਉਨ੍ਹਾਂ ਨੇ ਉਸੇ ਸੰਘਰਸ਼ ਨੂੰ ਅੱਗੇ ਵਧਾਇਆ ਜੋ ਪੰਜਾਬ ਦੇ ਅਤੇ ਸਮੁੱਚੇ ਹਿੰਦੁਸਤਾਨ ਦੇ ਲੋਕ ਸਦੀਆਂ ਤੋਂ ਲੜਦੇ ਆ ਰਹੇ ਸਨ । ਬਸਤੀਵਾਦੀ ਹਕੂਮਤ ਵਿਰੁੱਧ, ਅਤੇ ਜਾਬਰ ਹਾਕਮਾਂ ਵਿਰੁੱਧ ਹਿੰਦੁਸਤਾਨੀ ਲੋਕਾਂ ਦੇ ਦਲੇਰਾਨਾ ਸੰਘਰਸ਼ ਨੇ ਆਜ਼ਾਦੀ ਅਤੇ ਮੁਕਤੀ ਦੇ ਕਾਜ਼ ਵਿੱਚ ਵੀ ਬਹੁਤ ਸਾਰੇ ਸ਼ਹੀਦਾਂ ਨੂੰ ਜਨਮ ਦਿੱਤਾ ।

ਇਨ੍ਹਾਂ ਜਮਹੂਰੀ ਅਧਿਕਾਰਾਂ ਲਈ ਸੰਘਰਸ਼ ਆਧੁਨਿਕ ਇਤਿਹਾਸ ਦੀ ਇੱਕ ਵਿਸ਼ੇਸ਼ ਖਾਸੀਅਤ ਹੈ । ਚਾਹੇ ਅਸੀਂ ਅਮਰੀਕਣ ਅਤੇ ਫਰਾਂਸੀਸੀ ਇਨਕਲਾਬਾਂ ਦੀ ਗੁਲਾਮੀ ਅਤੇ ਬਸਤੀਵਾਦੀ ਜੂਲੇ ਵਿਰੁੱਧ ਬਗਾਵਤਾਂ ਦੀ, 20ਵੀਂ ਸਦੀ ਦੇ ਆਧੁਨਿਕ ਇਨਕਲਾਬਾਂ ਦੀ, ਜਾਂ ਦੂਸਰੀ ਵਿਸ਼ਵ ਜੰਗ ਵਿੱਚ ਫਾਸ਼ੀਵਾਦ ਦੀ ਹਾਰ ਦੀ ਛਾਣ-ਬੀਣ ਕਰੀਏ- ਸਭ ਸਪਸ਼ਟ ਤੌਰ 'ਤੇ ਇਹੀ ਦਿਖਾਉਂਦੇ ਹਨ ਕਿ ਜਮਹੂਰੀ ਅਧਿਕਾਰਾਂ ਦੀ ਮੰਗ ਅਜੋਕੇ ਇਤਿਹਾਸ ਦੀ ਰੂਹ ਹੈ । ਇਨ੍ਹਾਂ ਅਧਿਕਾਰਾਂ ਲਈ ਸੰਘਰਸ਼ ਪੂਰੀ ਦੁਨੀਆਂ ਵਿੱਚ ਚੱਲ ਰਿਹਾ ਹੈ-ਇਸ ਵਿੱਚ ਜਿੱਤੇ ਹੋਏ ਹੱਕਾਂ ਦੀ ਰਖਵਾਲੀ ਕਰਨ ਦਾ ਸੰਘਰਸ਼ ਅਤੇ ਜਿੱਥੇ ਇਹ ਹੱਕ ਅਜੇ ਨਹੀਂ ਮਿਲੇ ਉੱਥੇ ਇਨ੍ਹਾਂ ਨੂੰ ਹਾਸਲ ਕਰਨ ਦਾ ਸੰਘਰਸ਼, ਦੋਵੇਂ ਹੀ ਸ਼ਾਮਲ ਹਨ । ਬਹੁਤ ਸਾਰੇ ਦੇਸ਼ਾਂ ਦੇ ਲੋਕਾਂ ਨੇ ਇਸ ਗੱਲ ਲਈ ਸੰਘਰਸ਼ ਲੜੇ ਹਨ ਕਿ ਇਨ੍ਹਾਂ ਅਧਿਕਾਰਾਂ ਨੂੰ ਸੰਵਿਧਾਨਾਂ, ਫਰਮਾਨਾਂ ਅਤੇ ਚਾਰਟਰਾਂ ਵਿੱਚ ਅੰਕਿਤ ਕੀਤਾ ਜਾਵੇ, ਜਿਵੇਂ ਕਿ ਮਨੁੱਖੀ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਦਾ ਸੰਸਾਰ ਪੱਧਰਾ ਐਲਾਨ-ਨਾਮਾ ਹੈ । (ਇਹ ਐਲਾਨ-ਨਾਮਾ ਇਸ ਕਿਤਾਬ ਦੇ ਅਖੀਰ ਵਿੱਚ ਪੂਰੇ ਦਾ ਪੂਰਾ ਛਾਪਿਆ ਜਾ ਰਿਹਾ ਹੈ) । ਹਿੰਦੁਸਤਾਨ, ਸੰਯੁਕਤ ਰਾਸ਼ਟਰ ਚਾਰਟਰ ਉੱਤੇ ਦਸਖਤ ਕਰਨ ਵਾਲੇ ਦੇਸ਼ਾਂ ਵਿੱਚੋਂ ਇੱਕ ਹੈ । ਪਰ ਮਾਨਵਤਾ ਦੇ ਇਹੀ ਹੱਕ ਹਨ, ਜੋ ਏਨੀਆਂ ਵੱਡੀਆਂ ਕੁਰਬਾਨੀਆਂ ਦੇ ਕੇ ਹਾਸਲ ਕੀਤੇ ਗਏ ਸਨ, ਜਿਨ੍ਹਾਂ ਦੀ ਅੱਜ ਹਿੰਦੁਸਤਾਨ ਵਿੱਚ ਉਲੰਘਣਾ ਕੀਤੀ ਜਾ ਰਹੀ ਹੈ ਤੇ ਜਿਨ੍ਹਾਂ ਨੂੰ ਪੈਰਾਂ ਹੇਠ ਲਿਤਾੜਿਆ ਜਾ ਰਿਹਾ ਹੈ ।

ਸ਼ਹਿਰੀ ਆਜ਼ਾਦੀਆਂ ਅਤੇ ਜਮਹੂਰੀ ਅਧਿਕਾਰਾਂ ਦਾ ਉਲੰਘਣ, ਆਜ਼ਾਦੀ ਤੋਂ ਲੈ ਕੇ

Digitized by Panjab Digital Library | www.panjabdigilib.org

ਹਿੰਦੁਸਤਾਨ ਦੀ ਇਕ ਮੁੱਖ ਖਾਸੀਅਤ ਰਿਹਾ ਹੈ । ਬਿਨਾਂ ਮੁਕੱਦਮਾ ਚਲਾਏ ਨਜ਼ਰਬੰਦੀ, ਜਥੇਬੰਦੀਆਂ ਉੱਤੇ ਰੋਕਾਂ ਅਤੇ ਵਿਅਕਤੀਆਂ ਨੂੰ ਕਿਸੇ ਖਾਸ ਇਲਾਕੇ 'ਚੋਂ ਬਾਹਰ ਕੱਢ ਦੇਣ ਸਬੰਧੀ ਕਾਨੂੰਨ ਬਹੁਤ ਹੀ ਵਹਿਸ਼ੀ ਢੰਗ ਨਾਲ ਘੜੇ ਗਏ ਹਨ । ਪ੍ਰੈਸ ਦੀ ਆਜ਼ਾਦੀ ਨੂੰ ਕਈ ਢੰਗਾਂ ਨਾਲ ਦਬਾਇਆ ਗਿਆ ਹੈ । ਇਸ ਉਲੰਘਣਾ ਨੂੰ ਹਿੰਦੁਸਤਾਨੀ ਸੰਵਿਧਾਨ ਵਿੱਚ ਮਨਜ਼ੂਰੀ ਦਿੱਤੀ ਗਈ ਹੈ । ਆਜ਼ਾਦੀ ਮਿਲਣ ਸਮੇਂ, ਸੰਵਿਧਾਨ-ਸਭਾ ਨੂੰ ਇਹ ਆਦੇਸ਼ ਦਿੱਤਾ ਗਿਆ ਸੀ ਕਿ ਉਹ ਬਸਤੀਵਾਦੀ ਕਾਨੂੰਨਾਂ ਦੀ ਥਾਂ ਇੱਕ ਐਸਾ ਸੰਵਿਧਾਨ ਬਣਾਵੇ ਜੋ ਆਜ਼ਾਦ ਲੋਕਾਂ ਲਈ ਢੁਕਵਾਂ ਹੋਵੇ, ਪਰ ਸੰਵਿਧਾਨ ਦੀਆਂ ਕੁੱਝ ਮੱਦਾਂ ਇਹ ਦਿਖਾਉਂਦੀਆਂ ਹਨ ਕਿ ਇਸ ਆਦੇਸ਼ ਦੀ ਪਾਲਣਾ ਨਹੀਂ ਕੀਤੀ ਗਈ ।

ਮਿਸਾਲ ਦੇ ਤੌਰ 'ਤੇ, ਦਿੱਲੀ ਦੇ ਹਾਕਮਾਂ ਨੂੰ ਸੰਵਿਧਾਨ ਇਹ ਹੱਕ ਦਿੰਦਾ ਹੈ ਕਿ ਉਹ ਇਕ ਹਾਸੋ-ਹੀਣੇ ਬਹਾਨੇ ਹੇਠ ਵੀ ਕਿਸੇ ਸੂਬੇ ਦੀ ਜਮਹੂਰੀ ਢੰਗ ਨਾਲ ਚੁਣੀ ਹੋਈ ਸਰਕਾਰ ਨੂੰ ਹਟਾ ਕੇ ਰਾਸ਼ਟਰਪਤੀ ਰਾਜ ਠੋਸ ਸਕਦੇ ਹਨ, ਜਿਸ ਦਾ ਮਤਬਲ ਹੈ ਸ਼ਹਿਰੀ ਆਜ਼ਾਦੀਆਂ ਉੱਤੇ ਰੋਕਾਂ ਲਾਉਣਾ । ਸੰਵਿਧਾਨ ਦੀਆਂ ਮਦਾਂ 352 ਤੋਂ 360 ਇਸ ਗੱਲ ਦੀ ਇਜਾਜ਼ਤ ਦਿੰਦੀਆਂ ਹਨ ।

ਇਸ ਤੋਂ ਇਲਾਵਾ, ਸੰਵਿਧਾਨ ਦੀ ਧਾਰਾ 22, ਵਿੱਚ ਇਹਤਿਆਤੀ ਨਜ਼ਰਬੰਦੀ ਮੁਤੱਲਕ ਕਾਨੂੰਨ ਘੜਨ ਦੀ ਖੁੱਲ੍ਹ ਦਿੱਤੀ ਗਈ ਹੈ । ਜਿਸ ਵਕਤ ਇਸ ਧਾਰਾ ਉੱਤੇ ਬਹਿਸ ਹੋਈ, ਤਾਂ ਬਖਸ਼ੀ ਟੇਕ ਚੰਦ ਅਤੇ ਸੰਵਿਧਾਨ-ਸਭਾ ਦੇ ਕੁੱਝ ਹੋਰ ਮੈਂਬਰਾਂ ਨੇ ਇਸ ਧਾਰਾ ਨੂੰ ਸੰਵਿਧਾਨ ਵਿੱਚ ਸ਼ਾਮਲ ਕਰਨ ਦਾ ਵਿਰੋਧ ਕੀਤਾ ਸੀ, ਪਰ ਪੰਡਤ ਨਹਿਰੂ ਨੇ ਇਹ ਵਚਨ ਦਿੱਤਾ ਸੀ ਕਿ ਇਸ ਨੂੰ ਵਰਤਿਆ ਨਹੀਂ ਜਾਵੇਗਾ । ਇਹ ਵਚਨ ਜਨਵਰੀ 1950 ਵਿੱਚ ਦਿੱਤਾ ਗਿਆ ਸੀ, ਅਤੇ ਪਹਿਲਾ ਇਹਤਿਆਤੀ ਨਜ਼ਰਬੰਦੀ ਕਾਨੂੰਨ ਫਰਵਰੀ 1950 ਵਿੱਚ ਹੀ ਪਾਸ ਕਰ ਦਿੱਤਾ ਗਿਆ ।

ਸੰਵਿਧਾਨ ਦੀਆਂ ਗੈਰ-ਜਮਹੂਰੀ ਧਾਰਾਵਾਂ ਦੇ ਆਧਾਰ 'ਤੇ ਬਹੁਤ ਸਾਰੇ ਜਾਬਰ ਕਾਨੂੰਨ ਪਾਸ ਕੀਤੇ ਗਏ ਹਨ, ਜੋ ਹਿੰਦੁਸਤਾਨੀ ਲੋਕਾਂ ਦੇ ਨਾ-ਉਲੰਘਣਯੋਗ ਮਨੁੱਖੀ ਅਧਿਕਾਰਾਂ ਨੂੰ ਪੈਰਾਂ ਹੇਠ ਲਿਤਾੜਦੇ ਹਨ । ਪਿਛਲੇ 40 ਸਾਲਾਂ ਦਾ ਇਤਿਹਾਸ ਇਨ੍ਹਾਂ ਜਾਬਰ ਕਾਨੂੰਨਾਂ ਦੀਆਂ ਮਿਸਾਲਾਂ ਨਾਲ ਭਰਿਆ ਪਿਆ ਹੈ । ਬੇਸ਼ੱਕ ਇਹ ਸੰਵਿਧਾਨ ਦੇ ਦਾਇਰੇ ਦੇ ਅੰਦਰ ਹੀ ਪਾਸ ਕੀਤੇ ਗਏ ਸਨ, ਫਿਰ ਵੀ ਇਹ ਲੋਕਾਂ ਦੀਆਂ ਆਜ਼ਾਦੀ, ਜਮਹੂਰੀਅਤ ਅਤੇ ਸਮਾਜਕ ਨਿਆਂ ਦੀਆਂ ਉਮੰਗਾਂ ਦੇ ਬਿਲਕੁਲ ਉਲਟ ਹਨ ।

ਅਜਿਹਾ ਇਕ ਕਾਨੂੰਨ ਅੱਤਵਾਦੀ ਅਤੇ ਤੋੜ-ਫੋੜ ਦੀਆਂ ਕਾਰਵਾਈਆਂ (ਨਿਵਾਰਕ) ਕਾਨੂੰਨ, 1987 ਹੈ (ਅੱਗੇ ਇਸ ਨੂੰ ਸਿਰਫ ਅੱਤਵਾਦੀ ਕਾਨੂੰਨ ਹੀ ਕਿਹਾ ਜਾਵੇਗਾ) । ਇਹ ਕਾਨੂੰਨ "ਅੱਤਵਾਦੀ" ਦੀ ਅਜਿਹੀ ਅਸਪੱਸ਼ਟ ਪ੍ਰੀਭਾਸ਼ਾ ਦਿੰਦਾ ਹੈ ਕਿ ਕਿਸੇ ਵੀ ਵਿਅਕਤੀ ਨੂੰ ਕਾਨੂੰਨ ਦੇ ਜਾਲ ਵਿੱਚ ਫਸਾਉਣ ਲਈ ਇਹ ਜ਼ਰੂਰੀ ਨਹੀਂ ਕਿ ਉਸਨੇ ਕੋਈ ਹਿੰਸਕ ਕਾਰਵਾਈ ਕੀਤੀ ਹੋਵੇ । ਜੇਕਰ ਕੇਂਦਰੀ ਸਰਕਾਰ, ਕਿਸੇ ਵੀ ਮਨਘੜਤ ਕਾਰਨ ਕਰਕੇ ਦੇਸ਼ ਦੇ ਕਿਸੇ ਇਲਾਕੇ ਨੂੰ "ਅੱਤਵਾਦ ਤੋਂ ਪ੍ਰਭਾਵਤ" ਇਲਾਕਾ ਕਰਾਰ ਦੇ ਦਿੰਦੀ ਹੈ, ਤਾਂ ਉਸ ਇਲਾਕੇ ਵਿੱਚੋਂ ਕਿਸੇ ਵੀ ਵਿਅਕਤੀ ਨੂੰ ਸਿਰਫ ਸ਼ੱਕ ਦੀ ਬਿਨ੍ਹਾਂ, ਤੇ ਹੀ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ, ਅਤੇ ਉਸ ਨੂੰ ਉਨਾ, ਚਿਰ ਦੋਸ਼ੀ ਮੰਨਿਆਂ ਜਾਵੇਗਾ ਜਿੰਨਾ ਚਿਰ ਉਹ ਆਪਣੇ-ਆਪ ਨੂੰ ਬੇਕਸੂਰ ਸਾਬਤ ਨਹੀਂ ਕਰ ਦਿੰਦਾ । ਇਸ ਕਾਨੂੰਨ ਅਧੀਨ, ਆਪਣੇ ਬੁਨਿਆਦੀ

Digitized by Panjab Digital Library | www.panjabdigilib.org

ਮਨੁੱਖੀ ਹੱਕਾਂ 'ਤੇ ਅਮਲ ਕਰਦਿਆਂ ਕਾਨੂੰਨੀ ਕਾਰੋਬਾਰ ਵਿੱਚ ਰੁੱਝੇ ਹੋਏ ਕਿਸੇ ਵੀ ਨਾਗਰਿਕ ਨੂੰ "ਤੋੜ-ਫੋੜ" ਦੀਆਂ ਕਾਰਵਾਈਆਂ ਕਰ ਰਿਹਾ ਦਹਿਸ਼ਤਗਰਦ ਕਹਿ ਕੇ ਫੁੰਡਿਆ ਜਾ ਸਕਦਾ ਹੈ । ਉਸ ਨੂੰ ਗ੍ਰਿਫ਼ਤਾਰ ਕਰਦਿਆਂ ਸਾਰ ਹੀ ਉਹਦੀ ਜਾਇਦਾਦ ਜ਼ਬਤ ਕਰ ਲਈ ਜਾਂਦੀ ਹੈ ਤੇ ਸਜ਼ਾ ਹੋਣ 'ਤੇ ਰਾਜ ਇਹ ਜਾਇਦਾਦ ਕੁਰਕ ਕਰ ਲੈਂਦਾ ਹੈ ।

ਅੱਤਵਾਦੀ ਕਾਨੂੰਨ ਦੀ ਸੂਚੀ ਕਾਫੀ ਲੰਬੀ-ਚੌੜੀ ਹੈ ਅਤੇ ਇਸ ਵਿੱਚ ਹਰ ਤਰ੍ਹਾਂ ਦੇ ਜੁਰਮ ਸ਼ਾਮਲ ਕੀਤੇ ਗਏ ਹਨ ਜਿਵੇਂ ਕਿ ਰਾਜ ਵਿਰੁੱਧ ਜੰਗ ਕਰਨ ਜਾਂ ਦੇਸ਼-ਧ੍ਰੋਹੀ ਦੇ ਜੁਰਮ ਅਤੇ ਫੌਜ, ਨੇਵੀ ਅਤੇ ਏਅਰ ਫੋਰਸ ਮੁਤੱਲਕ ਭਗੌੜਾ ਹੋਣ, ਅਫਸਰਾਂ ਉੱਤੇ ਜਿਸਮਾਨੀ ਹਮਲੇ ਕਰਨ ਅਤੇ ਭਗੌੜਿਆਂ ਨੂੰ ਪਨਾਹ ਦੇਣ ਦੇ ਜੁਰਮ । ਇਸ ਵਿੱਚ, ਸਰਕਾਰੀ ਮੁਲਾਜ਼ਮਾਂ ਅਤੇ ਸੰਵਿਧਾਨਕ ਪਤਵੰਤਿਆਂ ਨੂੰ ਧਮਕੀਆਂ, ਕੌਮੀ ਅਖੰਡਤਾ ਅਤੇ ਫਿਰਕੂ ਇਕਸੁਰਤਾ ਲਈ ਖਤਰਾ ਪੈਦਾ ਕਰਨ, ਅਤੇ ਇੰਡੀਅਨ ਟੈਲੀਗ੍ਰਾਫ ਐਕਟ, ਇੰਡੀਅਨ ਰੇਲਵੇਜ਼ ਐਕਟ, ਧਮਾਕਾਖੇਜ਼ ਪਦਾਰਥ ਕਾਨੂੰਨ, ਆਰਮਜ਼ ਐਕਟ, ਗੈਰ-ਕਾਨੂੰਨੀ ਕਾਰਵਾਈਆਂ ਨਿਵਾਰਕ ਕਾਨੂੰਨ, ਅਗਵਾ-ਵਿਰੋਧੀ ਕਾਨੂੰਨ, ਸ਼ਹਿਰੀ ਹਵਾਬਾਜ਼ੀ ਕਾਨੂੰਨ, ਅਤੇ ਸਰਕਾਰੀ ਜਾਇਦਾਦ ਨੂੰ ਨੁਕਸਾਨ ਸਬੰਧੀ ਕਾਨੂੰਨ, ਆਦਿ ਅਧੀਨ ਵੀ ਕੁੱਝ ਜੁਰਮ ਸ਼ਾਮਲ ਕੀਤੇ ਗਏ ਹਨ । ਇਸ ਤਰ੍ਹਾਂ ਦੀ ਕੋਈ ਗਾਰੰਟੀ ਨਹੀਂ ਹੈ ਕਿ ਅਜਿਹੇ ਕਾਨੂੰਨ ਦੀ ਸਿਆਸੀ ਸਵਾਰਥ ਲਈ ਦੁਰਵਰਤੋਂ ਨਹੀਂ ਕੀਤੀ ਜਾਵੇਗੀ ।

ਅੱਤਵਾਦੀ ਕਾਨੂੰਨ ਅਧੀਨ ਗ੍ਰਿਫਤਾਰ ਕੀਤੇ ਜਾਂਦੇ ਵਿਅਕਤੀਆਂ ਦੇ ਕੇਸਾਂ ਨੂੰ ਨਿਪਟਾਉਣ ਲਈ ਕੇਂਦਰੀ ਸਰਕਾਰ ਵਿਸ਼ੇਸ਼ ਅਦਾਲਤਾਂ ਨਾਮਜ਼ਦ ਕਰਦੀ ਹੈ, ਅਤੇ ਇਸ ਨੂੰ ਹਾਈਕੋਰਟ ਦੇ ਅਧਿਕਾਰ ਖੇਤਰ ਤੋਂ ਬਾਹਰ ਰੱਖਿਆ ਗਿਆ ਹੈ । ਕੇਂਦਰੀ ਸਰਕਾਰ ਵੱਲੋਂ ਨਿਯੁਕਤ ਕੀਤੇ ਕਾਰਜਕਾਰੀ ਮੈਜਿਸਟਰੇਟਾਂ ਨੂੰ ਅੱਤਵਾਦੀ ਕਾਨੂੰਨ ਅਧੀਨ ਵਿਆਪਕ ਸ਼ਕਤੀਆਂ ਦਿੱਤੀਆਂ ਗਈਆਂ ਹਨ, ਬਾਕਾਇਦਾ ਅਦਾਲਤਾਂ ਨੂੰ ਨੱਥ ਪਾ ਦਿੱਤੀ ਗਈ ਹੈ । ਸੰਵਿਧਾਨ ਦੀ ਧਾਰਾ 50 ਵਿੱਚ ਇਹ ਆਦੇਸ਼ ਦਿੱਤਾ ਗਿਆ ਹੈ ਕਿ ਰਾਜ, ਸੂਬੇ ਦੀਆਂ ਸਰਕਾਰੀ ਸੇਵਾਂ ਵਿੱਚ ਨਿਆਂ-ਪਾਲਕਾ ਨੂੰ ਕਾਰਜਕਾਰੀ ਤੋਂ ਅਲੱਗ ਕਰਨ ਲਈ ਕਦਮ ਚੁੱਕੇਗਾ, ਪਰ ਤਾਜ਼ਾ ਕਾਨੂੰਨ ਜੋ ਪੰਜਾਬ ਵਿੱਚ ਬਹੁਤ ਹੀ ਸਖਤੀ ਨਾਲ ਲਾਗੂ ਕੀਤੇ ਜਾ ਰਹੇ ਹਨ, ਇਸ ਆਦੇਸ਼ ਦੀ ਉਲੰਘਣਾ ਕਰਦੇ ਹਨ ।

ਅੱਤਵਾਦੀ ਕਾਨੂੰਨ ਅਧੀਨ ਮੁਕੱਦਮੇ ਬੰਦ ਅਦਾਲਤਾਂ ਵਿੱਚ ਚਲਾਏ ਜਾਂਦੇ ਹਨ । ਮੁਦੱਈ ਧਿਰ ਦੇ ਗਵਾਹਾਂ ਦੀ ਸ਼ਨਾਖਤ ਮੁਲਜ਼ਮ ਨੂੰ ਨਹੀਂ ਦੱਸੀ ਜਾਂਦੀ । ਇੱਥੋਂ ਤੱਕ ਕਿ ਵਿਸ਼ੇਸ਼ ਅਦਾਲਤ ਵੀ ਆਪਣੇ ਫੈਸਲੇ ਵਿੱਚ ਮੁਦੱਈ ਧਿਰ ਦੇ ਗਵਾਹ ਦੀ ਸ਼ਨਾਖਤ ਨਹੀਂ ਦੱਸ ਸਕਦੀ । ਜਿਹੜਾ ਵੀ ਕੋਈ ਮੁਦੱਈ ਧਿਰ ਦੇ ਕਿਸੇ ਗਵਾਹ ਦੀ ਸ਼ਨਾਖਤ ਦੱਸਦਾ ਹੈ, ਉਸਨੂੰ ਇਸ ਕਾਨੂੰਨ ਅਧੀਨ ਸਜ਼ਾ ਦਿੱਤੀ ਜਾਵੇਗੀ । ਮੁਦੱਈ ਧਿਰ ਦੇ ਗਵਾਹਾਂ ਦੀ ਗਵਾਹੀ ਮੁਲਜ਼ਮ ਦੀ ਗੈਰ-ਹਾਜ਼ਰੀ 'ਚ ਲਈ ਜਾ ਸਕਦੀ ਹੈ । ਮੁਲਜ਼ਮ ਨੂੰ ਕਥਿਤ ਤੌਰ 'ਤੇ ਇਹ ਅਧਿਕਾਰ ਹੈ ਕਿ ਉਹ ਗਵਾਹਾਂ ਨੂੰ ਜਿਰ੍ਹਾ ਲਈ ਵਾਪਸ ਬੁਲਾ ਸਕਦਾ ਹੈ, ਪਰ ਜੇ ਉਹਨੂੰ ਪਤਾ ਹੀ ਨਹੀਂ ਅਤੇ ਨਾ ਹੀ ਉਹ ਪਤਾ ਕਰ ਸਕਦਾ ਹੈ ਕਿ ਇਹ ਗਵਾਹ ਕੌਣ ਹਨ, ਤਾਂ ਇਹ "ਅਧਿਕਾਰ" ਬਿਲਕੁੱਲ ਬੇਅਰਥ ਹੈ । ਇਸ ਕਾਨੂੰਨ ਅਧੀਨ ਵਿਸ਼ੇਸ਼ ਅਦਾਲਤਾਂ ਦੇ ਫੈਸਲਿਆਂ ਅਤੇ ਆਦੇਸ਼ਾਂ ਵਿਰੁੱਧ ਅਪੀਲ ਸਿਰਫ ਦਿੱਲੀ ਵਿੱਚ ਸੁਪਰੀਮ ਕੋਰਟ ਵਿੱਚ ਹੀ ਕੀਤੀ ਜਾ ਸਕਦੀ ਹੈ ।

Digitized by Panjab Digital Library | www.panjabdigilib.org

ਵਿਸ਼ੇਸ਼ ਅਦਾਲਤ ਜਾਂ ਨਿਸ਼ਚਤ ਅਦਾਲਤ, ਆਪਣੀ ਬੈਠਕ ਦੀ ਆਮ ਜਗ੍ਹਾ ਤੋਂ ਇਲਾਵਾ ਕਿਸੇ ਵੀ ਥਾਂ ਬੈਠ ਸਕਦੀ ਹੈ । ਆਮ ਤੌਰ 'ਤੇ ਅਜਿਹੀਆਂ ਅਦਾਲਤਾਂ ਜਾਂ ਤਾਂ ਜੇਲ੍ਹਾਂ ਅੰਦਰ ਬੈਠਦੀਆਂ ਹਨ, ਜਾਂ ਫਿਰ ਪੰਜਾਬ ਤੋਂ ਬਾਹਰ ਬੈਠਦੀਆਂ ਹਨ । ਅਦਾਲਤ ਦੇ ਬੈਠਣ ਦੀ ਜਗ੍ਹਾ ਮੁਲਜ਼ਮ ਦਾ ਇੱਕ ਕੀਮਤੀ ਅਧਿਕਾਰ ਹੈ । ਮੰਨ ਲਓ ਕਿ ਪੰਜਾਬ ਦੇ ਇੱਕ ਮੁਲਜ਼ਮ ਉੱਤੇ ਵਿਸ਼ੇਸ਼ ਅਦਾਲਤ ਵਲੋਂ ਤਾਮਿਲਨਾਡੂ ਵਿੱਚ, ਰਾਜਸਥਾਨ ਜਾਂ ਕਿਸੇ ਹੋਰ ਸੂਬੇ ਵਿੱਚ ਮੁਕੱਦਮਾ ਚਲਾਇਆ ਜਾਂਦਾ ਹੈ । ਅਜਿਹੀ ਦੂਰ-ਦੁਰਾਡੀ ਜਗ੍ਹਾ 'ਤੇ ਆਪਣੇ ਦੋਸਤਾਂ ਅਤੇ ਰਿਸ਼ਤੇਦਾਰਾਂ ਤੱਕ ਪਹੁੰਚ ਨਾ ਹੁੰਦਿਆਂ ਅਤੇ ਬੋਲੀ ਦੀ ਸਮੱਸਿਆ ਅਤੇ ਹੋਰ ਭਾਰੀਆਂ ਔਕੜਾਂ 'ਚ ਫਸਿਆ, ਉਹ ਆਪਣੇ ਕੇਸ ਦੀ ਪੈਰਵੀ ਕਿਵੇਂ ਕਰ ਸਕਦਾ ਹੈ ? ਇਹ ਤਾਂ ਉਹਨੂੰ ਇਹ ਕਹਿਣ ਵਾਲੀ ਗੱਲ ਹੋਈ : "ਇਕਬਾਲ ਕਰ ਲੈ, ਤੇ ਰੱਟਾ ਮੁਕਾ..."

ਸੁਪਰੀਮ ਕੋਰਟ ਦੇ ਇਕ ਸਾਬਕਾ ਜੱਜ, ਜਸਟਿਸ ਕ੍ਰਿਸ਼ਨਾ ਆਇਰ ਨੇ ਕਿਹਾ ਹੈ: "ਜ਼ਾਹਿਰਾ ਤੌਰ 'ਤੇ ਵਿਸ਼ੇਸ਼ ਅਦਾਲਤਾਂ ਦਾ ਢਾਂਚਾ ਅਮਲ ਵਿੱਚ, ਨਾ-ਕਾਬਲੇ ਇਤਬਾਰ ਹੱਦ ਤੱਕ ਦਹਿਸ਼ਤਵਾਦੀ ਹੈ । ਮੁਕੱਦਮਾ ਸਰਸਰੀ ਤਰੀਕੇ ਨਾਲ ਚਲਾਇਆ ਜਾਂਦਾ ਹੈ, ਜੋ ਕਿ 1978 ਦੇ ਵਿਸ਼ੇਸ਼ ਅਦਾਲਤਾਂ ਬਾਰੇ ਕਾਨੂੰਨ ਵਿੱਚ ਨਹੀਂ ਸੀ । ਵਾਹ ! ਕੈਸਾ ਸਰਸਰੀ ਨਿਆਂ ਹੈ ।"[4]

ਨਿਆਂ ਕਰਨ ਦਾ ਮੂਲ-ਮੁੱਦਾ, ਖੁੱਲ੍ਹੀ ਅਦਾਲਤ ਵਿੱਚ ਇਕ ਮੁਨਾਸਬ ਮੁਕੱਦਮਾ ਹੁੰਦਾ ਹੈ । ਇਹ ਇਕ ਮੰਨੀ-ਪ੍ਰਮੰਨੀ ਕਹਾਵਤ ਹੈ ਕਿ ਨਿਆਂ ਸਿਰਫ ਕੀਤਾ ਹੀ ਨਹੀਂ ਜਾਣਾ ਚਾਹੀਦਾ, ਸਗੋਂ ਕੀਤਾ ਜਾਂਦਾ ਦਿਸਣਾ ਵੀ ਚਾਹੀਦਾ ਹੈ । ਪਰ ਹਿੰਦੁਸਤਾਨ ਵਿੱਚ ਅੱਜ, ਦਹਿਸ਼ਤਵਾਦੀ ਕਾਨੂੰਨ ਅਧੀਨ ਨਿਆਂ, ਬੰਦ ਅਦਾਲਤਾਂ ਵਿੱਚ ਦੂਰ-ਦੁਰਾਡੀਆਂ ਥਾਵਾਂ 'ਤੇ ਅਤੇ ਜ਼ਿਆਦਾਤਰ ਜੇਲ੍ਹਾਂ ਵਿੱਚ ਹੀ ਕੀਤਾ ਜਾਂਦਾ ਹੈ ।

ਦਹਿਸ਼ਤਵਾਦੀ ਕਾਨੂੰਨ ਅਧੀਨ ਕੀਤੇ ਜਾਂਦੇ ਨਿਆਂ 'ਤੇ ਟਿੱਪਣੀ ਕਰਦਿਆਂ, ਹਿੰਦੁਸਤਾਨ ਦੇ ਇਕ ਮਸ਼ਹੂਰ ਵਕੀਲ, ਸੋਲੀ ਸੋਰਾਬ ਜੀ ਨੇ ਕਿਹਾ ਕਿ, "ਕਾਨੂੰਨ, ਇਕ ਮੁਲਜ਼ਮ ਨੂੰ ਇਕ ਮੁਨਾਸਬ ਅਤੇ ਉਚਿਤ ਮੁਕੱਦਮੇ ਦੇ ਨਾਂ-ਨਿਸ਼ਾਨ ਤੋਂ ਪੂਰੀ ਤਰ੍ਹਾਂ ਵੰਚਿਤ ਕਰਦਾ ਹੈ ।" ਉਹ ਮੁਕੱਦਮੇ ਦੀ ਕਾਰਵਾਈ ਗੁਪਤ ਰੱਖਣ ਨੂੰ ਫਿਟਕਾਰਦਾ ਹੈ : "ਜੱਜ ਨੂੰ ਕੋਈ ਖੁਲ੍ਹ ਨਹੀਂ ਦਿਤੀ ਗਈ । ਸਿਰਫ ਜੇਕਰ ਸਰਕਾਰੀ ਵਕੀਲ ਮੰਗ ਕਰਦਾ ਹੈ ਤਾਂ ਹੀ ਮੁਕੱਦਮਾ ਖੁੱਲ੍ਹੇ ਤੌਰ 'ਤੇ ਚਲਾਇਆ ਜਾ ਸਕਦਾ ਹੈ ।"[5]

ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼ ਦੇ ਸਾਬਕਾ ਪ੍ਰਧਾਨ, ਜਸਟਿਸ ਵੀ.ਐਮ.ਤਾਰਕੁੰਡੇ ਨੇ ਵੀ ਟਿੱਪਣੀ ਕੀਤੀ ਹੈ ਕਿ, "ਜੇਕਰ ਇੱਕ ਗਵਾਹ ਦਾ ਨਾਂ ਨਹੀਂ ਦੱਸਿਆ ਜਾਂਦਾ, ਤੁਸੀਂ ਉਸ ਨਾਲ ਜਿਰ੍ਹਾ ਨਹੀਂ ਕਰ ਸਕਦੇ ।" ਉਸ ਨੇ ਇਸ ਕਾਨੂੰਨ ਬਾਰੇ ਕਿਹਾ ਕਿ ਇਹ ਇਕ "ਜਾਂਗਲੀ ਕਾਨੂੰਨ ਹੈ, ਜਿਸ ਨੂੰ ਕੋਈ ਸੱਭਿਅਤ ਦੇਸ਼ ਬਰਦਾਸ਼ਤ ਨਹੀਂ ਕਰੇਗਾ ।" ਉਸਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ "ਜੇਕਰ ਦੇਸ਼ ਵਿੱਚ ਨਿੱਜੀ ਦਹਿਸ਼ਤਵਾਦ ਹੈ ਤਾਂ ਰਾਜ ਨੂੰ ਦਹਿਸ਼ਤਗਰਦ ਨਹੀਂ ਬਣ ਜਾਣਾ ਚਾਹੀਦਾ ।"[6]

---

4. ਵੀ. ਆਰ. ਕਰਿਸ਼ਨਾ ਆਇਰ, "ਅਵਰ ਜੁਡੀਸ਼ੀਅਲ ਪਰੋਸੈਸ ਆਨ ਟਰਾਇਲ," ਪਾਪੂਲਰਜੂਰਿਸਟ (ਨਿਊ ਦਿੱਲੀ) ਮਈ-ਜੂਨ 1985, ਸਫਾ 13
5. "ਦਹਿਸ਼ਤਵਾਦ-ਵਿਰੋਧੀ ਕਾਨੂੰਨ, ਕਠੋਰ ਕਦਮ" ਲੇਖ ਵਿੱਚ ਇੰਡੀਆ ਟੂਡੇ ਨੇ ਸਤੰਬਰ 30, 1987 ਸਫਾ 107 'ਤੇ ਇਸ ਦਾ ਹਵਾਲਾ ਦਿੱਤਾ
6. ਉਸੇ ਹਵਾਲੇ ਵਿੱਚੋਂ ਹੀ

Digitized by Panjab Digital Library | www.panjabdigilib.org

ਕਰਿਮੀਨਲ ਪ੍ਰੋਸੀਜ਼ਰ ਕੋਡ ਵਿੱਚ ਵੀ ਸੋਧ ਕਰਕੇ ਇਸ ਦੀਆਂ ਧਾਰਾਵਾਂ ਨੂੰ ਹੋਰ ਵਧੇਰੇ ਜਾਬਰ ਬਣਾ ਦਿੱਤਾ ਗਿਆ ਹੈ । ਦਹਿਸ਼ਤਵਾਦੀ ਕਾਨੂੰਨ ਜਾਂ ਇਸ ਤਹਿਤ ਬਣਾਏ ਗਏ ਨਿਯਮਾਂ ਅਧੀਨ ਸਜ਼ਾ-ਯੋਗ ਸਭ ਅਪਰਾਧਾਂ ਨੂੰ ਸੁਣਵਾਈ-ਯੋਗ ਬਣਾ ਦਿੱਤਾ ਗਿਆ ਹੈ । ਕਰਿਮੀਨਲ ਪ੍ਰੋਸੀਜ਼ਰ ਕੋਡ ਅਪਰਾਧਾਂ ਦੇ ਸਰਸਰੀ ਮੁਕੱਦਮਿਆਂ ਦੀ ਆਗਿਆ ਦਿੰਦਾ ਹੈ ।

26 ਅਗਸਤ, 1984 ਦੇ ਇੰਡੀਅਨ ਐਕਸਪ੍ਰੈਸ ਨੇ ਕਿਹਾ : "ਨਵੀਂ ਮੱਦ, ਗਵਾਹੀ ਸਬੰਧੀ ਕਾਨੂੰਨ ਦਾ ਸੈਕਸ਼ਨ 112, ਸਬੂਤ ਪੇਸ਼ ਕਰਨ ਦਾ ਬੋਝ ਮੁਲਜ਼ਮ ਉੱਤੇ ਠੋਸਦੀ ਹੈ, ਜੇਕਰ ਪੁਲਸ ਇਹ ਸਾਬਤ ਕਰ ਸਕਦੀ ਹੈ ਕਿ ਮੁਲਜ਼ਮ ਇੱਕ ਐਸੇ ਮੌਕੇ 'ਤੇ ਇੱਕ "ਗੜਬੜ ਵਾਲੇ" ਇਲਾਕੇ ਵਿੱਚ ਮੌਜੂਦ ਸੀ, ਜਦ ਹਥਿਆਰ ਜਾਂ ਵਿਸਫੋਟਕ ਪਦਾਰਥ (ਉਸ ਜਗ੍ਹਾ 'ਤੇ) ਕਿਸੇ ਹਥਿਆਰਬੰਦ ਸ਼ਕਤੀਆਂ ਜਾਂ ਅਮਨ-ਕਾਨੂੰਨ ਦੀ ਸੰਭਾਲ ਲਈ ਜ਼ਿੰਮੇਵਾਰ ਸ਼ਕਤੀਆਂ ਉੱਤੇ ਹਮਲਾ ਕਰਨ ਜਾਂ ਉਨ੍ਹਾਂ ਨੂੰ ਰੋਕਣ ਵਿੱਚ ਵਰਤੇ ਗਏ ਸਨ (ਜਾਂ ਉੱਥੋਂ ਬਰਾਮਦ ਕੀਤੇ ਗਏ ਸਨ) ਤਾਂ ਇਹ ਮੰਨਿਆ ਜਾਵੇਗਾ ਕਿ ਮੁਲਜ਼ਮ ਦੋਸ਼ੀ ਹੈ, ਜੇਕਰ ਅਤੇ ਜਦ ਤੱਕ ਉਹ ਅਦਾਲਤ ਵਿੱਚ ਬੇਕਸੂਰ ਸਾਬਤ ਨਹੀਂ ਕੀਤਾ ਜਾਂਦਾ । ਇਹ ਇਕ ਭਾਰੀ ਬੋਝ ਹੈ, ਕਿਉਂਕਿ ਉਸਨੂੰ ਗਵਾਹ ਲਿਆਉਣੇ ਪੈਣਗੇ ਅਤੇ ਲੰਬੇ ਸਮੇਂ ਤੱਕ ਚੱਲਣ ਵਾਲੇ ਮੁਕੱਦਮੇ ਦਾ ਖਰਚਾ ਝੱਲਣਾ ਪਏਗਾ, ਜੋ ਕਿ ਇਕ ਦਹਾਕੇ ਤੱਕ ਵੀ ਚੱਲ ਸਕਦਾ ਹੈ ।

ਪੁਲਸ ਦੀ ਕਾਰਗੁਜ਼ਾਰੀ ਨੂੰ ਦੇਖਦਿਆਂ ਇਹ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ ਕਿ ਉਹ ਇਨ੍ਹਾਂ ਅਥਾਹ ਤਾਕਤਾਂ ਨੂੰ ਹਮੇਸ਼ਾਂ ਸੰਜਮ ਨਾਲ ਵਰਤੇਗੀ । ਸੋਸ਼ਲ ਵਰਕਰਾਂ, ਟ੍ਰੇਡ ਯੂਨੀਅਨਿਸਟਾਂ, ਸ਼ਹਿਰੀ ਆਜ਼ਾਦੀਆਂ ਲਈ ਕੰਮ ਕਰਨ ਵਾਲੇ ਵਿਅਕਤੀਆਂ, ਸਿਆਸੀ ਵਿਰੋਧੀਆਂ ਅਤੇ ਹੋਰਨਾਂ ਲਈ ਇਹ ਇਕ ਖਤਰੇ ਦੀ ਝੰਡੀ ਹੈ । ਇਕ ਮੈਜਿਸਟ੍ਰੇਟ ਦੁਆਰਾ, ਕਰਿਮੀਨਲ ਪ੍ਰੋਸੀਜ਼ਰ ਕੋਡ ਅਧੀਨ ਕਿਸੇ ਇਲਾਕੇ ਦੇ ਇੱਕ "ਗੜਬੜ ਵਾਲਾ ਇਲਾਕਾ" ਐਲਾਨੇ ਜਾਣ ਨਾਲ ਨਵੇਂ ਕਾਨੂੰਨ ਦੀਆਂ ਧਾਰਾਵਾਂ ਲਾਗੂ ਹੋ ਜਾਣਗੀਆਂ । ਜੇਕਰ ਇਕ ਨਿਰਦੋਸ਼ ਵਿਅਕਤੀ ਅਜਿਹੇ ਇਲਾਕੇ ਵਿੱਚ ਇਕ ਐਸੇ ਸਮੇਂ ਮੌਜੂਦ ਸੀ ਜਦ ਅਮਨ-ਕਾਨੂੰਨ ਨੂੰ ਬਰਕਰਾਰ ਰੱਖਣ ਲਈ ਜ਼ਿੰਮੇਵਾਰ ਸ਼ਕਤੀਆਂ ਉੱਤੇ ਹਮਲਾ ਕਰਨ ਲਈ ਹਥਿਆਰ ਜਾਂ ਵਿਸਫੋਟਕ ਪਦਾਰਥ ਵਰਤੇ ਗਏ ਸਨ, ਤਾਂ ਉਸਨੂੰ ਦੋਸ਼ੀ ਸਮਝਿਆ ਜਾਵੇਗਾ । ਇਹ ਸੰਭਵ ਹੈ ਕਿ ਉਹ ਪਹਿਲਾਂ ਐਵੇਂ ਹੀ ਹਫੜਾ-ਦਫੜੀ ਵਿੱਚ ਅੜਿੱਕੇ ਆ ਗਿਆ ਹੋਵੇ, ਪਰ ਉਸ ਉੱਤੇ ਮੁਕੱਦਮਾ ਚਲਾਇਆ ਜਾਵੇਗਾ । ਇਹ ਜ਼ਰੂਰੀ ਨਹੀਂ ਕਿ ਉਸਨੂੰ ਅਸਲੇ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਹੋਵੇ, ਉਹਦੀ ਉੱਥੇ ਸਿਰਫ ਮੌਜੂਦਗੀ ਹੀ ਉਸਨੂੰ ਦੋਸ਼ੀ ਠਹਿਰਾਉਣ ਲਈ ਕਾਫੀ ਹੈ ।"

ਪੁਲਸ ਉੱਤੇ ਭਰੋਸੇ ਦੀ ਘਾਟ ਤਕਰੀਬਨ 30 ਸਾਲ ਪਹਿਲਾਂ, ਅਲਾਹਾਬਾਦ ਹਾਈ ਕੋਰਟ ਦੇ ਜਸਟਿਸ ਏ.ਐਨ.ਮੁੱਲਾ ਨੇ ਵੀ ਪ੍ਰਗਟ ਕੀਤੀ ਸੀ । ਇਕ ਜਿਸਮਾਨੀ ਹਾਜਰੀ (ਹੇਬੀਅਸ ਕਾਰਪਸ) ਦੇ ਕੇਸ ਵਿੱਚ ਆਪਣੇ ਫੈਸਲੇ ਵਿੱਚ ਉਸਨੇ ਟਿੱਪਣੀ ਕੀਤੀ ਸੀ ਕਿ ਜੇਕਰ ਹਿੰਦੁਸਤਾਨ ਵਿੱਚ ਜਥੇਬੰਦ ਅਪਰਾਧੀਆਂ ਦਾ ਕੋਈ ਗ੍ਰੁਹ ਹੈ, ਤਾਂ ਉਸਨੂੰ ਹਿੰਦੁਸਤਾਨੀ ਪੁਲਸ ਦੇ ਨਾਂ ਨਾਲ ਜਾਣਿਆਂ ਜਾਂਦਾ ਹੈ । ਇਸ ਟਿੱਪਣੀ ਨੂੰ ਬਾਅਦ ਵਿੱਚ ਸੁਪਰੀਮ ਕੋਰਟ ਨੇ ਕੱਟ ਦਿੱਤਾ ਸੀ ।

ਕਰਿਮੀਨਲ ਪ੍ਰੋਸੀਜ਼ਰ ਕੋਡ ਦੀਆਂ ਧਾਰਾਵਾਂ ਦੇ ਸੈਕਸ਼ਨ 167 ਵਿੱਚ ਵੀ ਕਠੋਰ ਤਰਮੀਮਾਂ ਕੀਤੀਆਂ ਗਈਆਂ ਹਨ । ਇਨ੍ਹਾਂ ਤਰਮੀਮਾਂ ਮੁਤਾਬਕ ਇਹ ਜ਼ਰੂਰੀ ਨਹੀਂ ਕਿ ਗ੍ਰਿਫ਼ਤਾਰ

Digitized by Panjab Digital Library | www.panjabdigilib.org

ਕੀਤੇ ਵਿਅਕਤੀ ਨੂੰ ਜੁਡੀਸ਼ੀਅਲ ਮੈਜਿਸਟਰੇਟ ਅੱਗੇ ਪੇਸ਼ ਕੀਤਾ ਜਾਵੇ, ਸਗੋਂ ਉਸ ਨੂੰ ਇਕ ਐਗਜ਼ੈਕਟਿਵ (ਕਾਰਜਕਾਰੀ) ਮੈਜਿਸਟਰੇਟ ਅੱਗੇ ਪੇਸ਼ ਕੀਤਾ ਜਾ ਸਕਦਾ ਹੈ । ਇਹ ਇਕ ਆਮ ਜਾਣੀ ਜਾਂਦੀ ਗੱਲ ਹੈ ਕਿ ਕਾਰਜਕਾਰੀ ਮੈਜਿਸਟਰੇਟ ਸਰਕਾਰ ਦੇ ਕੰਟਰੋਲ ਅਧੀਨ ਹਨ ਅਤੇ ਇਸ ਲਈ ਕਾਰਜਕਾਰਣੀ ਦੇ ਅਧਿਕਾਰ ਹੇਠ ਆ ਜਾਂਦੇ ਹਨ । ਆਮ ਤੌਰ 'ਤੇ ਇਹ ਹੋਵੇਗਾ ਕਿ ਜਦ ਵੀ ਪੁਲਿਸ ਮੰਗ ਕਰੇ ਉਹ ਕੈਦੀ ਦਾ ਪੁਲਸ ਰਿਮਾਂਡ ਦੇ ਦੇਵੇਗਾ । ਇਸ ਤਰਮੀਮ ਨੇ ਤਫਤੀਸ਼ ਦਾ ਆਮ ਸਮਾਂ ਵੀ 15 ਦਿਨਾਂ ਤੋਂ ਵਧਾ ਕੇ 30 ਦਿਨ ਕਰ ਦਿੱਤਾ ਹੈ, ਅਤੇ ਕਾਰਨ ਦਿਖਾਏ ਜਾਣ ਦੀ ਹਾਲਤ ਵਿੱਚ ਇਹ ਸਮਾਂ 90 ਜਾਂ 60 ਦਿਨਾਂ ਤੋਂ ਵਧਾ ਕੇ ਇਕ ਸਾਲ ਕਰ ਦਿੱਤਾ ਹੈ । ਇਸ ਤਰ੍ਹਾਂ, ਇਕ ਕਥਿਤ ਅਪਰਾਧ ਲਈ ਗ੍ਰਿਫ਼ਤਾਰ ਕੀਤੇ ਗਏ ਇੱਕ ਵਿਅਕਤੀ ਨੂੰ, ਉਸ ਵਿਰੁੱਧ ਕਿਸੇ ਅਦਾਲਤ ਵਿੱਚ ਚਾਰਜਸ਼ੀਟ ਦਰਜ ਕੀਤੇ ਬਗੈਰ ਹੀ, ਇਕ ਪੂਰੇ ਸਾਲ ਤੱਕ ਹਿਰਾਸਤ ਵਿੱਚ ਰੱਖਿਆ ਜਾ ਸਕਦਾ ਹੈ । ਇੰਸ ਦਾ ਸਿੱਧਾ ਜਿਹਾ ਮਤਲਬ ਇਹ ਹੈ ਬਿਨਾਂ ਮੁਕੱਦਮਾ ਚਲਾਏ ਇਕ ਸਾਲ ਦੀ ਕੈਦ । ਤਰਮੀਮਾਂ ਇਹ ਵੀ ਇਜਾਜ਼ਤ ਦਿੰਦੀਆਂ ਹਨ ਕਿ ਮੁਲਜ਼ਮ ਦੀ ਸ਼ਨਾਖਤ ਉਸ ਦੀ ਫੋਟੋ ਦੇ ਆਧਾਰ 'ਤੇ ਹੀ ਕੀਤੀ ਜਾ ਸਕਦੀ ਹੈ, ਅਤੇ ਸ਼ਨਾਖਤੀ ਪਰੇਡ ਦੀ ਕੋਈ ਲੋੜ ਨਹੀਂ ।

ਇਨ੍ਹਾਂ ਤਰਮੀਮਾਂ ਨੇ ਕਰਿਮੀਨਲ ਪ੍ਰੋਸੀਜ਼ਰ ਕੋਡ ਦੇ ਸੈਕਸ਼ਨ 438 ਵਿੱਚ ਦਿੱਤੀ ਗਈ ਅਗਾਊਂ ਜ਼ਮਾਨਤ ਦੀ ਨਰੋਈ ਮਦ ਨੂੰ ਵੀ ਮਿਟਾ ਦਿੱਤਾ ਹੈ । ਇਨ੍ਹਾਂ ਨੇ ਸੁਪਰੀਮ ਕੋਰਟ ਵੱਲੋਂ ਥਾਪੇ ਗਏ ਇਸ ਨਿਯਮ ਨੂੰ ਵੀ ਬਦਲ ਦਿੱਤਾ ਹੈ ਕਿ ਇੱਕ ਅਜਿਹੇ ਕੈਦੀ ਨੂੰ ਜਿਸ ਉੱਤੇ ਮੁਕੱਦਮਾ ਚੱਲ ਰਿਹਾ ਹੋਵੇ, ਕਿਉਂਕਿ ਜਿੰਨਾ ਚਿਰ ਉਹਦਾ ਅਪਰਾਧ ਸਾਬਤ ਨਹੀਂ ਹੋ ਜਾਂਦਾ ਉਨ੍ਹਾਂ ਚਿਰ ਉਹਨੂੰ ਨਿਰਦੋਸ਼ ਸਮਝਿਆ ਜਾਂਦਾ ਹੈ, ਆਮ ਤੌਰ 'ਤੇ ਜਦ ਇਹ ਪਤਾ ਲੱਗ ਜਾਵੇ ਕਿ ਉਹ ਭਗੌੜਾ ਨਹੀਂ ਹੋਏਗਾ ਜਾਂ ਮੁਦੱਈ ਧਿਰ ਦੇ ਗਵਾਹਾਂ ਨੂੰ ਡਰਾਉਣ ਦੇ ਯਤਨ ਨਹੀਂ ਕਰੇਗਾ, ਤਾਂ ਉਸ ਨੂੰ ਜ਼ਮਾਨਤ 'ਤੇ ਰਿਹਾਅ ਕਰ ਦੇਣਾ ਚਾਹੀਦਾ ਹੈ । ਇਹ ਕਾਨੂੰਨ, ਸਗੋਂ ਉਲਟ, ਇਹ ਕਹਿੰਦਾ ਹੈ ਕਿ ਇਸ ਕਾਨੂੰਨ ਅਧੀਨ ਕਿਸੇ ਅਪਰਾਧ ਵਿੱਚ ਗ੍ਰਿਫ਼ਤਾਰ ਕਿਸੇ ਵੀ ਮੁਲਜ਼ਮ ਵਿਅਕਤੀ ਨੂੰ ਜ਼ਮਾਨਤ 'ਤੇ ਉਨਾਂ ਚਿਰ ਰਿਹਾਅ ਨਹੀਂ ਕੀਤਾ ਜਾਵੇਗਾ, ਜਿੰਨਾ ਚਿਰ ਅਦਾਲਤ ਨੂੰ ਇਹ ਯਕੀਨ ਨਹੀਂ ਹੁੰਦਾ ਕਿ ਕਥਿਤ ਅਪਰਾਧ ਵਿੱਚ ਉਸਦੇ ਨਿਰਦੋਸ਼ ਹੋਣ ਦੇ ਮੁਨਾਸਬ ਆਧਾਰ ਮੌਜੂਦ ਹਨ, ਅਤੇ ਨਾਲ ਹੀ ਅਦਾਲਤ ਨੂੰ ਇਹ ਵੀ ਯਕੀਨ ਹੋਣਾ ਚਾਹੀਦਾ ਹੈ ਕਿ ਉਹ ਜ਼ਮਾਨਤ 'ਤੇ ਰਿਹਾਈ ਦੇ ਸਮੇਂ ਵਿੱਚ ਕੋਈ ਅਪਰਾਧ ਨਹੀਂ ਕਰੇਗਾ । ਇਸ ਤਰ੍ਹਾਂ ਤਰਮੀਮ ਦਾ ਇਹ ਅਸਰ ਹੋਏਗਾ ਕਿ ਆਮ ਨਿਯਮ ਵਜੋਂ ਜੇਲ੍ਹ ਮਿਲੇਗੀ, ਜ਼ਮਾਨਤ ਨਹੀਂ ਮਿਲੇਗੀ ।

ਜਿਉਂ-ਜਿਉਂ ਐਮਰਜੈਂਸੀ ਐਲਾਨਣ ਦੀ ਨੀਂਹ ਰੱਖੀ ਜਾ ਰਹੀ ਹੈ, ਤਿਉਂ-ਤਿਉਂ ਗਵਾਹੀ ਅਤੇ ਕਾਰਜ-ਪ੍ਰਣਾਲੀ ਸਬੰਧੀ ਕਾਨੂੰਨਾਂ ਦੇ ਜਾਨਦਾਰ ਪਹਿਲੂਆਂ ਨੂੰ ਮਨਸੂਖ ਕੀਤਾ ਜਾ ਰਿਹਾ ਹੈ ਅਤੇ ਨਿਆਂ ਦੀ ਕਾਰਜ-ਵਿਧੀ ਨੂੰ ਉਲਟਾਇਆ ਜਾ ਰਿਹਾ ਹੈ । ਗਵਾਹੀ ਕਾਨੂੰਨ ਵਿੱਚ ਤਰਮੀਮ ਕਰ ਦਿੱਤੀਂ ਗਈ ਹੈ, ਤਾਂ ਜੋ ਸੁਪਰਡੈਂਟ ਜਾਂ ਉਸ ਤੋਂ ਉੱਚੇ ਰੈਂਕ ਵਾਲੇ ਇਕ ਪੁਲਸ ਅਫਸਰ ਸਾਹਮਣੇ ਦਿੱਤੇ ਗਏ ਇਕਬਾਲੀਆ ਬਿਆਨ ਨੂੰ ਅਦਾਲਤ ਵਿੱਚ ਮੰਨਣਯੋਗ ਗਵਾਹੀ ਬਣਾਇਆ ਜਾ ਸਕੇ ।

ਇਕ ਹੋਰ ਇਤਰਾਜ਼ਯੋਗ ਮਦ, ਸੈਕਸ਼ਨ 111 (ਏ) ਸ਼ਾਮਲ ਕਰਕੇ ਗਵਾਹੀ ਸਬੰਧੀ

Digitized by Panjab Digital Library | www.panjabdigilib.org

ਕਾਨੂੰਨ ਵਿੱਚ ਕੀਤੀ ਗਈ ਤਰਮੀਮ ਹੈ । ਇਹ ਸੈਕਸ਼ਨ, ਕਾਨੂੰਨ ਅਧੀਨ ਐਲਾਨੇ ਗਏ ਕਿਸੇ ਵੀ "ਗੜਬੜ ਵਾਲੇ ਇਲਾਕੇ" 'ਤੇ ਅਤੇ ਕਿਸੇ ਵੀ ਐਸੇ ਇਲਾਕੇ 'ਤੇ ਵੀ ਲਾਗੂ ਹੁੰਦਾ ਹੈ, ਜਿੱਥੇ ਇੱਕ ਮਹੀਨੇ ਤੋਂ ਜ਼ਿਆਦਾ ਸਮੇਂ ਤੱਕ ਅਮਨ ਬੁਰੀ ਤਰ੍ਹਾਂ ਭੰਗ ਹੁੰਦਾ ਰਿਹਾ ਹੋਵੇ । ਇੱਕ ਅਜਿਹੇ "ਗੜਬੜ ਵਾਲੇ ਇਲਾਕੇ" ਵਿੱਚ, ਜੇਕਰ ਕਿਸੇ ਵਿਅਕਤੀ ਨੇ ਕਥਿਤ ਤੌਰ 'ਤੇ ਇੰਡੀਅਨ ਪੀਨਲ ਕੋਡ ਦੇ ਸੈਕਸ਼ਨ 121,121 (ਏ) ਜਾਂ 122 (ਇਹ ਦੇਸ਼-ਧ੍ਰੋਹ ਅਤੇ ਹੋਰ ਅਜਿਹੇ ਅਪਰਾਧਾਂ ਨਾਲ ਸਬੰਧਤ ਹੈ) ਅਧੀਨ ਕੋਈ ਅਪਰਾਧ ਕੀਤਾ ਹੋਵੇ, ਅਤੇ ਜੇਕਰ ਪੁਲਸ ਇਹ ਸਾਬਤ ਕਰ ਦੇਵੇ ਕਿ ਮੁਲਜ਼ਮ ਨੂੰ ਇਕ ਐਸੀ ਜਗ੍ਹਾ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ ਜਿੱਥੇ ਪੁਲਸ ਜਾਂ ਹਥਿਆਰਬੰਦ ਸ਼ਕਤੀਆਂ ਉੱਤੇ ਕੀਤੇ ਗਏ ਹਮਲੇ ਵਿੱਚ ਹਥਿਆਰ ਜਾਂ ਵਿਸਫੋਟਕ ਪ੍ਰਦਾਰਥ ਵਰਤੇ ਗਏ ਸਨ, ਤਾਂ ਮੁਲਜ਼ਮ ਜਿੰਨਾ ਚਿਰ ਆਪਣੇ ਆਪ ਨੂੰ ਨਿਰਦੋਸ਼ ਸਾਬਤ ਨਹੀਂ ਕਰਦਾ, ਉਨਾਂ ਚਿਰ ਇਹ ਮੰਨਿਆਂ ਜਾਵੇਗਾ ਕਿ ਉਸ ਨੇ ਇਹ ਅਪਰਾਧ ਕੀਤਾ ਹੈ । ਇਹ ਹਰ ਕੋਈ ਜਾਣਦਾ ਹੈ ਕਿ ਖੁੱਲ੍ਹੀ ਅਵੱਗਿਆ ਦੀਆਂ ਮਾੜੀਆਂ ਮੋਟੀਆਂ ਕਾਰਵਾਈਆਂ ਨੂੰ ਵੀ ਪੁਲਸ ਵਧਾ-ਚੜ੍ਹਾ ਕੇ ਸੈਕਸ਼ਨ 121 ਅਤੇ 121 (ਏ) ਦੇ ਅਧੀਨ ਬਗਾਵਤ ਦੇ ਅਪਰਾਧ ਬਣਾ ਦਿੰਦੀ ਹੈ ।

ਕਰਿਮੀਨਲ ਪ੍ਰੋਸੀਜ਼ਰ ਕੋਡ ਦਾ ਸੈਕਸ਼ਨ 439 (ਏ) ਜ਼ਮਾਨਤ ਸਬੰਧੀ ਕਾਇਦੇ ਨੂੰ ਪੁੱਠਾ ਗੇੜਾ ਦਿੰਦਾ ਹੈ । ਇਹ ਏਨੇ ਆਪਹੁਦਰੇ ਢੰਗ ਨਾਲ ਇਕ ਨਾਗਰਿਕ ਦੇ ਵਿਅਕਤੀਗਤ ਆਜ਼ਾਦੀ ਦੇ ਹੱਕ ਦੇ ਖਿਲਾਫ ਜਾਂਦਾ ਹੈ ਕਿ ਇਸ ਨੂੰ ਸੰਵਿਧਾਨਕ ਕਹਿਣਾ ਹੀ ਗਲਤ ਹੈ । ਇਹ ਮਦ ਇਸ ਤਰ੍ਹਾਂ ਕਹਿਣ ਦੇ ਬਰਾਬਰ ਹੈ ਕਿ ਜਿਸ ਮੁਲਜ਼ਮ ਉੱਤੇ ਸੈਕਸ਼ਨ 439 (ਏ) ਲਾਇਆ ਗਿਆ ਹੋਵੇ, ਉਹਨੂੰ ਹਾਈ ਕੋਰਟ ਜ਼ਮਾਨਤ ਉੱਤੇ ਤਦ ਹੀ ਰਿਹਾਅ ਕਰ ਸਕਦੀ ਹੈ ਜੇਕਰ ਪੁਲਸ ਇਸ ਰਿਹਾਈ ਲਈ ਰਜ਼ਾਮੰਦ ਹੋਵੇ ।

ਕਰਿਮੀਨਲ ਪ੍ਰੋਸੀਜ਼ਰ ਕੋਡ ਦਾ ਸੈਕਸ਼ਨ 95 ਸੂਬਾਈ ਸਰਕਾਰ ਨੂੰ, ਕਿਸੇ ਵੀ ਐਸੇ ਅਖ਼ਬਾਰ ਨੂੰ ਬੰਦ ਕਰਨ ਜਾਂ ਜ਼ਬਤ ਕਰਨ, ਅਤੇ ਕਿਸੇ ਵੀ ਐਸੀ ਕਿਤਾਬ ਨੂੰ ਜਾਂ ਦਸਤਵੇਜ਼ ਨੂੰ ਜ਼ਬਤ ਕਰਨ ਦਾ ਅਧਿਕਾਰ ਦਿੰਦਾ ਹੈ, ਜਿਸ ਵਿੱਚ ਕੋਈ ਵੀ ਐਸੀ ਸਮੱਗਰੀ ਹੋਵੇ ਜੋ ਬਾਗੀਆਨਾ ਹੋਵੇ ਜਾਂ ਕੌਮੀ ਅਖੰਡਤਾ ਲਈ ਹਾਨੀਕਾਰਕ ਹੋਵੇ, ਜਾਂ ਕਿਸੇ ਵੀ ਜਮਾਤ ਦੇ ਧਾਰਮਕ ਜਜ਼ਬਿਆਂ ਦੀ ਹੱਤਕ ਕਰਦੀ ਹੋਵੇ ।

ਨੈਸ਼ਨਲ ਸਕਿਉਰਿਟੀ ਐਕਟ ਅਧੀਨ, ਕਿਸੇ ਵੀ ਵਿਅਕਤੀ ਨੂੰ ਬਿਨਾਂ ਦੋਸ਼ ਲਾਇਆਂ ਅਤੇ ਬਿਨਾਂ ਮੁਕੱਦਮਾ ਚਲਾਇਆਂ, ਪੰਜਾਬ ਵਿੱਚ ਦੋ ਸਾਲ ਤੱਕ ਅਤੇ ਬਾਕੀ ਦੇ ਹਿੰਦੁਸਤਾਨ ਵਿੱਚ ਇਕ ਸਾਲ ਤੱਕ ਕੈਦ ਰੱਖਿਆ ਜਾ ਸਕਦਾ ਹੈ, ਸਿਰਫ ਇਸ ਕਰਕੇ ਕਿ ਸਰਕਾਰ ਨੂੰ ਸ਼ੱਕ ਹੈ ਕਿ ਉਹ ਭਵਿੱਖ ਵਿੱਚ ਹਾਨੀਕਾਰਕ ਕਾਰਵਾਈ ਕਰ ਸਕਦਾ ਹੈ । ਇਸ ਤੋਂ ਇਲਾਵਾ, ਉਸ ਦੀ ਨਜ਼ਰਬੰਦੀ ਨੂੰ ਸਮੇਂ-ਸਮੇਂ ਅਣਮਿੱਥੇ ਵਕਤ ਲਈ ਵਧਾਇਆ ਜਾਂ ਸਕਦਾ ਹੈ । ਨੈਸ਼ਨਲ ਸਕਿਉਰਿਟੀ ਐਕਟ ਵਿੱਚ ਵੀ ਤਰਮੀਮਾਂ ਕੀਤੀਆਂ ਗਈਆਂ ਹਨ, ਜੋ ਅਧਿਕਾਰੀਆਂ ਨੂੰ ਨਜ਼ਰਬੰਦੀ ਦੀਆਂ ਵਿਆਪਕ ਅਤੇ ਆਪਹੁਦਰੀਆਂ ਸ਼ਕਤੀਆਂ ਵਰਤਣ ਦੀ ਇਜ਼ਾਜਤ ਦਿੰਦੀਆਂ ਹਨ ।

ਸੈਕਸ਼ਨ 14 ਦੇ ਉਪ ਸੈਕਸ਼ਨ 2 ਅਤੇ 3 ਵਿੱਚ ਕੀਤੀਆਂ ਗਈਆਂ ਤਰਮੀਮਾਂ ਰਾਹੀਂ ਇਹ ਪ੍ਰਬੰਧ ਕੀਤਾ ਗਿਆ ਹੈ ਕਿ ਪਹਿਲਾਂ ਵਾਲੇ ਨਜ਼ਰਬੰਦੀ ਹੁਕਮ ਵਿੱਚ ਦੱਸੇ ਗਏ ਉਪ ਸੈਕਸ਼ਨ ਅਧੀਨ ਨਜ਼ਰਬੰਦੀ ਦੀ ਮਿਆਦ ਖ਼ਤਮ ਹੋਣ ਜਾਂ ਮਨਸੂਖ ਕੀਤੇ ਜਾਣ ਬਾਅਦ ਵੀ

Digitized by Panjab Digital Library | www.panjabdigilib.org

ਉਸੇ ਵਿਅਕਤੀ ਵਿਰੁੱਧ ਸੈਕਸ਼ਨ 3 ਅਧੀਨ ਇੱਕ ਹੋਰ ਨਜ਼ਰਬੰਦੀ ਹੁਕਮ ਜਾਰੀ ਕਰਨ ਵਿੱਚ ਰੋਕ ਨਹੀਂ ਬਣੇਗਾ। ਸੈਕਸ਼ਨ 14 ਏ ਵਿੱਚ ਵੀ ਤਰਮੀਮ ਕੀਤੀ ਗਈ ਹੈ ਅਤੇ ਇਸ ਨੂੰ ਹੋਰ ਵੀ ਕਠੋਰ ਬਣਾ ਦਿੱਤਾ ਗਿਆ ਹੈ।

ਆਰਮਜ਼ ਐਕਟ ਵਿੱਚ ਸੋਧ ਅਤੇ ਧਾਰਮਿਕ ਅਸਥਾਨਾਂ ਦੀ ਦੁਰਵਰਤੋਂ ਵਿਰੁੱਧ ਜਾਰੀ ਕੀਤੇ ਗਏ ਤਾਜ਼ਾ ਆਰਡੀਨੈਂਸ, ਹਥਿਆਰਬੰਦ ਸ਼ਕਤੀਆਂ ਨੂੰ ਅਤੇ ਸਰਕਾਰ ਨੂੰ ਲੋਕਾਂ ਦੀਆਂ ਅਜ਼ਾਦੀਆਂ ਉੱਤੇ ਰੋਕਾਂ ਲਾਉਣ ਦੀਆਂ ਬੇਲਗਾਮ ਸ਼ਕਤੀਆਂ ਦਿੰਦੇ ਹਨ। ਇਹ ਦੋਨੋਂ ਕਾਨੂੰਨ, ਹਿੰਦੁਸਤਾਨ ਦੇ ਬਾਕੀ ਸੱਭ ਹਿੱਸਿਆਂ ਉੱਤੇ ਵੀ ਲਾਗੂ ਹੁੰਦੇ ਹਨ। ਆਰਮਜ਼ ਐਕਟ ਵਿੱਚ ਕੀਤੀ ਗਈ ਤਰਮੀਮ ਕਹਿੰਦੀ ਹੈ: "ਜੋ ਵੀ ਵਿਅਕਤੀ ਕੋਈ ਵਰਜਿਤ ਹਥਿਆਰ ਜਾਂ ਅਸਲ੍ਹਾ ਲੈਂਦਾ ਹੈ, ਆਪਣੇ ਕੋਲ ਰੱਖਦਾ ਹੈ, ਜਾਂ ਲੈ ਕੇ ਘੁੰਮਦਾ ਹੈ ਜਾਂ ਬਣਾਉਂਦਾ, ਵੇਚਦਾ, ਸੌਂਪਦਾ ਹੈ ਜਾਂ ਆਪਣੇ ਕੋਲ ਵਿਕਰੀ ਲਈ, ਸੌਂਪਣ, ਬਦਲਣ, ਮੁਰੰਮਤ ਕਰਨ ਜਾਂ ਵਰਤੋਂ ਵਾਸਤੇ ਰੱਖਦਾ ਹੈ, ਉਸ ਨੂੰ ਕੈਦ ਦੀ ਸਜ਼ਾ ਦਿੱਤੀ ਜਾਵੇਗੀ, ਜੋ ਘੱਟੋ-ਘੱਟ ਸੱਤ ਸਾਲ ਹੋਵੇਗੀ। ਪਰ ਉਮਰ ਕੈਦ ਤੱਕ ਵੀ ਹੋ ਸਕਦੀ ਹੈ ਅਤੇ ਉਸ ਨੂੰ ਜੁਰਮਾਨਾ ਵੀ ਕੀਤਾ ਜਾ ਸਕਦਾ ਹੈ।" ਇਸ ਤਰ੍ਹਾਂ ਕਿਸੇ ਨੂੰ ਸਬਜ਼ੀ ਕੱਟਣ ਵਾਲਾ ਚਾਕੂ ਰੱਖਣ ਦੇ ਦੋਸ਼ ਵਿੱਚ ਹੀ ਉਮਰ ਕੈਦ ਹੋ ਸਕਦੀ ਹੈ।

ਜਾਬਰ ਕਾਨੂੰਨ ਘੜਨ ਅਤੇ ਸ਼ਹਿਰੀ ਹੱਕਾਂ ਦੀ ਉਲੰਘਣਾ ਕਰਨ ਦੇ ਹਿੰਦੁਸਤਾਨ ਦੇ ਇਤਿਹਾਸ ਨੇ, ਪੰਜਾਬ ਵਿੱਚ ਅਤੇ ਬਾਕੀ ਸਾਰੇ ਦੇਸ਼ ਵਿੱਚ ਵਿਸ਼ਾਲ ਪੈਮਾਨੇ 'ਤੇ ਇਹ ਡਰ ਪੈਦਾ ਕਰ ਦਿੱਤਾ ਹੈ ਕਿ ਤਾਜ਼ਾ ਤਰਮੀਮਾਂ ਨੂੰ ਹਾਕਮ ਪਾਰਟੀ ਆਪਣੇ ਵਿਰੋਧੀਆਂ ਦੇ ਖ਼ਿਲਾਫ਼ ਅਤੇ ਆਪਣੇ ਸੁਆਰਥੀ-ਸਿਆਸੀ ਹਿੱਤਾਂ ਲਈ ਵੀ ਵਰਤੇਗੀ।

ਸ਼ਹਿਰੀ ਅਜ਼ਾਦੀਆਂ ਲਈ ਸੰਘਰਸ਼ ਅੱਜ ਆਪਣੀ ਹੋਂਦ ਨੂੰ ਕਾਇਮ ਰੱਖਣ ਦੇ ਸੰਘਰਸ਼ ਦਾ ਇੱਕ ਅਟੁੱਟ ਹਿੱਸਾ ਬਣ ਗਿਆ ਹੈ। ਸਭ ਲੋਕਾਂ ਨੂੰ ਆਪਣੇ ਸਿਆਸੀ ਲਗਾਓ, ਜਾਤ, ਫਿਰਕੇ ਜਾਂ ਧਰਮ ਦੇ ਵੱਖਰੇਵਿਆਂ ਤੋਂ ਉੱਤੇ ਉੱਠ ਕੇ, ਲਾਜ਼ਮੀ ਹੀ ਲੋਕ ਜਮਹੂਰੀਅਤ ਨੂੰ ਮਜ਼ਬੂਤ ਕਰਨ, ਲੋਕਾਂ ਦੇ ਹਿੱਤਾਂ ਅਨੁਕੂਲ ਕਾਨੂੰਨ ਦੇ ਰਾਜ ਨੂੰ ਕਾਇਮ ਕਰਨ, ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਵਾਲੇ ਸੱਭ ਕਾਨੂੰਨਾਂ ਅਤੇ ਮਦਾਂ ਨੂੰ ਖ਼ਤਮ ਕਰਨ ਦੇ ਸੰਘਰਸ਼ ਵਿੱਚ ਇੱਕ ਮੁੱਠ ਹੋਣਾ ਚਾਹੀਦਾ ਹੈ। ਮਨੁੱਖੀ ਅਧਿਕਾਰਾਂ ਦੀ ਲਾਜ਼ਮੀ ਰਾਖੀ ਕਰਨੀ ਚਾਹੀਦੀ ਹੈ, ਅਤੇ ਸੰਵਿਧਾਨ ਵਿੱਚੋਂ ਉਹ ਸੱਭ ਕੁੱਝ ਹੂੰਝ ਕੇ ਬਾਹਰ ਕੱਢ ਦੇਣਾ ਚਾਹੀਦਾ ਹੈ ਜੋ ਮਨੁੱਖੀ ਅਧਿਕਾਰਾਂ ਦਾ ਉਲੰਘਣ ਕਰਦਾ ਹੋਵੇ।

ਤਾਜ਼ਾ ਜਾਬਰ ਕਾਨੂੰਨ ਜੋ ਅਸਲ ਵਿੱਚ ਬਸਤੀਵਾਦੀ ਹਕੂਮਤ ਦੇ ਕਾਨੂੰਨਾਂ ਨਾਲੋਂ ਵੀ ਭੈੜੇ ਹਨ, ਕੁਦਰਤੀ ਨਿਆਂ ਦੇ ਸੱਭ ਅਸੂਲਾਂ ਦਾ ਉਲੰਘਣ ਕਰਦੇ ਹਨ। ਇਹ ਸਿਰਫ਼ ਮੁਨਾਸਬ ਮੁਕੱਦਮੇ ਦਾ ਹੱਕ ਦੇਣ ਤੋਂ ਹੀ ਇਨਕਾਰ ਨਹੀਂ ਕਰਦੇ, ਬਲਕਿ ਇਹ, ਸਮਾਜਕ ਅਤੇ ਸਿਆਸੀ ਨਿਆਂ ਲਈ ਕੰਮ ਕਰ ਰਹੇ ਵਿਅਕਤੀਆਂ ਅਤੇ ਗਰੁੱਪਾਂ ਵਿਰੁੱਧ ਵੀ ਵਰਤੇ ਜਾ ਸਕਦੇ ਹਨ। ਉੱਘੇ ਵਕੀਲ ਸ੍ਰੀ ਨਿਵਾਸ ਸ਼ਾਸ਼ਤਰੀ ਨੇ ਕਿਹਾ ਹੈ, " ਇੱਕ ਬੁਰਾ ਕਾਨੂੰਨ, ਇੱਕ ਵਾਰ ਪਾਸ ਹੋਣ ਤੋ ਬਾਅਦ, ਹਮੇਸ਼ਾਂ ਬੁਰਿਆਂ ਦੇ ਹੀ ਖਿਲਾਫ਼ ਨਹੀਂ ਵਰਤਿਆ ਜਾਂਦਾ।...ਮੈਂ ਸਰਕਾਰਾਂ ਭੂਤਰਦੀਆਂ ਦੇਖੀਆਂ ਹਨ। ਮੈਂ ਦਹਿਸ਼ਤਗਰਦੀ ਦਾ ਰਾਜ ਲਿਆਇਆ ਜਾਂਦਾ ਦੇਖਿਆ ਹੈ।...ਜਦ ਸਰਕਾਰ ਇੱਕ ਜਾਬਰ ਨੀਤੀ ਅਖਤਿਆਰ ਕਰ ਲੈਂਦੀ ਹਾਂ, ਤਾਂ ਨਿਰਦੋਸ਼ ਸੁਰੱਖਿਅਤ ਨਹੀਂ ਰਹਿੰਦੇ।"[7]

7. ਕਾਲੇ ਕਾਨੂੰਨਾਂ ਵਿੱਚ (ਦਿੱਲੀ: ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼) ਨੇ ਸ਼ਫ਼ਾ 5 'ਤੇ ਹਵਾਲਾ ਦਿੱਤਾ।

Digitized by Panjab Digital Library | www.panjabdigilib.org

ਮੰਨ ਲਓ ਕਿ ਇੱਕ ਮੁਜ਼ਾਹਰਾ ਹੋ ਰਿਹਾ ਹੈ, ਜਿਸ ਵਿੱਚ ਰਾਜੀਵ ਸਰਕਾਰ-ਵਿਰੋਧੀ ਅਤੇ ਪੰਜਾਬ ਸਰਕਾਰ ਵਿਰੋਧੀ ਨਾਅਰੇ ਮਾਰੇ ਜਾ ਰਹੇ ਹਨ ਅਤੇ ਮੁਜ਼ਾਹਰਾਕਾਰੀ ਮੁਜ਼ਾਹਰੇ ਦਾ ਰਾਹ ਰੋਕ ਰਹੇ ਅਧਿਕਾਰੀਆਂ ਨੂੰ ਧਮਕਾਉਣ ਦਾ ਯਤਨ ਕਰਦੇ ਹਨ। ਪੁਲਸ ਸਿਰਫ਼ ਮੁਜ਼ਾਹਰਾਕਾਰੀਆਂ ਨੂੰ ਹੀ ਨਹੀਂ, ਬਲਕਿ ਆਉਂਦੇ ਜਾਂਦੇ ਹੋਰ ਲੋਕਾਂ ਨੂੰ ਵੀ ਗ੍ਰਿਫ਼ਤਾਰ ਕਰ ਸਕਦੀ ਹੈ, ਜਿਨ੍ਹਾਂ ਉੱਤੇ ਬਗਾਵਤ ਦਾ ਅਤੇ ਇੱਕ ਸਰਕਾਰੀ ਕਰਮਚਾਰੀ ਨੂੰ ਆਪਣੇ ਫਰਜ਼ ਨਿਭਾਉਣ ਤੋਂ ਰੋਕਣ ਦਾ ਦੋਸ਼, ਸਿਰਫ਼ ਇਸ ਬਿਨ੍ਹਾ 'ਤੇ ਲਾਇਆ ਜਾ ਸਕਦਾ ਹੈ ਕਿ ਉਹ ਉਸ ਵੇਲੇ ਉਥੇ ਮੌਜੂਦ ਸਨ। ਉਨ੍ਹਾਂ ਉੱਤੇ ਇੱਕ ਗੈਰ-ਕਾਨੂੰਨੀ ਇਕੱਠ ਦੇ ਮੈਂਬਰ ਹੋਣ ਦਾ ਦੋਸ਼ ਲਾਇਆ ਜਾ ਸਕਦਾ ਹੈ ਅਤੇ ਇਹ ਸਮਝਿਆ ਜਾਵੇਗਾ ਕਿ ਉਨ੍ਹਾਂ ਨੇ ਵੀ ਉਹ ਸਾਰੇ ਅਪਰਾਧ ਕੀਤੇ ਹਨ ਜਿਹੜੇ ਮੁਜ਼ਾਹਰਾਕਾਰੀਆਂ ਨੇ ਕੀਤੇ ਹਨ, ਕਿਉਂਕਿ ਕਾਨੂੰਨ ਅਨੁਸਾਰ ਕਿਸੇ ਗਰੁੱਪ ਵਿੱਚੋਂ ਇੱਕ ਵੱਲੋਂ ਕੀਤੇ ਗਏ ਅਪਰਾਧ ਨੂੰ ਸਭ ਦਾ ਅਪਰਾਧ ਮੰਨਿਆ ਜਾਵੇਗਾ। ਕਿਉਂਕਿ ਜਿਹੜੇ ਅਪਰਾਧਾਂ ਵਿੱਚ ਆਉਂਦਾ-ਜਾਂਦਾ ਵਿਅਕਤੀ ਆਪਣੀ ਮਰਜ਼ੀ ਦੇ ਖਿਲਾਫ਼ ਫਸ ਗਿਆ ਹੈ ਉਨ੍ਹਾਂ ਲਈ ਸਜਾ ਤਿੰਨ ਸਾਲ ਤੋਂ ਵੱਧ ਦੀ ਕੈਦ ਨਹੀਂ, ਉਸ 'ਤੇ ਸਰਸਰੀ ਮੁਕੱਦਮਾ ਚਲਾਇਆ ਜਾ ਸਕਦਾ ਹੈ।

ਕਾਨੂੰਨਾਂ ਵਿੱਚ ਕੀਤੀਆਂ ਗਈਆਂ ਸਭ ਤਬਦੀਲੀਆਂ ਅਤੇ ਤਾਜ਼ਾ ਸਾਲਾਂ 'ਚ ਘੜੇ ਗਏ ਜਾਬਰ ਕਾਨੂੰਨਾਂ ਨੂੰ ਦੇਖ ਕੇ ਇਹ ਹੈਰਾਨੀ ਹੁੰਦੀ ਹੈ ਕਿ ਕੀ ਹਿੰਦੁਸਤਾਨ ਵਿੱਚ ਸਧਾਰਨ ਕਾਨੂੰਨ ਦਾ ਕੋਈ ਨਾਂ-ਨਿਸ਼ਾਨ ਬਚਿਆ ਰਹਿ ਜਾਏਗਾ ਜਾਂ ਨਹੀਂ ?

Digitized by Panjab Digital Library | www.panjabdigilib.org

## ਕਾਂਡ ਤਿੰਨ

# ਪੰਜਾਬ ਵਿੱਚ ਮਨੁੱਖੀ ਅਧਿਕਾਰਾਂ ਦਾ ਉਲੰਘਣ

**ਨਾ ਤੜਪਨੇ ਕੀ ਇਜਾਜ਼ਤ ਹੈ, ਨਾ ਫਰਿਆਦ ਕੀ ਹੈ,**
**ਘੁਟ ਕੇ ਮਰ ਜਾਊਂ ਯਹੀ ਮਰਜ਼ੀ ਮੇਰੇ ਸੱਯਾਦ ਕੀ ਹੈ ।**

ਪੰਜਾਬ ਵਿੱਚ ਲਾਗੂ ਕੀਤੇ ਜਾਬਰ ਕਾਨੂੰਨਾਂ ਦੀ ਬੇਰਹਿਮੀ ਲਾਮਿਸਾਲ ਹੈ । ਏਥੋਂ ਤੱਕ ਕਿ ਅੰਗਰੇਜ਼ਾਂ ਨੇ ਵੀ ਪੰਜਾਬ ਉੱਤੇ ਆਪਣੇ ਇੱਕ ਸੌ ਸਾਲਾਂ ਦੇ ਰਾਜ ਦੌਰਾਨ ਅਜਿਹੇ ਕਾਨੂੰਨ ਨਹੀਂ ਠੋਸੇ ਸਨ । ਅੰਗਰੇਜ਼ਾਂ ਨੇ, 1919 ਵਿੱਚ ਅਨਾਰਕੀਕਲ ਰੈਵੋਲੂਸ਼ਨਰੀ ਕਰਾਈਮਜ਼ ਐਕਟ ਨਾਂ ਦਾ ਇੱਕ ਜਾਬਰ ਕਾਨੂੰਨ ਜਿਸ ਨੂੰ ਰੌਲਟ ਐਕਟ ਕਿਹਾ ਜਾਂਦਾ ਸੀ, ਠੋਸਣ ਦੀ ਕੋਸ਼ਿਸ਼ ਕੀਤੀ ਸੀ । ਪਰ ਉਹ ਕਾਨੂੰਨ ਵੀ ਵਰਤਮਾਨ ਕਾਨੂੰਨਾਂ ਜਿੰਨਾ ਕਠੋਰ ਨਹੀਂ ਸੀ । ਹਾਈਕੋਰਟ ਦੇ ਅਧਿਕਾਰ ਖੇਤਰ 'ਤੇ ਕੋਈ ਪਾਬੰਦੀ ਨਹੀਂ ਸੀ ਲਾਈ ਗਈ ਅਤੇ ਅਸਲ ਵਿੱਚ ਇਸ ਕਾਨੂੰਨ ਅਧੀਨ ਕੋਈ ਇੱਕ ਵੀ ਮੁਕੱਦਮਾ ਦਾਇਰ ਨਹੀਂ ਸੀ ਕੀਤਾ ਗਿਆ । ਰੌਲਟ ਐਕਟ ਵਿਰੁੱਧ ਇੱਕ ਜਨਤਕ ਐਜੀਟੇਸ਼ਨ ਆਰੰਭ ਦਿੱਤੀ ਗਈ ਸੀ ਅਤੇ ਅੰਗਰੇਜ਼ਾਂ ਨੇ ਇਸ ਦੇ ਜਵਾਬ ਵਿੱਚ ਜਲ੍ਹਿਆਂ ਵਾਲੇ ਬਾਗ ਦਾ ਕਤਲੇਆਮ ਕੀਤਾ ਸੀ । ਕਤਲੇਆਮ ਤੋਂ ਲੋਕਾਂ ਵਿੱਚ ਫੈਲੇ ਹੋਏ ਰੋਹ ਅਤੇ ਗੁੱਸੇ ਨੂੰ ਠੰਡਾ ਕਰਨ ਲਈ, ਅੰਗਰੇਜ਼ਾਂ ਨੇ ਇਹ ਕਾਨੂੰਨ ਵਾਪਸ ਲੈ ਲਿਆ ਸੀ ।

ਮਹਾਤਮਾ ਗਾਂਧੀ ਨੇ ਕਿਹਾ ਸੀ ਕਿ ਇਸ ਕਾਨੂੰਨ ਨੇ ਸਟਾਰ ਚੈਂਬਰ (ਇੱਕ ਜਾਬਰ ਅਦਾਲਤ, ਜਿਹੜੀ ਕਿ ਇੰਗਲੈਂਡ ਵਿੱਚ ਟਿਊਡਰ ਰਾਜਿਆਂ ਨੇ ਬਣਾਈ ਸੀ) ਨੂੰ ਹਿੰਦੁਸਤਾਨ ਵਿੱਚ ਮੁੜ-ਸੁਰਜੀਤ ਕਰ ਦਿੱਤਾ ਹੈ, ਹਾਲਾਂਕਿ ਇਸ ਦੀ ਪੈਦਾਇਸ਼ ਵਾਲੇ ਦੇਸ਼ ਵਿੱਚ ਇਸ ਦਾ ਖੁਰਾ ਖੋਜ ਮਿਟਾਇਆ ਜਾ ਚੁੱਕਾ ਹੈ । ਗਾਂਧੀ ਨੇ 1 ਮਾਰਚ, 1919 ਨੂੰ ਰੌਲਟ ਐਕਟ ਬਾਰੇ ਪ੍ਰੈਸ ਨੂੰ ਇੱਕ ਖੁੱਲ੍ਹੀ ਚਿੱਠੀ ਲਿਖੀ, ਜਿਸ ਵਿੱਚ ਕਿਹਾ ਗਿਆ ਸੀ : "ਸਾਡਾ ਇਹ ਨੇਕ-ਨੀਅਤ ਵਿਚਾਰ ਹੈ ਕਿ 1919 ਦੇ ਇੰਡੀਅਨ ਕਰਿਮੀਨਲ ਲਾਅ (ਅਮੈਂਡਮੈਂਟ) ਬਿੱਲ ਨੰ: 1 ਅਤੇ ਕਰਿਮੀਨਲ ਲਾਅ (ਐਮਰਜੈਂਸੀ ਪਾਵਰਜ਼) ਬਿੱਲ ਨੰ: 2, ਨਜਾਇਜ਼ ਹਨ, ਆਜ਼ਾਦੀ ਅਤੇ ਨਿਆਂ ਦੇ ਅਸੂਲ ਨੂੰ ਢਾਹ ਲਾਉਂਦੇ ਹਨ ਅਤੇ ਵਿਅਕਤੀਆਂ ਦੇ ਉਨ੍ਹਾਂ ਬੁਨਿਆਦੀ ਅਧਿਕਾਰਾਂ ਨੂੰ ਤਬਾਹ ਕਰਦੇ ਹਨ, ਜਿਨ੍ਹਾਂ ਉੱਤੇ ਸਮੁੱਚੇ ਲੋਕਾਂ ਅਤੇ ਰਾਜ ਦੀ ਸੁਰੱਖਿਆ ਅਧਾਰਿਤ ਹੈ, ਇਸ ਲਈ ਅਸੀਂ ਇਹ ਦ੍ਰਿੜ ਪ੍ਰਣ ਕਰਦੇ ਹਾਂ ਕਿ ਜੇਕਰ ਇਹ ਬਿੱਲ ਕਾਨੂੰਨ ਬਣਾ ਦਿੱਤੇ ਜਾਂਦੇ ਹਨ ਅਤੇ ਜਿੰਨਾਂ ਚਿਰ ਇਨ੍ਹਾਂ ਨੂੰ ਵਾਪਸ ਨਹੀਂ ਲਿਆ ਜਾਂਦਾ, ਅਸੀਂ ਇਨ੍ਹਾਂ ਕਾਨੂੰਨਾਂ ਅਤੇ ਹੁਣ ਤੋਂ ਥਾਪੀ ਜਾਣ ਵਾਲੀ ਕਮੇਟੀ ਵੱਲੋਂ ਬਣਾਏ ਜਾਂਦੇ ਅਜਿਹੇ ਹੋਰ ਸਭ ਕਾਨੂੰਨਾਂ ਨੂੰ ਵੀ ਮੰਨਣ ਤੋਂ ਸੱਭਿਅਤ ਢੰਗ ਨਾਲ ਇਨਕਾਰ ਕਰਦੇ ਰਹਾਂਗੇ ਅਤੇ ਅਸੀਂ ਹੋਰ ਪ੍ਰਣ ਕਰਦੇ ਹਾਂ ਕਿ ਇਸ ਸੰਘਰਸ਼ ਵਿੱਚ ਅਸੀਂ ਵਫਾਦਾਰੀ ਨਾਲ ਸੱਚ ਉੱਤੇ ਚੱਲਦੇ

Digitized by Panjab Digital Library | www.panjabdigilib.org

ਰਹਾਂਗੇ ।''[8] ਪਰ ਹੁਣ ਗਾਂਧੀ ਦੇ ਚੇਲਿਆਂ ਨੇ ਰੌਲਟ ਐਕਟ ਨਾਲੋਂ ਵੀ ਵਧੇਰੇ ਬੇਕਿਰਕ ਕਾਨੂੰਨ ਬਣਾ ਦਿੱਤੇ ਹਨ ।

ਪੰਜਾਬ ਵਿੱਚ ਗੜਬੜ ਦੇ ਬਹਾਨੇ ਹੇਠ, ਬੇਹੱਦ ਗੈਰ-ਜਮਹੂਰੀ ਅਤੇ ਜਾਬਰ ਕਾਨੂੰਨ ਘੜੇ ਗਏ ਹਨ ਅਤੇ ਹੁਣ ਪੂਰੇ ਪੰਜਾਬ ਨੂੰ ''ਦਹਿਸ਼ਤ ਪੀੜਤ ਇਲਾਕਾ'' ਕਰਾਰ ਦੇ ਦਿੱਤਾ ਗਿਆ ਹੈ ।

ਸੁਪਰੀਮ ਕੋਰਟ ਦੇ ਇੱਕ ਸਾਬਕਾ ਜੱਜ, ਜਸਟਿਸ ਕ੍ਰਿਸ਼ਨਾ ਆਇਰ ਨੇ ਟਿੱਪਣੀ ਕੀਤੀ ਹੈ : ''ਪੰਜਾਬ ਵਿੱਚ ਨਿਆਂ ਨੂੰ ਕਾਨੂੰਨ ਦੀ ਸੂਲੀ 'ਤੇ ਟੰਗ ਦਿੱਤਾ ਗਿਆ ਹੈ ਅਤੇ ਜੇਕਰ ਪੂਰੇ ਦੇਸ਼ ਦੇ ਲੋਕ ਨਿਆਂ ਲੈਣ ਦੇ ਹੱਕ ਨੂੰ ਮੁੜ-ਸੁਰਜੀਤ ਕਰਨ ਦੀ ਮੰਗ ਨਹੀਂ ਕਰਦੇ, ਤਾਂ ਸੰਵਿਧਾਨਕ ਗਰੰਟੀਆਂ ਸਿਰਫ ਲਿਖਤੀ ਅਡੰਬਰ ਬਣ ਕੇ ਰਹਿ ਜਾਣਗੀਆਂ ਅਤੇ ਮਨੁੱਖੀ ਅਧਿਕਾਰ ਕੁਦਰਤੀ ਮੌਤੇ ਮਰ ਜਾਣਗੇ ।''[9]

ਫੌਜ ਅਤੇ ਅਰਧ-ਫੌਜੀ ਸ਼ਕਤੀਆਂ ਸਭ ਜਗ੍ਹਾ ਤਾਇਨਾਤ ਹਨ—ਸਕੂਲਾਂ ਵਿੱਚ, ਕਾਲਜਾਂ ਵਿੱਚ, ਬੱਸ ਅੱਡਿਆਂ, ਦਫਤਰਾਂ ਆਦਿ ਵਿੱਚ । ਉਹ ਸਵਾਰੀ-ਗੱਡੀਆਂ ਨੂੰ ਰੋਕ ਕੇ ਆਪ-ਹੁਦਰੇ ਢੰਗ ਨਾਲ ਤਲਾਸ਼ੀਆਂ ਲੈਂਦੇ ਹਨ । ਅੰਮ੍ਰਿਤਧਾਰੀਆਂ ਅਤੇ ਕੇਸਰੀ ਪੱਗਾਂ ਵਾਲਿਆਂ ਨੂੰ ਵੱਖ ਕੱਢ ਲਿਆ ਜਾਂਦਾ ਹੈ । ਪੁਲਸ ਕਿਸੇ ਦੇ ਵੀ ਘਰ ਵਿੱਚ ਬਿਨਾਂ ਵਜਾ ਦਾਖਲ ਹੋ ਸਕਦੀ ਹੈ । ਪੁਲਸ ਨੂੰ ਇਸ ਰਵਾਇਤੀ ਫਰਜ਼ ਤੋਂ ਵੀ ਸੁਰਖੁਰੂ ਕਰ ਦਿੱਤਾ ਗਿਆ ਹੈ ਕਿ ਉਹ ਨੈਸ਼ਨਲ ਸਕਿਉਰਿਟੀ ਐਕਟ ਅਧੀਨ ਇੱਕ ਵਿਅਕਤੀ ਨੂੰ ਗ੍ਰਿਫਤਾਰ ਕਰਦੇ ਸਮੇਂ ਨਿਸ਼ਚਿਤ ਇਲਜ਼ਾਮ ਲਗਾਵੇ । ਗੁਰਦਾਸਪੁਰ ਅਤੇ ਅੰਮ੍ਰਿਤਸਰ ਜ਼ਿਲ੍ਹਿਆਂ ਦੇ ਸਰਹੱਦੀ ਪਿੰਡਾਂ ਵਿੱਚ ਸਥਾਈ ਕਰਫਿਊ ਲੱਗਾ ਹੋਇਆ ਹੈ ਅਤੇ ਕੋਈ ਵੀ ਸੂਰਜ ਛੁਪਣ ਤੋਂ ਬਾਅਦ ਜਾਂ ਸੂਰਜ ਚੜ੍ਹਨ ਤੋਂ ਪਹਿਲਾਂ ਆਪਣੇ ਖੇਤਾਂ ਨੂੰ ਵੀ ਨਹੀਂ ਜਾ ਸਕਦਾ, ਜਿਸ ਕਰਕੇ ਇਲਾਕੇ ਦੇ ਕਿਸਾਨਾਂ ਨੂੰ ਘੋਰ ਕਠਨਾਈਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ।

ਅਜਿਹੇ ਜਾਬਰ ਕਾਨੂੰਨ ਪੰਜਾਬ ਦੇ ਜ਼ਖ਼ਮਾਂ ਨੂੰ ਭਰਨ ਵਿੱਚ ਮੱਦਦ ਨਹੀਂ ਕਰਨਗੇ । ਪੰਜਾਬ ਵਿੱਚ ਇਨ੍ਹਾਂ ਕਾਨੂੰਨਾਂ ਅਧੀਨ ਹਜ਼ਾਰਾਂ ਹੀ ਲੋਕ ਗ੍ਰਿਫਤਾਰ ਕੀਤੇ ਗਏ ਹਨ ਅਤੇ ਬਹੁਤ ਸਾਰੇ ਪਿਛਲੇ 4 ਸਾਲਾਂ ਤੋਂ ਜੇਲ੍ਹਾਂ ਵਿੱਚ ਰੁਲ ਰਹੇ ਹਨ । ਬਹੁਤ ਸਾਰੇ ਸਾਬਕਾ ਫੌਜੀ ਅਫਸਰਾਂ ਨੂੰ ਵੀ ਇਨ੍ਹਾਂ ਕਾਨੂੰਨਾਂ ਅਧੀਨ ਗ੍ਰਿਫਤਾਰ ਕੀਤਾ ਗਿਆ ਹੈ । ਜੋਧਪੁਰ ਜੇਲ੍ਹ ਵਿੱਚ ਅਜੇ ਤੱਕ ਵੀ 325 ਉਹ ਕੈਦੀ ਡੱਕੇ ਹੋਏ ਹਨ ਜਿਨ੍ਹਾਂ ਨੂੰ 6 ਜੂਨ, 1984 ਦੀ ਸਵੇਰ ਨੂੰ, ਹਰਿਮੰਦਰ ਸਾਹਿਬ ਉੱਤੇ ਪਹਿਲੇ ਹਮਲੇ ਸਮੇਂ, ਗੁਰਚਰਨ ਸਿੰਘ ਟੌਹੜਾ ਅਤੇ ਹਰਚੰਦ ਸਿੰਘ ਲੌਂਗੋਵਾਲ ਦੇ ਨਾਲ ਗ੍ਰਿਫਤਾਰ ਕੀਤਾ ਗਿਆ ਸੀ । ਉਨ੍ਹਾਂ ਦੇ ਮੁਕੱਦਮੇ ਅਜੇ ਤੱਕ ਉੱਥੇ-ਦੇ-ਉੱਥੇ ਹੀ ਖੜੇ ਹਨ । ਇਨ੍ਹਾਂ ਵਿੱਚੋਂ ਸਿਰਫ 40 ਨੂੰ ਹੀ, ਉਨ੍ਹਾਂ ਦੀ ਨਜ਼ਰਬੰਦੀ ਦੇ ਚਾਰ ਸਾਲ ਪੂਰੇ ਹੋਣ ਤੋਂ ਥੋੜ੍ਹੇ ਹੀ ਦਿਨ ਪਹਿਲਾਂ ਰਿਹਾਅ ਕੀਤਾ ਗਿਆ ਹੈ । ਪੁਲਸ ਦਾ ਸਾਬਕਾ ਡਿਪਟੀ ਇੰਸਪੈਕਟਰ ਜਨਰਲ, ਸਿਮਰਨਜੀਤ ਸਿੰਘ ਮਾਨ, ਤਿੰਨ ਸਾਲਾਂ ਤੋਂ ਭਾਗਲਪੁਰ ਜੇਲ੍ਹ ਵਿੱਚ ਰੁਲ ਰਿਹਾ ਹੈ ।*

---

*ਨੋਟ : ਇਹ ਬਿਆਨ ਉਹਨਾਂ ਤੱਥਾਂ ਨੂੰ ਦਰਸਾਉਂਦੇ ਹਨ ਜੋ 1988 ਵਿੱਚ ਹਥਲੀ ਕਿਤਾਬ ਲਿਖਣ ਮੌਕੇ ਮੌਜੂਦ ਸਨ ।*

8. ਐਮ.ਕੇ. ਗਾਂਧੀ, ਮਹਾਤਮਾ ਗਾਂਧੀ ਦੀਆਂ ਲਿਖਤਾਂ ਤੇ ਤਕਰੀਰਾਂ (ਮਦਰਾਸ: ਜੀ ਨੈਟੇਸਨ ਐਂਡ ਕੰਪਨੀ, 1933) ਸਫਾ 450
9. ਵੀ.ਆਰ ਕਰਿਸ਼ਨਾ ਆਇਰ, ਪਹਿਲਾਂ ਹਵਾਲਾ ਦਿੱਤਾ ਗਿਆ ਹੈ, ਸਫਾ 7

Digitized by Panjab Digital Library | www.panjabdigilib.org

ਕਿਸੇ ਵੀ ਵਿਦੇਸ਼ੀ ਪੱਤਰਕਾਰ, ਵਿਦੇਸ਼ੀ ਵਿਧਾਇਕ ਜਾਂ ਸ਼ਹਿਰੀ ਹੱਕਾਂ ਲਈ ਕੰਮ ਕਰਨ ਵਾਲੇ ਵਿਅਕਤੀ ਨੂੰ ਪੰਜਾਬ ਵਿੱਚ ਦਾਖਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ । ਇੱਕ ਅੰਤਰਰਾਸ਼ਟਰੀ ਜਥੇਬੰਦੀ ਨੇ, 1987 ਦੀ ਆਪਣੀ ਰਿਪੋਰਟ ਵਿੱਚ ਕਿਹਾ ਕਿ ਇਸ ਨੇ ਹਿੰਦੁਸਤਾਨ ਦੇ ਪ੍ਰਧਾਨ ਮੰਤਰੀ ਤੋਂ ਆਗਿਆ ਮੰਗੀ ਸੀ ਕਿ ਇਹਦੀ ਟੀਮ ਨੂੰ ਪੰਜਾਬ ਦਾ ਦੌਰਾ ਕਰ ਲੈਣ ਦਿੱਤਾ ਜਾਵੇ, ਪਰ ਇਸ ਦਾ ਕੋਈ ਜਵਾਬ ਨਹੀਂ ਮਿਲਿਆ । ਇਸ ਤਰ੍ਹਾਂ ਮੁਨਾਸਬ ਅਤੇ ਖੁੱਲ੍ਹੇ ਮੁਕੱਦਮੇ ਦਾ ਹੱਕ, ਜੁਰਮ ਸਾਬਤ ਹੋ ਜਾਣ ਤੱਕ ਨਿਰਦੋਸ਼ ਮੰਨੇ ਜਾਣ ਦਾ ਹੱਕ, ਬੋਲਣ ਦੀ ਆਜ਼ਾਦੀ, ਘੁੰਮਣ-ਫਿਰਨ ਦੀ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਦੇ ਵਿਸ਼ਵ-ਵਿਆਪੀ ਐਲਾਨਨਾਮੇ ਵਿੱਚ ਅੰਕਤ ਹੋਰ ਆਜ਼ਾਦੀਆਂ ਦੇ ਸਭ ਨਾ-ਉਲੰਘਣਯੋਗ ਮਨੁੱਖੀ ਅਧਿਕਾਰਾਂ ਨੂੰ ਪੰਜਾਬ ਵਿੱਚ ਪੈਰਾਂ ਹੇਠ ਲਿਤਾੜਿਆ ਜਾ ਰਿਹਾ ਹੈ ।

ਏਥੇ ਮੈਂ ਇਹ ਦੱਸ ਦੇਣਾ ਜ਼ਰੂਰੀ ਸਮਝਦਾ ਹਾਂ ਕਿ ਇਹ ਜਾਬਰ ਕਾਨੂੰਨ ਇੱਕ ਚੋਣਵੇਂ ਢੰਗ ਨਾਲ ਲਾਗੂ ਕੀਤੇ ਜਾਂਦੇ ਹਨ । ਮਿਸਾਲ ਦੇ ਤੌਰ 'ਤੇ, ਕੇਂਦਰੀ ਸਰਕਾਰ ਦੇ ਹਮਾਇਤੀਆਂ ਨੂੰ ਜੋ ਜੀ ਚਾਹੇ ਕਰਨ ਦੀ ਖੁੱਲ੍ਹ ਦਿੱਤੀ ਜਾਂਦੀ ਹੈ । ਉਨ੍ਹਾਂ ਨੂੰ ਪੁਲਿਸ ਸੁਰੱਖਿਆ, ਲਾਇਸੈਂਸੀ ਅਤੇ ਗੈਰ-ਲਾਇਸੈਂਸੀ ਹਥਿਆਰ ਰੱਖਣ ਦੀ ਆਗਿਆ ਅਤੇ ਸਿੱਖ ਅੱਤਵਾਦੀਆਂ ਅਤੇ ਦਹਿਸ਼ਤਗਰਦਾਂ ਦਾ ਸਫਾਇਆ ਕਰਨ ਦੇ ਨਾਂ ਹੇਠ ਕਿਸੇ ਵੀ ਕਿਸਮ ਦੇ ਜੁਰਮ ਕਰਨ ਦੀ ਆਗਿਆ ਦਿੱਤੀ ਜਾਂਦੀ ਹੈ । ਉਨ੍ਹਾਂ ਨੂੰ ਨਾ ਗ੍ਰਿਫਤਾਰ ਕੀਤਾ ਜਾਂਦਾ ਹੈ, ਨਾ ਹੀ ਉਨ੍ਹਾਂ 'ਤੇ ਮੁਕੱਦਮਾ ਚਲਾ ਕੇ ਸਜ਼ਾਵਾਂ ਦਿੱਤੀਆਂ ਜਾਂਦੀਆਂ ਹਨ । ਇਨ੍ਹਾਂ ਵਿੱਚ ਅਖੌਤੀ 'ਵਿਰੋਧੀ' ਪਾਰਟੀਆਂ, ਸੀ.ਪੀ.ਆਈ.ਅਤੇ ਸੀ.ਪੀ.(ਐਮ) ਅਤੇ ਕਈ ਮਾਓਵਾਦੀ ਗਰੁੱਪ (ਜਿਨ੍ਹਾਂ 'ਚੋਂ ਕੁੱਝ ਮਾਰਕਸਵਾਦੀ-ਲੈਨਿਨਵਾਦੀ ਹੋਣ ਦਾ ਦਾਅਵਾ ਕਰਦੇ ਹਨ) ਸ਼ਾਮਲ ਹਨ । ਏਥੇ ਇਹ ਦੱਸ ਦੇਣਾ ਜ਼ਰੂਰੀ ਹੈ ਕਿ ਅਸਲੀ ਮਾਰਕਸਵਾਦੀਆਂ-ਲੈਨਿਨਵਾਦੀਆਂ ਨੂੰ ਕੇਂਦਰੀ ਸਰਕਾਰ ਅਤੇ ਵਿਰੋਧੀ ਪਾਰਟੀਆਂ ਰੱਜ ਕੇ ਸਤਾਉਂਦੀਆਂ ਹਨ, ਇਹ ਉਨ੍ਹਾਂ ਦੇ ਖ਼ੂਨ ਦੀਆਂ ਪਿਆਸੀਆਂ ਹਨ ਅਤੇ ਉਨ੍ਹਾਂ ਨੂੰ ਹਰ ਤਰ੍ਹਾਂ ਦੀਆਂ ਗਾਲ੍ਹਾਂ ਕੱਢਦੀਆਂ ਹਨ, ਉਨ੍ਹਾਂ ਨੂੰ "ਸਮਾਜ-ਵਿਰੋਧੀ", "ਦਹਿਸ਼ਤਗਰਦ", "ਅੱਤਵਾਦੀਏ", "ਪਾਕਿਸਤਾਨ ਦੇ ਏਜੰਟ", "ਸਾਮਰਾਜਵਾਦ ਦੇ ਏਜੰਟ" ਆਦਿ ਕਹਿੰਦੀਆਂ ਹਨ ।

ਇਸ ਤਰ੍ਹਾਂ ਇਹ ਸਾਫ ਦੇਖਿਆ ਜਾ ਸਕਦਾ ਹੈ ਕਿ ਪੰਜਾਬ ਦੋ ਧਿਰਾਂ ਵਿਚਾਲੇ ਵੰਡਿਆ ਹੋਇਆ ਹੈ । ਇੱਕ ਪਾਸੇ ਹਥਿਆਰਬੰਦ ਕੇਂਦਰੀ ਸਰਕਾਰ ਅਤੇ 'ਵਿਰੋਧੀ' ਪਾਰਟੀਆਂ ਹਨ, ਜਿਨ੍ਹਾਂ ਨੇ ਆਪਣੇ ਆਪ ਜੋ ਜੀ ਚਾਹੇ ਕਰਨ ਦਾ ਲਾਇਸੈਂਸ ਲਿਆ ਹੋਇਆ ਹੈ, ਦੂਸਰੇ ਪਾਸੇ, ਉਨ੍ਹਾਂ ਵਿਰੁੱਧ ਲੜਨ ਵਾਲੇ ਹਨ । ਪੰਜਾਬ ਦੀ ਹਾਲਤ ਨੂੰ ਚੰਗੀ ਤਰ੍ਹਾਂ ਸਮਝਣ ਲਈ ਇਸ ਹਕੀਕਤ ਨੂੰ ਮੰਨਣਾ ਬਹੁਤ ਜ਼ਰੂਰੀ ਹੈ । "ਸਿੱਖ ਅੱਤਵਾਦ" ਅਤੇ "ਦਹਿਸ਼ਤਵਾਦ" ਦੇ ਬਹਾਨੇ ਹੇਠ, ਕੇਂਦਰੀ ਸਰਕਾਰ ਜਾਬਰਾਂ ਨੂੰ ਹਥਿਆਰਬੰਦ ਕਰ ਰਹੀ ਹੈ ਅਤੇ ਉਨ੍ਹਾਂ ਨੂੰ ਮਨਮਾਨੀ ਕਰਨ ਦਾ ਲਾਇਸੈਂਸ ਦੇ ਰਹੀ ਹੈ, ਜਦਕਿ ਦੂਜੇ ਪਾਸੇ ਦੱਬੇ-ਕੁਚਲੇ ਲੋਕਾਂ ਨੂੰ ਨਿਹੱਥੇ ਕਰ ਰਹੀ ਹੈ ਅਤੇ ਵਿਰੋਧ ਕਰਨ ਵਾਲਿਆਂ ਨੂੰ ਕਤਲ ਕਰ ਰਹੀ ਹੈ ।

ਪੰਜਾਬ ਵਿੱਚ ਅੱਜ ਲਾਗੂ ਕੀਤੇ ਗਏ ਕਾਨੂੰਨ, ਮੱਧਯੁਗ ਦੇ ਜਾਬਰ ਕਾਨੂੰਨਾਂ ਦੀ ਯਾਦ ਦੁਆਉਂਦੇ ਹਨ। ਇਨ੍ਹਾਂ ਕਾਲੇ ਕਾਨੂੰਨਾਂ ਦਾ ਵਜੂਦ ਅਤੇ ਪੁਲਸ, ਅਰਧ-ਫੌਜੀ ਸ਼ਕਤੀਆਂ ਅਤੇ 'ਵਿਰੋਧੀ' ਪਾਰਟੀਆਂ ਵੱਲੋਂ ਕਾਨੂੰਨ ਦਾ ਸ਼ਰੇਆਮ ਉਲੰਘਣ, ਸਾਫ ਦਿਖਾਉਂਦਾ ਹੈ ਕਿ ਪੰਜਾਬ ਵਿੱਚ ਜਮਹੂਰੀਅਤ ਨਾਂ ਦੀ ਕੋਈ ਚੀਜ਼ ਨਹੀਂ । ਬੇਸ਼ੱਕ ਸੰਵਿਧਾਨ ਕਹਿੰਦਾ ਹੈ ਕਿ

Digitized by Panjab Digital Library | www.panjabdigilib.org

ਰੀਪਬਲਿਕ ਜਮਹੂਰੀ ਅਤੇ ਸਮਾਜਵਾਦੀ ਹੋਵੇਗੀ, ਪਰ ਅਸਲ ਵਿੱਚ ਅਜਿਹਾ ਨਹੀਂ ਹੈ ਅਤੇ ਰਾਜ ਹੁਣ ਇੱਕ ਅਰਧ-ਫਾਸ਼ੀ, ਲੋਕ-ਵਿਰੋਧੀ ਅਤੇ ਗੈਰ-ਜਮਹੂਰੀ ਰਾਜ ਹੈ ।

* * * * *

ਤਸੀਹੇ ਦੇਣ ਵਾਲੇ ਵੱਖ-ਵੱਖ ਕੈਂਪਾਂ ਵਿੱਚ ਪੁਲਸ ਸੈਂਕੜੇ ਹੀ ਬੰਦਿਆਂ ਨੂੰ ਤਸੀਹੇ ਦਿੰਦੀ ਹੈ । ਹਰ ਜ਼ਿਲ੍ਹੇ ਵਿੱਚ, ਪੰਜਾਬ ਦੇ ਬਹੁਤ ਸਾਰੇ ਰੈਸਟ ਹਾਊਸ ਤਸੀਹੇ ਦੇਣ ਵਾਲੇ ਕੇਂਦਰ ਬਣਾ ਦਿੱਤੇ ਗਏ ਹਨ । ਇਨ੍ਹਾਂ ਕੈਂਪਾਂ ਵਿੱਚ ਤਸੀਹੇ ਦੇਣ ਦਾ ਆਮ ਢੰਗ ਇਹ ਹੈ ਕਿ ਕੈਦੀਆਂ ਨੂੰ ਨੰਗੇ ਕਰਕੇ ਬੇਰਹਿਮੀ ਨਾਲ ਕੁੱਟਿਆ ਜਾਂਦਾ ਹੈ ਅਤੇ ਸੌਣ ਨਹੀਂ ਦਿੱਤਾ ਜਾਂਦਾ । ਬਿਜਲੀ ਦੇ ਝਟਕੇ ਲਾਏ ਜਾਂਦੇ ਹਨ ਅਤੇ ਉਨ੍ਹਾਂ ਦੇ ਗੁਪਤ ਅੰਗਾਂ ਵਿੱਚ ਮਿਰਚਾਂ ਪਾਈਆਂ ਜਾਂਦੀਆਂ ਹਨ । ਉਨ੍ਹਾਂ ਨੂੰ ਘੋਟਣਾ ਵੀ ਲਾਇਆ ਜਾਂਦਾ ਹੈ । ਇਹ ਇਨ੍ਹਾਂ ਕੈਂਪਾਂ ਵਿੱਚ ਇਸਤੇਮਾਲ ਕੀਤੇ ਜਾਂਦੇ ਕੁੱਝ ਕੁ ਢੰਗ ਹਨ ਅਤੇ ਜਦ ਕੋਈ ਬੰਦਾ ਬੇਹੋਸ਼ ਹੋ ਜਾਂਦਾ ਹੈ ਅਤੇ ਜ਼ਿਆਦਾ ਸੱਟਾਂ ਕਾਰਨ ਉਸਦੇ ਬਚਣ ਦੀ ਉਮੀਦ ਨਹੀਂ ਰਹਿੰਦੀ ਤਾਂ ਉਸਨੂੰ ਕਤਲ ਕਰਕੇ "ਮੁਕਾਬਲੇ" ਵਿੱਚ ਮਾਰਿਆ ਗਿਆ ਕਰਾਰ ਦੇ ਦਿੱਤਾ ਜਾਂਦਾ ਹੈ ।

ਨਵੰਬਰ, 1985 ਵਿੱਚ, ਪੰਜਾਬ ਸਰਕਾਰ ਨੇ ਜੋਧਪੁਰ ਦੇ ਨਜ਼ਰਬੰਦਾਂ ਨੂੰ ਤਸੀਹੇ ਦਿੱਤੇ ਜਾਣ ਦੇ ਇਲਜ਼ਾਮਾਂ ਦੀ ਪੜਤਾਲ ਕਰਨ ਲਈ ਟਿਵਾਣਾ ਕਮਿਸ਼ਨ ਨਿਯੁਕਤ ਕੀਤਾ । ਜੋਧਪੁਰ ਲਿਜਾਏ ਜਾਣ ਤੋਂ ਪਹਿਲਾਂ, ਨਜ਼ਰਬੰਦਾਂ ਨੂੰ ਨਾਭਾ ਜੇਲ੍ਹ ਵਿੱਚ ਰੱਖਿਆ ਗਿਆ ਸੀ । ਦਸੰਬਰ 1984 ਵਿੱਚ, ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਜੱਜ, ਜਸਟਿਸ ਐਸ.ਐਸ.ਸੋਢੀ ਨੇ ਨਾਭਾ ਜੇਲ੍ਹ ਦਾ ਦੌਰਾ ਕੀਤਾ, ਜਿੱਥੇ ਕੁੱਝ ਨਜ਼ਰਬੰਦਾਂ ਨੇ ਤਸੀਹੇ ਦਿੱਤੇ ਜਾਣ ਬਾਰੇ ਸ਼ਿਕਾਇਤ ਕੀਤੀ । ਉਸ ਨੇ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ, ਟੀ.ਐਸ.ਚੀਮਾ ਨੂੰ ਇਲਜ਼ਾਮਾਂ ਦੀ ਤਪਤੀਸ਼ ਕਰਨ ਦਾ ਆਦੇਸ਼ ਦਿੱਤਾ । ਜੱਜ ਟੀ.ਐਸ.ਚੀਮਾ ਨੇ ਪਤਾ ਲਾਇਆ ਕਿ ਇਲਜ਼ਾਮ ਸਹੀ ਸਨ, ਕਿ ਨਜ਼ਰਬੰਦਾਂ ਨੂੰ ਟੋਲੀਆਂ ਵਿੱਚ ਸੰਗਰੂਰ ਜ਼ਿਲ੍ਹੇ ਵਿੱਚ ਲੱਡਾ ਕੋਠੀ ਲਿਜਾਇਆ ਗਿਆ ਸੀ, ਜਿੱਥੇ ਉਨ੍ਹਾਂ ਨੂੰ ਤਰ੍ਹਾਂ-ਤਰ੍ਹਾਂ ਦੇ ਤਸੀਹੇ ਦਿੱਤੇ ਗਏ ਸਨ, ਜਿਵੇਂ ਕਿ ਬਿਜਲੀ ਦੇ ਝਟਕੇ ਲਾਉਣਾ, ਕੁੱਟ-ਮਾਰ ਕਰਨਾ ਆਦਿ ।

ਜਸਟਿਸ ਸੀ.ਐਸ.ਟਿਵਾਣਾ ਨੇ ਆਪਣੀ ਰਿਪੋਰਟ ਵਿੱਚ ਕਿਹਾ : "ਕਈਆਂ ਬੰਦਿਆਂ ਦੀ ਗ੍ਰਿਫਤਾਰੀ ਗੈਰ-ਕਾਨੂੰਨੀ ਹੋਣ ਕਰਕੇ ਅਤੇ ਉਨ੍ਹਾਂ 'ਚੋਂ ਕਿਸੇ ਨੂੰ ਵੀ ਗ੍ਰਿਫਤਾਰੀ ਤੋਂ ਬਾਅਦ 24 ਘੰਟਿਆਂ ਦੇ ਅੰਦਰ-ਅੰਦਰ ਇੱਕ ਮੈਜਿਸਟ੍ਰੇਟ ਸਾਹਮਣੇ ਪੇਸ਼ ਨਾ ਕੀਤਾ ਗਿਆ ਹੋਣ ਕਰਕੇ, ਸਰਕਾਰ ਨੇ ਸੋਚਿਆ ਕਿ ਨੈਸ਼ਨਲ ਸਕਿਉਰਟੀ ਐਕਟ ਅਧੀਨ ਗ੍ਰਿਫਤਾਰੀ ਦੇ ਹੁਕਮ ਜਾਰੀ ਕਰਨਾ ਬੇਹਤਰ ਹੈ । ਇਸ ਤਰੀਕੇ ਨਾਲ ਉਹ ਕਿਸੇ ਵੀ ਵਿਅਕਤੀ ਨੂੰ, ਨੈਸ਼ਨਲ ਸਕਿਉਰਟੀ ਐਕਟ ਦੇ ਸੈਕਸ਼ਨ 3 ਦੇ ਉਪ-ਸੈਕਸ਼ਨ 3 ਨੂੰ ਹਿੰਦੁਸਤਾਨੀ ਸੰਵਿਧਾਨ ਦੀ ਧਾਰਾ ਨਾਲ ਮਿਲਾ ਕੇ ਪੜ੍ਹਨ ਮੁਤਾਬਕ, ਤਿੰਨ ਮਹੀਨੇ ਤੱਕ ਨਜ਼ਰਬੰਦ ਰੱਖ ਸਕਦੇ ਸਨ । ਮੇਰਾ ਖਿਆਲ ਹੈ ਕਿ ਸਰਕਾਰ ਨੇ ਅਜਿਹਾ ਫੈਸਲਾ ਇਸ ਲਈ ਲਿਆ ਤਾਂ ਜੋ ਨਜ਼ਰਬੰਦਾਂ ਨੂੰ ਤਸੀਹੇ ਦੇ ਕੇ ਪਤਾ ਲਾਇਆ ਜਾ ਸਕੇ ਕਿ ਕੀ ਉਨ੍ਹਾਂ 'ਚੋਂ ਕਿਸੇ ਨੂੰ ਕਿਸੇ ਮੁਜਰਮਾਨਾ ਅਪਰਾਧ 'ਚ ਫਸਾਇਆ ਜਾ ਸਕਦਾ ਹੈ ਇਸ ਲਈ ਨਜ਼ਰਬੰਦਾਂ ਨੂੰ ਲੱਡਾ ਕੋਠੀ ਲਿਜਾ ਕੇ ਤਸੀਹੇ ਦੇਣ ਦੀ ਲੋੜ ਪਈ । ਜਿਹੜੇ ਬੰਦਿਆਂ ਨੂੰ ਕਿਸੇ ਵੀ ਜੁਰਮ ਵਿੱਚ ਫਸਾਇਆ ਨਾ ਜਾ ਸਕਿਆ । ਉਨ੍ਹਾਂ ਉੱਤੇ ਰਾਜ ਵਿਰੁੱਧ ਵਿਦਰੋਹ ਕਰਨ ਦਾ ਦੋਸ਼ ਮੜ੍ਹ ਦਿੱਤਾ ਗਿਆ । ਇਸ ਤਰੀਕੇ ਨਾਲ, ਹਰਿਮੰਦਰ ਸਾਹਿਬ ਤੋਂ ਜਾਂ ਹੋਰ ਗੁਰਦੁਆਰਿਆਂ ਤੋਂ ਗ੍ਰਿਫਤਾਰ ਕੀਤੇ ਗਏ ਬੰਦਿਆਂ

Digitized by Panjab Digital Library | www.panjabdigilib.org

ਨੂੰ ਤਸੀਹੇ ਦਿੱਤੇ ਜਾਣ ਦਾ ਮਨੋਰਥ ਬਿਲਕੁੱਲ ਸਾਫ ਹੈ ।''

ਜਸਟਿਸ ਸੀ.ਐਸ.ਟਿਵਾਣਾ ਨੇ ਤਸੀਹੇ ਦੇਣ ਦੇ ਦੋਸ਼ੀ ਪੁਲਸ ਅਫਸਰਾਂ ਦੇ ਨਾਂ ਵੀ ਦੱਸੇ । ਉਸ ਨੇ ਸਿਫਾਰਸ਼ ਕੀਤੀ ਕਿ ਜਿਨ੍ਹਾਂ ਨਜ਼ਰਬੰਦਾਂ ਨੂੰ ਤਸੀਹੇ ਦਿੱਤੇ ਗਏ ਸਨ ਉਨ੍ਹਾਂ ਨੂੰ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ ਅਤੇ ਤਸੀਹੇ ਦੇਣ ਦੇ ਦੋਸ਼ੀ ਪੁਲਸ ਅਫਸਰਾਂ ਨੂੰ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ । ਰਿਪੋਰਟ ਵਿੱਚ ਕਿਹਾ ਗਿਆ, ''ਇਹ ਜਾਂਚ-ਪੜਤਾਲ ਇੱਕ ਵਿਸ਼ੇਸ਼ ਅਰਸੇ ਮੁਤੱਲਕ ਕੀਤੀ ਗਈ ਹੈ । ਇਸ ਦਾ ਅਰਥ ਇਹ ਨਹੀਂ ਕਿ ਉਸ ਅਰਸੇ ਤੋਂ ਪਹਿਲਾਂ ਜਾਂ ਬਅਦ ਵਿੱਚ ਨਜ਼ਰਬੰਦਾਂ ਨੂੰ ਤਸੀਹੇ ਨਹੀਂ ਦਿੱਤੇ ਗਏ । ਇਸ ਤਰ੍ਹਾਂ ਲੱਗਦਾ ਹੈ ਕਿ ਲੱਡਾ ਕੋਠੀ ਵਿੱਚ ਇੰਟੈਰੋਗੇਸ਼ਨ ਸੈਂਟਰ ਨੂੰ ਇੱਕ ਜੇਲ੍ਹ ਕਰਾਰ ਦੇਣ ਦਾ ਇੱਕੋ-ਇੱਕ ਉਦੇਸ਼ ਉੱਥੇ ਤਾਇਨਾਤ ਪੁਲਸ ਅਫਸਰਾਂ ਵੱਲੋਂ ਨਜ਼ਰਬੰਦਾਂ ਨੂੰ ਤਸੀਹੇ ਦੇਣਾ ਸੀ । ਇਸ ਤਰ੍ਹਾਂ ਜੇਲ੍ਹ ਦੇ ਨਜ਼ਰਬੰਦਾਂ ਨੂੰ ਤਸੀਹੇ 31-5-84 ਤੋਂ 31-3-85 ਤੱਕ ਦਿੱਤੇ ਗਏ ਸਨ ।''

ਰਿਪੋਰਟ ਵਿੱਚ ਹੋਰ ਕਿਹਾ ਗਿਆ, ''ਇਸ ਤਰ੍ਹਾਂ ਐਸੇ 20 ਅਫਸਰ ਹਨ ਜਿਨ੍ਹਾਂ ਵਿਰੁੱਧ ਕਾਰਵਾਈ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਮੇਰੀ ਸਿਫਾਰਸ਼ ਹੈ ਕਿ ਸੂਬਾਈ ਸਰਕਾਰ ਨੂੰ ਉਨ੍ਹਾਂ ਵਿਰੁੱਧ, ਪੰਜਾਬ ਸਿਵਲ ਸਰਵਿਸਿਜ਼ (ਪਨਸ਼ਮੈਂਟ ਐਂਡ ਅਪੀਲ) ਰੂਲਜ਼, 1970 ਦੇ ਤਹਿਤ, ਕਾਰਵਾਈ ਕਰਨੀ ਚਾਹੀਦੀ ਹੈ ।''

ਸੈਂਕੜੇ ਹੀ ਲੋਕਾਂ ਨੂੰ ਝੂਠੇ ਮੁਕਾਬਲਿਆਂ ਵਿੱਚ ਮਾਰ ਦਿੱਤਾ ਗਿਆ ਹੈ, ਜਦ ਕਿ ਹਜ਼ਾਰਾਂ ਹੀ, ਚਾਰ-ਚਾਰ ਸਾਲ ਤੋਂ, ਬਿਨਾਂ ਕੋਈ ਮੁਕੱਦਮਾ ਚਲਾਏ ਜੇਲ੍ਹਾਂ ਵਿੱਚ ਡੱਕੇ ਹੋਏ ਹਨ । 1975 ਵਿੱਚ ਵੀ ਐਮਰਜੈਂਸੀ ਲਾਈ ਗਈ ਸੀ, ਜਦ ਸੈਂਕੜੇ ਹੀ ਲੋਕ ਬਿਨਾਂ ਕਿਸੇ ਦੋਸ਼ ਤੋਂ ਜੇਲ੍ਹਾਂ ਵਿੱਚ ਡੱਕ ਦਿੱਤੇ ਗਏ ਸਨ । ਹੁਣੇ ਜਿਹੇ, ਸੰਵਿਧਾਨ ਵਿੱਚ ਇੱਕ ਤਰਮੀਮ ਕਰਕੇ, ਪੰਜਾਬ ਵਿੱਚ ਐਮਰਜੈਂਸੀ ਲਾਉਣ ਦਾ ਇੰਤਜ਼ਾਮ ਕੀਤਾ ਗਿਆ ਹੈ ।

ਪੰਜਾਬ ਹਿਊਮਨ ਰਾਈਟਸ ਆਰਗੇਨਾਈਜ਼ੇਸ਼ਨ ਨੇ ਵੀ ਝੂਠੇ ਪੁਲਸ ਮੁਕਾਬਲਿਆਂ ਦੇ ਕੁੱਝ ਕੇਸਾਂ ਦੀ ਪੜਤਾਲ ਕੀਤੀ ਸੀ, ਅਤੇ ਇਸ ਨੇ ਪਤਾ ਲਾਇਆ ਕਿ ਬੰਦਿਆਂ ਨੂੰ ਪਹਿਲਾਂ ਗ੍ਰਿਫਤਾਰ ਕੀਤਾ ਗਿਆ, ਤਸੀਹੇ ਦਿੱਤੇ ਗਏ ਅਤੇ ਫਿਰ ਪੁਲਸ ਹਿਰਾਸਤ ਵਿੱਚ ਕਤਲ ਕਰ ਦਿੱਤਾ ਗਿਆ ।

ਪੰਜਾਬ ਹਿਊਮਨ ਰਾਈਟਸ ਆਰਗੇਨਾਈਜ਼ੇਸ਼ਨ ਦੀ ਰਿਪੋਰਟ ਹੈ ਕਿ ਸਰਕਾਰ ਨੇ ਕੁੱਝ ਕੈਦ ਭੁਗਤ ਰਹੇ ਬਦਮਾਸ਼ਾਂ ਨੂੰ ਜੇਲ੍ਹਾਂ 'ਚੋਂ ਛੱਡਿਆ ਹੋਇਆ ਹੈ । ਉਨ੍ਹਾਂ ਨੂੰ ਗੱਡੀਆਂ, ਸ਼ਨਾਖਤੀ ਕਾਰਡ ਅਤੇ ਹਥਿਆਰ ਦੇ ਕੇ ਪੰਜਾਬ ਵਿੱਚ ਕਤਲ ਕਰਨ ਲਈ ਭੇਜਿਆ ਹੋਇਆ ਹੈ । ਅਖਬਾਰਾਂ ਵਿੱਚ ਛਪੀਆਂ ਖਬਰਾਂ ਜ਼ਾਹਿਰ ਕਰਦੀਆਂ ਹਨ ਕਿ ਇਨ੍ਹਾਂ ਚੰਡਾਲਾਂ ਨੂੰ ਪ੍ਰਧਾਨ ਮੰਤਰੀ ਅਤੇ ਪੰਜਾਬ ਗਵਰਨਰ ਦੇ ਸਲਾਹਕਾਰ ਦਾ ਅਸ਼ੀਰਵਾਦ ਮਿਲਿਆ ਹੋਇਆ ਹੈ । ਇਸ ਤੋਂ ਇਲਾਵਾ, ਪੰਜਾਬ ਹਿਊਮਨ ਰਾਈਟਸ ਆਰਗੇਨਾਈਜ਼ੇਸ਼ਨ ਨੂੰ ਇਕ ਕਿਸਮ ਦੇ ਸਬੂਤ ਮਿਲੇ ਹਨ, ਜਿਨ੍ਹਾਂ ਤੋਂ ਇਹ ਅੰਦਾਜ਼ਾ ਹੁੰਦਾ ਹੈ ਕਿ ਅੰਮ੍ਰਿਤਸਰ ਦੇ ਐਸ.ਐਸ.ਪੀ. ਇਜ਼ਹਾਰ ਆਲਮ, ਦੀ ਨਿਗਰਾਨੀ ਹੇਠ ਕੰਮ ਕਰਨ ਵਾਲੇ ਚੰਡਾਲਾਂ ਦਾ ਚੌਕੜੀ, ਆਪਣੀਆਂ ਦਹਿਸ਼ਤਗਰਦ ਕਾਰਵਾਈਆਂ ਹਰਿਮੰਦਰ ਸਾਹਿਬ ਕੰਪਲੈਕਸ ਵਿੱਚੋਂ ਚਲਾਉਂਦੀ ਸੀ ।[10]

10. ਪੰਜਾਬ ਬੁਲਡੋਜ਼ਡ (ਲੁਧਿਆਣਾ: ਪੰਜਾਬ ਦੀ ਮਨੁੱਖੀ ਹੱਕਾਂ ਬਾਰੇ ਜਥੇਬੰਦੀ 1988) ਸਫਾ 17-18

Digitized by Panjab Digital Library | www.panjabdigilib.org

ਪੁਲਸ ਵੱਲੋਂ ਕਤਲ ਅਤੇ ਹਨ੍ਹੇਰਗਰਦੀ ਏਨੀ ਆਮ ਹੋ ਗਈ ਹੈ ਕਿ ਜ਼ਿਲ੍ਹਾ ਅਧਿਕਾਰੀਆਂ ਨੇ ਇਨ੍ਹਾਂ ਬਾਰੇ ਆਪਣੇ ਵਡੇਰੇ ਅਫਸਰਾਂ ਕੋਲ ਸ਼ਿਕਾਇਤਾਂ ਕੀਤੀਆਂ ਹਨ । ਪੰਜਾਬ ਦੇ ਮੁੱਖ ਸਕੱਤਰ ਨੂੰ 7 ਮਈ, 1987 ਨੂੰ ਲਿਖੇ ਇੱਕ ਖਤ ਵਿੱਚ, ਲੁਧਿਆਣਾ ਦੇ ਡਿਪਟੀ ਕਮਿਸ਼ਨਰ ਨੇ, ਪੁਲਸ ਦੀ ''ਬੇ-ਹਿਸਾਬ ਅਤੇ ਬੇਲਗਾਮ ਸ਼ਕਤੀ'' ਬਾਰੇ ਸ਼ਿਕਾਇਤ ਕੀਤੀ ਸੀ । ਉਸ ਨੇ ਆਪਣੇ ਜ਼ਿਲ੍ਹੇ ਵਿੱਚ ਪੁਲਸ ਵੱਲੋਂ ਕੁੱਟ-ਮਾਰ, ਡਾਕਿਆਂ ਅਤੇ ਹੋਰ ਗੈਰ-ਕਾਨੂੰਨੀ ਕੰਮਾਂ ਦੀਆਂ ਮਿਸਾਲਾਂ ਦਿੱਤੀਆਂ । ਇੱਕ ਵਾਕਿਅਤ ਵਿੱਚ, ਉਹ ਦੱਸਦਾ ਹੈ ਕਿ ਇੱਕ ਐਸ.ਐਚ.ਓ. ਨੇ ਇੱਕ ਜਗ੍ਹਾ ਖੇਡ ਰਹੇ 50-60 ਬੱਚੇ ਗ੍ਰਿਫਤਾਰ ਕਰ ਲਏ ਅਤੇ ਉਨ੍ਹਾਂ ਨੂੰ 18 ਘੰਟੇ ਬੰਦ ਰੱਖਿਆ । ਲੁਧਿਆਣਾ ਰੇਲਵੇ ਸਟੇਸ਼ਨ ਤੋਂ ਗੱਡੀਆਂ ਵਿੱਚ ਚੜ੍ਹਨ ਜਾਂ ਉਤਰਨ ਵਾਲੇ ਮੁਸਾਫਰਾਂ ਨੂੰ ਪੁਲਸ ਆਮ ਤੌਰ 'ਤੇ ਲੁੱਟ ਲੈਂਦੀ ਹੈ। ਇੱਕ ਵਾਕਿਆ ਵਿੱਚ, ਲੋਕਾਂ ਦੇ ਗੁੱਸੇ ਤੋਂ ਡਰਦਿਆਂ ਸੀ.ਆਰ.ਪੀ. ਨੂੰ ਇੱਕ ਮੁਸਾਫਰ ਤੋਂ ਲੁੱਟੇ 70,000 ਰੁਪਏ ਉਹਨੂੰ ਵਾਪਿਸ ਕਰਨੇ ਪਏ । ਉਹ ਕਹਿੰਦਾ ਹੈ ਕਿ ਪੁਲਸ ਆਮ ਤੌਰ 'ਤੇ, ਮਾੜੇ-ਮੋਟੇ ਅਤੇ ਮਨਘੜਤ ਬਹਾਨਿਆਂ ਹੇਠ ਵੀ, ਲੋਕਾਂ ਨੂੰ ਦਹਿਸ਼ਤਵਾਦੀ ਕਾਨੂੰਨ ਅਧੀਨ ਬੰਦ ਕਰ ਦਿੰਦੀ ਹੈ ।

Digitized by Panjab Digital Library | www.panjabdigilib.org

## ਕਾਂਡ ਚਾਰ

# ਹਕੂਮਤ ਦੀ ਦਹਿਸ਼ਤਗਰਦੀ

**ਹਮ ਆਹ ਭੀ ਭਰਤੇਂ ਹੈ, ਤੋ ਹੋ ਜਾਤੇ ਹੈਂ ਬਦਨਾਮ,**
**ਵੁਹ ਕਤਲ ਭੀ ਕਰਤੇਂ ਹੈਂ, ਤੋ ਚਰਚਾ ਨਹੀਂ ਹੋਤੀ ।**

ਰਾਜੀਵ-ਲੌਂਗੋਵਾਲ ਸਮਝੌਤੇ 'ਤੇ ਚਲਦਿਆਂ, ਪੰਜਾਬ ਵਿੱਚ ਸਤੰਬਰ, 1985 ਵਿੱਚ ਚੋਣਾਂ ਕਰਵਾਈਆਂ ਗਈਆਂ । ਅਕਾਲੀ ਪਾਰਟੀ ਨੇ ਅਸੰਬਲੀ ਦੀਆਂ ਦੋ-ਤਿਹਾਈ ਸੀਟਾਂ ਜਿੱਤੀਆਂ ਅਤੇ ਸ: ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਹੇਠ ਆਪਣੀ ਸਰਕਾਰ ਬਣਾ ਲਈ । ਇਸ ਤੋਂ ਪਹਿਲਾਂ ਸ: ਬਰਨਾਲਾ ਨੂੰ, ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਕਤਲ ਤੋਂ ਬਾਅਦ, ਅਕਾਲੀ ਦਲ ਦਾ ਪ੍ਰਧਾਨ ਵੀ ਚੁਣ ਲਿਆ ਗਿਆ ਸੀ । ਮੁੱਖ ਮੰਤਰੀ ਬਣਨ ਤੋਂ ਬਾਅਦ ਉਹਨੇ ਮੇਰੀ ਚੇਅਰਮੈਨਸ਼ਿਪ ਹੇਠ ਇੱਕ ਕਮੇਟੀ ਬਣਾਈ, ਜਿਸ ਨੂੰ ਨਜ਼ਰਬੰਦਾਂ, ਕੈਦੀਆਂ, ਜਿਨ੍ਹਾਂ 'ਤੇ ਮੁਕੱਦਮੇ ਚੱਲ ਰਹੇ ਸਨ, ਅਤੇ 1981 ਤੋਂ ਸਤੰਬਰ 1985 ਤੱਕ ਸਿਆਸੀ ਐਜੀਟੇਸ਼ਨ ਵਿੱਚ ਗ੍ਰਿਫਤਾਰ ਹੋਏ ਸਭ ਬੰਦਿਆਂ ਦੇ ਕੇਸਾਂ ਦਾ ਦੁਬਾਰਾ ਨਿਰੀਖਣ (ਰੀਵੀਊ) ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ । ਇਸ ਕਮੇਟੀ ਵਿੱਚ ਚਾਰ ਮੈਂਬਰ ਸਨ । ਮੇਰੇ ਤੋਂ ਇਲਾਵਾ, ਇਸ ਵਿੱਚ ਜਲੰਧਰ ਦੇ ਉੱਘੇ ਵਕੀਲ, ਸ੍ਰੀ ਲਾਲ ਚੰਦ ਸੱਭਰਵਾਲ, ਪੰਜਾਬ ਦੇ ਐਡਵੋਕੇਟ ਜਨਰਲ, ਸ: ਗੁਰਦਰਸ਼ਨ ਸਿੰਘ ਗਰੇਵਾਲ ਅਤੇ ਪ੍ਰਾਸੀਕਿਊਸ਼ਨ ਦੇ ਜਾਇੰਟ ਡਾਇਰੈਕਟਰ ਸ੍ਰੀ ਐਮ.ਆਰ.ਮਿੱਢਾ ਸ਼ਾਮਲ ਸਨ ।

ਇਹ ਕਮੇਟੀ ਅਕਤੂਬਰ, 1985 ਦੇ ਪਹਿਲੇ ਹਫਤੇ ਵਿੱਚ ਨਿਯੁਕਤ ਕੀਤੀ ਗਈ ਸੀ ਅਤੇ ਇਸ ਨੇ ਉਸੇ ਦਿਨ ਆਪਣਾ ਕੰਮ ਸ਼ੁਰੂ ਕਰ ਦਿੱਤਾ । ਇਸਨੇ ਫੈਸਲਾ ਕੀਤਾ ਕਿ ਨਿਰੀਖਣ ਦੇ ਕੰਮ ਨੂੰ ਤੇਜ਼ ਕਰਨ ਲਈ, ਇਸ ਨੂੰ ਪਹਿਲਾਂ ਪੰਜਾਬ ਦੇ ਹਰ ਜ਼ਿਲ੍ਹੇ ਦੇ ਪੁਲਸ ਅਧਿਕਾਰੀਆਂ ਨੂੰ ਸੁਣਨਾ ਚਾਹੀਦਾ ਹੈ ਅਤੇ ਇਹ ਕੰਮ ਅੰਮ੍ਰਿਤਸਰ ਜ਼ਿਲ੍ਹੇ ਤੋਂ ਸ਼ੁਰੂ ਕੀਤਾ, ਕਿਉਂਕਿ ਜ਼ਿਆਦਾਤਰ ਨਜ਼ਰਬੰਦ ਅਤੇ ਪੀੜਤ ਵਿਅਕਤੀ ਉਸੇ ਜ਼ਿਲ੍ਹੇ 'ਚੋਂ ਸਨ । ਕਮੇਟੀ ਨੇ ਪੁਲਸ ਅਧਿਕਾਰੀਆਂ ਅਤੇ ਜ਼ਿਲ੍ਹੇ ਦੇ ਸਰਕਾਰੀ ਵਕੀਲ ਨੂੰ ਉਨ੍ਹਾਂ ਸਭ ਉੱਤੇ ਲਾਏ ਗਏ ਦੋਸ਼ਾਂ ਮਤੱਲਕ ਸਮੱਗਰੀ ਪੇਸ਼ ਕਰਨ ਲਈ ਕਿਹਾ ਜਿਨ੍ਹਾਂ ਉੱਤੇ ਮੁਕੱਦਮੇ ਚੱਲ ਰਹੇ ਸਨ ਜਾਂ ਜਿਨ੍ਹਾਂ ਬਾਰੇ ਤਪਤੀਸ਼ ਕੀਤੀ ਜਾ ਰਹੀ ਸੀ । ਏਸੇ ਤਰ੍ਹਾਂ, ਇਸ ਨੇ ਹੋਰ ਜ਼ਿਲ੍ਹਿਆਂ ਦੇ ਵੀ ਸਭ ਨਜ਼ਰਬੰਦਾਂ ਦੇ ਕੇਸਾਂ ਦੀ ਜਾਂਚ-ਪੜਤਾਲ ਕੀਤੀ ਅਤੇ ਰੀਵੀਊ ਦਾ ਜ਼ਿਆਦਾਤਰ ਕੰਮ ਤਕਰੀਬਨ ਇੱਕ ਮਹੀਨੇ ਵਿੱਚ ਮੁਕਾ ਲਿਆ ਸੀ । ਇਸ ਨੇ ਕਰੀਬ 6000 ਨਜ਼ਰਬੰਦਾਂ ਨੂੰ ਬਰੀ ਕਰਨ ਦੀ ਸਿਫਾਰਸ਼ ਕੀਤੀ, ਜਿਨ੍ਹਾਂ ਵਿਰੁੱਧ ਕੋਈ ਮੰਨਣਯੋਗ ਸਬੂਤ ਨਹੀਂ ਸਨ, ਅਤੇ ਫੈਸਲਾ ਦਿੱਤਾ ਕਿ ਉਨ੍ਹਾਂ ਨੂੰ ਝੂਠੇ ਕੇਸਾਂ ਵਿੱਚ ਫਸਾਇਆ ਗਿਆ ਹੈ ਅਤੇ ਉਨ੍ਹਾਂ ਉੱਤੇ ਲਾਏ ਗਏ ਦੋਸ਼ ਮਨਘੜਤ ਸਨ ।

ਕਮੇਟੀ ਸਾਹਮਣੇ ਪੇਸ਼ ਹੋਣ ਵਾਲੇ ਪੁਲਸ ਅਧਿਕਾਰੀਆਂ ਨੇ ਮੰਨਿਆ ਕਿ ਜ਼ਿਆਦਾਤਰ

Digitized by Panjab Digital Library | www.panjabdigilib.org

ਕੇਸ ਮਨਘੜਤ ਸਨ, ਖਾਸ ਕਰ ਕਥਿਤ ਪੁਲਸ ਮੁਕਾਬਲਿਆਂ ਦੇ ਕੇਸ । ਅੰਮ੍ਰਿਤਸਰ ਵਿੱਚ, ਓਪਰੇਸ਼ਨ ਬਲਿਊ ਸਟਾਰ ਤੋਂ ਪਹਿਲਾਂ ਹੋਏ ਹਰਬੰਸ ਲਾਲ ਖੰਨਾ ਦੇ ਕਤਲ ਵਰਗੇ ਗੰਭੀਰ ਕੇਸਾਂ ਵਿੱਚ ਵੀ ਪੁਲਸ ਅਧਿਕਾਰੀਆਂ ਨੇ ਮੰਨਿਆ ਕਿ ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਨਿਰਦੋਸ਼ ਸਨ । ਏਸੇ ਤਰ੍ਹਾਂ ਲੁਧਿਆਣਾ ਜ਼ਿਲ੍ਹੇ ਦੇ ਐਸ.ਐਸ.ਪੀ.ਪਾਂਡੇ ਨੂੰ ਕਤਲ ਕਰਨ ਦੇ ਯਤਨ ਦੇ ਕੇਸ ਵਿੱਚ ਵੀ ਅਧਿਕਾਰੀਆਂ ਨੇ ਮੰਨਿਆ ਕਿ ਫੜੇ ਗਏ ਬੰਦੇ ਨਿਰਦੋਸ਼ ਸਨ । ਅਜਿਹੇ ਅਨੇਕਾਂ ਹੀ ਗੰਭੀਰ ਕੇਸ ਸਨ ਜਿਨ੍ਹਾਂ ਬਾਰੇ ਪੁਲਸ ਅਧਿਕਾਰੀਆਂ ਨੇ ਮੰਨਿਆ ਕਿ ਮੁਲਜ਼ਮਾਂ ਵਿਰੁੱਧ ਕੋਈ ਵੀ ਸਬੂਤ ਨਹੀਂ ਸਨ । ਕਮੇਟੀ ਨੇ, ਪੱਤਰਕਾਰ ਬ੍ਰਾਹਮ ਚਿਲਾਨੀ ਦਾ ਕੇਸ ਵੀ ਦੇਖਿਆ, ਜਿਸ ਉੱਤੇ ਉਸ ਵੱਲੋਂ ਓਪਰੇਸ਼ਨ ਬਲਿਊ ਸਟਾਰ ਬਾਰੇ ਲਿਖੀਆਂ ਰਿਪੋਰਟਾਂ ਕਾਰਨ ਦੇਸ਼-ਧ੍ਰੋਹੀ ਦਾ ਇਲਜ਼ਾਮ ਲਾਇਆ ਗਿਆ ਸੀ । ਏਸੇ ਤਰ੍ਹਾਂ ਇਸ ਨੇ ਝੂਠੇ ਮੁਕਾਬਲਿਆਂ ਦੇ ਕਈ ਹੋਰ ਕੇਸ ਦੇਖੇ, ਜਿਵੇਂ ਕਿ ਓਪਰੇਸ਼ਨ ਬਲਿਊ ਸਟਾਰ ਤੋਂ ਪਹਿਲਾਂ ਅੰਮ੍ਰਿਤਸਰ ਨੇੜੇ ਮਾਨਾਂਵਾਲਾ ਵਿਖੇ ਜੀਪ ਉੱਤੇ ਕਥਿਤ ਹਮਲੇ ਦਾ ਕੇਸ ਸੀ ।

ਕਮੇਟੀ ਨੇ ਜੋਧਪੁਰ ਦੇ ਨਜ਼ਰਬੰਦਾਂ ਦੇ ਕੇਸਾਂ ਦੀ ਵੀ ਜਾਂਚ-ਪੜਤਾਲ ਕੀਤੀ ਅਤੇ ਸਰਬ ਸੰਮਤੀ ਨਾਲ ਉਨ੍ਹਾਂ ਦੀ ਰਿਹਾਈ ਦੀ ਸਿਫਾਰਸ਼ ਕੀਤੀ । ਦਰਅਸਲ, ਕਮੇਟੀ ਦੀਆਂ ਸਾਰੀਆਂ ਹੀ ਸਿਫਾਰਸ਼ਾਂ ਸਰਬ-ਸੰਮਤੀ ਨਾਲ ਕੀਤੀਆਂ ਗਈਆਂ ਸਨ । ਕਿਸੇ ਇੱਕ ਕੇਸ ਵਿੱਚ ਵੀ ਕੋਈ ਦੋ ਰਾਵਾਂ ਨਹੀਂ ਸਨ । ਕਮੇਟੀ ਨੇ ਸਿਰਫ ਪੁਲਸ ਅਧਿਕਾਰੀਆਂ ਅਤੇ ਜ਼ਿਲ੍ਹਿਆਂ ਦੇ ਸਰਕਾਰੀ ਵਕੀਲਾਂ ਤੋਂ ਹੀ ਪੁੱਛ-ਗਿੱਛ ਕੀਤੀ ਅਤੇ ਨਜ਼ਰਬੰਦਾਂ ਜਾਂ ਕਿਸੇ ਵੀ ਹੋਰ ਨੂੰ ਨਹੀਂ ਸੁਣਿਆ, ਕਿਉਂਕਿ ਇਸ ਨੇ ਫੈਸਲਾ ਕੀਤਾ ਸੀ ਕਿ ਬਾਕੀਆਂ ਨੂੰ ਸਿਰਫ ਤਾਂ ਹੀ ਸੁਣਿਆ ਜਾਵੇਗਾ ਜੇਕਰ ਇਹ ਮੁਦੱਈ ਧਿਰ ਵਲੋਂ ਮੁਲਜ਼ਮਾਂ ਦੇ ਅਪਰਾਧਾਂ ਬਾਰੇ ਪੇਸ਼ ਕੀਤੀ ਗਈ ਸਮੱਗਰੀ ਤੋਂ ਸੰਤੁਸ਼ਟ ਹੋਈ । ਇਸਨੇ ਆਖਰ ਆਪਣੀ ਰਿਪੋਰਟ 15 ਜਨਵਰੀ, 1986 ਨੂੰ ਮੁੱਖ ਮੰਤਰੀ ਨੂੰ ਪੇਸ਼ ਕਰ ਦਿੱਤੀ । ਇਹ ਪਹਿਲਾਂ ਹਰ ਰੀਵੀਊ ਤੋਂ ਬਾਅਦ, ਸਰਕਾਰ ਨੂੰ ਅੰਤ੍ਰਿਮ ਰੀਪੋਰਟ ਭੇਜਦੀ ਰਹੀ ਸੀ ਤਾਂ ਜੋ ਨਿਰਦੋਸ਼ ਲੋਕਾਂ ਨੂੰ ਜਲਦੀ ਤੋਂ ਜਲਦੀ ਰਿਹਾਅ ਕੀਤਾ ਜਾ ਸਕੇ ।

ਕਮੇਟੀ ਇਸ ਨਤੀਜੇ 'ਤੇ ਪਹੁੰਚੀ ਕਿ ਹਿੰਸਾ ਦੀ ਜੜ੍ਹ ਹਕੂਮਤੀ ਤਸ਼ੱਦਦ ਸੀ । ਪੁਲਸ ਨੇ ਖੁਦ ਨਿਰਦੋਸ਼ ਨੌਜਵਾਨਾਂ ਨੂੰ ਝੂਠੇ ਮੁਕਾਬਲਿਆਂ ਵਿੱਚ ਕਤਲ ਕਰਨਾ ਸ਼ੁਰੂ ਕੀਤਾ ਸੀ, ਜਿਸ ਦੇ ਸਿੱਟੇ ਵਜੋਂ ਕੁਝ ਨੌਜਵਾਨਾਂ ਨੇ ਬਦਲਾ ਲੈਣ ਲਈ ਹਥਿਆਰ ਚੁੱਕ ਲਏ ਸਨ । ਕਮੇਟੀ ਨੇ ਲੋਕਾਂ ਨੂੰ ਨਿਹੱਕੇ ਫਸਾਉਣ ਜਾਂ ਝੂਠੇ ਮੁਕਾਬਲੇ ਬਣਾਉਣ ਵਾਲੇ ਪੁਲਸ ਅਧਿਕਾਰੀਆਂ ਵਿਰੁੱਧ ਵੀ ਕਾਰਵਾਈ ਕਰਨ ਦੀ ਸਿਫਾਰਸ਼ ਕੀਤੀ ਸੀ ।

ਇਸ ਰਿਪੋਰਟ ਨੂੰ ਸਰਕਾਰ ਨੇ ਕਦੇ ਵੀ ਪ੍ਰਕਾਸ਼ਿਤ ਨਹੀਂ ਕੀਤਾ । ਪਰ ਮੁੱਖ ਮੰਤਰੀ ਦੇ ਬਿਆਨ ਅਨੁਸਾਰ, ਬੈਂਸ ਕਮੇਟੀ ਦੀਆਂ ਸਿਫਾਰਸ਼ਾਂ 'ਤੇ ਕਰੀਬ 3,000 ਨਜ਼ਰਬੰਦ ਰਿਹਾਅ ਕਰ ਦਿੱਤੇ ਗਏ ਸਨ । ਪਰ ਜੋਧਪੁਰ ਦੇ ਨਜ਼ਰਬੰਦਾਂ ਨੂੰ ਰਿਹਾਅ ਕਰਨ ਲਈ ਕੋਈ ਕਦਮ ਨਾ ਚੁੱਕੇ ਗਏ । ਉਨ੍ਹਾਂ ਵਿਰੁੱਧ ਤਿੰਨ ਜਾਂ ਚਾਰ ਨਾਵਾਂ ਨੂੰ ਛੱਡ ਕੇ ਐਫ.ਆਈ.ਆਰ.10 ਜੂਨ, 1984 ਨੂੰ ਦਰਜ ਕੀਤੀ ਗਈ ਸੀ । ਐਫ.ਆਈ.ਆਰ.ਵਿੱਚ ਇਹ ਬਿਲਕੁੱਲ ਨਹੀਂ ਸੀ ਦੱਸਿਆ ਗਿਆ ਕਿ ਜਿਹੜੇ ਅਪਰਾਧਾਂ 'ਚ ਉਨ੍ਹਾਂ ਨੂੰ ਫੜਿਆ ਗਿਆ ਹੈ ਉਹ ਉਨ੍ਹਾਂ ਅਪਰਾਧਾਂ ਦੇ ਦੋਸ਼ੀ ਕਿਉਂ ਹਨ । ਉਨ੍ਹਾਂ ਤੋਂ ਕੋਈ ਵੀ ਹਥਿਆਰ ਨਹੀਂ ਮਿਲੇ ਸਨ । ਅਸਲ ਵਿੱਚ ਉਨ੍ਹਾਂ ਨੇ ਹਿੰਦੁਸਤਾਨੀ ਫੌਜ ਦੇ ਦਾਖ਼ਲੇ ਨੂੰ ਨਹੀਂ ਰੋਕਿਆ ਸੀ । ਜ਼ਿਆਦਾਤਰ ਨਜ਼ਰਬੰਦ

Digitized by Panjab Digital Library | www.panjabdigilib.org

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰੀ, ਸ਼ਰਧਾਲੂ ਅਤੇ ਗਰੀਬ ਲੋਕ ਸਨ । ਉਨ੍ਹਾਂ 'ਚ ਕਰੀਬ 35 ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਮੈਂਬਰ ਸਨ, ਜਿਨ੍ਹਾਂ 'ਚ ਇਸ ਜਥੇਬੰਦੀ ਦਾ ਜਨਰਲ ਸਕੱਤਰ ਵੀ ਸ਼ਾਮਲ ਸੀ । ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਮੈਂਬਰਾਂ ਨੇ ਹਿੰਦੁਸਤਾਨੀ ਫੌਜ ਵਿਰੁੱਧ ਲੜਾਈ ਨਹੀਂ ਸੀ ਕੀਤੀ, ਨਾ ਹੀ ਉਹਦੇ ਦਾਖਲੇ ਦਾ ਵਿਰੋਧ ਕੀਤਾ ਸੀ-ਇਹ ਸਚਾਈ ਫੌਜ ਦੇ ਆਪਣੇ ਰਿਕਾਰਡ ਵਿੱਚ ਵੀ ਦਰਜ ਹੈ ।

ਜੋਧਪੁਰ ਦੇ ਨਜ਼ਰਬੰਦਾਂ ਦੀਆਂ ਗ੍ਰਿਫ਼ਤਾਰੀਆਂ ਤੋਂ ਬਾਅਦ, ਸ਼ਹਿਰੀ ਆਜ਼ਾਦੀਆਂ ਬਾਰੇ ਇਕ ਜਥੇਬੰਦੀ ਮੇਰੀ ਚੇਅਰਮੈਨਸ਼ਿਪ ਹੇਠ ਕਾਇਮ ਕੀਤੀ ਗਈ ਸੀ, ਅਤੇ ਇਸ ਦਾ ਨਾਂ ਸੀ ਪੰਜਾਬ ਸਿਟੀਜ਼ਨਜ਼ ਫਾਰ ਡੈਮੋਕਰੇਸੀ । ਇਸ ਜਥੇਬੰਦੀ ਨੇ ਕਈ ਜਾਂਚ-ਪੜਤਾਲਾਂ ਕੀਤੀਆਂ । ਇਸ ਨੇ ਮਾਰਚ, 1986 ਵਿੱਚ ਹੋਲੇ-ਮੁਹੱਲੇ ਦੇ ਮੇਲੇ 'ਤੇ ਆਨੰਦਪੁਰ ਸਾਹਿਬ ਵਿੱਚ ਪੁਲਸ ਵੱਲੋਂ ਚਲਾਈ ਗਈ ਗੋਲੀ ਦੀ ਪੜਤਾਲ ਕੀਤੀ । ਇਸ ਨੇ ਫਰਵਰੀ 1986 ਵਿੱਚ ਨਕੋਦਰ ਵਿੱਚ ਚੱਲੀ ਗੋਲੀ ਦੀ ਵੀ ਤਪਤੀਸ਼ ਕੀਤੀ, ਜਿਸ ਵਿੱਚ ਬਹੁਤ ਸਾਰੇ ਨੌਜਵਾਨ ਸਿੱਖ ਵਿਦਿਆਰਥੀ ਮਾਰੇ ਗਏ ਸਨ । ਇਹ ਇਸ ਸਿੱਟੇ 'ਤੇ ਪਹੁੰਚੀ ਕਿ ਆਨੰਦਪੁਰ ਸਾਹਿਬ ਅਤੇ ਨਕੋਦਰ ਵਿੱਚ ਪੁਲਸ ਨੇ ਨਜਾਇਜ਼ ਗੋਲੀ ਚਲਾਈ ਸੀ । ਇਸ ਨੇ ਚੰਡੀਗੜ੍ਹ ਵਿੱਚ ਸੰਯੁਕਤ ਅਕਾਲੀ ਦਲ ਵੱਲੋਂ ਪੰਜਾਬ ਅਸੈਂਬਲੀ ਸਾਹਮਣੇ ਕੀਤੇ ਗਏ ਪੁਰਅਮਨ ਮੁਜ਼ਾਹਰੇ ਉੱਤੇ ਚੱਲੀ ਗੋਲੀ ਦੀ ਵੀ ਪੜਤਾਲ ਕੀਤੀ ਸੀ । ਬਾਅਦ ਵਿੱਚ ਇਸ ਜਥੇਬੰਦੀ ਦਾ ਨਾਂ ਬਦਲ ਕੇ ਜਬਰ-ਵਿਰੋਧੀ ਤਾਲ-ਮੇਲ ਕਮੇਟੀ ਰੱਖ ਦਿੱਤਾ ਗਿਆ ਅਤੇ ਇਸ ਨੇ ਪੰਜਾਬ ਵਿੱਚ ਮਨੁੱਖੀ ਅਧਿਕਾਰਾਂ ਦੇ ਹੋ ਰਹੇ ਉਲੰਘਣ ਬਾਰੇ ਕਈ ਕਾਨਫਰੰਸਾਂ ਕੀਤੀਆਂ ।

## ਪੁਲਸ ਹਿਰਾਸਤ ਵਿੱਚ ਤਸੀਹੇ ਅਤੇ ਮੌਤਾਂ

ਜਬਰ-ਵਿਰੋਧੀ ਤਾਲਮੇਲ ਕਮੇਟੀ ਨੇ ਗੁਰਦਾਸਪੁਰ ਜ਼ਿਲ੍ਹੇ ਦੇ ਡੇਰਾ ਬਾਬਾ ਨਾਨਕ ਇਲਾਕੇ ਵਿੱਚ ਕਥਿਤ ਮੁਕਾਬਲੇ ਵਿੱਚ ਬੀ.ਐਸ.ਐਫ.ਵਲੋਂ 30 ਅਗਸਤ, 1986 ਨੂੰ 10 ਸਿੱਖ ਨੌਜਵਾਨਾਂ ਦੇ ਕਤਲ ਦੀ ਪੜਤਾਲ ਕਰਨ ਲਈ ਇੱਕ ਉਪ-ਕਮੇਟੀ ਨਿਯੁਕਤ ਕੀਤੀ ਸੀ । ਪੰਜਾਬ ਪੁਲਸ ਦੇ ਡਾਇਰੈਕਟਰ ਜਨਰਲ ਜੇ.ਐਫ.ਰਿਬੇਰੋ ਵਲੋਂ ਪੰਜਾਬ ਵਿੱਚ ਤਾਇਨਾਤ ਬੀ.ਐਸ.ਐਫ.ਅਤੇ ਸੀ.ਆਰ.ਪੀ.ਐਫ ਦੀਆਂ ਸਾਂਝੀਆਂ ਸ਼ਕਤੀਆਂ ਦੀ ਕਮਾਨ ਸੰਭਾਲਣ ਤੋਂ ਬਾਅਦ ਇਹ ਅਖੌਤੀ "ਦਹਿਸ਼ਤਵਾਦੀਆਂ" ਦਾ ਸਭ ਤੋਂ ਵੱਡਾ ਕਤਲੇਆਮ ਸੀ । ਇਹ ਦਾਅਵਾ ਕੀਤਾ ਗਿਆ ਕਿ ਮਰਨ ਵਾਲਿਆਂ ਵਿੱਚ ਭਾਗੋਵਾਲ ਦਾ ਗੁਰਿੰਦਰ ਸਿੰਘ ਉਰਫ ਜਿੰਦਾ, ਅਤੇ ਹੈਰੋਵਾਲ ਦਾ ਸੂਰਤਾ ਸਿੰਘ ਵੀ ਸਨ, ਜੋ ਦੋਵੇਂ ਗੁਰਦਾਸਪੁਰ ਜ਼ਿਲ੍ਹੇ ਦੇ ਸਨ ਅਤੇ ਕਥਿਤ ਤੌਰ 'ਤੇ ਪੁਲਸ ਦੇ ਰਿਕਾਰਡ ਵਿੱਚ ਦਹਿਸ਼ਤਵਾਦੀਆਂ ਦੀ "ਬੀ ਪਲੱਸ" ਸ਼੍ਰੇਣੀ ਵਿੱਚ ਸ਼ਾਮਲ ਸਨ ਅਤੇ ਉਨ੍ਹਾਂ ਦੋਨਾਂ ਦੇ ਸਿਰ ਤੇ 50-50 ਹਜ਼ਾਰ ਰੁਪਏ ਦਾ ਇਨਾਮ ਸੀ । ਇਹ ਵੀ ਦਾਅਵਾ ਕੀਤਾ ਗਿਆ ਕਿ ਬਾਕੀ ਦੇ ਕਥਿਤ ਦਹਿਸ਼ਤਵਾਦੀਆਂ ਦੀ ਸ਼ਨਾਖਤ ਨਹੀਂ ਹੋ ਸਕੀ ਕਿਉਂਕਿ ਕੋਈ ਵੀ ਉਨ੍ਹਾਂ ਦੀਆਂ ਲਾਸ਼ਾਂ ਲੈਣ ਨਹੀਂ ਸੀ ਆਇਆ । ਬੜੇ ਜ਼ੋਰ ਨਾਲ ਇਹ ਦਾਅਵਾ ਕੀਤਾ ਗਿਆ ਕਿ ਕਥਿਤ ਮੁਕਾਬਲਾ ਉਦੋਂ ਹੋਇਆ ਜਦ 10 ਤੋਂ ਜ਼ਿਆਦਾ ਬੰਦੇ ਡੇਰਾ ਬਾਬਾ ਨਾਨਕ ਇਲਾਕੇ ਵਿੱਚ ਰਾਵੀ ਦਰਿਆ ਪਾਰ ਕਰਕੇ ਪਾਕਿਸਤਾਨ ਤੋਂ ਹਿੰਦੁਸਤਾਨ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ ਸਨ ।

ਐਪਰ, ਆਮ ਲੋਕਾਂ ਨੇ ਘਟਨਾ ਬਾਰੇ ਸਰਕਾਰੀ ਕਹਾਣੀ ਦਾ ਖੰਡਨ ਕੀਤਾ ਅਤੇ

Digitized by Panjab Digital Library | www.panjabdigilib.org

ਦਾਅਵੇ ਨਾਲ ਕਿਹਾ ਕਿ ਸਿੱਖ ਨੌਜਵਾਨ, ਬੀ.ਐਸ.ਐਫ.ਵੱਲੋਂ ਕਤਲ ਕੀਤੇ ਜਾਣ ਤੋਂ ਪਹਿਲਾਂ ਹੀ ਸੁਰੱਖਿਆ ਸ਼ਕਤੀਆਂ ਦੀ ਹਿਰਾਸਤ ਵਿੱਚ ਸਨ । ਪੰਜਾਬ ਸਰਕਾਰ ਦੇ ਇੱਕ ਉੱਚ ਅਧਿਕਾਰੀ ਨੇ ਵੀ ਇੱਕ ਪੱਤਰਕਾਰ ਕੋਲ ਮੰਨਿਆ ਕਿ ਇਹ ਨੌਜਵਾਨ ਪਹਿਲਾਂ ਹੀ ਸੁਰੱਖਿਆ ਸ਼ਕਤੀਆਂ ਦੀ ਹਿਰਾਸਤ ਵਿੱਚ ਸਨ । ਇਕ ਸਰਕਾਰੀ ਵਜ਼ਾਰਤੀ ਕਮੇਟੀ ਅਤੇ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠਲੇ ਅਕਾਲੀ ਦਲ ਵੱਲੋਂ ਨਿਯੁਕਤ ਕੀਤੀ ਗਈ ਇੱਕ ਦੋ ਮੈਂਬਰੀ ਕਮੇਟੀ ਦੀ ਵੀ ਇਹੋ ਰਾਇ ਸੀ । ਉਨ੍ਹਾਂ ਨੇ ਇਨ੍ਹਾਂ ਨੂੰ ਬੇਰਹਿਮੀ ਨਾਲ ਕੀਤੇ ਗਏ ਕਤਲ ਕਿਹਾ । ਜਬਰ-ਵਿਰੋਧੀ ਤਾਲਮੇਲ ਕਮੇਟੀ ਦੀ ਪੜਤਾਲੀਆ ਉਪ-ਕਮੇਟੀ ਨੇ, ਰੱਤੜ ਛੇਟੜ, ਗੋਲਾ ਢੋਲਾ, ਧਰਮ ਕੋਟ, ਸ਼ੈਹਜ਼ਾਦਾ, ਠੇਠਰਕੇ, ਭਾਗੋਵਾਲ, ਹੈਰੋਵਾਲ, ਲੀਲ ਕਲ੍ਹਾਂ, ਬੁੱਟਰ, ਬਟਾਲਾ, ਹਰਸ਼ਾ ਛੀਨਾਂ, ਘਨੱਈਆ ਨਾਂ ਦੇ ਪਿੰਡਾਂ ਦੇ ਅਤੇ ਅੰਮ੍ਰਿਤਸਰ ਦੇ ਸੁਲਤਾਨਵਿੰਡ ਇਲਾਕੇ ਦੇ ਇਕ ਸੌ ਤੋਂ ਜ਼ਿਆਦਾ ਲੋਕਾਂ ਨਾਲ ਸੰਪਰਕ ਕੀਤਾ, ਜਿਨ੍ਹਾਂ 'ਚ ਗੋਲਾ ਢੋਲਾ ਪਿੰਡ ਦਾ ਸਰਪੰਚ, ਪੰਡਤ ਦੇਵ ਰਾਜ ਵੀ ਸ਼ਾਮਲ ਸੀ । ਉਪ-ਕਮੇਟੀ ਨੇ ਬੀ.ਐਸ.ਐਫ.ਦੇ ਸਿਪਾਹੀਆਂ ਨਾਲ ਵੀ ਸੰਪਰਕ ਬਣਾਉਣ ਦੀ ਕੋਸ਼ਿਸ਼ ਕੀਤੀ ਪਰ ਉਸਨੂੰ ਉਥੇ ਦੇ ਅਧਿਕਾਰੀਆਂ ਨੇ ਦੱਸਿਆ ਕਿ ਸਬੰਧਤ ਬਟਾਲੀਅਨ ਦਾ ਤਬਾਦਲਾ ਕਰ ਦਿੱਤਾ ਗਿਆ ਸੀ । ਮੌਕਾ ਦੇਖਣ ਤੋਂ ਅਤੇ ਮਿਲੇ ਸਬੂਤਾਂ ਦਾ ਨਿਰੀਖਣ ਕਰਨ ਤੋਂ ਬਾਅਦ ਉਪ-ਕਮੇਟੀ ਹੇਠ ਲਿਖੇ ਸਿੱਟਿਆਂ 'ਤੇ ਪੁੱਜੀ :

ਪਹਿਲੀ ਗੱਲ, ਕਮੇਟੀ ਬੀ.ਐਸ.ਐਫ.ਅਤੇ ਉੱਚ ਪੁਲਸ ਅਧਿਕਾਰੀਆਂ ਵੱਲੋਂ ਪ੍ਰਚਾਰਿਆ ਜਾ ਰਿਹਾ ''ਮੁਕਾਬਲੇ ਦਾ ਸਿਧਾਂਤ'' ਨਹੀਂ ਕਬੂਲ ਸਕਦੀ । ਕਿਉਂਕਿ ਇਸ ਗੱਲ ਦੇ ਠੋਸ ਸਬੂਤ ਸਨ ਕਿ ਮਾਰੇ ਗਏ ਨੌਜਵਾਨ ਪਹਿਲਾਂ ਹੀ ਬੀ.ਐਸ.ਐਫ.ਦੀ ਹਿਰਾਸਤ ਵਿੱਚ ਸਨ । ਕਮੇਟੀ ਨੇ ਮਹਿਸੂਸ ਕੀਤਾ ਕਿ ਉਨ੍ਹਾਂ ਦੀ ਗ੍ਰਿਫ਼ਤਾਰੀ, ਆਤਮ ਸਮਰਪਣ ਜਾਂ ਫੜੇ ਜਾਣ ਬਾਰੇ ਤੱਥਾਂ ਅਤੇ ਹਾਲਤਾਂ ਵਿੱਚ ਜਾਣ ਦੀ ਲੋੜ ਨਹੀਂ ਹੈ ।

ਦੂਸਰੀ ਗੱਲ, ਕਮੇਟੀ ਮਜਬੂਰਨ ਇਸ ਸਿੱਟੇ 'ਤੇ ਪਹੁੰਚੀ ਕਿ ਇਕ ਮਨਘੜਤ ''ਮੁਕਾਬਲੇ'' ਵਿੱਚ ਸਿੱਖ ਨੌਜਵਾਨਾਂ ਦੇ ਇਹ ਕਤਲ ਨਿਸਚੈ ਹੀ ਉਸ ਘਟਨਾ ਦਾ ਬਦਲਾ ਲੈਣ ਲਈ ਕੀਤੇ ਗਏ ਸਨ, ਜੋ ਦੋ ਕੁ ਦਿਨ ਪਹਿਲਾਂ ਵਾਪਰੀ ਸੀ ਅਤੇ ਜਿਸ ਵਿੱਚ ਕੁਝ ਖਾੜਕੂਆਂ ਨੇ ਕਥਿਤ ਤੌਰ 'ਤੇ ਜਲੰਧਰ-ਕਪੂਰਥਲਾ ਸੜਕ ਉੱਤੇ ਆਉਂਦੇ ਕਬੀਰਪੁਰ ਅਤੇ ਗਿੱਦੜਪਿੰਡੀ ਵਿੱਚ ਸਥਿਤ ਬੀ.ਐਸ.ਐਫ.ਦੀਆਂ ਚੌਕੀਆਂ ਉੱਪਰ ਘਾਤ ਲਾ ਕੇ ਹਮਲਾ ਕੀਤਾ ਸੀ ਅਤੇ ਚਾਰ ਸਿਪਾਹੀਆਂ ਨੂੰ ਜ਼ਖ਼ਮੀ ਕਰ ਦਿੱਤਾ ਸੀ ।

ਤੀਜੇ, ਕਮੇਟੀ ਨੇ ਬੀ.ਐਸ.ਐਫ.ਦੀ ਇਸ ਕਹਾਣੀ ਦਾ ਜ਼ੋਰਦਾਰ ਖੰਡਨ ਕੀਤਾ ਕਿ ਮਾਰੇ ਗਏ ਨੌਜਵਾਨ ਪਾਕਿਸਤਾਨ ਵੱਲੋਂ ਰਾਵੀ ਪਾਰ ਕਰਕੇ ਹਿੰਦੁਸਤਾਨ ਵਿੱਚ ਦਾਖਲ ਹੋ ਰਹੇ ਸਨ । ਉਨ੍ਹਾਂ ਦੇ ਪੈਰਾਂ, ਜੁੱਤੀਆਂ, ਲੱਤਾਂ ਅਤੇ ਕੱਪੜਿਆਂ ਉਤੇ ਪਾਣੀ ਜਾਂ ਚਿੱਕੜ ਦੇ ਕੋਈ ਨਿਸ਼ਾਨ ਨਹੀਂ ਸਨ । ਨਾਲੇ ਉਨ੍ਹਾਂ ਨੂੰ ਵਗਦੇ ਪਾਣੀ ਨੂੰ ਪਾਰ ਕਰਨ ਤੋਂ ਬਾਅਦ ਡੇਢ ਕਿਲੋਮੀਟਰ ਤੱਕ ਟਰੈਕਟਰ ਦੀਆਂ ਟਿਊਬਾਂ ਲਿਆਉਣ ਦੀ ਕੀ ਲੋੜ ਸੀ ।

ਚੌਥੇ, ਕਮੇਟੀ ਨੇ ਦੇਖਿਆ ਕਿ ਬੀ.ਐਸ.ਐਫ.ਦਾ ਕੋਈ ਵੀ ਬੰਦਾ ''ਮੁਕਾਬਲੇ'' ਵਿੱਚ ਜ਼ਖ਼ਮੀ ਨਹੀਂ ਹੋਇਆ ਹਾਲਾਂਕਿ ਕਥਿਤ ਤੌਰ 'ਤੇ 10 ਦਹਿਸ਼ਤਵਾਦੀਆਂ ਦੇ ਦੋ ਗਰੁੱਪਾਂ ਨੇ ਉਨ੍ਹਾਂ ਉਤੇ ਪਿਸਤੌਲਾਂ, ਰਿਵਾਲਵਰਾਂ, ਸਟੇਨਗੰਨਾਂ ਅਤੇ ਹੱਥ ਗੋਲਿਆਂ ਨਾਲ ਹਮਲਾ ਕੀਤਾ ਸੀ ।

Digitized by Panjab Digital Library | www.panjabdigilib.org

ਨਤੀਜੇ ਵਜੋਂ, ਕਮੇਟੀ ਇਸ ਘਟਨਾ ਨੂੰ, ਕੇਂਦਰੀ ਸਰਕਾਰ ਅਤੇ ਉਹਦੇ ਸਹਿਯੋਗੀਆਂ ਵੱਲੋਂ, ਪਰਚਾਰ ਸਾਧਨਾਂ ਦੀ ਮੱਦਦ ਨਾਲ, ਸਿੱਖ ਨੌਜਵਾਨਾਂ ਦਾ ਸਫਾਇਆ ਕਰਨ ਅਤੇ ਲੋਕਾਂ ਵਿੱਚ ਦਹਿਸ਼ਤ ਪਾਉਣ ਲਈ ਘੜੀ ਗਈ ਤਕੜੀ ਸਾਜ਼ਸ਼ ਦਾ ਇੱਕ ਹਿੱਸਾ ਸਮਝਦੀ ਹੈ।

## ਝੂਠੇ ਮੁਕਾਬਲੇ

ਜੁਲਾਈ 1987 ਵਿੱਚ ਕਮੇਟੀ-ਜਿਸ ਦਾ ਨਾਂ ਹੁਣ ਪੰਜਾਬ ਹਿਊਮਨ ਰਾਈਟਸ ਆਰਗੇਨਾਈਜੇਸ਼ਨ ਰੱਖ ਦਿੱਤਾ ਗਿਆ ਸੀ-ਨੇ ਝੂਠੇ ਮੁਕਾਬਲਿਆਂ ਬਾਰੇ ਹੋਰ ਜਾਣਕਾਰੀ ਇਕੱਠੀ ਕੀਤੀ ਅਤੇ ਇਕ ਪੰਜ ਮੈਂਬਰੀ ਟੀਮ ਵੱਲੋਂ ਵਿਸਥਾਰ ਪੂਰਬਕ ਤਪਤੀਸ਼ਾਂ ਦੇ ਆਧਾਰ 'ਤੇ ਇਕ ਰੀਪੋਰਟ ਜਾਰੀ ਕੀਤੀ। ਇਸ ਟੀਮ ਨੇ ਉਨ੍ਹਾਂ ਸਭ ਥਾਵਾਂ ਦਾ ਦੌਰਾ ਕੀਤਾ ਜਿੱਥੇ ਅਜਿਹੇ ਮੁਕਾਬਲੇ ਹੋਏ ਦੱਸੇ ਜਾਂਦੇ ਸਨ।

ਰਿਪੋਰਟ ਜਾਰੀ ਕਰਦਿਆਂ, ਲੇਖਕ ਨੇ ਇਕ ਪ੍ਰੈਸ ਰਿਲੀਜ਼ ਵਿੱਚ ਇਹ ਕਿਹਾ : "ਪੰਜਾਬ ਹਿਊਮਨ ਰਾਈਟਸ ਆਰਗੇਨਾਈਜੇਸ਼ਨ ਨੇ ਅਜਿਹੇ ਸਬੂਤ ਇਕੱਤਰ ਕੀਤੇ ਹਨ, ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਪੁਲਸ ਨੇ ਇਕੱਲੇ ਫਰੀਦਕੋਟ ਜ਼ਿਲ੍ਹੇ ਵਿੱਚ ਹੀ 50 ਤੋਂ ਵਧੇਰੇ ਸਿੱਖ ਨੌਜਵਾਨ ਝੂਠੇ ਮੁਕਾਬਲਿਆਂ ਵਿੱਚ ਕਤਲ ਕਰ ਦਿੱਤੇ ਹਨ। ਘੱਟੋ-ਘੱਟ ਇਕ ਦਰਜਨ ਨੌਜਵਾਨਾਂ ਦੀ ਲੋਕਾਂ ਨੇ ਸ਼ਨਾਖਤ ਕੀਤੀ ਹੈ। ਉਨ੍ਹਾਂ ਨੂੰ ਸੁਰੱਖਿਆ ਸ਼ਕਤੀਆਂ ਨੇ ਲੋਕਾਂ ਦੀਆਂ ਅੱਖਾਂ ਸਾਹਮਣੇ ਗ੍ਰਿਫਤਾਰ ਕੀਤਾ ਸੀ, ਹੱਥਕੜੀਆਂ ਲਾ ਕੇ ਲਿਜਾਇਆ ਗਿਆ ਸੀ ਅਤੇ ਉਤਲੇ ਅਫਸਰਾਂ ਦੇ ਹੁਕਮਾਂ 'ਤੇ ਕਤਲ ਕਰ ਦਿੱਤਾ ਗਿਆ। ਘੱਟੋ-ਘੱਟ ਇਕ ਦਰਜਨ ਹੋਰ ਨੌਜਵਾਨ ਵੀ ਸੁਰੱਖਿਆ ਦਸਤਿਆਂ ਨੇ ਕਤਲ ਕੀਤੇ ਹਨ, ਪਰ ਸਥਾਨਕ ਤੌਰ 'ਤੇ ਜਾਂ ਸੂਬਾਈ ਹੈਡਕੁਆਟਰਾਂ ਤੋਂ ਇਸ ਦਾ ਕੋਈ ਐਲਾਨ ਨਹੀਂ ਸੀ ਕੀਤਾ ਗਿਆ। ਇਨ੍ਹਾਂ 'ਚੋਂ ਜ਼ਿਆਦਾਤਰ ਨੌਜਵਾਨ ਫਰੀਦਕੋਟ ਜ਼ਿਲ੍ਹੇ ਤੋਂ ਬਾਹਰੋਂ ਏਥੇ ਲਿਆਂ ਕੇ ਮਾਰੇ ਗਏ ਸਨ।"

"26 ਅਣਪਛਾਤੇ ਨੌਜਵਾਨ, ਸੁਰੱਖਿਆ ਸ਼ਕਤੀਆਂ ਵੱਲੋਂ ਮੁਕਾਬਲਿਆਂ ਵਿੱਚ ਮਾਰੇ ਦਿਖਾਏ ਗਏ ਹਨ ਅਤੇ ਇਨ੍ਹਾਂ ਮੁਕਾਬਲਿਆਂ ਬਾਰੇ ਸਰਕਾਰੀ ਤੌਰ 'ਤੇ ਐਲਾਨ ਕੀਤੇ ਗਏ ਸਨ। ਇਨ੍ਹਾਂ ਸਭ ਬਾਰੇ ਸੰਦੇਹ ਹੈ ਕਿ ਪੁਲਸ ਇਨ੍ਹਾਂ ਨੂੰ ਜਾਣਦੀ ਸੀ ਅਤੇ ਉਸ ਨੇ ਇਨ੍ਹਾਂ ਨੂੰ ਵੱਖ-ਵੱਖ ਥਾਂਵਾਂ ਤੋਂ ਫੜ੍ਹ ਕੇ ਆਪਣੀ ਹਿਰਾਸਤ ਵਿੱਚ ਰੱਖਿਆ ਹੋਇਆ ਸੀ। ਤਿੰਨ ਨੌਜਵਾਨ-ਗੁਰਦੇਵ ਸਿੰਘ ਸੱਤਾਂਵਾਲਾ, ਗੁਰਮੇਲ ਸਿੰਘ ਪ੍ਰੀਤ ਨਗਰ ਮੋਗਾ ਅਤੇ ਨਿਰਮਲ ਸਿੰਘ-ਦੋ ਹੋਰਨਾਂ ਸਮੇਤ ਅਜੀਤਵਾਲ ਵਿੱਚ ਹਥਿਆਰਾਂ ਨਾਲ ਲੱਦੇ ਇੱਕ ਟਰੱਕ ਸਣੇ ਗ੍ਰਿਫ਼ਤਾਰ ਕੀਤੇ ਗਏ ਸਨ, ਪਰ 13 ਜੂਨ ਨੂੰ, ਕਪੂਰਾ ਨੇੜੇ ਤਿੰਨੇ ਮਾਰ ਦਿੱਤੇ ਗਏ ਸਨ। ਇਸ ਵਾਕਿਆ ਵਿੱਚ ਦੋ ਨੌਜਵਾਨਾਂ ਦੇ ਅਤੇ-ਪਤੇ ਬਾਰੇ ਕੋਈ ਐਲਾਨ ਨਹੀਂ ਕੀਤਾ ਗਿਆ, ਪਰ ਇਹ ਸੰਦੇਹ ਹੈ ਕਿ ਉਨ੍ਹਾਂ ਨੂੰ ਵੀ ਖ਼ਤਮ ਕਰ ਦਿੱਤਾ ਗਿਆ ਹੈ। ਕਾਲੇਕੇ ਦੇ ਬਾਬੂ ਸਿੰਘ ਨੂੰ 30 ਜੂਨ ਨੂੰ ਮੋਗੇ ਦੇ ਬੱਸ ਸਟੈਂਡ ਤੋਂ ਫੜਿਆ ਗਿਆ ਸੀ, ਇੰਟਰੋਗੇਸ਼ਨ ਅਤੇ ਤਸੀਹੇ ਦੇਣ ਤੋਂ ਬਾਅਦ ਬਾਬੂ ਸਿੰਘ ਨੂੰ ਮੋਗੇ ਦੀ ਚੁੰਗੀ ਨੰ: 3 ਦੇ ਨੇੜੇ ਮਾਰ ਦਿੱਤਾ ਗਿਆ ਅਤੇ ਉਸਦੀ ਲਾਸ਼ ਨੂੰ ਅਣ-ਪਛਾਤੀ ਕਹਿ ਕੇ ਸੰਸਕਾਰ ਕਰ ਦਿੱਤਾ ਗਿਆ।"

ਸੁਰੱਖਿਆ ਦਸਤਿਆਂ ਵੱਲੋਂ ਮਾਰੇ ਗਏ ਨੌਜਵਾਨਾਂ ਵਿੱਚ ਕਿੱਲੀ ਚਾਹਲ ਦਾ ਜਸਵੰਤ ਸੰਧੂ, ਮੁਕਤਸਰ ਦਾ ਸੁਖਦੇਵ ਸਿੰਘ ਦੇਬਾ, ਮਿੱਠੂ ਖੇੜਾ ਦਾ ਭੁਪਿੰਦਰ ਸਿੰਘ, ਅਮਰੀਕ ਸਿੰਘ ਦੁਨੇਕੇ, ਮੋਗੇ ਦਾ ਮਨਜੀਤ ਸਿੰਘ ਮਿੰਨੀ ਬਾਬਾ, ਸੰਤੂਵਾਲ ਦਾ ਭਾਗ ਸਿੰਘ, ਲੋਹਾਨਾ ਦਾ

Digitized by Panjab Digital Library | www.panjabdigilib.org

ਸੁਖਵਿੰਦਰ ਸਿੰਘ ਅਤੇ ਕਾਲੇਕੇ ਦਾ ਕੁਲਦੀਪ ਸਿੰਘ ਰੌਣਕੀ ਵੀ ਸ਼ਾਮਲ ਸਨ । ਮਰਾੜ ਦੇ ਹਰਭਜਨ ਸਿੰਘ ਖੋਸਾ, ਬਲਦੇਵ ਸਿੰਘ ਮਾਣਕਪੁਰ, ਭੁਪਿੰਦਰ ਸਿੰਘ ਗਰੇਵਾਲ ਅਤੇ ਬਲਬੀਰ ਸਿੰਘ ਰੌਲੀ, ਜਿਨ੍ਹਾਂ ਨੂੰ ਮੋਗਾ ਪੁਲਿਸ ਨੇ ਮਈ 1987 ਵਿੱਚ ਗ੍ਰਿਫ਼ਤਾਰ ਕੀਤਾ ਸੀ, ਇਨ੍ਹਾਂ ਦਾ ਕੀ ਹਸ਼ਰ ਹੋਇਆ ਇਸ ਬਾਰੇ ਪੜਤਾਲੀਆ ਕਮੇਟੀ ਨੂੰ ਕੁੱਝ ਪਤਾ ਨਾ ਲੱਗ ਸਕਿਆ । ਇਸ ਨੇ ਪੁਲਸ ਦੇ ਬਿਆਨਾਂ ਨੂੰ "ਪ੍ਰਾਪੇਗੰਡਾ ਸਟੰਟ" ਕਹਿ ਕੇ ਚੁਣੌਤੀ ਦਿੱਤੀ ਅਤੇ ਮਸਲੇ ਦੀ ਅਦਾਲਤੀ ਜਾਂਚ ਕਰਾਉਣ ਦੀ ਮੰਗ ਕੀਤੀ । ਪੰਜਾਬ ਹਿਊਮਨ ਰਾਈਟਸ ਆਰਗੇਨਾਈਜ਼ੇਸ਼ਨ ਨੇ ਅਕਤੂਬਰ 1987 ਵਿੱਚ ਸੰਗਰੂਰ ਜੇਲ੍ਹ ਵਿੱਚ ਕੀਤੇ ਗਏ ਕਤਲਾਂ ਦੀ ਵੀ ਪੜਤਾਲ ਕੀਤੀ । ਪੁਲਸ ਨੇ ਇਹ ਕਿਹਾ ਸੀ ਕਿ ਜੇਲ੍ਹ ਦੇ ਅਧਿਕਾਰੀਆਂ ਨੂੰ ਮੁਕੱਦਮਿਆਂ ਦੀ ਉਡੀਕ ਕਰ ਰਹੇ ਕੈਦੀਆਂ ਉੱਤੇ ਮਜਬੂਰਨ ਗੋਲੀ ਚਲਾਉਣੀ ਪਈ, ਕਿਉਂਕਿ ਉਨ੍ਹਾਂ ਨੇ ਜੇਲ੍ਹ ਅਧਿਕਾਰੀਆਂ ਉੱਤੇ ਹਮਲਾ ਕਰ ਦਿੱਤਾ ਸੀ । ਇਹ ਗੋਲੀ ਅਦਾਲਤੀ ਹਿਰਾਸਤ ਵਿੱਚ ਰੱਖੇ ਹੋਏ ਬੰਦਿਆਂ 'ਤੇ ਚਲਾਈ ਗਈ ਸੀ ।

ਇੱਕ ਵਿਸਥਾਰ ਪੂਰਬਕ ਤਪਤੀਸ਼ ਤੋਂ ਬਾਅਦ, ਜਥੇਬੰਦੀ ਦੀ ਪੰਜ ਮੈਂਬਰੀ ਪੜਤਾਲੀਆ ਕਮੇਟੀ, ਜਿਸ ਵਿੱਚ ਇੱਕ ਵਕੀਲ ਅਤੇ ਇੱਕ ਸਾਬਕਾ ਡੀ.ਐਸ.ਪੀ. ਵੀ ਸ਼ਾਮਲ ਸਨ, ਨੇ ਲਿਖਿਆ :

"1. ਕਮੇਟੀਆਂ ਨੂੰ ਇਹ ਗੱਲ ਸੱਚੀ ਲਗਦੀ ਹੈ ਕਿ ਮਾਰੇ ਗਏ ਕੈਦੀਆਂ ਵਿੱਚੋਂ ਘੱਟੋ-ਘੱਟ ਦੋ ਐਸੇ ਸਨ, ਜਿਨ੍ਹਾਂ ਨੂੰ ਪੰਜਾਬ ਦੇ ਪੁਲਸ ਅਤੇ ਜੇਲ੍ਹ ਅਧਿਕਾਰੀ ਕਿਸੇ ਨਾ ਕਿਸੇ ਤਰੀਕੇ ਨਾਲ ਚੁੱਪ ਕਰਾਉਣ ਲਈ ਮੌਕੇ ਦੀ ਤਾੜ ਵਿੱਚ ਸਨ ।

2. ਸੰਗਰੂਰ ਜੇਲ੍ਹ ਵਿੱਚ ਤਿੰਨ ਸਿੱਖ ਨੌਜਵਾਨਾਂ ਦਾ ਕਤਲ ਇੱਕ ਡੂੰਘੀ ਸਾਜ਼ਸ਼ ਦਾ ਸਿੱਟਾ ਲੱਗਦਾ ਹੈ, ਜਿਸ (ਸਾਜ਼ਸ਼) ਵਿੱਚ ਸਿਰਫ ਜੇਲ੍ਹ ਦਾ ਸੁਪਰਡੈਂਟ ਅਤੇ ਉਹਦੀ ਜੁੰਡੀ ਹੀ ਨਹੀਂ, ਸਗੋਂ ਸੂਬੇ ਦੇ ਕੁੱਝ ਵੱਡੇ ਕਰਤੇ-ਧਰਤੇ ਵੀ ਸ਼ਾਮਲ ਹਨ ।

3. ਵਾਰਦਾਤ 14 ਅਕਤੂਬਰ ਨੂੰ ਸਵੇਰੇ 11 ਵਜੇ ਹੋਈ ਸੀ, ਪਰ ਐਫ.ਆਈ.ਆਰ. ਲਿਖ ਕੇ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਨੂੰ ਸ਼ਾਮ ਦੇ 5 ਵਜੇ ਭੇਜਿਆ ਗਿਆ । ਇਹ ਦੇਰੀ ਵੀ ਸਾਂਝੀ ਸਾਜ਼ਸ਼ ਵੱਲ ਹੀ ਸੰਕੇਤ ਕਰਦੀ ਹੈ ।

4. ਮੁਕੱਰਰ ਅਦਾਲਤ ਦੇ ਆਦੇਸ਼ ਦੇ ਬਾਵਜੂਦ ਵੀ ਐਸ.ਐਚ.ਓ. ਵੱਲੋਂ ਕਤਲ ਦਾ ਕੇਸ ਦਰਜ ਨਾ ਕਰਨਾ, ਡਿਪਟੀ ਸੁਪਰਡੈਂਟ ਵਿਰੁੱਧ ਅਵੱਗਿਆ ਦੀ ਕਾਰਵਾਈ ਅਤੇ ਸੂਬਾਈ ਸਰਕਾਰ ਜਾਂ ਕਿਸੇ ਵੀ ਹੋਰ ਉੱਚ ਅਧਿਕਾਰੀ ਵੱਲੋਂ ਇੱਕ ਤਸੱਲੀਬਖ਼ਸ਼ ਪੜਤਾਲ ਨਾ ਕੀਤਾ ਜਾਣਾ, ਇਹ ਸਭ ਕੁੱਝ ਮਿੱਥੇ ਬੰਦਿਆਂ ਨੂੰ ਖ਼ਤਮ ਕਰਨ ਦੀ ਸਾਜ਼ਸ਼ ਵੱਲ ਹੀ ਇਸ਼ਾਰਾ ਕਰਦਾ ਹੈ ।

5. ਪਹਿਲਾਂ ਹੀ ਪੁਲਸ ਨੇ ਏਸੇ ਢੰਗ ਨਾਲ ਮਨਬੀਰ ਸਿੰਘ ਚਹੇੜੂ, ਰੋਸ਼ਨ ਲਾਲ ਬੈਰਾਗੀ, ਤਰਸੇਮ ਸਿੰਘ ਕੋਹਾੜ, ਮਨਜੀਤ ਸਿੰਘ ਭਿੰਡੀ, ਸੁਬੇਗ ਸਿੰਘ, ਸੁਖਦੇਵ ਸਿੰਘ ਸੁੱਖਾ ਆਦਿ ਨੂੰ ਕਤਲ ਕਰ ਦਿੱਤਾ ਸੀ । ਇਨ੍ਹਾਂ ਸਭ ਨੂੰ ਹੀ ਅਦਾਲਤੀ ਹਿਰਾਸਤ ਵਿੱਚੋਂ ਕੱਢ ਕੇ ਕਤਲ ਕੀਤਾ ਗਿਆ ਸੀ ।"

ਇਸ ਵਾਰਦਾਤ ਦੇ ਕਾਰਨ, ਇੱਕ ਨਜ਼ਰਬੰਦ ਨੇ ਹਾਈ ਕੋਰਟ ਤੋਂ ਮੰਗ ਕੀਤੀ ਕਿ ਜਦ ਉਸਨੂੰ ਸੁਣਵਾਈ 'ਤੇ ਲਿਜਾਇਆ ਜਾਂਦਾ ਹੈ ਤਾਂ ਉਸ ਦੇ ਬੇੜੀਆਂ ਅਤੇ ਹੱਥ-ਕੜੀਆਂ ਪਾਈਆਂ ਜਾਣ, ਕਿਉਂਕਿ ਉਸਨੂੰ ਡਰ ਸੀ ਕਿ ਪੁਲਸ ਇਹ ਕਹਿ ਕੇ ਉਸਨੂੰ ਕਤਲ ਕਰ

Digitized by Panjab Digital Library | www.panjabdigilib.org

ਦੇਵੇਗੀ ਕਿ ਉਹ ਨੱਸਣ ਦੀ ਕੋਸ਼ਿਸ਼ ਕਰ ਰਿਹਾ ਸੀ । ਹਾਈ ਕੋਰਟ ਨੇ ਉਹਦੀ ਪਟੀਸ਼ਨ ਸਵੀਕਾਰ ਕਰ ਲਈ ਸੀ ।

ਮੈਂ ਖ਼ੁਦ, ਪੰਜਾਬ ਹਿਊਮਨ ਰਾਈਟਸ ਆਰਗੇਨਾਈਜੇਸ਼ਨ ਦੀ ਇੱਕ ਟੀਮ ਦੀ, ਅੰਮ੍ਰਿਤਸਰ ਅਤੇ ਗੁਰਦਾਸਪੁਰ ਦੇ ਸਰਹੱਦੀ ਜ਼ਿਲ੍ਹਿਆਂ ਵਿੱਚ ਤਸੀਹਿਆਂ ਦੇ ਇਲਜ਼ਾਮਾਂ ਦੀ ਪੜਤਾਲ ਕਰਨ ਲਈ ਕੀਤੇ ਗਏ ਦੌਰੇ ਸਮੇਂ, ਅਗਵਾਈ ਕੀਤੀ ਸੀ । ਟੀਮ ਨੇ ਰਿਪੋਰਟ ਦਿੱਤੀ ਕਿ ''ਸੁਰੱਖਿਆ ਦਸਤਿਆਂ ਅਤੇ ਪੰਜਾਬ ਪੁਲਸ ਨੇ ਕਈ ਐਸੇ ਸੈਂਟਰ ਕਾਇਮ ਕੀਤੇ ਹੋਏ ਹਨ ਜਿੱਥੇ ਸਿੱਖਾਂ ਨੂੰ ਅਣਮਨੁੱਖੀ ਅਤੇ ਨੀਚ ਕਿਸਮ ਦੇ ਤਸੀਹੇ ਦਿੱਤੇ ਜਾਂਦੇ ਹਨ । ਭ੍ਰਿਸ਼ਟਾਚਾਰ ਪੂਰੀ ਤਰ੍ਹਾਂ ਛਾਇਆ ਹੋਇਆ ਹੈ ਅਤੇ ਇੰਟੈਰੋਗੇਸ਼ਨ ਅਧਿਕਾਰੀ ਨਿਰਦੋਸ਼ ਲੋਕਾਂ ਨੂੰ ਰਿਹਾਅ ਕਰਨ ਲਈ ਪੈਸੇ ਬਟੋਰਦੇ ਹਨ । ਏਥੇ ਮਾਰੇ ਜਾਂਦੇ ਬੰਦਿਆਂ ਦੀਆਂ ਲਾਸ਼ਾਂ ਨੂੰ ਗੁਪਤ ਢੰਗ ਨਾਲ ਬਿਲੇ ਲਾਉਣ ਬਾਰੇ ਪਤਾ ਲੱਗਾ ਅਤੇ ਇਨ੍ਹਾਂ 'ਚੋਂ ਜ਼ਿਆਦਾਤਰ ਨਹਿਰਾਂ-ਨਾਲਿਆਂ ਜਾਂ ਖੇਤਾਂ ਵਿੱਚ ਸੁੱਟ ਦਿੱਤੀਆਂ ਜਾਂਦੀਆਂ ਹਨ, ਅਤੇ ਫਿਰ ਇਹ ਪ੍ਰਚਾਰ ਕੀਤਾ ਜਾਂਦਾ ਹੈ ਕਿ ਇਹ ਕਤਲ ਖਾੜਕੂ ਗਰੁੱਪਾਂ ਦੀ ਆਪਸੀ ਲੜਾਈ ਵਿੱਚ ਹੋਏ ਹਨ । ਅਜਿਹੇ ਕੁੱਝ ਸੈਂਟਰ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਝਬਾਲ, ਮਾਲ ਮੰਡੀ, ਅਤੇ ਪੁਰਾਣੀ ਜੇਲ੍ਹ ਵਿਚ ਅਤੇ ਗੁਰਦਾਸਪੁਰ ਜ਼ਿਲ੍ਹੇ ਵਿਚ ਕਾਦੀਆਂ, ਦੀਨਾਨਗਰ ਅਤੇ ਸ਼ਾਹਪੁਰ ਕੰਢੀ ਦੇ ਰੈਸਟ ਹਾਊਸਾਂ ਵਿਚ ਸਥਿਤ ਹਨ । ਲੋਕ ਇਨ੍ਹਾਂ ਤਸੀਹਿਆਂ ਅਤੇ ਕਤਲਾਂ ਲਈ ਐਸ.ਐਸ.ਪੀ. ਇਜ਼ਹਾਰ ਆਲਮ, ਐਸ.ਪੀ. (ਡਿਟੈਕਟਵ) ਰਜਿੰਦਰ ਸਿੰਘ ਅਤੇ ਡੀ.ਐਸ.ਪੀ. ਗੁਰਮੇਲ ਸਿੰਘ ਨੂੰ ਦੋਸ਼ੀ ਮੰਨਦੇ ਹਨ ।

''ਤਲਵੰਡੀ ਦੇ ਸੂਬਾ ਸਿੰਘ, ਜੇ.ਬੀ.ਟੀ. ਅਧਿਆਪਕ ਅਤੇ ਜਸਪਾਲ ਸਿੰਘ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਮੀਤ ਪ੍ਰਧਾਨ, ਨੂੰ ਦੀਨਾਨਗਰ ਤੋਂ ਗ੍ਰਿਫਤਾਰ ਕੀਤਾ ਗਿਆ ਅਤੇ ਸ਼ਾਹਪੁਰ ਕੰਢੀ ਰੈਸਟ ਹਾਊਸ ਵਿਚ ਲਿਜਾ ਕੇ ਤਸੀਹੇ ਦੇ ਕੇ ਮਾਰ ਦਿਤਾ ਗਿਆ, ਪਰ ਦਿਖਾਇਆ ਇਹ ਗਿਆ ਕਿ ਉਹ ਕਮਾਲਪੁਰ ਵਿਚ ਬੀ.ਐਸ.ਐਫ. ਨਾਲ ਹੋਏ ਮੁਕਾਬਲੇ ਵਿਚ ਮਾਰੇ ਗਏ ਹਨ ।...(ਸੁਰੱਖਿਆ ਦਸਤਿਆਂ ਨੇ) ਵੇਰੋਕੇ ਦੇ ਨਿਰੰਜਣ ਸਿੰਘ ਦੇ ਘਰ ਛਾਪਾ ਮਾਰਿਆ ਅਤੇ ਉਹਦੇ ਪੁੱਤਰ ਅਤੇ ਉਹਦੀ ਗਰਭਵਤੀ ਧੀ ਨੂੰ ਮਾਰ ਦਿਤਾ । ਬਟਾਲਾ ਦੇ ਐਸ.ਡੀ.ਐਮ. ਨੇ ਪੜਤਾਲ ਕਰਕੇ, ਬੀ.ਐਸ.ਐਫ. ਨੂੰ ਦੋਸ਼ੀ ਕਰਾਰ ਦਿੱਤਾ ਸੀ । ਪਰ ਸਰਕਾਰ ਨੇ ਕੋਈ ਕਾਰਵਾਈ ਨਾ ਕੀਤੀ ।''

ਪੰਜਾਬ ਹਿਊਮਨ ਰਾਈਟਸ ਆਰਗੇਨਾਈਜੇਸ਼ਨ ਨੇ ਇਹ ਵੀ ਦੱਸਿਆ ਕਿ, 12 ਮਈ ਅਤੇ 22 ਅਗਸਤ 1987 ਵਿਚਾਲੇ, 73 ਸਿੱਖ ਨੌਜਵਾਨ ਮਾਰੇ ਗਏ ਸਨ । ਜਥੇਬੰਦੀ ਨੂੰ ਇਕ ਨਜ਼ਰਬੰਦ ਦਾ ਖਤ ਮਿਲਿਆ, ਜਿਸ ਵਿਚ ਦਿਖਾਇਆ ਗਿਆ ਸੀ ਕਿ ਇਕੱਲੇ ਫਰੀਦਕੋਟ ਜ਼ਿਲ੍ਹੇ ਵਿਚ ਹੀ 50-60 ਨੌਜਵਾਨ ਮੁੰਡੇ ਮਾਰ ਦਿਤੇ ਗਏ ਸਨ । ਉਸ ਨੇ ਲਿਖਿਆ ਕਿ, ''ਉਨ੍ਹਾਂ ਸਭ ਨੂੰ ਦਿਨਾਂ-ਬੱਧੀ ਬੇਹੱਧ ਜ਼ਾਲਮਾਨਾ ਅਤੇ ਅਣ-ਮਨੁੱਖੀ ਤਸੀਹੇ ਦਿਤੇ ਗਏ, ਅਤੇ ਫਿਰ ਜੀ-ਭਿਆਣੇ ਮਾਰ ਦਿੱਤਾ ਗਿਆ ।'' ਉਸ ਨਜ਼ਰਬੰਦ ਨੇ ਅੱਗੇ ਲਿਖਿਆ ਕਿ ਫਿਰ ਉਨ੍ਹਾਂ ਨੂੰ ਪੁਲਸ ਨੇ ''ਅਣਪਛਾਤੇ ਦਹਿਸ਼ਤਗਰਦਾਂ'' ਦੀ ਸੂਚੀ ਵਿਚ ਦਰਜ ਕਰ ਦਿਤਾ ।

ਦਿੱਲੀ ਵਿਚ ਸਿਟੀਜ਼ਨਜ਼ ਫਾਰ ਡੈਮੋਕਰੇਸੀ ਵਲੋਂ ਲਿਖੀ ਗਈ ਇਕ ਹੋਰ ਰੀਪੋਰਟ ਪੰਜਾਬ ਵਿਚ ਹਕੂਮਤੀ ਦਹਿਸ਼ਤਗਰਦੀ ਦਾ ਵਰਨਣ ਇਸ ਤਰ੍ਹਾਂ ਕਰਦੀ ਹੈ । ''ਅੱਜ ਪੰਜਾਬ

Digitized by Panjab Digital Library | www.panjabdigilib.org

ਵਿੱਚ ਕਿਸ ਤਰ੍ਹਾਂ ਜੀਣਾ ਤੱਕ ਵੀ ਮੁਹਾਲ ਹੋ ਚੁੱਕਾ ਹੈ । ਇਸ ਦਾ ਵਰਨਣ ਸਾਡੇ ਕੋਲ ਕਾਲਾ ਸੰਘਿਆਂ ਦੇ ਸਰਪੰਚ ਸ੍ਰੀ ਨਰਿੰਦਰ ਸਿੰਘ ਨੇ ਕੀਤਾ, 'ਜੇ ਕੋਈ ਵੀ ਪੁਲਸ ਦੀਆਂ ਗੈਰ-ਕਾਨੂੰਨੀ ਕਰਤੂਤਾਂ 'ਤੇ ਇਤਰਾਜ਼ ਕਰਦਾ ਹੈ ਤਾਂ ਉਸਨੂੰ ਤੁਰੰਤ ਗ੍ਰਿਫ਼ਤਾਰ ਕਰਕੇ ਆਰਮਜ਼ ਐਕਟ ਅਧੀਨ ਝੂਠੇ ਕੇਸ ਵਿੱਚ ਫਸਾ ਦਿੱਤਾ ਜਾਂਦਾ ਹੈ । ਨਿਰਦੋਸ਼ ਵਿਅਕਤੀਆਂ ਨੂੰ ਤਸੀਹੇ ਦਿੱਤੇ ਜਾਂਦੇ ਹਨ । ਪੁਲਸ ਦੀ ਬੁਰਸ਼ਾਗਰਦੀ ਦੀ ਕੋਈ ਹੱਦ ਨਹੀਂ ਰਹਿ ਗਈ । ਦੋ ਮਹੀਨੇ ਤੋਂ ਤਰਸੇਮ ਸਿੰਘ ਦੀ ਪਤਨੀ ਅਤੇ ਚਾਚੀ ਨੂੰ ਅਤੇ ਸੰਧੂ ਸੇਠ ਦੀ ਪਤਨੀ ਨੂੰ ਪੁਲਸ ਪਤਾ ਨਹੀਂ ਕਿੱਥੇ ਲੈ ਗਈ ਹੈ । ਜਿੰਨਾ ਵੀ ਵੱਧ ਤੋਂ ਵੱਧ ਪੈਸਾ ਉਹ ਬਟੋਰ ਸਕਦੇ ਹਨ, ਉਹ ਹਥਿਆਉਣਾ ਚਾਹੁੰਦੇ ਹਨ ।''

ਇੱਕ ਅੰਤਰਰਾਸ਼ਟਰੀ ਜਥੇਬੰਦੀ ਨੇ ਵੀ ਰਿਪੋਰਟ ਦਿੱਤੀ : ''ਹਿੰਦੁਸਤਾਨ ਦੇ ਬਹੁਤ ਸਾਰੇ ਸੂਬਿਆਂ ਆਂਧਰਾ-ਪ੍ਰਦੇਸ਼, ਬਿਹਾਰ, ਦਿੱਲੀ, ਕਰਨਾਟਕ, ਕੇਰਲਾ, ਮੱਧ-ਪ੍ਰਦੇਸ਼, ਮਹਾਂਰਾਸ਼ਟਰ, ਪੰਜਾਬ, ਰਾਜਸਥਾਨ, ਉਤਰ ਪ੍ਰਦੇਸ਼ ਅਤੇ ਪੱਛਮੀ ਬੰਗਾਲ ਤੋਂ, ਪੁਲਸ ਹਿਰਾਸਤ ਵਿੱਚ ਕਥਿਤ ਤੌਰ 'ਤੇ ਤਸੀਹੇ ਦੇ ਕੇ ਜਾਂ ਗੋਲੀ ਮਾਰ ਕੇ ਕਤਲ ਕਰ ਦੇਣ ਦੀਆਂ ਰਿਪੋਰਟਾਂ ਮਿਲ ਰਹੀਆਂ ਹਨ ।'' ਇਸ ਨੇ ਦਿੱਲੀ ਪੁਲਸ ਦੀ ਹਿਰਾਸਤ ਵਿੱਚ ਕਈ ਸਿੱਖਾਂ ਦੀਆਂ ਹੋਈਆਂ ਮੌਤਾਂ 'ਤੇ ਵੀ ਚਿੰਤਾ ਜ਼ਾਹਿਰ ਕੀਤੀ । ਪੁਲਸ ਨੇ ਕਿਹਾ ਕਿ ਇੱਕ ਬੰਦਾ ਹਾਈ ਬਲੱਡ ਪ੍ਰੈਸ਼ਰ ਕਾਰਨ ਮਰ ਗਿਆ, ਪਰ ਜਥੇਬੰਦੀ ਕੋਲ ਸਬੂਤ ਸੀ ਕਿ ਉਹ ਤਸੀਹਿਆਂ ਨਾਲ ਮਰਿਆ ਸੀ । ਸੂਰਜ ਸਿੰਘ 13 ਅਗਸਤ ਨੂੰ ਪੂਰਬੀ ਦਿੱਲੀ ਦੇ ਗਾਂਧੀ ਨਗਰ ਪੁਲਸ ਥਾਣੇ ਵਿੱਚ ਮਰ ਗਿਆ । ਪੁਲਸ ਕਹਿੰਦੀ ਹੈ ਕਿ ਉਹ ਫਾਹਾ ਲੈ ਕੇ ਮਰਿਆ ਹੈ, ਪਰ ਰਿਸ਼ਤੇਦਾਰਾਂ ਦਾ ਕਹਿਣਾ ਹੈ ਕਿ ਉਸ ਨੂੰ ਸ਼ੱਕਰਪੁਰ ਪੁਲਸ ਸਟੇਸ਼ਨ ਵਿੱਚ ਕੁੱਟ ਕੁੱਟ ਕੇ ਮਾਰਿਆ ਗਿਆ ਸੀ । ਜਥੇਬੰਦੀ ਨੇ ਇਨ੍ਹਾਂ ਮਾਮਲਿਆਂ ਦੀ ਅਦਾਲਤੀ ਜਾਂਚ ਕਰਾਉਣ ਲਈ ਕਿਹਾ ਸੀ, ਪਰ ਇਹਦੀ ਜਾਣਕਾਰੀ ਮੁਤਾਬਕ ਕੋਈ ਅਜਿਹੀ ਜਾਂਚ ਨਹੀਂ ਕਰਾਈ ਗਈ । ਐਪਰ, ਦਸੰਬਰ ਵਿੱਚ ਇੱਕ ਮੈਜਿਸਟ੍ਰੇਟ ਵੱਲੋਂ ਜਾਰੀ ਕੀਤੀ ਜਾਂਚ ਨੇ ਇਹ ਪਤਾ ਲਾਇਆ ਕਿ ਦਿੱਲੀ ਦੇ ਇੱਕ ਪੁਲਸ ਸਟੇਸ਼ਨ ਵਿੱਚ ਦਿਆਲ ਸਿੰਘ ਦੀ ਮੌਤ ਤਸੀਹਿਆਂ ਕਾਰਨ ਹੋਈ ਸੀ ਅਤੇ ਜਾਂਚ ਵਿੱਚ ਸਿਫਾਰਸ਼ ਕੀਤੀ ਗਈ ਕਿ ਚਾਰ ਪੁਲਸ ਅਫਸਰਾਂ 'ਤੇ ਕਤਲ ਦਾ ਮੁਕੱਦਮਾ ਚਲਾਇਆ ਜਾਵੇ । ਕਈ ਹੋਰ ਕੇਸਾਂ ਵਿੱਚ, ਪੁਲਸ ਅਫਸਰਾਂ ਉੱਤੇ ਕਤਲ ਕਰਨ ਦੇ ਦੋਸ਼ ਲਾਏ ਜਾਣ ਦੀਆਂ ਖ਼ਬਰਾਂ ਹਨ । ਜਥੇਬੰਦੀ ਨੂੰ ਬਹੁਤ ਸਾਰੀਆਂ ਅਜਿਹੀਆਂ ਰਿਪੋਰਟਾਂ ਮਿਲੀਆਂ ਕਿ ਸੂਬੇ (ਪੰਜਾਬ) ਵਿੱਚ ਸਿੱਖ ਕਾਰਕੁੰਨਾਂ ਦੇ ਕੁੱਝ ਕਤਲ ਪੁਲਸ ਜਾਂ ਅਰਧ-ਫੌਜੀ ਸ਼ਕਤੀਆਂ ਵੱਲੋਂ ਬਣਾਏ ਗਏ ਝੂਠੇ ਮੁਕਾਬਲਿਆਂ ਵਿੱਚ ਕੀਤੇ ਗਏ ਹਨ । ਇਨ੍ਹਾਂ ਰਿਪੋਰਟਾਂ ਅਨੁਸਾਰ ਉਨ੍ਹਾਂ ਵਿਚੋਂ ਕਈਆਂ ਨੂੰ ਗ੍ਰਿਫ਼ਤਾਰ ਕਰਨ ਤੋਂ ਬਾਅਦ, ਮਿੱਥ ਕੇ ਮਾਰਿਆ ਗਿਆ ਹੈ ।

ਭਾਰਤੀ ਘੱਟ-ਗਿਣਤੀ ਅਤੇ ਦਲਿਤ ਫਰੰਟ ਤੇ ਜਬਰ-ਵਿਰੋਧੀ ਤਾਲਮੇਲ ਕਮੇਟੀ ਵੱਲੋਂ ਕੀਤੀ ਗਈ ਇੱਕ ਸਾਂਝੀ ਜਾਂਚ-ਪੜਤਾਲ ਨੇ ਪਤਾ ਲਾਇਆ ਕਿ ਸੀ.ਆਰ.ਪੀ.ਐਫ. ਨੇ 27 ਦਸੰਬਰ, 1986 ਨੂੰ ਬ੍ਰਹਮਪੁਰਾ ਵਿੱਚ, ਲੋਕਾਂ 'ਤੇ ਜਬਰ ਢਾਏ ਸਨ, ਇੱਕ ਬਜ਼ੁਰਗ ਆਦਮੀ ਨੂੰ ਲਾਠੀਆਂ ਨਾਲ ਕੁੱਟ-ਕੁੱਟ ਮਾਰ ਦਿੱਤਾ ਸੀ, ਔਰਤਾਂ ਨਾਲ ਬਲਾਤਕਾਰ ਕੀਤੇ ਸਨ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਅੱਗ ਲਾਈ ਸੀ । ਆਪਣੀ ਪੜਤਾਲ ਦੌਰਾਨ ਕਮੇਟੀ ਨੇ ਪਿੰਡ ਦੇ ਤਿੰਨ ਹਿੰਦੂ ਪ੍ਰੀਵਾਰਾਂ ਨਾਲ ਗੱਲ ਕੀਤੀ ਜਿਨ੍ਹਾਂ ਨੇ ਪਿੰਡ ਦੇ ਦੋਸਤਾਨਾ ਮਾਹੌਲ ਬਾਰੇ ਦੱਸਿਆ । ਉਨ੍ਹਾਂ ਨੇ ਦੱਸਿਆ ਕਿ ਪਿੰਡ ਦੇ ਸਿੱਖ ਵਸਨੀਕ ਕਿਸੇ ਨੂੰ ਵੀ ਫਿਰਕੂ ਅਧਾਰ

Digitized by Panjab Digital Library | www.panjabdigilib.org

'ਤੇ ਤੰਗ ਨਹੀਂ ਕਰਦੇ, ਸਗੋਂ ਉਨ੍ਹਾਂ ਨੇ ਦੋਸ਼ ਲਾਇਆ ਕਿ ਪੁਲਸ ਪਿੰਡ ਵਾਸੀਆਂ 'ਤੇ ਜ਼ੁਲਮ ਕਰਦੀ ਹੈ ।

ਇੱਕ ਹੋਰ ਪੜਤਾਲੀਆ ਕਮੇਟੀ ਨੇ, ਪਿੱਛੇ ਜਿਹੇ, ਪਤਾ ਲਾਇਆ ਕਿ ਬਟਾਲਾ ਵਿੱਚ 29 ਅਪ੍ਰੈਲ, 1988 ਨੂੰ ਹੋਇਆ ਬੰਬ ਧਮਾਕਾ, ਜਿਸ ਵਿੱਚ ਕਈ ਲੋਕ ਮਾਰੇ ਗਏ ਸਨ, ਪੁਲਸ ਨੇ ਹੀ ਜਥੇਬੰਦ ਕੀਤਾ ਸੀ ਅਤੇ 6 ਸਿੱਖਾਂ ਨੂੰ ਹਿੰਦੂ ਸੁਰੱਖਿਆ ਸੰਮਤੀ ਨੇ ਪੁਲਸ ਦੀ ਰਜ਼ਾਮੰਦੀ ਨਾਲ, ਜਿਉਂਦੀਆਂ ਅੱਗ ਲਾ ਕੇ ਸਾੜ ਦਿੱਤਾ ਸੀ । ਇਸ ਤਰੀਕੇ ਨਾਲ ਸੈਂਕੜੇ ਹੀ ਨੌਜਵਾਨ ਹਕੂਮਤੀ ਦਹਿਸ਼ਤਗਰਦੀ ਦਾ ਸ਼ਿਕਾਰ ਹੋ ਚੁੱਕੇ ਹਨ ।

## ਪੰਜਾਬ ਹਿਊਮਨ ਰਾਈਟਸ ਆਰਗੇਨਾਈਜੇਸ਼ਨ

ਪੰਜਾਬ ਹਿਊਮਨ ਰਾਈਟਸ ਆਰਗੇਨਾਈਜ਼ੇਸ਼ਨ ਦੇ ਜ਼ਿਆਦਾਤਰ ਸਰਗਰਮ ਕਾਰਕੁੰਨ ਜ਼ਿਲ੍ਹਾ ਅਦਾਲਤਾਂ ਜਾਂ ਹਾਈਕੋਰਟ ਵਿੱਚ ਵਕਾਲਤ ਕਰ ਰਹੇ ਵਕੀਲ ਹਨ ਅਤੇ ਕੁੱਝ ਰਿਟਾਇਰਡ ਫੌਜੀ ਅਫਸਰ ਅਤੇ ਅਗਾਂਹਵਧੂ ਕਿਸਾਨ ਹਨ । ਇਹ ਸਾਰੇ ਜ਼ਮੀਰ ਵਾਲੇ ਬੰਦੇ ਹਨ ਅਤੇ ਬੜੀ ਤਨਦੇਹੀ ਅਤੇ ਦਿਆਨਤਦਾਰੀ ਨਾਲ ਇਤਲਾਹ ਦਿੰਦੇ ਰਹੇ ਹਨ ਅਤੇ ਬੜੀ ਬਰੀਕੀ ਨਾਲ, ਬਿਨਾਂ ਵਧਾਏ ਚੜ੍ਹਾਏ ਮਸਲਿਆਂ ਦੀ ਛਾਣ-ਬੀਣ ਕਰਦੇ ਰਹੇ ਹਨ । ਪੰਜਾਬ ਹਿਊਮਨ ਰਾਈਟਸ ਆਰਗੇਨਾਈਜ਼ੇਸ਼ਨ ਆਪਣੀਆਂ ਰਿਪੋਰਟਾਂ ਦੂਸਰੇ ਹਿਊਮਨ ਰਾਈਟਸ ਗਰੁੱਪਾਂ ਨੂੰ ਅਤੇ ਸੰਯੁਕਤ ਰਾਸ਼ਟਰ ਅਧੀਨ ਕੰਮ ਕਰਨ ਵਾਲਿਆਂ ਨੂੰ ਵੀ ਭੇਜਦੀ ਰਹੀ ਹੈ । ਇਸ ਨੇ, ਪੰਜਾਬ ਵਿੱਚ ਪਿਛਲੇ 5-6 ਸਾਲਾਂ ਤੋਂ ਹੋ ਰਹੇ ਮਨੁੱਖੀ ਅਧਿਕਾਰਾਂ ਦੇ ਉਲੰਘਣ ਮੁਤੱਲਕ ਕੁੱਝ ਗੈਰ-ਸਰਕਾਰੀ ਜਥੇਬੰਦੀਆਂ ਨਾਲ ਵੀ ਸੰਪਰਕ ਕੀਤਾ ਹੈ । ਇਸ ਦੇ ਕਈ ਸਰਗਰਮ ਮੈਂਬਰਾਂ ਨੂੰ ਪੁਲਸ ਨੇ ਤੰਗ ਕੀਤਾ ਹੈ, ਧਮਕਾਇਆ ਹੈ ਅਤੇ ਗ੍ਰਿਫ਼ਤਾਰ ਕੀਤਾ ਹੈ, ਤਾਂ ਜੋ ਉਨ੍ਹਾਂ ਨੂੰ ਇਸ ਜਥੇਬੰਦੀ ਵਿੱਚ ਕੰਮ ਕਰਨ ਤੋਂ ਹਟਾਇਆ ਜਾ ਸਕੇ । ਸ੍ਰੀ ਸੁਖਦੇਵ ਸਿੰਘ ਨੂੰ 1986 ਵਿੱਚ ਗ੍ਰਿਫ਼ਤਾਰ ਕਰਕੇ ਕਰੀਬ 6 ਮਹੀਨੇ ਬੰਨ ਕੇ ਰੱਖਿਆ ਗਿਆ ਸੀ ਇਸੇ ਤਰ੍ਹਾਂ ਕਈ ਸਰਗਰਮ ਮੈਂਬਰਾਂ ਨੂੰ ਸਮੇਂ ਸਮੇਂ ਗ੍ਰਿਫ਼ਤਾਰ ਕੀਤਾ ਜਾਂਦਾ ਰਿਹਾ, ਤਾਂ ਜੋ ਉਨ੍ਹਾਂ ਨੂੰ ਮਨੁੱਖੀ ਅਧਿਕਾਰਾਂ ਲਈ ਕੰਮ ਕਰਨ ਤੋਂ ਰੋਕਿਆ ਜਾਵੇ ।

ਸ਼ਹਿਰੀ ਹੱਕਾਂ ਬਾਰੇ ਜਥੇਬੰਦੀ ਕਾਇਮ ਕਰਨ ਦੀ ਲੋੜ, ਰੀਵੀਊ ਹੇਠਲੇ ਅਰਸੇ ਦੌਰਾਨ, ਸੁਰੱਖਿਆ ਦਸਤਿਆਂ ਵੱਲੋਂ ਢਾਏ ਗਏ ਜਬਰ ਕਾਰਨ ਪੈਦਾ ਹੋਈ ਸੀ । ਜਦ ਮੈਂ ਬੈਂਸ ਕਮੇਟੀ ਦਾ ਚੇਅਰਮੈਨ ਸਾਂ ਤਾਂ ਮੈਨੂੰ ਪਤਾ ਲੱਗਾ ਕਿ ਕਿੰਨੇ ਵੱਡੇ ਅਤੇ ਵਿਆਪਕ ਪੈਮਾਨੇ 'ਤੇ ਮਨੁੱਖੀ ਅਧਿਕਾਰਾਂ ਦਾ ਉਲੰਘਣ ਕੀਤਾ ਜਾ ਰਿਹਾ ਹੈ ਅਤੇ ਕਿਵੇਂ ਨਿਰਦੋਸ਼ ਨੌਜਵਾਨਾਂ ਨੂੰ ਤਸੀਹੇ ਦੇਣ ਅਤੇ ਕਤਲ ਕਰਨ ਦੀ ਹੱਦ ਹੋ ਚੁੱਕੀ ਹੈ । ਪੰਜਾਬ ਹਿਊਮਨ ਰਾਈਟਸ ਆਰਗੇਨਾਈਜ਼ੇਸ਼ਨ ਜਿੱਥੇ ਵੀ ਮਨੁੱਖੀ ਅਧਿਕਾਰਾਂ ਦਾ ਉਲੰਘਣ ਹੁੰਦਾ ਹੈ ਅਤੇ ਜਦ ਵੀ ਪੁਲਸ ਹਿਰਾਸਤ ਵਿੱਚ ਮੌਤਾਂ ਹੁੰਦੀਆਂ ਹਨ ਤਾਂ ਉਨ੍ਹਾਂ ਦੀ ਪੜਤਾਲ ਕਰਦੀ ਹੈ । ਇਸ ਨੇ, ਮਨੁੱਖੀ ਅਧਿਕਾਰਾਂ ਦੇ ਉਲੰਘਣ ਤੇ ਸੁਰੱਖਿਆ ਅਤੇ ਅਰਧ-ਫੌਜੀ ਸ਼ਕਤੀਆਂ ਵੱਲੋਂ ਕਾਨੂੰਨ ਦੇ ਰਾਜ ਨੂੰ ਖ਼ਤਮ ਕਰਨ ਵਿਰੁੱਧ ਆਵਾਜ਼ ਉਠਾਉਣ ਲਈ, ਪੰਜਾਬ ਵਿੱਚ ਥਾਂ-ਥਾਂ ਕਨਵੈਨਸ਼ਨਾਂ ਕੀਤੀਆਂ ਹਨ । ਜਥੇਬੰਦੀ ਨੇ ਹਿੰਦੁਸਤਾਨ ਦੇ ਰਾਸ਼ਟਰਪਤੀ ਨਾਲ ਮੁਲਾਕਾਤ ਕਰਕੇ ਉਹਨੂੰ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਤੋਂ ਜਾਣੂ ਕਰਾਇਆ ਅਤੇ ਇਸ ਨੇ ਪੰਜਾਬ ਦੇ ਗਵਰਨਰ ਨਾਲ ਵੀ ਇੱਕ ਮੁਲਾਕਾਤ ਕਰਕੇ ਪੁਲਸ ਅਧਿਕਾਰੀਆਂ ਵਿਰੁੱਧ ਕਾਰਵਾਈ ਕਰਨ ਅਤੇ ਪੁਲਸ ਹਿਰਾਸਤ ਵਿੱਚ ਨੌਜਵਾਨਾਂ ਦੇ ਕਤਲ ਬੰਦ ਕਰਨ ਦੀ ਮੰਗ ਕੀਤੀ । ਥੋੜ੍ਹਾ ਚਿਰ ਪਹਿਲਾਂ, ਜਥੇਬੰਦੀ ਨੇ ਚੰਡੀਗੜ੍ਹ ਵਿੱਚ ਇੱਕ ਕਨਵੈਨਸ਼ਨ ਕੀਤੀ, ਜਿੱਥੇ ਕਈ ਸਿਆਸੀ ਪਾਰਟੀਆਂ

Digitized by Panjab Digital Library | www.panjabdigilib.org

ਨਾਲ ਤੁਅੱਲਕ ਰੱਖਣ ਵਾਲੇ ਬਹੁਤ ਸਾਰੇ ਉੱਘੇ ਵਿਅਕਤੀਆਂ ਨੇ ਜਬਰ ਬਾਰੇ ਅਤੇ ਮਨੁੱਖੀ ਅਧਿਕਾਰਾਂ ਦੇ ਉਲੰਘਣ ਬਾਰੇ ਵਿਚਾਰ-ਵਟਾਂਦਰਾ ਕੀਤਾ। ਪੰਜਾਬ ਹਿਊਮਨ ਰਾਈਟਸ ਆਰਗੇਨਾਈਜ਼ੇਸ਼ਨ ਦੇ ਕਰੀਬ ਇੱਕ ਸੌ ਸਰਗਰਮ ਕਾਰਕੁੰਨਾਂ ਨੇ ਮਈ 1988 ਦੇ ਪਹਿਲੇ ਹਫਤੇ ਪੰਜਾਬ ਦੇ ਗਵਰਨਰ ਨੂੰ ਇੱਕ ਯਾਦ-ਪੱਤਰ ਦੇਣ ਦਾ ਯਤਨ ਕੀਤਾ। ਉਨ੍ਹਾਂ ਨੂੰ ਪੁਰਅਮਨ ਅੱਗੇ ਨਾ ਜਾਣ ਦਿੱਤਾ ਗਿਆ। ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਕਈ ਦਿਨਾਂ ਤੱਕ ਬੰਦ ਰੱਖਣ ਤੋਂ ਬਾਅਦ ਰਿਹਾ ਕੀਤਾ ਗਿਆ। ਫਿਰ ਵੀ, ਜਥੇਬੰਦੀ ਦੀਆਂ ਇਹ ਸਭ ਰਿਪੋਰਟਾਂ ਅਤੇ ਪੜਤਾਲਾਂ, ਪੰਜਾਬ ਵਿੱਚ ਹੋ ਰਹੇ ਮਨੁੱਖੀ ਹੱਕਾਂ ਦੇ ਉਲੰਘਣ ਦੇ ਇੱਕ ਬਹੁਤ ਹੀ ਛੋਟੇ ਜਿਹੇ ਅੰਸ਼ ਨੂੰ ਹੀ ਸਾਹਮਣੇ ਲਿਆਉਂਦੀਆਂ ਹਨ।

* * * *

ਪੰਜਾਬ ਵਿੱਚ ਹਾਲਤ ਬਾਰੇ ਉੱਪਰ ਦੱਸੇ ਤੱਥ ਸਾਬਤ ਕਰਦੇ ਹਨ ਕਿ ਕੇਂਦਰੀ ਸਰਕਾਰ ਦਾ ਵਤੀਰਾ ਇੱਕ ਸਾਮਰਾਜੀ ਤਾਕਤ ਵਾਲਾ ਹੈ, ਅਤੇ ਇੱਕ ਜਮਹੂਰੀ ਸਰਕਾਰ ਵਾਲਾ ਨਹੀਂ ਜੋ ਇਹ ਆਪਣੇ-ਆਪ ਨੂੰ ਅਖਵਾਉਂਦੀ ਹੈ। ਕੋਈ ਵੀ ਦਿਆਨਤਦਾਰ ਬੰਦਾ ਦੇਖ ਸਕਦਾ ਹੈ ਕਿ ਪੰਜਾਬ ਵਿੱਚ ਸਰਕਾਰੀ ਮੁਹਿੰਮ ਦਾ ਮਨੋਰਥ ਲੋਕਾਂ 'ਤੇ ਦਹਿਸ਼ਤ ਪਾਉਣਾ ਅਤੇ ਉਨ੍ਹਾਂ ਨੂੰ ਨੀਚ ਗੁਲਾਮ ਬਣਾਉਣਾ ਹੈ। ਕੇਂਦਰੀ ਸਰਕਾਰ ਦਾ ਇਹ ਪ੍ਰਾਪੇਗੰਡਾ ਝੂਠ ਹੈ ਕਿ ਪੰਜਾਬ ਸਮੱਸਿਆ ਅੱਤਵਾਦੀਆਂ ਜਾਂ ਦਹਿਸ਼ਤਪਸੰਦਾਂ ਦੀ ਪੈਦਾ ਕੀਤੀ ਹੋਈ ਹੈ। ਸਬੂਤ ਇਸ ਪ੍ਰਾਪੇਗੰਡੇ ਦਾ ਖੰਡਨ ਕਰਦੇ ਹਨ। ਖਾੜਕੂਆਂ ਨੇ ਹਥਿਆਰ ਆਪਣੇ ਹੱਕਾਂ ਦੀ ਰਖਵਾਲੀ ਲਈ ਅਤੇ ਕੇਂਦਰੀ ਸਰਕਾਰ ਦੀਆਂ ਜਾਬਰ ਨੀਤੀਆਂ ਤੋਂ ਆਪਣੀ ਰਖਵਾਲੀ ਕਰਨ ਲਈ ਉਠਾਏ। ਕੇਂਦਰੀ ਸਰਕਾਰੀ ਦੀਆਂ ਕਰਤੂਤਾਂ, ਪੰਜਾਬ ਵਿੱਚ ਲੋਕਾਂ ਦੀਆਂ ਜ਼ਿੰਦਗੀਆਂ ਅਤੇ ਆਜ਼ਾਦੀਆਂ ਲਈ ਇੱਕ ਘੋਰ ਖ਼ਤਰਾ ਬਣੀਆਂ ਹੋਈਆਂ ਹਨ।

ਹਿੰਦੁਸਤਾਨ ਦੇ ਦੂਸਰੇ ਹਿੱਸਿਆਂ ਵਿੱਚ ਵੀ ਹਾਲਤ ਬਹੁਤ ਹੀ ਧਮਾਕਾਖੇਜ਼ ਹੈ, ਅਤੇ ਕੇਂਦਰੀ ਸਰਕਾਰ ਉੱਥੇ ਵੀ ਇਹੋ ਜਿਹੀ ਮੁਹਿੰਮ ਚਲਾ ਰਹੀ ਹੈ। ਬੰਗਾਲ ਦੇ ਉੱਤਰ ਵਿੱਚ, ਗੋਰਖਾਲੈਂਡ ਦਾ ਮਸਲਾ ਬਹੁਤ ਹੀ ਗੰਭੀਰ ਰੂਪ ਧਾਰਨ ਕਰ ਰਿਹਾ ਹੈ। ਅਸਾਮ ਦਾ ਮਸਲਾ ਹੱਲ ਨਹੀਂ ਕੀਤਾ ਗਿਆ। ਥੋੜ੍ਹਾ ਚਿਰ ਹੋਇਆ, ਅਸਾਮ ਦੇ ਮੁੱਖ ਮੰਤਰੀ ਨੇ ਦੱਸਿਆ ਕਿ ਆਸਾਮ ਸਮਝੌਤੇ-ਜੋ ਆਸਾਮ ਦੀਆਂ ਸਭ ਸਮੱਸਿਆਵਾਂ ਦੇ ਹੱਲ ਦੇ ਤੌਰ 'ਤੇ ਪੇਸ਼ ਕੀਤਾ ਗਿਆ ਸੀ ਦਾ ਇੱਕ ਲਫਜ਼ ਵੀ ਲਾਗੂ ਨਹੀਂ ਕੀਤਾ ਗਿਆ। ਨਾਗਾਲੈਂਡ ਉੱਤੇ ਫੌਜ ਦਾ 30 ਸਾਲਾਂ ਤੋਂ ਹਥਿਆਰਬੰਦ ਕਬਜ਼ਾ ਉੱਥੋਂ ਦੇ ਲੋਕਾਂ ਦੀਆਂ ਆਪਣੇ ਜਾਇਜ਼ ਹੱਕਾਂ ਦੀਆਂ ਮੰਗਾਂ ਨੂੰ ਖ਼ਤਮ ਨਹੀਂ ਕਰ ਸਕਿਆ। ਬਿਹਾਰ, ਝਾੜਖੰਡ ਅਤੇ ਨਾਗਾਲੈਂਡ ਵਿੱਚ ਕਬਾਇਲੀ ਲੋਕ ਵੀ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ। ਬਿਹਾਰ ਵਿੱਚ ਜਗੀਰਦਾਰਾਂ ਨੇ ਪੁਲਸ ਨਾਲ ਮਿਲਕੇ ਮਿਹਨਤਕਸ਼ ਲੋਕਾਂ ਦੇ ਜਾਇਜ਼ ਹੱਕਾਂ ਨੂੰ ਕੁਚਲਣ ਲਈ ਆਪਣੀਆਂ ਨਿੱਜੀ ਫੌਜਾਂ ਰੱਖੀਆਂ ਹੋਈਆਂ ਹਨ। ਤਾਮਿਲਨਾਡੂ ਵਿੱਚ ਵੀ ਹਾਲਤ ਖੁਸ਼ਗਵਾਰ ਨਹੀਂ। ਉੱਥੋਂ ਦੀ ਜਮਹੂਰੀ ਢੰਗ ਨਾਲ ਚੁਣੀ ਹੋਈ ਸਰਕਾਰ ਨੂੰ ਕੇਂਦਰੀ ਸਰਕਾਰ ਨੇ ਮਨਸੂਖ ਕਰ ਦਿੱਤਾ ਹੈ ਅਤੇ ਤਾਮਿਲ ਮਸਲਾ ਦਿਨੋਂ-ਦਿਨ ਹੋਰ ਵਿਗੜ ਰਿਹਾ ਹੈ। ਸਰਕਾਰੀ ਸ਼ਕਤੀਆਂ ਵੱਲੋਂ ਅੱਤਿਆਚਾਰ ਅਤੇ ਮਨੁੱਖੀ ਅਧਿਕਾਰਾਂ ਦੇ ਉਲੰਘਣ ਵਿੱਚ ਵਾਧਾ ਹੋ ਰਿਹਾ ਹੈ। ਹਰ ਜਗ੍ਹਾ ਲੋਕਾਂ ਨੂੰ ਉਨ੍ਹਾਂ ਦੇ ਜਾਇਜ਼ ਹੱਕਾਂ ਤੋਂ ਸੱਖਣੇ ਰੱਖਿਆ ਜਾ ਰਿਹਾ ਹੈ। ਦਲਿਤ ਲੋਕ, ਜੋ ਆਬਾਦੀ ਦਾ 15-16 ਫੀਸਦੀ ਹਨ, ਵੀ ਬ੍ਰਾਹਮਣਵਾਦੀ ਧਾਵੇ ਵਿਰੁੱਧ, ਬ੍ਰਾਹਮਣਵਾਦੀ ਵਿਵਸਥਾ ਵੱਲੋਂ ਸਦੀਆਂ ਤੋਂ ਕੀਤੇ ਜਾ ਰਹੇ ਅਨਿਆਂ ਵਿਰੁੱਧ ਉਠ ਰਹੇ ਹਨ। ਮੁਸਲਮਾਨਾਂ ਨੂੰ ਵੀ ਦਬਾਇਆ ਜਾ ਰਿਹਾ ਹੈ। ਜਿੱਥੇ ਵੀ ਲੋਕ ਆਪਣੀਆਂ ਸਮਾਜਿਕ ਅਤੇ ਆਰਥਿਕ ਮੰਗਾਂ ਲਈ ਇੱਕ-ਮੁੱਠ ਹੁੰਦੇ ਹਨ, ਉਨ੍ਹਾਂ ਨੂੰ ਹਿੰਦੁਸਤਾਨੀ ਰੀਪਬਲਿਕ ਦੀ 'ਏਕਤਾ ਅਤੇ ਅਖੰਡਤਾ' ਦੇ 'ਕੁਤਕੇ' ਨਾਲ ਕੁੱਟਿਆ ਤੇ ਦਬਾਇਆ ਜਾਂਦਾ ਹੈ।

Digitized by Panjab Digital Library | www.panjabdigilib.org

# ਭਾਗ ਦੂਜਾ
# ਪੰਜਾਬ—ਕੇਂਦਰ
# ਤੇ ਰਾਜਾਂ ਵਿਚਕਾਰ ਸਬੰਧਾਂ ਦਾ ਮਸਲਾ
## ਕਾਂਡ ਇੱਕ
## ਕੌਮਾਂ ਦਾ ਆਪਾ-ਨਿਰਣੇ ਦਾ ਹੱਕ
## ਜਿਸ ਵਿੱਚ ਅਲੱਗ ਹੋਣ ਦਾ ਹੱਕ ਵੀ ਸ਼ਾਮਲ ਹੈ ।

ਗੜਬੜ, ਬਦਅਮਨੀ ਅਤੇ ਹਿੰਦੁਸਤਾਨ ਦੀ ਏਕਤਾ ਨੂੰ ਖਤਰੇ ਦਾ ਇੱਕ ਕਾਰਨ ਇਹ ਹੈ ਕਿ ਕੌਮਾਂ, ਕੌਮੀ ਘੱਟ-ਗਿਣਤੀਆਂ ਅਤੇ ਕਬਾਇਲੀ ਲੋਕਾਂ ਦਾ ਮਸਲਾ ਹੱਲ ਨਹੀਂ ਕੀਤਾ ਗਿਆ । ਸਗੋਂ ਉਲਟਾ, ਕੇਂਦਰੀ ਸਰਕਾਰ ਦੀਆਂ ਨੀਤੀਆਂ ਨੇ ਇਸ ਨੂੰ ਹੋਰ ਵੀ ਉਲਝਾਅ ਦਿੱਤਾ ਹੈ ।

ਹਿੰਦੁਸਤਾਨ ਇੱਕ ਬਹੁ-ਕੌਮੀ ਦੇਸ਼ ਹੈ ਅਤੇ ਉਨ੍ਹਾਂ ਕੌਮਾਂ ਦੀ ਆਪੋ-ਆਪਣੀ ਬੋਲੀ ਹੈ, ਆਪੋ-ਆਪਣਾ ਸੱਭਿਆਚਾਰ ਅਤੇ ਇਤਿਹਾਸਕ ਵਿਰਸਾ ਹੈ । ਹਿੰਦੁਸਤਾਨ ਦੀ ਤੁਲਨਾ ਯੂਰਪ ਨਾਲ ਕੀਤੀ ਜਾਂਦੀ ਹੈ, ਜਿਸ ਵਿੱਚ ਛੋਟੀਆਂ-ਵੱਡੀਆਂ ਕਈ ਕੌਮਾਂ ਹਨ, ਜਿਨ੍ਹਾਂ 'ਚੋਂ ਹਰੇਕ ਇੱਕ ਇਤਿਹਾਸਕ ਤੌਰ 'ਤੇ ਵਿਕਸਤ ਹੋਈ ਹਸਤੀ ਹੈ, ਜਿਸਦਾ ਆਪਣਾ ਇਲਾਕਾ, ਬੋਲੀ, ਆਰਥਿਕਤਾ ਅਤੇ ਮਾਨਸਿਕ ਮੁਹਾਂਦਰਾ ਹੈ । ਇਸ ਕਰਕੇ, ਹਰ ਕੌਮ ਨੂੰ ਆਪਣੀ ਤਕਦੀਰ ਦਾ ਫੈਸਲਾ ਆਪ ਕਰਨ ਅਤੇ ਆਪਣਾ ਇੱਕ ਵੱਖਰਾ ਰਾਜ (ਦੇਸ) ਕਾਇਮ ਕਰਨ ਦਾ ਹੱਕ ਹੈ । ਉਹ ਆਪਣੀ ਮਨ-ਮਰਜ਼ੀ ਨਾਲ ਇੱਕ ਰਾਜ-ਸੰਘ (ਕਨਫੈਡਰੇਸ਼ਨ) ਵਿੱਚ ਸ਼ਾਮਲ ਹੋ ਸਕਦੀਆਂ ਹਨ, ਪਰ ਉਨ੍ਹਾਂ ਨੂੰ ਤਲਵਾਰ ਨਾਲ ਇੱਕੋ-ਰੱਸੇ ਨਹੀਂ ਨੂੜਿਆ ਜਾ ਸਕਦਾ । ਉਨ੍ਹਾਂ ਨੂੰ ਜ਼ਬਰਦਸਤੀ ਇਕੱਠੀਆਂ ਨਹੀਂ ਰੱਖਿਆ ਜਾ ਸਕਦਾ ।

ਬਹੁ-ਕੌਮੀ ਸਮਾਜਾਂ ਵਿੱਚ, ਜਿੱਥੇ-ਕਿਤੇ ਵੀ ਕੌਮੀ ਮਸਲਾ ਤਸੱਲੀਬਖ਼ਸ਼ ਢੰਗ ਨਾਲ ਹੱਲ ਨਹੀਂ ਕੀਤਾ ਜਾਂਦਾ, ਉੱਥੇ ਸਮਾਜ ਖੇਰੂੰ-ਖੇਰੂੰ ਹੋ ਜਾਂਦੇ ਹਨ । ਬੰਗਲਾ ਦੇਸ਼ ਦੀ ਮਿਸਾਲ ਦੇਖੀ ਜਾ ਸਕਦੀ ਹੈ । ਸ਼ੇਖ ਮੁਜੀਬਰ ਰਹਿਮਾਨ, ਬੰਗਾਲੀਆਂ ਦੇ ਲੀਡਰ ਨੇ ਕਦੇ ਵੀ ਵੱਖਰੇ ਰਾਜ ਦੀ ਮੰਗ ਨਹੀਂ ਸੀ ਕੀਤੀ । ਉਹਦੀ ਪਾਰਟੀ, ਅਵਾਮੀ ਲੀਗ, ਸਿਰਫ ਵਧੇਰੇ ਖ਼ੁਦਮੁਖਤਾਰੀ ਅਤੇ ਸੱਭਿਆਚਾਰਕ ਆਜ਼ਾਦੀ ਚਾਹੁੰਦੀ ਸੀ, ਪਰ ਪਾਕਿਸਤਾਨ ਸਰਕਾਰ ਨੇ ਇਹਦਾ ਜਵਾਬ ਹੋਰ ਵਧੇਰੇ ਜਬਰ ਨਾਲ ਹੋਰ ਵਧੇਰੇ ਸੱਭਿਆਚਾਰਕ ਅਤੇ ਸਿਆਸੀ ਦਮਨ ਨਾਲ ਦਿੱਤਾ । ਹਜ਼ਾਰਾਂ ਹੀ ਬੰਗਾਲੀਆਂ ਨੂੰ ਜੇਲ੍ਹਾਂ 'ਚ ਧੱਕ ਦਿੱਤਾ ਗਿਆ, ਤਸੀਹੇ ਦਿੱਤੇ ਗਏ ਅਤੇ ਝੂਠੇ ਮੁਕਾਬਲਿਆਂ ਵਿੱਚ ਮਾਰਿਆ ਗਿਆ । ਪਰ ਜਬਰ ਕਾਮਯਾਬ ਨਾ ਹੋਇਆ ਅਤੇ ਆਖ਼ਰਕਾਰ ਪਾਕਿਸਤਾਨ ਦੇ ਟੋਟੇ ਹੋ ਗਏ ਅਤੇ ਪਾਕਿਸਤਾਨ ਸਰਕਾਰ ਦੇ ਜਬਰ ਤੇ ਨਜਾਇਜ਼ ਨੀਤੀਆਂ ਨੇ ਇੱਕ ਨਵੇਂ ਦੇਸ਼ ਨੂੰ ਜਨਮ ਦਿੱਤਾ ।

ਹਿੰਦੁਸਤਾਨ ਵਿੱਚ, ਕੌਮਾਂ ਨੂੰ ਕੋਈ ਆਜ਼ਾਦੀ ਨਹੀਂ ਦਿੱਤੀ ਜਾਂਦੀ । ਸਗੋਂ, ਪਿਛਲੇ

Digitized by Panjab Digital Library | www.panjabdigilib.org

40 ਸਾਲਾਂ ਦਾ ਤਜਰਬਾ ਦਿਖਾਉਂਦਾ ਹੈ ਕਿ ਕੌਮਾਂ ਨੂੰ ਦਬਾਉਣ, ਉਨ੍ਹਾਂ ਨੂੰ ਖ਼ਤਮ ਕਰਨ ਅਤੇ ਏਕਤਾ ਅਤੇ ਅਖੰਡਤਾ ਦੇ ਬਹਾਨੇ ਹੇਠ ਉਨ੍ਹਾਂ ਦੀ ਸ਼ਨਾਖਤ ਤੱਕ ਨੂੰ ਮੁਕਾਉਣ ਦੇ ਵੀ ਯਤਨ ਕੀਤੇ ਜਾਂਦੇ ਹਨ । ਇਹ ਕੰਮ ਅੰਗਰੇਜ਼ਾਂ ਨੇ ਸ਼ੁਰੂ ਕੀਤਾ ਸੀ । ਮਿਸਾਲ ਦੇ ਤੌਰ 'ਤੇ ਉਨ੍ਹਾਂ ਨੇ ਕਈ ਕੌਮਾਂ ਨੂੰ ਨੂੜ ਕੇ ਉੱਤਰ-ਪ੍ਰਦੇਸ਼ ਬਣਾਇਆ ਸੀ । ਅੰਗਰੇਜ਼ਾਂ ਨੇ ਕੌਮਾਂ ਨੂੰ ਟੋਟੇ-ਟੋਟੇ ਕਰਨ ਦੀ ਨੀਤੀ ਵੀ ਅਪਣਾਈ, ਜਿਵੇਂ ਕਿ ਉਨ੍ਹਾਂ ਨੇ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਬੰਗਾਲ ਦਾ ਬਟਵਾਰਾ ਕੀਤਾ ਸੀ । ਉਨ੍ਹਾਂ ਨੂੰ ਲੋਕਾਂ ਵੱਲੋਂ ਹੋ ਰਹੇ ਵਿਰੋਧ ਕਾਰਨ 1911 ਵਿੱਚ ਬੰਗਾਲ ਦੇ ਬਟਵਾਰੇ ਦੀ ਗੱਲ ਛੱਡਣੀ ਪਈ, ਐਪਰ ਆਖਰਕਾਰ ਉਨ੍ਹਾਂ ਨੇ ਨਹਿਰੂ, ਗਾਂਧੀ, ਜਿਨਾਹ, ਵਗੈਰਾ ਦੀ ਮੱਦਦ ਨਾਲ 1947 ਵਿੱਚ ਬਟਵਾਰਾ ਕਰ ਹੀ ਦਿੱਤਾ ।

ਅੰਗਰੇਜ਼ਾਂ ਨੇ ਹਿੰਦੁਸਤਾਨੀ ਉਪ-ਮਹਾਂਦੀਪ ਵਿੱਚ ਦਾਖਲ ਹੁੰਦਿਆਂ ਸਾਰ ਹੀ ਕੌਮਾਂ ਅਤੇ ਕੌਮੀਅਤਾਂ ਦੇ ਹੱਕਾਂ ਨੂੰ ਪੈਰਾਂ ਹੇਠ ਲਿਤਾੜਨਾ ਸ਼ੁਰੂ ਕਰ ਦਿੱਤਾ ਸੀ । ਉਪ-ਮਹਾਂਦੀਪ ਵਿੱਚ ਬਟਵਾਰਿਆਂ ਅਤੇ ਮੁੜ-ਬਟਵਾਰਿਆਂ ਦਾ ਸੰਖੇਪ ਜਿਹਾ ਇਤਿਹਾਸ ਇਸ ਪ੍ਰਕਾਰ ਹੈ :

1757 ਵਿੱਚ ਪਲਾਸੀ ਦੀ ਲੜਾਈ ਤੋਂ ਬਾਅਦ, ਅੰਗਰੇਜ਼ਾਂ ਨੇ ਬੰਗਾਲ, ਬਿਹਾਰ ਅਤੇ ਉੜੀਸਾ ਉੱਤੇ ਕਬਜ਼ਾ ਕਰ ਲਿਆ । ਮੁਗਲ ਸ਼ਹਿਨਸ਼ਾਹ ਸ਼ਾਹ ਆਲਮ ਨੇ 1765 ਵਿੱਚ ਉਨ੍ਹਾਂ ਨੂੰ ਮਾਲੀਆ ਉਗਰਾਹੁਣ ਦਾ ਹੱਕ ਦੇ ਦਿੱਤਾ ਅਤੇ ਉਨ੍ਹਾਂ ਨੇ ਸਾਰੇ ਇਲਾਕੇ ਦਾ ਸ਼ਹਿਰੀ ਪ੍ਰਸ਼ਾਸਨ ਆਪਣੇ ਹੱਥਾਂ ਵਿੱਚ ਲੈ ਕੇ ਆਪਣੀ ਸਥਿਤੀ ਮਜ਼ਬੂਤ ਕਰ ਲਈ । 1781 ਵਿੱਚ ਬਿਹਾਰ ਨੂੰ ਇੱਕ ਕੁਲੈਕਟਰ ਅਤੇ ਜੱਜ ਮੈਜਿਸਟਰੇਟ ਦੇ ਅਧੀਨ ਇੱਕ ਜ਼ਿਲ੍ਹਾ ਬਣਾ ਦਿੱਤਾ ਗਿਆ । 1865 ਵਿੱਚ ਇਸ ਨੂੰ ਵੰਡ ਕੇ ਪਟਨਾ ਅਤੇ ਗਯਾ ਜ਼ਿਲ੍ਹੇ ਬਣਾ ਦਿੱਤੇ ਗਏ । 1869 ਵਿੱਚ 19 ਰਿਆਸਤਾਂ ਪਟਨੇ 'ਚੋਂ ਬਦਲ ਕੇ ਤਿਰਹੁਤ ਵਿੱਚ ਮਿਲਾ ਦਿੱਤੀਆਂ ਗਈਆਂ । 1 ਅਪ੍ਰੈਲ 1912 ਨੂੰ ਬਿਹਾਰ, ਛੋਟਾ ਨਾਗਪੁਰ ਅਤੇ ਉੜੀਸਾ ਨੂੰ ਇੱਕ ਲੈਫਟੀਨੈਂਟ ਗਵਰਨਰ ਇਨ ਕੌਂਸਲ ਦੇ ਅਧੀਨ ਕਰ ਦਿੱਤਾ ਗਿਆ ਅਤੇ ਬਿਹਾਰ-ਉੜੀਸਾ ਦਾ ਨਵਾਂ ਪ੍ਰਾਂਤ ਬਣਾ ਦਿੱਤਾ ਗਿਆ ਜਿਸ ਦੀ ਰਾਜਧਾਨੀ ਪਟਨੇ ਵਿੱਚ ਸੀ ।

ਛੋਟਾ ਨਾਗਪੁਰ, ਮਾਨਭੂਮ, ਸਿੰਘਭੂਮ ਅਤੇ ਸੰਥਾਲ ਪਰਗਨੇ, ਜਿਨ੍ਹਾਂ ਨੂੰ ਅੰਗਰੇਜ਼ਾਂ ਦੇ ਕਬਜ਼ੇ ਤੋਂ ਪਹਿਲਾਂ ਝਾੜਖੰਡ ਕਿਹਾ ਜਾਂਦਾ ਸੀ, ਉਹ ਵੀ ਨਵੇਂ ਪ੍ਰਾਂਤ ਵਿੱਚ ਮਿਲਾ ਦਿੱਤੇ ਗਏ । ਝਾੜਖੰਡ ਦੇ ਨਾਂ ਨਾਲ ਜਾਣੇ ਜਾਂਦੇ ਇਲਾਕੇ ਨੂੰ ਕਦੇ ਵੀ ਕੋਈ ਮੁਗਲ ਅਤੇ ਅੰਗਰੇਜ਼ ਵੀ ਪੂਰੀ ਤਰ੍ਹਾਂ ਗੁਲਾਮ ਨਹੀਂ ਬਣਾ ਸਕਿਆ ਸੀ । ਅੱਜ ਝਾੜਖੰਡ ਚਾਰ ਸੂਬਿਆਂ-ਬਿਹਾਰ, ਬੰਗਾਲ, ਮੱਧ ਪ੍ਰਦੇਸ਼ ਅਤੇ ਉੜੀਸਾ ਵਿਚਕਾਰ ਵੰਡਿਆ ਹੋਇਆ ਹੈ ।

ਮਈ 1775 ਵਿੱਚ, ਅੰਗਰੇਜ਼ਾਂ ਨੇ ਬਨਾਰਸ, ਜੌਨਪੁਰ, ਗਾਜ਼ੀਪੁਰ ਜ਼ਿਲ੍ਹਿਆਂ ਅਤੇ ਮਿਰਜ਼ਾਪੁਰ ਦੇ ਇੱਕ ਹਿੱਸੇ ਉੱਤੇ ਕਬਜ਼ਾ ਕਰ ਲਿਆ । ਇਹ ਬਾਅਦ ਵਿੱਚ ਬਣਾਈ ਗਈ ਆਗਰਾ ਪ੍ਰੈਜ਼ੀਡੈਂਸੀ ਦਾ ਮੁੱਢ ਸੀ । 1797 ਅਤੇ 1798 ਵਿੱਚ ਫਤਹਿਗੜ੍ਹ ਅਤੇ ਅਲਾਹਾਬਾਦ ਉੱਤੇ ਕਬਜ਼ਾ ਕੀਤਾ ਗਿਆ । 1801 ਵਿੱਚ ਅੰਗਰੇਜ਼ ਗਵਰਨਰ ਜਨਰਲ, ਲਾਰਡ ਵੈਲਜ਼ਲੀ ਨੇ, ਅਵਧ ਦੇ ਰਾਜੇ ਨੂੰ ਆਪਣੀ ਫੌਜ ਭੰਗ ਕਰਨ 'ਤੇ ਮਜਬੂਰ ਕਰ ਦਿੱਤਾ ਅਤੇ ਗੋਰਖਪੁਰ, ਦਿਓਰੀਆ, ਬਸਤੀ, ਅਜ਼ਮਗੜ੍ਹ, ਅਲਾਹਾਬਾਦ ਦੇ ਬਾਕੀ ਹਿੱਸਿਆਂ, ਫਤਹਿਪੁਰ, ਕਾਨਪੁਰ, ਇਟਾਵਾ, ਮੈਨੀਪੁਰ, ਇਤਾਹ, ਫਰੂਖਾਬਾਦ (ਬੰਗਸ਼ ਦਾ ਇਲਾਕਾ) ਅਤੇ ਬਰੇਲੀ, ਮੁਰਾਦਾਬਾਦ, ਬਦੌਣ, ਪੀਲੀਭੀਤ ਅਤੇ ਰੁਹੇਲਖੰਡ ਵਿੱਚ ਸ਼ਾਹਜਹਾਨਪੁਰ ਉੱਤੇ ਕਬਜ਼ਾ ਕਰ ਲਿਆ ।

1803 ਅਤੇ 1804 ਵਿੱਚ, ਦਿੱਲੀ, ਆਗਰੇ ਦੇ ਹਿੱਸੇ ਅਤੇ ਜਮੁਨਾ ਦਰਿਆ ਦੇ

Digitized by Panjab Digital Library | www.panjabdigilib.org

ਪੂਰਬੀ ਕਿਨਾਰੇ ਵੱਲ ਹੋਰ ਰਿਆਸਤਾਂ ਉੱਤੇ ਕਬਜ਼ਾ ਕਰ ਲਿਆ । 1804 ਵਿੱਚ ਦੂਜੀ ਅੰਗਰੇਜ਼-ਮਰਾਠਾ ਜੰਗ ਤੋਂ ਬਾਅਦ, ਸਹਾਰਨਪੁਰ, ਮੁਜ਼ਫਰਨਗਰ, ਮੇਰਠ, ਬੁਲੰਦਸ਼ਹਿਰ, ਅਲੀਗੜ੍ਹ ਦੇ ਇਲਾਕੇ, ਆਗਰਾ ਦੇ ਹੋਰ ਇਲਾਕੇ, ਮਥੁਰਾ, ਗੁੜਗਾਓਂ, ਰੋਹਤਕ, ਹਿਸਾਰ, ਸਿਰਸਾ ਅਤੇ ਕਰਨਾਲ, ਅੰਗਰੇਜ਼ਾਂ ਦੇ ਇਲਾਕੇ ਵਿੱਚ ਸ਼ਾਮਲ ਕਰ ਲਏ ਗਏ । 1803 ਵਿੱਚ ਬਾਂਦਾ, ਹਮੀਰਪੁਰ ਅਤੇ ਜਲੌਣ ਦੇ ਇਲਾਕੇ ਬੁੰਦੇਲਖੰਡ ਵਿੱਚੋਂ ਕੱਢ ਲਏ ਗਏ । 1805 ਵਿੱਚ, ਭਰਤਪੁਰ ਦੇ ਰਾਜੇ ਨੇ ਆਪਣੇ ਇਲਾਕੇ ਦਾ ਧੁਰ-ਪੂਰਬ ਦਾ ਹਿੱਸਾ ਅੰਗਰੇਜ਼ਾਂ ਨੂੰ ਦੇ ਦਿੱਤਾ । 1809 ਦੀ ਅੰਮ੍ਰਿਤਸਰ ਸੰਧੀ ਦੇ ਮੁਤਾਬਕ, ਸਤਲੁਜ ਦੇ ਦੱਖਣ ਵਾਲੇ ਪਾਸੇ ਦੇ ਰਾਜੇ ਅੰਗਰੇਜ਼ਾਂ ਦੀ ਛਤਰ-ਛਾਇਆ ਹੇਠ ਆ ਗਏ ਅਤੇ ਅੰਗਰੇਜ਼ਾਂ ਨੇ ਲੁਧਿਆਣੇ ਵਿੱਚ ਇੱਕ ਛਾਉਣੀ ਬਣਾ ਲਈ ।

1816 ਦੀ ਅੰਗਰੇਜ਼-ਨਿਪਾਲ ਜੰਗ ਤੋਂ ਬਾਅਦ, ਨਿਪਾਲ ਦੇ ਰਾਜੇ ਨੇ ਗੜ੍ਹਵਾਲ ਵਿੱਚ ਕਮਾਓਂ, ਦੇਹਰਾਦੂਨ ਦੇ ਪਹਾੜੀ ਜ਼ਿਲ੍ਹੇ ਅਤੇ ਹਿਮਾਲਿਆ ਦੇ ਨਿਚਲੇ ਪਹਾੜੀ ਇਲਾਕਿਆਂ ਦੀ ਇੱਕ ਲੰਬੀ ਪੱਟੀ ਨਿਪਾਲ ਦੀ ਪੂਰਬੀ ਸਰਹੱਦ ਤੋਂ ਲੈ ਕੇ ਸਤਲੁਜ ਦਰਿਆ ਤੱਕ ਨਾਲ ਲੱਗਦੇ ਜ਼ਿਆਦਾਤਰ ਜੰਗਲੀ ਇਲਾਕੇ ਸਮੇਤ ਅੰਗਰੇਜ਼ਾਂ ਨੂੰ ਦੇ ਦਿੱਤੇ । ਅੰਗਰੇਜ਼ਾਂ ਨੇ ਸ਼ਿਮਲੇ, ਮਸੂਰੀ, ਅਲਮੋੜਾ, ਰਾਣੀਖੇਤ, ਲੈਂਡੂਰ ਅਤੇ ਨੈਣੀਤਾਲ ਉੱਤੇ ਵੀ ਕਬਜ਼ਾ ਕਰ ਲਿਆ । 1817 ਵਿੱਚ ਅੰਗਰੇਜ਼ਾਂ ਨੇ ਨਰਮਦਾ ਦਰਿਆ ਦੇ ਉੱਤਰੀ ਪਾਸੇ ਦਾ ਇਲਾਕਾ ਨਾਗਪੁਰ ਦੇ ਰਾਜੇ ਤੋਂ ਖੋਹ ਲਿਆ ਅਤੇ ਇਸ ਨੂੰ ਸਾਗਰ ਅਤੇ ਨਰਮਦਾ ਦੇ ਇਲਾਕੇ ਕਿਹਾ ਜਾਂਦਾ ਸੀ । 1825 ਅਤੇ 1826 ਵਿੱਚ, ਭਰਤਪੁਰ ਦਾ ਕਿਲ੍ਹਾ ਤਬਾਹ ਕਰ ਦਿੱਤਾ ਗਿਆ ਅਤੇ ਗੋਵਰਨਧਨ ਦਾ ਪਰਗਨਾ ਇਲਾਕਾ, ਆਗਰਾ ਜ਼ਿਲ੍ਹੇ ਵਿੱਚ ਮਿਲਾ ਦਿੱਤਾ ਗਿਆ ।

1826 ਵਿੱਚ ਬਰਮਾ ਦੇ ਰਾਜੇ ਨਾਲ ਇੱਕ ਸੰਧੀ ਰਾਹੀਂ, ਅਸਾਮ ਵੀ ਅੰਗਰੇਜ਼ਾਂ ਦੇ ਇਲਾਕੇ ਵਿੱਚ ਸ਼ਾਮਲ ਕਰ ਲਿਆ ਗਿਆ । 1843 ਵਿੱਚ, ਮਹਾਂਰਾਜਪੁਰ ਦੀ ਲੜਾਈ ਤੋਂ ਬਾਅਦ, ਇੰਦੁਰਕੀ ਅਤੇ ਡੂਬੋਹ ਦਾ ਚੰਦੇਰੀ ਇਲਾਕਾ ਵੀ ਖੋਹ ਕੇ ਲਲਿਤਪੁਰ ਜ਼ਿਲ੍ਹੇ ਵਿੱਚ ਮਿਲਾ ਲਿਆ ਗਿਆ । 1849 ਵਿੱਚ, ਬੁੰਦੇਲਖੰਡ ਵਿੱਚ ਜੈਤਪੁਰ ਦਾ ਰਾਜਾ ਮਰ ਗਿਆ ਅਤੇ ਉਹਦਾ ਰਾਜ ਅੰਗਰੇਜ਼ਾਂ ਦੇ ਹੱਥਾਂ ਵਿੱਚ ਆ ਗਿਆ । 1853 ਵਿੱਚ ਝਾਂਸੀ ਦਾ ਰਾਜ ਵੀ ਉਨ੍ਹਾਂ ਦੇ ਹੱਥਾਂ ਵਿੱਚ ਆ ਗਿਆ । 1856 ਵਿੱਚ ਅਵਧ ਉੱਤੇ ਕਬਜ਼ਾ ਕੀਤਾ ਗਿਆ । ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ, 1849 ਵਿੱਚ ਪੰਜਾਬ ਉੱਤੇ ਵੀ ਕਬਜ਼ਾ ਕਰ ਲਿਆ ਗਿਆ ।

1833 ਵਿੱਚ ਬੰਗਾਲ ਦੀ ਪ੍ਰੈਜ਼ੀਡੈਂਸੀ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ ਗਿਆ, ਤਾਂ ਜੋ ਇਨ੍ਹਾਂ ਵਿਸ਼ਾਲ ਇਲਾਕਿਆਂ ਦਾ ਪ੍ਰਸ਼ਾਸਨ ਸੁਖਾਲਾ ਕੀਤਾ ਜਾ ਸਕੇ । ਇੱਕ ਪ੍ਰੈਜ਼ੀਡੈਂਸੀ ਦਾ ਨਾਂ ਬੰਗਾਲ ਵਿੱਚ ਫੋਰਟ ਵਿਲੀਅਮ ਪ੍ਰੈਜ਼ੀਡੈਂਸੀ ਅਤੇ ਦੂਸਰੀ ਦਾ ਨਾਂ ਆਗਰਾ ਪ੍ਰੈਜ਼ੀਡੈਂਸੀ ਰੱਖਿਆ ਗਿਆ । 1877 ਵਿੱਚ, ਅਵਧ ਦੇ 12 ਜ਼ਿਲ੍ਹੇ ਆਗਰਾ ਪ੍ਰੈਜ਼ੀਡੈਂਸੀ ਵਿੱਚ ਮਿਲਾ ਦਿੱਤੇ ਗਏ ਸਨ, ਅਤੇ 1902 ਵਿੱਚ ਆਗਰਾ ਅਤੇ ਅਵਧ ਨੂੰ ਮਿਲਾ ਕੇ ਯੂਨਾਈਟਿਡ ਪ੍ਰੋਵੈਨਸਿਜ਼ (ਯੂ.ਪੀ.) ਬਣਾ ਦਿੱਤੀ ਗਈ । 1947 ਵਿੱਚ ਆਜ਼ਾਦੀ ਤੋਂ ਬਾਅਦ ਯੂਨਾਈਟਿਡ ਪ੍ਰੋਵੈਨਸਿਜ਼ ਉੱਤਰ ਪ੍ਰਦੇਸ਼ ਬਣ ਗਿਆ ।

ਏਸੇ ਤਰ੍ਹਾਂ ਮਦਰਾਸ ਦੀ ਪ੍ਰੈਜ਼ੀਡੈਂਸੀ ਵਿੱਚ ਵਰਤਮਾਨ ਤਾਮਿਲਨਾਡੂ, ਆਂਧਰਾ-ਪ੍ਰਦੇਸ਼ ਅਤੇ ਕੇਰਲਾ ਦੇ ਸੂਬੇ ਸ਼ਾਮਲ ਸਨ । ਬੰਬੇ ਪ੍ਰੈਜ਼ੀਡੈਂਸੀ ਵਿੱਚ ਸਿੰਧ, ਗੁਜਰਾਤ ਅਤੇ ਮੈਸੂਰ

Digitized by Panjab Digital Library | www.panjabdigilib.org

ਦੇ ਕੁੱਝ ਹਿੱਸੇ ਅਤੇ ਵਰਤਮਾਨ ਮਹਾਂਰਾਸ਼ਟਰ ਦਾ ਸੂਬਾ ਸ਼ਾਮਲ ਸਨ । ਆਜ਼ਾਦੀ ਦੇ ਵਕਤ, ਇਨ੍ਹਾਂ ਪ੍ਰੈਜ਼ੀਡੈਂਸੀਆਂ ਤੋਂ ਇਲਾਵਾ 500 ਤੋਂ ਜ਼ਿਆਦਾ ਰਾਜਿਆਂ ਦੀਆਂ ਰਿਆਸਤਾਂ ਵੀ ਸਨ, ਜਿਵੇਂ ਕਿ ਜੰਮੂ ਅਤੇ ਕਸ਼ਮੀਰ, ਸਵਾਤ, ਬਲੋਚਿਸਤਾਨ, ਰਾਜਪੂਤਾਨਾ ਅਤੇ ਕੇਂਦਰੀ ਸੂਬੇ, ਹੈਦਰਾਬਾਦ, ਮੈਸੂਰ, ਟ੍ਰਾਵਨਕੋਰ, ਖਾਸੀ, ਤ੍ਰਿਪੁਰਾ, ਮਨੀਪੁਰ ਅਤੇ ਦੱਖਣ ਦੀਆਂ ਰਿਆਸਤਾਂ ਆਦਿ ।

ਬਰਤਾਨੀਆਂ ਵੱਲੋਂ 1946 ਵਿੱਚ ਇੱਕ ਹਿੰਦੁਸਤਾਨੀ ਸਰਕਾਰ ਨੂੰ ਰਾਜਸੱਤਾ ਸੌਂਪਣ ਬਾਰੇ ਗੱਲਬਾਤ ਕਰਨ ਲਈ ਭੇਜੇ ਗਏ ਕੈਬਨਿਟ ਮਿਸ਼ਨ ਨੇ ਫਿਰਕੂ ਅਧਾਰ 'ਤੇ ਤਿੰਨ ਰਾਜ ਬਨਾਉਣ ਦਾ ਸੁਝਾਅ ਦਿੱਤਾ ਸੀ । ਇੱਕ ਹਿੰਦੂ ਰਾਜ ਅਤੇ ਦੋ ਮੁਸਲਿਮ ਰਾਜ ਬਣਾ ਕੇ ਉਨ੍ਹਾਂ ਨੂੰ ਇੱਕ ਕਿਸਮ ਦੇ ਰਾਜ-ਸੰਘ ਹਿੰਦੁਸਤਾਨ ਵਿੱਚ ਇਕੱਠੇ ਕਰਨ ਦਾ ਸੁਝਾਅ ਸੀ । ਇਸ ਦੀ ਤਜਵੀਜ਼ ਸੀ ਕਿ ਕੇਂਦਰੀ ਸਰਕਾਰ ਕੋਲ ਤਿੰਨ ਵਿਭਾਗ—ਵਿਦੇਸ਼ੀ ਮਾਮਲੇ, ਰੱਖਿਆ ਅਤੇ ਸੰਚਾਰ-ਸਾਧਨ ਹੋਣਗੇ ਅਤੇ ਬਾਕੀ ਦੀਆਂ ਤਾਕਤਾਂ ਸੂਬਿਆਂ ਕੋਲ ਰਹਿਣਗੀਆਂ । ਇਹ ਹੱਲ ਪਹਿਲਾਂ ਮੁਸਲਿਮ ਲੀਗ ਅਤੇ ਕਾਂਗਰਸ ਪਾਰਟੀ, ਦੋਨਾਂ ਨੇ ਹੀ ਸਵੀਕਾਰ ਕਰ ਲਿਆ ਸੀ, ਪਰ ਬਾਅਦ ਵਿੱਚ ਜਵਾਹਰ ਲਾਲ ਨਹਿਰੂ, ਜੋ ਉਸ ਵਕਤ ਕਾਂਗਰਸ ਪਾਰਟੀ ਦਾ ਪ੍ਰਧਾਨ ਸੀ, ਨੇ ਢੁੱਚਰ ਡਾਹ ਦਿੱਤੀ । ਬੰਬਈ ਵਿੱਚ ਇੱਕ ਪ੍ਰੈਸ ਕਾਨਫਰੰਸ ਵਿੱਚ ਜਦੋਂ ਉਹਨੂੰ ਪੁੱਛਿਆ ਗਿਆ ਕਿ ਕੀ ਸੰਵਿਧਾਨ-ਸਭਾ, ਕੇਂਦਰ-ਸੂਬਾਈ ਸਬੰਧਾਂ ਅਤੇ ਤਾਕਤਾਂ ਦੀ ਵੰਡ ਬਾਰੇ ਸਮਝੌਤੇ 'ਤੇ ਬਚਨਬੱਧ ਰਹੇਗੀ ਤਾਂ ਉਸ ਨੇ ਨਾਂਹ ਵਿੱਚ ਜਵਾਬ ਦਿੱਤਾ ।

ਉਸ ਤੋਂ ਬਾਅਦ ਮੁਸਲਿਮ ਲੀਗ ਦੇ ਲੀਡਰ, ਮੁਹੰਮਦ ਅਲੀ ਜਿਨਾਹ ਨੇ ਵੀ ਕੈਬਨਿਟ ਮਿਸ਼ਨ ਦੀ ਤਜਵੀਜ਼ ਨੂੰ ਰੱਦ ਕਰ ਦਿੱਤਾ ਅਤੇ ਕਿਹਾ ਕਿ ਅੰਗਰੇਜ਼ਾਂ ਦੇ ਜਾਣ ਤੋਂ ਬਾਅਦ ਕਾਂਗਰਸੀ ਲੀਡਰਾਂ 'ਤੇ ਇਤਬਾਰ ਨਹੀਂ ਕੀਤਾ ਜਾ ਸਕਦਾ । ਇਸ ਤਰੀਕੇ ਨਾਲ ਕੈਬਨਿਟ ਮਿਸ਼ਨ ਤਜਵੀਜ਼ ਕਾਰਨ ਹਿੰਦੁਸਤਾਨ ਦਾ ਬਟਵਾਰਾ ਹੋ ਗਿਆ । ਏਥੋਂ ਤੱਕ ਕਿ ਬਸਤੀਵਾਦੀ ਫੌਜ ਦੇ ਅੰਗਰੇਜ਼ ਕਮਾਂਡਰ-ਇਨ-ਚੀਫ, ਜਨਰਲ ਵੇਵਲ ਅਤੇ ਹਿੰਦੁਸਤਾਨ ਦੇ ਵਾਇਸਰਾਏ ਨੇ ਵੀ ਹਿੰਦੁਸਤਾਨ ਦਾ ਬਟਵਾਰਾ ਕਰਨ ਲਈ ਬਰਤਾਨਵੀ ਸਰਕਾਰ ਅਤੇ ਕਾਂਗਰਸ ਪਾਰਟੀ ਨੂੰ ਦੋਸ਼ੀ ਕਿਹਾ ਸੀ ।

ਮੌਲਾਨਾ ਆਜ਼ਾਦ, ਜੋ ਕੈਬਨਿਟ ਮਿਸ਼ਨ ਦੇ ਵਕਤ ਕਾਂਗਰਸ ਪਾਰਟੀ ਦਾ ਪ੍ਰਧਾਨ ਸੀ, ਲਿਖਦਾ ਹੈ : "ਕਾਂਗਰਸ ਪਾਰਟੀ ਅਤੇ ਮੁਸਲਿਮ ਲੀਗ, ਦੋਹਾਂ ਵੱਲੋਂ ਕੈਬਨਿਟ ਮਿਸ਼ਨ ਨੂੰ ਸਵੀਕਾਰ ਕਰ ਲੈਣਾ, ਹਿੰਦੁਸਤਾਨ ਦੇ ਆਜ਼ਾਦੀ ਅੰਦੋਲਨ ਦੇ ਇਤਿਹਾਸ ਵਿੱਚ ਇੱਕ ਸ਼ਾਨਦਾਰ ਵਾਕਿਆ ਸੀ । ਇਸ ਦਾ ਅਰਥ ਸੀ ਕਿ ਹਿੰਦੁਸਤਾਨ ਦੀ ਆਜ਼ਾਦੀ ਦਾ ਕਠਨ ਸਵਾਲ, ਗੱਲਬਾਤ ਅਤੇ ਸਮਝੌਤੇ ਰਾਹੀਂ ਹੱਲ ਕਰ ਲਿਆ ਗਿਆ ਅਤੇ ਹਿੰਸਾ ਤੇ ਲੜਾਈ ਦੇ ਢੰਗ ਨਾਲ ਨਹੀਂ । ਏਦਾਂ ਵੀ ਲੱਗਦਾ ਸੀ ਕਿ ਫਿਰਕੂ ਕਠਿਨਾਈਆਂ ਆਖਰਕਾਰ ਬੀਤੇ ਦੀ ਗੱਲ ਬਣ ਗਈਆਂ ਸਨ । ਪੂਰੇ ਦੇਸ਼ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਗਈ ਅਤੇ ਸਭ ਲੋਕ ਆਪਣੀ ਆਜ਼ਦੀ ਦੀ ਮੰਗ ਵਿੱਚ ਇਕ-ਮੁੱਠ ਸਨ । ਅਸੀਂ ਵੀ ਪ੍ਰਸੰਨ ਸਾਂ, ਪਰ ਸਾਨੂੰ ਉਸ ਵਕਤ ਇਹ ਪਤਾ ਨਹੀਂ ਸੀ ਕਿ ਸਾਡੀ ਖ਼ੁਸ਼ੀ ਬਹੁਤ ਅਗੇਤੀ ਸੀ ਅਤੇ ਕੌੜੀ ਨਿਰਾਸ਼ਤਾ ਸਾਡਾ ਇੰਤਜ਼ਾਰ ਕਰ ਰਹੀ ਸੀ ।...

"ਹੁਣ ਇੱਕ ਉਹ ਬਦਕਿਸਮਤੀ ਵਾਲੀ ਘਟਨਾ ਵਾਪਰੀ ਜਿਸ ਨੇ ਇਤਿਹਾਸ ਦਾ ਰੁੱਖ ਹੀ ਬਦਲ ਦਿੱਤਾ । 10 ਜੁਲਾਈ ਨੂੰ, ਜਵਾਹਰ ਲਾਲ ਨਹਿਰੂ ਨੇ ਬੰਬਈ ਵਿੱਚ ਇੱਕ

Digitized by Panjab Digital Library | www.panjabdigilib.org

ਪ੍ਰੈਸ ਕਾਨਫਰੰਸ ਕੀਤੀ ਜਿੱਥੇ ਉਸ ਨੇ ਇੱਕ ਬਿਆਨ ਦਿੱਤਾ...ਕੁੱਝ ਪੱਤਰਕਾਰਾਂ ਨੇ ਉਸ ਤੋਂ ਪੁੱਛਿਆ ਕਿ ਕੀ ਆਲ ਇੰਡੀਆ ਕਾਂਗਰਸ ਕਮੇਟੀ ਦਾ ਮਤਾ ਪਾਸ ਹੋਣ ਦਾ ਮਤਲਬ ਹੈ ਕਿ ਕਾਂਗਰਸ ਨੇ ਤਜਵੀਜ਼ ਨੂੰ ਜਿਉਂ ਦਾ ਤਿਉਂ, ਅੰਤ੍ਰਿਮ ਸਰਕਾਰ ਦੀ ਬਣਤਰ ਸਮੇਤ, ਸਵੀਕਾਰ ਕਰ ਲਿਆ ਹੈ ?

''ਜਵਾਹਰ ਲਾਲ ਨੇ ਜਵਾਬ ਵਿੱਚ ਕਿਹਾ ਕਿ ਕਾਂਗਰਸ, ਸੰਵਿਧਾਨ ਸਭਾ ਵਿੱਚ, ਕਿਸੇ ਵੀ ਸਮਝੌਤਿਆਂ ਤੋਂ ਪੂਰੀ ਤਰ੍ਹਾਂ ਮੁਕਤ ਅਤੇ ਹਾਲਤ ਨੂੰ ਮੌਕੇ ਦੇ ਮੁਤਾਬਕ, ਸਭ ਹਾਲਤਾਂ ਦਾ ਆਜ਼ਾਦੀ ਨਾਲ ਸਾਹਮਣਾ ਕਰਨ ਲਈ, ਦਾਖਲ ਹੋਵੇਗੀ। ਪੱਤਰਕਾਰਾਂ ਨੇ ਹੋਰ ਪੁੱਛਿਆ ਕਿ ਕੀ ਇਹਦਾ ਮਤਲਬ ਇਹ ਹੈ ਕਿ ਕੈਬਨਿਟ ਮਿਸਨ ਤਜਵੀਜ਼ ਵਿੱਚ ਸੋਧ ਕੀਤੀ ਜਾ ਸਕਦੀ ਹੈ। ਜਵਾਹਰ ਲਾਲ ਨੇ ਜ਼ੋਰ ਦੇ ਕੇ ਕਿਹਾ ਕਿ ਕਾਂਗਰਸ ਸਿਰਫ ਸੰਵਿਧਾਨ-ਸਭਾ ਵਿੱਚ ਹਿੱਸਾ ਲੈਣ 'ਤੇ ਹੀ ਸਹਿਮਤ ਹੋਈ ਹੈ ਅਤੇ ਇਹ ਸਮਝਦੀ ਹੈ ਕਿ ਇਸ ਨੂੰ ਆਪਣੀ ਮਰਜ਼ੀ ਮੁਤਾਬਕ ਕੈਬਨਿਟ ਮਿਸ਼ਨ ਤਜਵੀਜ਼ ਨੂੰ ਬਦਲਣ ਜਾਂ ਇਸ ਵਿੱਚ ਸੋਧ ਕਰਨ ਦੀ ਖੁੱਲ੍ਹ ਹੈ।

'ਮੈਂ ਇਹ ਗੱਲ ਦੱਸ ਦੇਣੀ ਜ਼ਰੂਰੀ ਸਮਝਦਾ ਹਾਂ ਕਿ ਜਵਾਹਰ ਲਾਲ ਦਾ ਬਿਆਨ ਗਲਤ ਸੀ...ਅਸੀਂ ਦਰਅਸਲ ਇਸ ਗੱਲ ਤੇ ਸਹਿਮਤ ਹੋਏ ਸਾਂ ਕਿ ਕੇਂਦਰੀ ਸਰਕਾਰ ਫੈਡਰਲ ਹੋਏਗੀ। ਤਿੰਨ ਕੇਂਦਰੀ ਵਿਭਾਗਾਂ ਦੀ ਇੱਕ ਲਾਜ਼ਮੀ ਸੂਚੀ ਹੋਏਗੀ ਜਦ ਕਿ ਬਾਕੀ ਦੇ ਸਾਰੇ ਵਿਸ਼ੇ ਸੂਬਾਈ ਖੇਤਰ ਵਿੱਚ ਰਹਿਣਗੇ।...ਇਨ੍ਹਾਂ ਚੀਜ਼ਾਂ ਵਿੱਚ ਇਕੱਲੀ ਕਾਂਗਰਸ, ਸਮਝੌਤੇ ਵਿੱਚ ਸ਼ਾਮਲ ਦੂਜੀਆਂ ਹੋਰ ਧਿਰਾਂ ਦੀ ਮਨਜ਼ੂਰੀ ਤੋਂ ਬਿਨਾਂ ਰੱਦੋਬਦਲ ਨਹੀਂ ਸੀ ਕਰ ਸਕਦੀ।''[11]

ਕਾਂਗਰਸ ਦੇ ਲੀਡਰਾਂ ਨੇ, ਹਿੰਦੁਸਤਾਨ ਦਾ ਬਟਵਾਰਾ ਕਰਨ ਦੇ ਇਰਾਦੇ 1928 ਵਿੱਚ ਹੀ ਜ਼ਾਹਿਰ ਕਰ ਦਿੱਤੇ ਸਨ, ਜਦ ਸਰ ਜੌਹਨ ਸਾਈਮਨ ਬਰਤਾਨਵੀ ਸਰਕਾਰ ਵੱਲੋਂ ਇੱਕ ਸਮਝੌਤੇ ਬਾਰੇ ਗੱਲਬਾਤ ਕਰਨ ਲਈ ਹਿੰਦੁਸਤਾਨ ਆਇਆ ਸੀ। ਕਾਂਗਰਸ ਪਾਰਟੀ ਨੇ ਮੋਤੀ ਲਾਲ ਨਹਿਰੂ ਦੀ ਚੇਅਰਮੈਨਸ਼ਿਪ ਹੇਠ ਇੱਕ ਕਮੇਟੀ ਬਣਾਈ ਸੀ, ਜਿਸ ਨੇ ਆਪਣੀ ਰਿਪੋਰਟ ਵਿੱਚ ਦੇਸ਼ ਦਾ ਹਿੰਦੂ ਹਿੰਦੁਸਤਾਨ ਅਤੇ ਮੁਸਲਿਮ ਹਿੰਦੁਸਤਾਨ ਵਿਚਕਾਰ ਬਟਵਾਰਾ ਕਰਨ ਦੀ ਵਕਾਲਤ ਕੀਤੀ।

ਪ੍ਰੋਫੈਸਰ ਪੂਰਨ ਸਿੰਘ, ਜੋ ਇੱਕ ਸਿਆਸਤਦਾਨ ਨਹੀਂ ਸੀ ਸਗੋਂ ਇੱਕ ਸਾਇੰਸਦਾਨ ਸੀ, ਨੇ ਸਰ ਜੌਹਨ ਸਾਈਮਨ ਨੂੰ ਇੱਕ ਖੁੱਲ੍ਹੀ ਚਿੱਠੀ ਲਿਖੀ ਜਿਸ ਵਿੱਚ ਉਸ ਨੇ ਹਿੰਦੁਸਤਾਨ ਦਾ ਬਟਵਾਰਾ ਨਾ ਕਰਨ ਦੀ ਅਪੀਲ ਕੀਤੀ ਸੀ। ਉਸਨੇ ਕਿਹਾ, ''ਅੰਤ ਵਿੱਚ ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਤੁਸੀਂ ਏਡੀ ਤੰਗ-ਦਿਲੀ ਨਾ ਦਿਖਾਇਓ ਕਿ ਤੁਸੀਂ ਕਿਸੇ ਵੀ ਤਰੀਕੇ ਨਾਲ ਕਿਸੇ ਇੱਕ ਫਿਰਕੇ ਦਾ ਪੱਖ ਲੈ ਲਵੋ ਅਤੇ ਨਾ ਹੀ ਏਡੀ ਖੁੱਲ੍ਹ-ਦਿਲੀ ਦਿਖਾਇਓ ਕਿ ਹਿੰਦੁਸਤਾਨ ਇੱਕੋ ਸ਼ਕਤੀਸ਼ਾਲੀ ਫਿਰਕੇ ਦੇ ਹੱਥਾਂ 'ਚ ਦੇ ਦੇਵੋ, ਅਤੇ ਇਸ ਤਰ੍ਹਾਂ ਬਾਕੀ ਦੇ ਛੋਟੇ ਫਿਰਕਿਆਂ ਨੂੰ ਜਮਹੂਰੀ ਸੰਸਥਾਵਾਂ ਹੇਠ ਵੀ ਸਦੀਵੀ ਗੁਲਾਮ ਬਣਾ ਕੇ ਰੱਖ ਦੇਵੋ। ਦੇਸ਼ ਨੂੰ ਮੁਸਲਮ ਸੂਬਿਆਂ ਅਤੇ ਹਿੰਦੂ ਸੂਬਿਆਂ ਵਿਚਕਾਰ ਵੰਡ ਕੇ, ਤੁਸੀਂ ਸਹਿਜੇ-ਸਹਿਜੇ ਚਟਮ ਕਰਨ ਵਾਲੀ ਸ਼ਹਿਰੀ ਬਦਅਮਨੀ ਨੂੰ ਹੀ ਲਿਆ ਰਹੇ ਹੋਵੋਗੇ ਜਿਹੜੀ ਕਮਜ਼ੋਰ

11. ਮੌਲਾਨਾ ਏ.ਕੇ. ਆਜ਼ਾਦ, ਇੰਡੀਆ ਵਿਨਾਜ਼ ਫਰੀਡਮ (ਲੰਡਨ: ਲੌਂਗਮੈਨਜ਼, ਗਰੀਨ ਐਂਡ ਕੰ: 1960) ਸਫਾ 175-181.

ਫਿਰਕਿਆਂ ਨੂੰ ਮਾਰ ਦੇਵੇਗੀ । ਜਿੱਥੇ ਹਿਦੂ ਛਾਏ ਹੋਣਗੇ, ਉੱਥੇ ਮੁਸਲਮਾਨਾਂ ਨੂੰ ਕਸ਼ਟ ਉਠਾਉਣੇ ਪੈਣਗੇ ਅਤੇ ਜਿੱਥੇ ਮੁਸਲਮਾਨ ਛਾਏ ਹੋਣਗੇ, ਉੱਥੇ ਹਿੰਦੂਆਂ ਨੂੰ ਕਸ਼ਟ ਝੱਲਣੇ ਪੈਣਗੇ ਅਤੇ ਜਿਸ ਤਰ੍ਹਾਂ ਮੈਂ ਪਹਿਲਾਂ ਹੀ ਕਹਿ ਚੁੱਕਾ ਹਾਂ, ਹੋ ਸਕਦਾ ਹੈ ਕਿ ਸਿੱਖਾਂ ਵਰਗੇ ਬਲਵਾਨ ਫਿਰਕੇ ਇੱਕ ਖਾਲਿਸ ਸਿੱਖ ਪ੍ਰਾਂਤ ਦੀ ਮੰਗ ਕਰਨ ਲਈ ਜਾਨ ਦੀ ਬਾਜ਼ੀ ਤੱਕ ਲਾਉਣ ਦਾ ਜੋਖਮ ਉਠਾਉਣ ਤੇ ਮਜਬੂਰ ਹੋ ਸਕਦੇ ਹਨ । ਮੈਂ ਇਸ ਲਈ ਤੁਹਾਨੂੰ ਅਪੀਲ ਕਰਦਾ ਹਾਂ ਕਿ ਤੁਸੀਂ ਇੱਕ ਗੈਰ-ਫਿਰਕੂ ਸੰਵਿਧਾਨ ਦੀ ਸਿਫਾਰਸ਼ ਕਰਿਓ ।''[12]

1947 ਵਿੱਚ ਆਜ਼ਾਦੀ ਤੋਂ ਬਾਅਦ ਵੀ, ਲੋਕਾਂ ਦੀਆਂ ਕੌਮੀ ਉਮੰਗਾਂ ਦੀ ਕੋਈ ਪ੍ਰਵਾਹ ਨਾ ਕਰਦਿਆਂ ਹਿੰਦੁਸਤਾਨ ਦੀ ਵੰਡ ਅਤੇ ਮੁੜ-ਵੰਡ ਉਵੇਂ ਹੀ ਜਾਰੀ ਰਹੀ ਜਿਵੇਂ ਬਸਤੀਵਾਦੀ ਸਮਿਆਂ ਵਿੱਚ ਹੁੰਦੀ ਸੀ । ਆਜ਼ਾਦੀ ਤੋਂ ਤੁਰੰਤ ਬਾਅਦ, 15 ਦਸੰਬਰ, 1947 ਨੂੰ ਉੜੀਸਾ ਅਤੇ ਛਤੀਸਗੜ੍ਹ ਰਾਜਾਂ ਨੂੰ ਇੱਕ ਕਰ ਦਿੱਤਾ ਗਿਆ । ਮਾਰਚ 1948 ਵਿੱਚ, ਦੱਖਣੀ ਰਾਜਾਂ ਨੂੰ ਕੋਹਲਾਪੁਰ ਅਤੇ ਗੁਜਰਾਤ ਦੇ ਰਾਜਾਂ ਨਾਲ ਮਿਲਾ ਕੇ ਬੰਬੇ ਪ੍ਰੈਜ਼ੀਡੈਂਸੀ ਬਣਾਈ ਗਈ । 1949 ਵਿੱਚ ਬੜੋਦਾ ਵੀ ਇਸ ਵਿੱਚ ਮਿਲਾ ਦਿੱਤਾ ਗਿਆ ।

ਕੇਂਦਰੀ ਸਰਕਾਰ ਨੇ ਕਈ ਰਾਜਾਂ ਦੀਆਂ ਯੂਨੀਅਨਾਂ ਵੀ ਕਾਇਮ ਕੀਤੀਆਂ । ਇਸ ਤਰ੍ਹਾਂ, 1948 ਵਿੱਚ 22 ਰਾਜਾਂ ਅਤੇ ਰਿਆਸਤਾਂ ਨੂੰ ਮਿਲਾ ਕੇ ਸੰਯੁਕਤ ਰਾਜ ਕਾਠੀਆਵਾੜ (ਸੁਰਾਸ਼ਟਰ) ਬਣਾਇਆ ਗਿਆ ਸੀ । ਉਸੇ ਸਾਲ ਦੌਰਾਨ ਅਲਵਰ ਤੇ ਭਰਤਪੁਰ ਮਿਲਾ ਕੇ ਸੰਯੁਕਤ ਰਾਜ ਮਤਸਯਾ ਅਤੇ ਗਵਾਲੀਯਰ, ਇੰਦੌਰ ਅਤੇ ਮੱਧ-ਭਾਰਤ ਦੇ ਸੰਯੁਕਤ ਰਾਜ ਕਾਇਮ ਕੀਤੇ ਗਏ । ਪਟਿਆਲਾ, ਨਾਭਾ, ਕਪੂਰਥਲਾ ਆਦਿ ਨੂੰ ਮਿਲਾ ਕੇ ਪਟਿਆਲਾ ਐਂਡ ਈਸਟ ਪੰਜਾਬ ਸਟੇਟਸ ਯੂਨੀਅਨ (ਪੈਪਸੂ) ਵੀ ਬਣਾਇਆ ਗਿਆ । 1948 ਵਿੱਚ ਮੇਵਾੜ ਅਤੇ 9 ਹੋਰ ਛੋਟੇ ਰਾਜਾਂ ਨੂੰ ਮਿਲਾ ਕੇ ਸੰਯੁਕਤ ਰਾਜ ਰਾਜਸਥਾਨ ਵੀ ਬਣਾਇਆ ਗਿਆ । ਇਸ ਰਾਜ ਨੂੰ 1949 ਵਿੱਚ ਪੁਨਰ-ਗਠਤ ਕੀਤਾ ਗਿਆ ਅਤੇ ਜੈਪੁਰ, ਜੋਧਪੁਰ, ਜੈਸਲਮੇਰ ਅਤੇ ਬੀਕਾਨੇਰ ਦੇ ਰਾਜ ਵੀ ਇਸ ਵਿੱਚ ਸ਼ਾਮਲ ਕਰ ਦਿੱਤੇ ਗਏ । ਸੰਯੁਕਤ ਰਾਜ ਟ੍ਰਾਵਨਕੋਰ-ਕੋਚੀਨ ਵੀ 1949 ਵਿੱਚ ਬਣਾਇਆ ਗਿਆ । ਸੂਬਿਆਂ ਦਾ ਗਠਨ ਅਤੇ ਮੁੜ-ਗਠਨ ਕਰਨ ਵਿੱਚ ਜੋ ਅਸੂਲ ਲਾਗੂ ਕੀਤਾ ਗਿਆ ਸੀ ਉਹਦਾ ਵਰਨਣ ਸੂਬਿਆਂ ਬਾਰੇ ਵਾਈਟ ਪੇਪਰ ਵਿੱਚ ਹੈ : "ਉਦੇਸ਼, ਇੱਕ ਆਜ਼ਾਦ, ਇੱਕ-ਮੁੱਠ ਅਤੇ ਜਮਹੂਰੀ ਹਿੰਦੁਸਤਾਨ ਅੰਦਰ ਦੇਸ਼ ਦੇ ਸਭ ਅਨਸਰਾਂ ਦਾ ਏਕੀਕਰਣ ਕਰਨਾ ਸੀ ।''[13]

1948 ਵਿੱਚ, ਭਾਸ਼ਾਈ ਸੂਬਿਆਂ ਅਤੇ ਉਨ੍ਹਾਂ ਨੂੰ ਬਣਾਉਣ ਬਾਰੇ ਰੀਪੋਰਟ ਤਿਆਰ ਕਰਨ ਲਈ ਦਾਰ ਕਮੇਟੀ ਬਣਾਈ ਗਈ ਸੀ । ਦਾਰ ਕਮੇਟੀ ਨੇ ਭਾਸ਼ਾਈ ਸੂਬੇ ਜਾਂ ਰਾਜ ਨਾ ਬਣਾਉਣ ਦੀ ਸਲਾਹ ਦਿੱਤੀ । ਇੱਕ ਹੋਰ ਕਮੇਟੀ ਬਣਾਈ ਗਈ ਜਿਸ ਵਿੱਚ ਜਵਾਹਰ ਲਾਲ ਨਹਿਰੂ, ਵਲਬਭਾਈ ਪਟੇਲ ਤੇ ਪੱਟਾਭਾਈ ਸੀਤਾਰਮੱਈਆ ਸ਼ਾਮਲ ਸਨ । 1953 ਵਿੱਚ, ਪਹਿਲਾ ਭਾਸ਼ਾਈ ਸੂਬਾ, ਆਂਧਰਾ ਪ੍ਰਦੇਸ਼ ਕਾਇਮ ਕਰ ਦਿੱਤਾ ਗਿਆ ਅਤੇ ਫਜ਼ਲ ਅਲੀ ਦੀ ਚੇਅਰਮੈਨਸ਼ਿਪ ਹੇਠ ਸਟੇਟਸ ਰੀਆਰਗੇਨਾਈਜ਼ੇਸ਼ਨ ਕਮਿਸ਼ਨ ਬਿਠਾ ਦਿੱਤਾ ਗਿਆ । ਕਮਿਸ਼ਨ

---

12. ਪੂਰਨ ਸਿੰਘ,ਪੂਰਨ ਸਿੰਘ ਸਟੱਡੀਜ਼ ਜਨਵਰੀ-ਅਪ੍ਰੈਲ 1982 (ਪਟਿਆਲਾ: ਪੰਜਾਬੀਯੂਨੀਵਰਸਿਟੀ) ਸਫਾ 54
13. ਫਿਫਟੀ ਯੀਅਰ ਆਫ ਮਾਡਰਨ ਇੰਡੀਆ (ਦਿੱਲੀ: ਐਸ ਚੰਦ ਐਂਡ ਕੰ:, 1970) ਈ.ਡੀ. ਮਹਾਜਨ ਨੇ ਹਵਾਲਾ ਦਿੱਤਾ, ਸਫ਼ਾ 342

Digitized by Panjab Digital Library | www.panjabdigilib.org

ਨੇ ਆਪਣੀ ਰੀਪੋਰਟ 1955 ਵਿੱਚ ਪੇਸ਼ ਕੀਤੀ ਅਤੇ 1956 ਵਿੱਚ ਸਟੇਟਸ ਰੀਆਰਗੇਨਾਈਜ਼ੇਸ਼ਨ ਐਕਟ ਪਾਸ ਕਰ ਦਿੱਤਾ ਗਿਆ । ਇਸ ਐਕਟ ਅਧੀਨ, ਹੋਰ ਨਵੇਂ ਇਲਾਕੇ ਮਿਲਾ ਕੇ ਆਂਧਰਾ ਪ੍ਰਦੇਸ਼ ਦਾ ਇੱਕ ਨਵਾਂ ਸੂਬਾ ਕਾਇਮ ਕੀਤਾ ਗਿਆ । ਮਦਰਾਸ ਸੂਬੇ ਵਿੱਚ ਵੀ ਨਵੇਂ ਇਲਾਕੇ ਸ਼ਾਮਲ ਕੀਤੇ ਗਏ । ਪੁਰਾਣੇ ਟ੍ਰਾਵਨਕੋਰ-ਕੋਚੀਨ ਸੂਬੇ ਤੋਂ ਕੇਰਲਾ ਦਾ ਸੂਬਾ ਬਣਾਇਆ ਗਿਆ । ਹੈਦਰਾਬਾਦ, ਮਦਰਾਸ, ਬੰਬਈ ਅਤੇ ਕੁਰਗ ਤੋਂ ਇਲਾਕੇ ਲੈ ਕੇ ਮੈਸੂਰ ਰਾਜ ਵਿੱਚ ਸ਼ਾਮਲ ਕਰ ਦਿੱਤੇ ਗਏ । ਮੱਧ-ਪ੍ਰਦੇਸ਼, ਕੱਛ, ਬੰਬਈ ਅਤੇ ਸੁਰਾਸ਼ਟਰਾ 'ਚੋਂ ਇਲਾਕੇ ਲੈ ਕੇ ਬੰਬਈ ਦਾ ਇੱਕ ਨਵਾਂ ਸੂਬਾ ਬਣਾਇਆ ਗਿਆ । ਮੱਧ ਪ੍ਰਦੇਸ਼, ਵਿੰਧੀਆ ਪ੍ਰਦੇਸ਼, ਭੁਪਾਲ ਅਤੇ ਰਾਜਸਥਾਨ ਤੋਂ ਇਲਾਕੇ ਲੈ ਕੇ ਮੱਧ ਪ੍ਰਦੇਸ਼ ਦਾ ਨਵਾਂ ਸੂਬਾ ਬਣਾਇਆ ਗਿਆ । ਅਜਮੇਰ ਰਾਜਸਥਾਨ ਵਿੱਚ ਮਿਲਾ ਦਿੱਤਾ ਗਿਆ । ਪੈਪਸੂ ਪੰਜਾਬ ਵਿੱਚ ਮਿਲਾ ਦਿੱਤਾ ਗਿਆ ।

1960 ਵਿੱਚ ਬੰਬਈ ਸੂਬੇ ਵਿੱਚੋਂ ਮਹਾਂਰਾਸ਼ਟਰ ਅਤੇ ਗੁਜਰਾਤ ਬਣਾ ਦਿੱਤੇ ਗਏ ਅਤੇ ਅਸਾਮ 'ਚੋਂ ਨਾਗਾਲੈਂਡ ਬਣਾ ਦਿੱਤਾ ਗਿਆ । 1966 ਵਿੱਚ, ਪੰਜਾਬ ਰੀਆਰਗੇਨਾਈਜ਼ੇਸ਼ਨ ਐਕਟ ਅਧੀਨ ਪੰਜਾਬ ਨੂੰ ਪੰਜਾਬ ਅਤੇ ਹਰਿਆਣਾ ਵਿੱਚ ਵੰਡ ਦਿੱਤਾ ਗਿਆ ਅਤੇ ਪੰਜਾਬ ਦੇ ਪਹਾੜੀ ਇਲਾਕੇ ਹਿਮਾਚਲ ਪ੍ਰਦੇਸ਼ ਵਿੱਚ ਮਿਲਾ ਦਿੱਤੇ ਗਏ । 1972 ਵਿੱਚ ਅਸਾਮ ਵਿੱਚੋਂ ਮੇਘਾਲਿਯਾ ਵੀ ਬਣਾ ਦਿੱਤਾ ਗਿਆ । ਮਨੀਪੁਰ, ਮੀਜ਼ੋਰਮ, ਤ੍ਰਿਪੁਰਾ ਅਤੇ ਅਰੁਨਾਚਲ ਪ੍ਰਦੇਸ਼ ਬਾਅਦ ਵਿੱਚ ਬਣਾਏ ਗਏ ਸਨ ।

ਅੰਗਰੇਜ਼ਾਂ ਨੇ, ਪ੍ਰੈਜ਼ੀਡੈਂਸੀਆਂ ਅਤੇ ਪ੍ਰਾਂਤਾਂ ਵਰਗੀਆਂ, ਪ੍ਰਸ਼ਾਸਨਕ ਇਕਾਈਆਂ ਕਾਇਮ ਕੀਤੀਆਂ ਸਨ ਜੋ ਲੋਕਾਂ ਦੇ ਕੌਮੀ ਹੱਕਾਂ ਦਾ ਖੰਡਨ ਕਰਦੀਆਂ ਸਨ ਅਤੇ ਆਜ਼ਾਦੀ ਤੋਂ ਬਾਅਦ ਕੇਂਦਰੀ ਸਰਕਾਰ ਨੇ ਵੀ ਮੁੜ ਜਥੇਬੰਦੀ ਕਰਨ ਵਿੱਚ ਉਹੀ ਨੀਤੀ ਲਾਗੂ ਕੀਤੀ ਹੈ । ਰਾਜ ਲੋਕਾਂ ਦੀਆਂ ਕੌਮੀ ਉਮੰਗਾਂ ਦੇ ਅਧਾਰ ਤੇ ਨਹੀਂ ਸਨ ਬਣਾਏ ਗਏ । ਸਟੇਟਸ ਰੀਆਰਗੇਨਾਈਜ਼ੇਸ਼ਨ ਕਮਿਸ਼ਨ ਨੇ ਕਿਹਾ ਕਿ ਹਿੰਦੁਸਤਾਨ ਦੀ ਏਕਤਾ ਅਤੇ ਸੁਰੱਖਿਆ ਨੂੰ ਕਾਇਮ ਰੱਖਣਾ ਅਤੇ ਮਜ਼ਬੂਤ ਕਰਨਾ ਉਸ (ਕਮਿਸ਼ਨ) ਦਾ ਰਾਹਨੁਮਾਂ ਅਸੂਲ ਸੀ । ਪਰ ਏਦਾਂ ਲੱਗਦਾ ਹੈ ਕਿ ਕੌਮਾਂ, ਕੌਮੀ ਘੱਟ-ਗਿਣਤੀਆਂ ਅਤੇ ਕਬਾਇਲੀ ਲੋਕਾਂ ਦੇ ਹੱਕਾਂ ਦਾ ਖੰਡਨ, ਇਸ ਏਕਤਾ ਨੂੰ ਕਾਇਮ ਰੱਖਣ ਦਾ ਢੰਗ ਬਣਾ ਲਿਆ ਗਿਆ ਹੈ ।

ਵਰਤਮਾਨ ਹਾਲਤਾਂ ਵਿੱਚ ਜੇਕਰ ਅਤੇ ਜਦ ਤੱਕ ਕੇਂਦਰ-ਰਾਜ ਸਬੰਧਾਂ ਨੂੰ ਦੁਬਾਰਾ ਤਰਾਸ਼ਿਆ ਨਹੀਂ ਜਾਂਦਾ ਅਤੇ ਇੱਕ ਅਸਲੀ ਰਾਜ-ਸੰਘ (ਕਨਫੈਡਰੇਸ਼ਨ) ਨਹੀਂ ਬਣਾਇਆ ਜਾਂਦਾ ਤਾਂ ਇਹ ਕਿਆਸ ਕਰਨਾ ਵੀ ਮੁਸ਼ਕਲ ਹੈ ਕਿ ਵੱਖ-ਵੱਖ ਕੌਮਾਂ, ਕੌਮੀ ਘੱਟ ਗਿਣਤੀਆਂ ਅਤੇ ਕਬਾਇਲੀ ਲੋਕਾਂ ਨੂੰ ਇਕੱਠੇ ਕਿਵੇਂ ਰੱਖਿਆ ਜਾਵੇਗਾ । ਵਰਤਮਾਨ ਸੰਵਿਧਾਨ ਅਧੀਨ, ਸੂਬਿਆਂ ਨੂੰ ਲਗਭੱਗ ਕੋਈ ਵੀ ਆਜ਼ਾਦੀ, ਕੋਈ ਵੀ ਅਸਲੀ ਸ਼ਕਤੀ ਨਹੀਂ ਹੈ । ਉਹ ਸ਼ਾਨਦਾਰ ਮਿਊਂਨਸਪਲ ਕਮੇਟੀਆਂ ਦੀ ਤਰ੍ਹਾਂ ਹਨ । ਕਿਸੇ ਵੀ ਚੁਣੀ ਹੋਈ ਸੂਬਾਈ ਸਰਕਾਰ ਨੂੰ ਕੇਂਦਰੀ ਸਰਕਾਰ ਮਨਮਰਜ਼ੀ ਨਾਲ ਬਰਤਰਫ ਕਰ ਸਕਦੀ ਹੈ । ਜਦ ਸੰਵਿਧਾਨ ਬਣਾਇਆ ਜਾ ਰਿਹਾ ਸੀ ਤਾਂ ਇਹ ਵਚਨ ਦਿੱਤਾ ਗਿਆ ਸੀ ਕਿ ਸੂਬਾਈ ਸਰਕਾਰਾਂ ਨੂੰ ਬਰਤਰਫ ਕਰਨ ਦੇ ਹੱਕ ਦੀ ਦੁਰਵਰਤੋਂ ਨਹੀਂ ਕੀਤੀ ਜਾਵੇਗੀ । ਲੇਕਿਨ ਇਸ ਧਾਰਾ ਦੀ ਦੁਰਵਰਤੋਂ ਪਹਿਲੀਆਂ ਆਮ ਚੋਣਾਂ ਤੋਂ ਤੁਰੰਤ ਬਾਅਦ ਹੀ ਸ਼ੁਰੂ ਕਰ ਦਿੱਤੀ ਗਈ ਸੀ ।

ਪੰਜਾਬ ਵਿੱਚ ਕੇਂਦਰੀ ਸਰਕਾਰ ਨੇ ਕਿਸੇ ਵੀ ਗੈਰ-ਕਾਂਗਰਸੀ ਸਰਕਾਰ ਨੂੰ ਉਹਦੀ

Digitized by Panjab Digital Library | www.panjabdigilib.org

ਪੰਜ-ਸਾਲਾ ਮਿਆਦ ਪੂਰੀ ਨਹੀਂ ਕਰਨ ਦਿੱਤੀ । 1952 ਵਿੱਚ ਪੈਪਸੂ (ਜਿਹਦਾ ਜ਼ਿਆਦਾ ਹਿੱਸਾ ਹੁਣ ਹਰਿਆਣੇ ਵਿੱਚ ਹੈ) ਵਿੱਚ ਇੱਕ ਗੈਰ-ਕਾਂਗਰਸੀ ਸਰਕਾਰ ਬਣੀ ਸੀ । ਇਸ ਨੂੰ ਕੇਂਦਰੀ ਸਰਕਾਰ ਨੇ ਨੌ ਮਹੀਨੇ ਬਾਅਦ ਬਰਤਰਫ ਕਰ ਦਿੱਤਾ ਸੀ । ਇਸੇ ਤਰ੍ਹਾਂ 1967 ਵਿੱਚ ਸ: ਗੁਰਨਾਮ ਸਿੰਘ ਦੀ ਅਗਵਾਈ ਹੇਠ ਇੱਕ ਗੈਰ-ਕਾਂਗਰਸੀ ਸਰਕਾਰ ਬਣੀ ਸੀ, ਜਿਸ ਨੂੰ ਕੇਂਦਰ ਨੇ 10 ਮਹੀਨੇ ਬਾਅਦ ਹੀ ਬਰਤਰਫ ਕਰ ਦਿੱਤਾ ਸੀ । ਪੰਜਾਬ ਵਿੱਚ ਹੁਣ ਤੱਕ ਕੇਂਦਰੀ ਰਾਜ (ਰਾਸ਼ਟਰਪਤੀ ਰਾਜ) ਅੱਠ ਵਾਰੀ ਠੋਸਿਆ ਜਾ ਚੁੱਕਾ ਹੈ । ਸੁਰਜੀਤ ਸਿੰਘ ਬਰਨਾਲਾ ਦੀ ਸਰਕਾਰ ਦੇ ਕੇਂਦਰ ਨਾਲ ਸਹਿਯੋਗ ਦੇ ਬਾਵਜੂਦ ਕੇਂਦਰ ਨੇ ਉਹਨੂੰ ਬਰਤਰਫ ਕਰ ਦਿੱਤਾ ਸੀ । ਉਹਦੀ ਸਰਕਾਰ ਇਸ ਨਿਗੂਣੇ ਬਹਾਨੇ ਹੇਠ ਬਰਤਰਫ ਕਰ ਦਿੱਤੀ ਸੀ ਕਿ ਉਹ ਹਿੰਸਾ ਅਤੇ ਕਤਲਾਂ ਨੂੰ ਰੋਕਣ ਵਿੱਚ ਕਾਮਯਾਬ ਨਹੀਂ ਹੋਈ । ਪਰ ਤੱਥ ਦਿਖਾਉਂਦੇ ਹਨ ਕਿ ਸੂਬੇ ਵਿੱਚ ਰਾਸ਼ਟਰਪਤੀ ਰਾਜ ਲਾਗੂ ਕਰਨ ਤੋਂ ਬਾਅਦ ਕਤਲਾਂ ਵਿੱਚ ਬੇਤਹਾਸ਼ਾ ਵਾਧਾ ਹੋਇਆ ਹੈ । 1988 ਦੇ ਪਹਿਲੇ 6 ਮਹੀਨਿਆਂ ਵਿੱਚ ਹੀ 1300 ਦੇ ਕਰੀਬ ਲੋਕ ਮਾਰੇ ਜਾ ਚੁੱਕੇ ਹਨ ਜਦਕਿ 1987 ਦੇ ਸਾਲ ਵਿੱਚ 909 ਲੋਕ ਮਾਰੇ ਗਏ ਸਨ ।

ਇਸ ਧਾਰਾ ਦੀ ਦੁਰਵਰਤੋਂ ਸਿਰਫ ਪੰਜਾਬ ਦੇ ਕੇਸ ਵਿੱਚ ਹੀ ਨਹੀਂ ਸਗੋਂ ਹੋਰ ਸੂਬਿਆਂ ਵਿੱਚ ਗੈਰ-ਕਾਂਗਰਸੀ ਸਰਕਾਰਾਂ ਦੇ ਕੇਸ ਵਿੱਚ ਵੀ ਕੀਤੀ ਗਈ ਹੈ । 1959 ਵਿੱਚ ਕੇਰਲਾ ਵਿੱਚ ਸੀ.ਪੀ.ਆਈ. ਦੀ ਸਰਕਾਰ ਢਾਈ ਸਾਲਾਂ ਬਾਅਦ ਬਰਤਰਫ ਕਰ ਦਿੱਤੀ ਗਈ ਸੀ, ਭਾਵੇਂ ਇਹਦੀ ਬਹੁ-ਸੰਮਤੀ ਬਣੀ ਹੋਈ ਸੀ । ਇਸ ਲਈ ਅਸਲੀਅਤ ਵਿੱਚ ਸੂਬੇ, ਕੇਂਦਰ ਦੇ ਰਹਿਮ ਉੱਤੇ ਹਨ, ਉਨ੍ਹਾਂ ਕੋਲ ਕੋਈ ਵੀ ਅਸਲੀ ਸ਼ਕਤੀ ਨਹੀਂ ਹੈ । ਏਥੋਂ ਤੱਕ ਕਿ ਜਿਨ੍ਹਾਂ ਸੂਬਿਆਂ ਵਿੱਚ ਕਾਂਗਰਸ (ਇੰ) ਦੀਆਂ ਸਰਕਾਰਾਂ ਵੀ ਹਨ, ਉਨ੍ਹਾਂ ਸੂਬਿਆਂ ਵਿੱਚ ਵੀ, ਕੇਂਦਰੀ ਸਰਕਾਰ ਬੇਹੱਦ ਹੈਂਕੜਬਾਜ਼ ਢੰਗ ਨਾਲ ਅਤੇ ਸਭ ਪਾਰਟੀ ਅਸੂਲਾਂ ਨੂੰ ਛਿੱਕੇ ਟੰਗ ਕੇ ਦਖਲ-ਅੰਦਾਜ਼ੀ ਕਰਦੀ ਹੈ । ਮਿਸਾਲ ਦੇ ਤੌਰ 'ਤੇ ਪਿੱਛੇ ਜਿਹੇ ਅਰਜੁਨ ਸਿੰਘ ਨੂੰ ਮੱਧ ਪ੍ਰਦੇਸ਼ ਦਾ ਮੁੱਖ ਮੰਤਰੀ ਬਣਾਉਣ ਸਮੇਂ ਸੂਬੇ ਦੇ ਵਿਧਾਇਕਾਂ ਦੀ ਮੀਟਿੰਗ ਤੱਕ ਵੀ ਨਾ ਸੱਦੀ ਗਈ । ਇਸੇ ਤਰ੍ਹਾਂ ਮਨੀਪੁਰ ਦੇ ਮੁੱਖ ਮੰਤਰੀ ਨੂੰ ਪ੍ਰਧਾਨ ਮੰਤਰੀ ਨੇ ਅਸਤੀਫਾ ਦੇਣ ਲਈ ਮਜਬੂਰ ਕੀਤਾ, ਬੇਸ਼ਕ ਵਿਧਾਨ-ਸਭਾ ਦੇ ਮੈਂਬਰਾਂ ਦੀ ਬਹੁ-ਗਿਣਤੀ ਉਹਦੇ ਪਿੱਛੇ ਸੀ । ਏਸੇ ਢੰਗ ਨਾਲ ਰਾਜਸਥਾਨ ਅਤੇ ਬਿਹਾਰ ਉੱਤੇ ਵੀ ਮੁੱਖ ਮੰਤਰੀ ਠੋਸੇ ਗਏ ਸਨ । ਜੇਕਰ ਕੇਂਦਰ-ਰਾਜ ਸਬੰਧਾਂ ਦਾ ਮੁੜ-ਨਿਰੀਖਣ ਨਹੀਂ ਕੀਤਾ ਜਾਂਦਾ ਅਤੇ ਵੱਖ-ਵੱਖ ਕੌਮਾਂ, ਕੌਮੀਅਤਾਂ ਅਤੇ ਕਬਾਇਲੀ ਲੋਕਾਂ ਦੀਆਂ ਉਮੰਗਾਂ, ਆਰਥਿਕ, ਸਿਆਸੀ ਅਤੇ ਸੱਭਿਆਚਾਰਕ ਖੇਤਰਾਂ ਵਿੱਚ ਪੂਰੀਆਂ ਨਹੀਂ ਕੀਤੀਆਂ ਜਾਂਦੀਆਂ-ਜਾਣੀ ਕਿ, ਜੇਕਰ ਆਜ਼ਾਦੀ ਅਤੇ ਤਰੱਕੀ ਨੂੰ ਯਕੀਨੀ ਨਹੀਂ ਬਣਾਇਆ ਜਾਂਦਾ ਅਤੇ ਲੋਕ ਆਪਣੀ ਕਿਸਮਤ ਦੇ ਖੁਦ ਮਾਲਕ ਨਹੀਂ ਬਣਾਏ ਜਾਂਦੇ ਤਾਂ ਏਕਤਾ ਨਹੀਂ ਰਹੇਗੀ ।

Digitized by Panjab Digital Library | www.panjabdigilib.org

## ਕਾਂਡ ਦੋ

# ਦਰਿਆਈ ਪਾਣੀਆਂ ਅਤੇ ਕੁਦਰਤੀ ਸਾਧਨਾਂ ਦੀ ਲੁੱਟ ਦਾ ਸੁਆਲ

ਇਹ ਕਹਿਣਾ ਕੋਈ ਅੱਤਕਥਨੀ ਨਹੀਂ ਹੋਵੇਗੀ ਕਿ ਪਿਛਲੇ 40 ਸਾਲਾਂ ਦੇ ਕੇਂਦਰੀ ਰਾਜ ਦੀ ਕਹਾਣੀ ਪੰਜਾਬੀਆਂ ਅਤੇ ਹੋਰ ਕੌਮੀਅਤਾਂ ਅਤੇ ਕਬਾਇਲੀ ਲੋਕਾਂ ਉਤੇ ਜਬਰਾਂ ਦੀ ਕਹਾਣੀ ਹੈ । ਪੰਜਾਬ ਵਿੱਚ ਕੇਂਦਰੀ ਸਰਕਾਰ ਨੇ ਅਜੇ ਤੱਕ ਕੋਈ ਵੱਡੀ ਸਨਅਤ ਨਹੀਂ ਲਾਈ, ਭਾਰੀ ਸਨਅਤ 'ਤੇ ਅਧਾਰਿਤ ਬਹੁ-ਸ਼ਾਖਾਈ ਆਰਥਿਕਤਾ ਕਦੇ ਵੀ ਕਾਇਮ ਨਹੀਂ ਕੀਤੀ । ਸਗੋਂ ਇਹਦੇ ਉਲਟ ਕੇਂਦਰੀ ਸਰਕਾਰ ਨੇ ਪੰਜਾਬ ਤੋਂ ਉਹਦੇ ਕੁਦਰਤੀ ਸਾਧਨ ਖੋਹਣ ਲਈ ਹਮੇਸ਼ਾ ਹੀ ਧੱਕੇਸ਼ਾਹੀ ਵਰਤੀ ਹੈ । ਤਿੰਨ ਦਰਿਆ ਰਾਵੀ, ਬਿਆਸ ਅਤੇ ਸਤਲੁਜ ਪੰਜਾਬ ਵਿੱਚੋਂ ਦੀ ਲੰਘਦੇ ਹਨ ਅਤੇ ਫਿਰ ਪਾਕਿਸਤਾਨ ਵਿੱਚ ਦਾਖਲ ਹੁੰਦੇ ਹਨ । ਉਹ ਹਰਿਆਣੇ ਜਾਂ ਰਾਜਸਥਾਨ ਨੂੰ ਛੂੰਹਦੇ ਤੱਕ ਨਹੀਂ । ਪਰ ਇਨ੍ਹਾਂ ਦਰਿਆਵਾਂ ਵਿੱਚੋਂ 75 ਫੀ ਸਦੀ ਪਾਣੀ ਹਰਿਆਣੇ, ਰਾਜਸਥਾਨ ਅਤੇ ਦਿੱਲੀ ਨੂੰ ਦਿੱਤਾ ਜਾਂਦਾ ਹੈ । ਹਰਿਆਣਾ ਅਤੇ ਦਿੱਲੀ, ਯਮੁਨਾ ਦਰਿਆ ਤੋਂ ਪਾਣੀ ਲੈ ਸਕਦੇ ਹਨ, ਜੋ ਉਨ੍ਹਾਂ ਦੇ ਇਲਾਕੇ ਵਿੱਚੋਂ ਲੰਘਦਾ ਹੈ, ਪਰ ਉਨ੍ਹਾਂ ਨੂੰ ਪਾਣੀ ਪੰਜਾਬ ਦੇ ਤਿੰਨ ਦਰਿਆਵਾਂ ਵਿੱਚੋਂ ਦਿੱਤਾ ਗਿਆ ਹੈ ਹਾਲਾਂ ਕਿ ਇਹ ਦਰਿਆ ਪੰਜਾਬ ਦੀਆਂ ਲੋੜਾਂ ਪੂਰੀਆਂ ਕਰਨ ਜੋਗੇ ਵੀ ਨਹੀਂ ਹਨ ।

ਇਕ ਅੰਤਰਰਾਸ਼ਟਰੀ ਤੌਰ 'ਤੇ ਮੰਨਿਆ ਜਾਂਦਾ ਕਾਨੂੰਨ ਕਹਿੰਦਾ ਹੈ ਕਿ ਕੁਦਰਤੀ ਸਾਧਨ ਉਸ ਰਾਜ ਦੇ ਹੁੰਦੇ ਹਨ ਜਿਸ ਰਾਜ ਵਿੱਚ ਉਹ ਪਾਏ ਜਾਂਦੇ ਹੋਣ । ਦਰਿਆਈ ਪਾਣੀਆਂ ਮੁਤੱਲਕ ਰਿਪੇਰੀਅਨ ਕਾਨੂੰਨ ਹੈ, ਇਸ ਨੂੰ ਤੱਟਵਾਸੀ (Riparian) ਅਸੂਲ ਦੇ ਨਾਂ ਨਾਲ ਜਾਣਿਆਂ ਜਾਂਦਾ ਹੈ । ਹਿੰਦੋਸਤਾਨੀ ਸੰਵਿਧਾਨ ਵੀ ਇਸ ਅਸੂਲ ਨੂੰ ਮੰਨਦਾ ਹੈ । ਲੇਕਿਨ ਸੰਵਿਧਾਨ ਦੀਆਂ ਧਾਰਾਵਾਂ ਨੂੰ ਛਿੱਕੇ ਟੰਗ ਕੇ, ਦਰਿਆਈ ਪਾਣੀਆਂ ਦਾ ਬਹੁਤਾ ਹਿੱਸਾ ਪੰਜਾਬ ਤੋਂ ਬਾਹਰ ਲਿਜਾਇਆ ਜਾ ਰਿਹਾ ਹੈ । ਜਿਸ ਨਾਲ ਸੂਬੇ ਦੀ ਆਰਥਿਕਤਾ ਤਬਾਹ ਹੋ ਰਹੀ ਹੈ । ਪੰਜਾਬ ਦੀ ਖੇਤੀ ਪ੍ਰਧਾਨ ਆਰਥਿਕਤਾ ਸਿੰਜਾਈ ਲਈ ਦਰਿਆਈ ਪਾਣੀਆਂ ਉੱਤੇ ਬਹੁਤ ਹੱਦ ਤੱਕ ਨਿਰਭਰ ਕਰਦੀ ਹੈ । ਜੇਕਰ ਦਰਿਆਈ ਪਾਣੀ ਬਾਹਰ ਲਿਜਾਏ ਜਾਂਦੇ ਹਨ ਤਾਂ ਖੇਤੀ ਨੂੰ ਨੁਕਸਾਨ ਹੁੰਦਾ ਹੈ । ਪੰਜਾਬ ਲਈ ਇਹ ਹੋਰ ਵੀ ਤਬਾਹਕੁੰਨ ਹੋਵੇਗਾ ਕਿਉਂਕਿ ਕੇਂਦਰੀ ਸਰਕਾਰ ਨੇ ਸੂਬੇ ਵਿੱਚ ਸਨਅਤੀ ਵਿਕਾਸ ਨਹੀਂ ਹੋਣ ਦਿੱਤਾ । ਮਿਸਾਲ ਦੇ ਤੌਰ 'ਤੇ ਇਸ ਨੇ ਥੀਨ ਡੈਮ ਦੀ ਉਸਾਰੀ ਦਾ ਕੰਮ ਅਜੇ ਤੱਕ ਨਹੀਂ ਹੋਣ ਦਿੱਤਾ । ਹਾਲਾਂ ਕਿ ਇਹ ਡੈਮ 1970 ਤੋਂ ਪਹਿਲਾਂ ਉਸਾਰਿਆ ਜਾਣਾ ਸੀ ਤਾਂ ਜੋ ਰਾਵੀ ਦੇ ਪਾਣੀ ਪੰਜਾਬ ਦੀਆਂ ਸਿੰਜਾਈ ਅਤੇ ਪਣ ਬਿਜਲੀ ਦੀਆਂ ਲੋੜਾਂ ਲਈ ਵਰਤਿਆ ਜਾ ਸਕਦਾ । ਇਕ ਜਾਂ ਦੂਸਰੇ ਬਹਾਨੇ ਹੇਠ ਕੇਂਦਰੀ ਸਰਕਾਰ ਇਸ ਡੈਮ ਦੀ ਉਸਾਰੀ ਦੇ ਰਾਹ 'ਚ ਰੋੜ੍ਹਾ ਅਟਕਾਉਂਦੀ ਰਹੀ ਹੈ ।

Digitized by Panjab Digital Library | www.panjabdigilib.org

ਪਰ ਇਸ ਦੇ ਦਰਿਆਈ ਪਾਣੀ ਇਸ ਤੋਂ ਖੋਹਣ ਨਾਲ ਇੱਕਲੇ ਪੰਜਾਬ ਨੂੰ ਨੁਕਸਾਨ ਨਹੀਂ ਹੋਵੇਗਾ । ਬਾਕੀ ਪੂਰੇ ਹਿੰਦੋਸਤਾਨ ਨੂੰ ਵੀ ਨੁਕਸਾਨ ਹੋਵੇਗਾ । ਕਿਉਂਕਿ ਐਸ ਵਕਤ ਪੰਜਾਬ ਕੇਂਦਰੀ ਭੰਡਾਰ ਵਿੱਚ 60 ਫੀਸਦੀ ਤੋਂ ਜ਼ਿਆਦਾ ਅਨਾਜ ਦਿੰਦਾ ਹੈ ।

ਨਾ ਹੀ ਪੰਜਾਬ ਆਪਣੇ ਦਰਿਆਈ ਪਾਣੀਆਂ ਨੂੰ ਜਾਇਆ ਕਰ ਰਿਹਾ ਹੈ । ਇਨ੍ਹਾਂ ਤਿੰਨਾਂ ਦਰਿਆਵਾਂ ਦੀ ਕੁਲ ਪਾਣੀ ਸਮੱਰਥਾ 3 ਕਰੋੜ 20 ਲੱਖ ਏਕੜ ਫੁੱਟ ਹੈ, ਅਤੇ ਪੰਜਾਬ ਦੀ ਕੁੱਲ ਲੋੜ ਤਕਰੀਬਨ 5 ਕਰੋੜ 20 ਲੱਖ ਏਕੜ ਫੁੱਟ ਹੈ ।[14] ਜੇਕਰ ਇਨ੍ਹਾਂ ਤਿੰਨਾਂ ਦਰਿਆਵਾਂ ਦਾ ਸਾਰਾ ਪਾਣੀ ਵੀ ਪੰਜਾਬ ਨੂੰ ਵਰਤੋਂ ਲਈ ਮਿਲ ਜਾਵੇ ਫਿਰ ਵੀ ਇਹ ਪਾਣੀ ਪੰਜਾਬ ਦੀ ਲੋੜ ਨਾਲੋਂ ਕਰੀਬ 2 ਕਰੋੜ ਏਕੜ ਫੁੱਟ ਘੱਟ ਹੈ । ਪੰਜਾਬ ਨੂੰ ਆਪਣੀਆਂ ਪਾਣੀ ਦੀਆਂ ਵਾਧੂ ਲੋੜਾਂ ਟਿਊਬਵੈਲ ਆਦਿ ਵਰਗੇ ਵਧੇਰੇ ਮਹਿੰਗੇ ਢੰਗਾਂ ਨਾਲ ਪੂਰੀਆਂ ਕਰਨੀਆਂ ਪੈ ਰਹੀਆਂ ਹਨ ।

ਦਰਿਆਵਾਂ ਤੋਂ ਨਹਿਰਾਂ ਕੱਢ ਕੇ ਸਿੰਜਾਈ ਕਰਨਾ ਸਭ ਤੋਂ ਸਸਤਾ ਪੈਂਦਾ ਹੈ, ਜਦ ਕਿ ਟਿਊਬਵੈਲਾਂ ਜਾਂ ਡੀਜ਼ਲ ਇੰਜਣਾਂ ਨਾਲ ਸਿੰਜਾਈ ਬਹੁਤ ਹੀ ਮਹਿੰਗੀ ਪੈਂਦੀ ਹੈ । ਪੰਜਾਬ ਦੇ ਕਿਸਾਨਾਂ ਨੂੰ ਜੇਕਰ ਸਿੰਜਾਈ ਲਈ ਦਰਿਆਵਾਂ ਦਾ ਪਾਣੀ ਨਹੀਂ ਮਿਲਦਾ ਤਾਂ ਉਨ੍ਹਾਂ ਵਿੱਚੋਂ ਬਹੁਤ ਸਾਰੇ ਤਬਾਹ ਹੋ ਜਾਣਗੇ । ਏਦਾਂ ਲੱਗਦਾ ਹੈ ਕਿ ਪੰਜਾਬ ਅਤੇ ਬਾਕੀ ਦੇ ਦੇਸ਼ ਉਤੇ ਇਸ ਨੀਤੀ ਦੇ ਤਬਾਹਕੁੰਨ ਅਸਰਾਂ ਬਾਰੇ ਕੇਂਦਰੀ ਸਰਕਾਰ ਨੂੰ ਕੋਈ ਚਿੰਤਾ ਨਹੀਂ ਹੈ ।

ਰਾਜਸਥਾਨ ਨੇ ਨਰਮਦਾ ਦੇ ਪਾਣੀ ਵਿੱਚੋਂ ਹਿੱਸਾ ਲੈਣ ਲਈ ਅਰਜੀ ਦਿੱਤੀ ਸੀ ਅਤੇ ਸੁਪਰੀਮ ਕੋਰਟ ਦੇ ਇੱਕ ਜੱਜ ਦੀ ਚੇਅਰਮੈਨਸ਼ਿਪ ਹੇਠ ਇੱਕ ਟ੍ਰੀਬਿਊਨਲ ਕਾਇਮ ਕੀਤਾ ਗਿਆ ਸੀ । ਜਿਸ ਨੇ ਆਪਣਾ ਫੈਸਲਾ 1974 ਵਿੱਚ ਦਿੱਤਾ । ਇਸ ਨੇ ਫੈਸਲਾ ਦਿੱਤਾ ਕਿ ਰਾਜਸਥਾਨ ਨੂੰ ਨਰਮਦਾ ਦੇ ਪਾਣੀ ਵਿੱਚੋਂ ਹਿੱਸੇ ਲਈ ਬੇਨਤੀ ਕਰਨ ਦਾ ਕੋਈ ਅਧਿਕਾਰ ਨਹੀਂ ਹੈ, ਕਿਉਂਕਿ ਇਹ ਦਰਿਆ ਰਾਜਸਥਾਨ ਨੂੰ ਛੂੰਹਦਾ ਤੱਕ ਨਹੀਂ ਹੈ । ਉਸ ਫੈਸਲੇ ਵਿੱਚ ਤੱਟਵਾਸੀ ਅਸੂਲ ਨੂੰ ਲਾਗੂ ਕੀਤਾ ਗਿਆ ਸੀ । ਇਹੋ ਅਸੂਲ ਪੰਜਾਬ ਦੇ ਦਰਿਆਵਾਂ ਦੇ ਮਾਮਲੇ ਵਿੱਚ ਲਾਗੂ ਕਿਉਂ ਨਹੀਂ ਕੀਤਾ ਜਾਂਦਾ ?

ਤੱਟਵਾਸੀ ਅਸੂਲ ਨੂੰ ਅੰਗਰੇਜ਼ ਬਸਤੀਵਾਦੀਏ ਵੀ ਮਾਨਤਾ ਦਿੰਦੇ ਸਨ । ਜਦੋਂ ਬੀਕਾਨੇਰ ਦੇ ਮਹਾਰਾਜੇ ਗੰਗਾ ਸਿੰਘ ਨੇ 1924 ਵਿੱਚ ਸਤੁਲੁਜ ਦਰਿਆ ਤੋਂ ਨਹਿਰ ਕੱਢਣੀ ਚਾਹੀ ਤਾਂ ਹਿੰਦੋਸਤਾਨ ਦੇ ਅੰਗਰੇਜ਼ ਵਾਇਸਰਾਏ ਨੇ ਉਹਨੂੰ ਕਿਹਾ ਕਿ ਉਹ ਆਪਣੀ ਬੇਨਤੀ ਪੰਜਾਬ ਸਰਕਾਰ ਅੱਗੇ ਕਰੇ । ਕਿਉਂਕਿ ਦਰਿਆ ਪੰਜਾਬ ਦਾ ਹੈ, ਹਿੰਦੋਸਤਾਨ ਦਾ ਨਹੀਂ । ਪੰਜਾਬ ਸਰਕਾਰ ਨੇ ਬੀਕਾਨੇਰ ਦੇ ਰਾਜੇ ਨੂੰ ਨਹਿਰ ਖੋਦਣ ਦੀ ਇਜਾਜ਼ਤ ਦੇ ਦਿੱਤੀ, ਇਹ ਨਹਿਰ ਗੰਗ ਕੈਨਾਲ ਦੇ ਨਾਂ ਨਾਲ ਜਾਣੀ ਜਾਂਦੀ ਹੈ, ਅਤੇ ਪੰਜਾਬ ਨੂੰ ਇਹਦੇ ਬਦਲੇ ਸਾਲਾਨਾ ਅਦਾਇਗੀ 1948 ਤੱਕ ਮਿਲਦੀ ਰਹੀ, ਜਦੋਂ ਵਰਤਮਾਨ ਹਾਕਮਾਂ ਨੇ ਗੱਦੀ ਸੰਭਾਲੀ ।

ਪੰਜਾਬ ਦੇ ਦਰਿਆਈ ਪਾਣੀਆਂ ਅਤੇ ਪਣ ਬਿਜਲੀ ਸਾਧਨਾਂ ਉੱਤੇ ਡਾਕਾ ਆਜ਼ਾਦੀ ਤੋਂ ਜਲਦੀ ਬਾਅਦ ਹੀ ਸ਼ੁਰੂ ਹੋ ਗਿਆ ਸੀ ਪਰ ਪੰਜਾਬ ਤੋਂ ਉਸ ਦੇ ਸਾਧਨ ਖੋਹਣ ਦੀ ਸਭ ਤੋਂ ਵਧੇਰੇ ਗੈਰ-ਸੰਵਿਧਾਨਕ ਅਤੇ ਗਿਣੀ ਮਿਥੀ ਕੋਸ਼ਿਸ਼ ਉਸ ਵਕਤ ਕੀਤੀ ਗਈ ਜਦ 1966 ਵਿੱਚ ਨਵਾਂ ਸੂਬਾ ਬਣਾਇਆ ਗਿਆ ।

---

14. ਦ਼ੀ ਪੰਜਾਬ ਵਾਟਰ ਡਿਸਪਿਊਟ (ਚੰਡਗੜ੍ਹ: ਕੌਂਸਲ ਆਫ ਸਿੱਖ ਅਫੇਅਰਜ਼, 1983 ਸਫਾ 13-15

1966 ਦੇ ਪੰਜਾਬ ਰੀਆਰਗੇਨਾਈਜ਼ੇਸ਼ਨ ਐਕਟ ਦੇ ਸੈਕਸ਼ਨ 78 ਤੋਂ 80 ਸੰਵਿਧਾਨ ਤੋਂ ਹੀ ਉਲਟ ਹਨ । ਸੈਕਸ਼ਨ 78 ਅਧੀਨ ਕੇਂਦਰ ਸਰਕਾਰ ਨੂੰ ਪੰਜਾਬ ਅਤੇ ਹਰਿਆਣੇ ਵਿਚਕਾਰ ਝਗੜੇ ਦੀ ਹਾਲਤ ਵਿੱਚ ਪੰਜਾਬ ਦੇ ਦਰਿਆਵਾਂ ਦੇ ਪਾਣੀ ਅਤੇ ਪਣ ਬਿਜਲੀ ਦੀ ਵੰਡ ਨਿਸ਼ਚਿਤ ਕਰਨ ਦਾ ਅਖਤਿਆਰ ਹੈ । ਇਹ ਅਧਿਕਾਰ ਕੇਂਦਰੀ ਸਰਕਾਰ ਨੇ 1976 ਵਿੱਚ ਵਰਤਿਆ, ਜਦ ਇਸ ਨੇ ਪੰਜਾਬ ਦੇ ਦਰਿਆਵਾਂ ਦਾ 75 ਫੀ ਸਦੀ ਪਾਣੀ ਅਤੇ ਪਣ ਬਿਜਲੀ ਗੈਰ-ਤੱਟਵਾਸੀ ਰਾਜਾਂ ਹਰਿਆਣਾ, ਰਾਜਸਥਾਨ ਅਤੇ ਦਿੱਲੀ ਨੂੰ ਦੇ ਦਿੱਤੇ ।

ਪੰਜਾਬ ਦੇ ਤਿੰਨ ਦਰਿਆਵਾਂ ਉਤੇ ਬਹੁ-ਮੰਤਵੀ ਪ੍ਰਾਜੈਕਟਾਂ ਅਤੇ ਹੈਡਵਰਕਸ ਦੇ ਕੰਟਰੋਲ ਪ੍ਰਬੰਧ ਅਤੇ ਦੇਖ ਭਾਲ ਦੇ ਸਭ ਹੱਕ ਪੰਜਾਬ ਸਰਕਾਰ ਤੋਂ ਖੋਹ ਕੇ ਪੂਰੀ ਤਰ੍ਹਾਂ ਕੇਂਦਰੀ ਸਰਕਾਰ ਦੇ ਸਪੁਰਦ ਕਰ ਦਿੱਤੇ ਗਏ ਹਨ । ਪਹਿਲਾਂ ਭਾਖੜਾ ਕੰਟਰੋਲ ਬੋਰਡ, ਪੰਜਾਬ ਸਰਕਾਰ ਦਾ ਇੱਕ ਅਰਧ ਸਰਕਾਰੀ ਬੋਰਡ ਹੁੰਦਾ ਸੀ, ਜਿਸ ਵਿੱਚ ਇੱਕ ਚੇਅਰਮੈਨ, ਸੈਕਟਰੀ, ਪ੍ਰਾਜੈਕਟ ਦਾ ਜਨਰਲ ਮੈਨੇਜਰ ਤਿੰਨ ਮੈਂਬਰ ਪੰਜਾਬ ਤੋਂ ਦੋ ਰਾਜਸਥਾਨ ਤੋਂ ਅਤੇ ਇੱਕ ਹਿਮਾਚਲ ਪ੍ਰਦੇਸ਼ ਤੋਂ ਹੁੰਦੇ ਸਨ । ਇਹ ਬੋਰਡ ਅਤੇ ਇਹਦਾ ਪ੍ਰਬੰਧ ਪੰਜਾਬ ਸਰਕਾਰ ਹੇਠ ਕੰਮ ਕਰਦੇ ਸਨ ।

ਪੰਜਾਬ ਰੀ-ਆਰਗੇਨਾਈਜ਼ੇਸ਼ਨ ਐਕਟ ਦੇ ਸੈਕਸ਼ਨਾਂ 79 ਅਤੇ 80 ਅਧੀਨ ਕੇਂਦਰੀ ਸਰਕਾਰ ਦੇ ਕੰਟਰੋਲ ਥੱਲੇ ਇੱਕ ਅਧਿਨਿਮਿਕ ਬੋਰਡ ਕਾਇਮ ਕੀਤਾ ਗਿਆ । ਇਸ ਵੱਚ ਕੇਂਦਰ ਵੱਲੋਂ ਨਿਯੁਕਤ ਇੱਕ ਚੇਅਰਮੈਨ, ਦੋ ਵਰਕਿੰਗ ਅਤੇ ਦੋ ਹੋਰ ਮੈਂਬਰ ਅਤੇ ਇੱਕ ਇੱਕ ਮੈਂਬਰ ਹਰਿਆਣਾ, ਹਿਮਾਚਲ, ਪੰਜਾਬ ਅਤੇ ਰਾਜਸਥਾਨ ਤੋਂ ਹੁੰਦੇ ਹਨ । ਇਹ ਬੋਰਡ ਬਿਆਸ ਪ੍ਰਾਜੈਕਟ ਮੁਕੰਮਲ ਹੋ ਜਾਣ 'ਤੇ ਉਸ ਨੂੰ ਵੀ ਆਪਣੇ ਕੰਟਰੋਲ 'ਚ ਕਰ ਲਵੇਗਾ ਅਤੇ ਨਾਲੋਂ-ਨਾਲ ਪੰਜਾਬ ਦੇ ਤਿੰਨਾਂ ਦਰਿਆਵਾਂ ਦੇ ਭਵਿੱਖ ਵਿੱਚ ਕਿਸੇ ਵੀ ਹੋਰ ਪ੍ਰਾਜੈਕਟਾਂ ਨੂੰ ਆਪਣੇ ਕੰਟਰੋਲ 'ਚ ਰੱਖੇਗਾ । ਕੇਂਦਰੀ ਸਰਕਾਰ ਨੇ ਪੰਜਾਬ ਦੇ ਤਿੰਨਾਂ ਦਰਿਆਵਾਂ ਉਤੇ ਪਾਣੀ ਅਤੇ ਬਿਜਲੀ ਸਬੰਧੀ ਬਹੁ ਮੰਤਵੀ ਪ੍ਰੋਜੈਕਟਾਂ ਦਾ ਪਸਾਰ ਕਰਨ ਦਾ ਫੈਸਲਾ ਕਰਨ ਦੀ ਤਾਕਤ ਵੀ ਆਪਣੇ ਹੱਥਾਂ 'ਚ ਲੈ ਲਈ ਹੈ ।

ਇਸ ਦੇ ਫਲਸਰੂਪ, 1966 ਤੋਂ ਸਿੰਜਾਈ ਅਤੇ ਪਣ-ਬਿਜਲੀ ਦੇ ਵਿਸ਼ੇ ਸੂਬਾਈ ਵਿਸ਼ੇ ਨਹੀਂ ਰਹੇ ਅਤੇ ਇਹ ਗੈਰ-ਸੰਵਿਧਾਨਕ ਢੰਗ ਨਾਲ ਸੂਬਾਈ ਸਰਕਾਰ ਤੋਂ ਖੋਹ ਕੇ ਕੇਂਦਰੀ ਸਰਕਾਰ ਦੇ ਸਪੁਰਦ ਕਰ ਦਿੱਤੇ ਗਏ ਹਨ ।

ਪੰਜਾਬ ਰੀਆਰਗੇਨਾਈਜ਼ੇਸ਼ਨ ਐਕਟ, 1966 ਦੇ ਸੈਕਸ਼ਨ 78 ਤੋਂ 80 ਜਿਨ੍ਹਾਂ ਨੇ ਪੰਜਾਬੀਆਂ ਤੋਂ ਉਨ੍ਹਾਂ ਦੇ ਬੁਨਿਆਦੀ ਹੱਕ ਖੋਹ ਲਏ ਹਨ, ਸੱਪਸ਼ਟ ਤੌਰ 'ਤੇ ਗੈਰ-ਸੰਵਿਧਾਨਕ ਹਨ । ਸੰਵਿਧਾਨ ਦੀ ਸੂਚੀ 2 ਦੀ ਐਂਟਰੀ 17 ਕਹਿੰਦੀ ਹੈ ਕਿ ਪਣ-ਬਿਜਲੀ ਅਤੇ ਸਿੰਜਾਈ ਸੂਬਾਈ ਵਿਸ਼ੇ ਹਨ । ਹਿੰਦੋਸਤਾਨ ਦੇ ਸੰਵਿਧਾਨ ਦੀ ਧਾਰਾ 262 ਅਤੇ ਐਂਟਰੀ 56 ਅਧੀਨ ਸੂਬੇ ਨੂੰ ਸਭ ਸੂਬਾਈ ਵਿਸ਼ਿਆਂ ਉਤੇ ਮੁਕੰਮਲ ਵਿਧਾਨਕ ਅਤੇ ਕਾਰਜਕਾਰੀ ਹੱਕ ਹਨ । ਕਿਸੇ ਵੀ ਸੂਬੇ ਦੇ ਦਰਿਆ ਜਾਂ ਇਸ ਦੀ ਪਣ-ਬਿਜਲੀ ਸਬੰਧੀ, ਕੇਂਦਰੀ ਸਰਕਾਰ ਨੂੰ ਕੋਈ ਵੀ ਕਾਰਜਕਾਰੀ ਜਾਂ ਵਿਧਾਨਕ ਹੱਕ ਨਹੀਂ ਹੈ ।

ਕੇਂਦਰੀ ਸੂਚੀ ਦੀ ਐਂਟਰੀ 56 ਅਧੀਨ, ਪਾਰਲੀਮੈਂਟ ਸੂਬਿਆਂ ਦੇ ਸਾਂਝੇ ਦਰਿਆਵਾਂ ਦੇ ਵਿਕਾਸ ਲਈ ਕਾਨੂੰਨ ਬਣਾ ਸਕਦੀ ਹੈ । ਪਾਰਲੀਮੈਂਟ ਨੇ ਇਸ ਮਦ ਅਧੀਨ ਰਿਵਰ ਬੋਰਡਜ਼ ਐਕਟ 1956 ਬਣਾਇਆ ਹੈ । ਇਹਦੀਆਂ ਮਦਾਂ ਐਂਟਰੀ 56 ਦੇ ਉਦੇਸ਼ ਅਤੇ ਘੇਰੇ ਬਾਰੇ

Digitized by Panjab Digital Library | www.panjabdigilib.org

ਸੱਪਸ਼ਟ ਕਰਦੀਆਂ ਹਨ । ਕਿਉਂਕਿ ਇਹ ਸਿਰਫ ਉਨ੍ਹਾਂ ਦਰਿਆਵਾਂ ਨਾਲ ਹੀ ਤੁਅੱਲਕ ਰੱਖਦੀਆਂ ਹਨ ਜਿਹੜੇ ਦੋ ਜਾਂ ਜ਼ਿਆਦਾ ਸੂਬਿਆਂ ਦੇ ਇਲਾਕੇ ਵਿੱਚੋਂ ਲੰਘਦੇ ਹੋਣ ।

ਸੰਵਿਧਾਨ ਦੀ ਧਾਰਾ 262 ਵਿੱਚ ਅੰਤਰ ਰਾਜੀ ਦਰਿਆਈ ਪਾਣੀਆਂ ਦੇ ਝਗੜਿਆਂ ਨੂੰ ਹੱਲ ਕਰਨ ਦਾ ਇੰਤਜ਼ਾਮ ਹੈ । ਪਾਰਲੀਮੈਂਟ ਨੇ 'ਇੰਟਰਸਟੇਟ ਵਾਟਰ ਡਿਸਪਿਊਟਸ ਐਕਟ' (1956) ਵਿੱਚ ਇਸ ਧਾਰਾ ਦੇ ਉਦੇਸ਼ ਅਤੇ ਘੇਰੇ ਨੂੰ ਸੱਪਸ਼ਟ ਕੀਤਾ ਹੈ । ਇਸ ਕਾਨੂੰਨ ਦੀਆਂ ਮਦਾਂ ਇੱਕ ਐਸੇ ਦਰਿਆ ਦੇ ਪਾਣੀਆਂ ਉੱਤੇ ਦੋ ਸੂਬਿਆਂ ਦੇ ਦਾਅਵੇ ਨਿਪਟਾਉਣ ਬਾਰੇ ਹਨ, ਜਿਹੜਾ ਦਰਿਆ ਉਨ੍ਹਾਂ ਦੋਹਾਂ ਸੂਬਿਆਂ ਵਿੱਚੋਂ ਲੰਘਦਾ ਹੋਵੇ । ਨਾ ਐਂਟਰੀ 56 ਅਤੇ ਨਾ ਹੀ ਧਾਰਾ 262 ਅਧੀਨ ਕੇਂਦਰੀ ਸਰਕਾਰ ਨੂੰ ਸਤਲੁਜ, ਰਾਵੀ ਅਤੇ ਬਿਆਸ ਦੇ ਪਾਣੀਆਂ ਜਾਂ ਪਣ ਬਿਜਲੀ ਦੀ ਵੰਡ ਕਰਨ ਦਾ ਕੋਈ ਹੱਕ ਹੈ, ਕਿਉਂਕਿ ਇਹ ਤਿੰਨੇ ਦਰਿਆ ਹਿੰਦੋਸਤਾਨ ਦੀਆਂ ਹੱਦਾਂ ਅੰਦਰ ਪੂਰੀ ਤਰ੍ਹਾਂ ਪੰਜਾਬ ਅੰਦਰ ਹੀ ਵਗਦੇ ਹਨ ਅਤੇ ਇਨ੍ਹਾਂ ਨੂੰ ਅੰਤਰਰਾਜੀ ਦਰਿਆ ਨਹੀਂ ਕਿਹਾ ਜਾ ਸਕਦਾ ।

ਇਸ ਮਸਲੇ ਕਿ ਕੀ ਇੱਕ ਗੈਰ-ਤੱਟਵਾਸੀ ਸੂਬੇ ਨੂੰ ਹੋਰ ਸੂਬਿਆਂ ਵਿੱਚ ਵਗਦੇ ਦਰਿਆਵਾਂ ਦੇ ਪਾਣੀ ਉੱਤੇ ਕੋਈ ਹੱਕ ਹੈ ਜਾਂ ਨਹੀਂ ਦਾ ਹੱਲ ''ਇੰਟਰ ਸਟੇਟ ਵਾਟਰ ਡਿਸਪਿਊਟਸ ਐਕਟ (1956)'' ਅਧੀਨ ਥਾਪੇ ਗਏ ਨਰਮਦਾ ਵਾਟਰ ਟ੍ਰੀਬਿਊਨਲ ਨੇ 1974 ਵਿੱਚ ਕੀਤਾ ਸੀ । ਉਸ ਟ੍ਰੀਬਿਊਨਲ ਵਿੱਚ ਰਾਜਸਥਾਨ ਜੋ ਇੱਕ ਗੈਰ-ਤੱਟਵਾਸੀ ਸੂਬਾ ਹੈ, ਨੇ ਕੇਂਦਰੀ ਸਰਕਾਰ ਕੋਲ ਨਰਮਦਾ ਦਰਿਆ ਦੇ ਪਾਣੀ ਵਿੱਚੋਂ ਹਿੱਸੇ ਦਾ ਦਾਅਵਾ ਕੀਤਾ ਸੀ। ਜਿਹੜਾ ਕਿ ਮੱਧ-ਪ੍ਰਦੇਸ਼, ਮਹਾਂ-ਰਾਸ਼ਟਰ ਅਤੇ ਗੁਜਰਾਤ ਵਿੱਚ ਵਗਦਾ ਹੈ । ਪਰ ਰਾਜਸਥਾਨ ਵਿੱਚ ਨਹੀਂ । ਟ੍ਰੀਬਿਊਨਲ ਨੇ ਫੈਸਲਾ ਦਿੱਤਾ ''ਰਾਜਸਥਾਨ ਨਰਮਦਾ ਦੇ ਸਬੰਧ ਵਿੱਚ ਇੱਕ ਗੈਰ-ਤੱਟਵਾਸੀ ਸੂਬਾ ਹੋਣ ਕਰਕੇ ਟ੍ਰੀਬਿਊਨਲ ਕੋਲ ਦਰਖਾਸਤ ਨਹੀਂ ਕਰ ਸਕਦਾ ਕਿਉਂਕਿ ਐਕਟ ਦੇ ਤਹਿਤ ਸਿਰਫ ਇੱਕ ਸਹਿ-ਤੱਟਵਾਸੀ ਸੂਬਾ ਹੀ ਅਜਿਹਾ ਕਰ ਸਕਦਾ ਹੈ । ਰਾਜਸਥਾਨ ਸੂਬੇ ਦਾ ਨਰਮਦਾ ਦੇ ਪਾਣੀਆਂ 'ਚੋਂ ਕੋਈ ਹਿੱਸਾ ਇਸ ਅਧਾਰ 'ਤੇ ਨਹੀਂ ਬਣਦਾ ਕਿ ਰਾਜਸਥਾਨ ਇਕ ਸਹਿ-ਤੱਟਵਾਸੀ ਸੂਬਾ ਨਹੀਂ ਹੈ । ਕਿਉਂਕਿ ਇਸ ਦੇ ਇਲਾਕੇ ਦਾ ਕੋਈ ਵੀ ਹਿੱਸਾ ਨਰਮਦਾ ਦੀ ਘਾਟੀ ਵਿੱਚ ਸਥਿਤ ਨਹੀਂ ਹੈ ।''[15]

ਇਸ ਟ੍ਰੀਬਿਊਨਲ ਦੀ ਪ੍ਰਧਾਨਗੀ ਸੁਪਰੀਮ ਕੋਰਟ ਦੇ ਇੱਕ ਉਸ ਵਕਤ ਦੇ ਜੱਜ ਨੇ ਕੀਤੀ ਸੀ । ਪੰਜਾਬ ਰੀਆਰਗੇਨਾਈਜੇਸ਼ਨ ਐਕਟ ਦੇ ਸੈਕਸ਼ਨ 78-80 ਸਿਰਫ ਪਾਰਲੀਮੈਂਟ ਦੀਆਂ ਵਿਧਾਨਕਾਰੀ ਸ਼ਕਤੀਆਂ ਤੋਂ ਹੀ ਬਾਹਰ ਨਹੀਂ ਸਗੋਂ ਵਿਤਕਰੇ ਭਰੇ ਵੀ ਹਨ, ਇਹ ਹਿੰਦੋਸਤਾਨ ਦੇ ਸੰਵਿਧਾਨ ਦੀ ਧਾਰਾ 14 ਦੀ ਬਰਾਬਰਤਾ ਬਾਰੇ ਮਦ ਵਿੱਚ ਦਿੱਤੇ ਗਏ ਬੁਨਿਆਦੀ ਹੱਕਾਂ ਦੀ ਵੀ ਉਲੰਘਣਾ ਕਰਦੇ ਹਨ । ਇਹ ਸੈਕਸ਼ਨ ਪੰਜਾਬ ਦੇ ਦਰਿਆਈ ਪਾਣੀਆਂ, ਹੈਡ ਵਰਕਸ ਅਤੇ ਪ੍ਰਾਜੈਕਟਾਂ ਉਤੇ ਕੰਟਰੋਲ, ਵੰਡ ਅਤੇ ਪ੍ਰਬੰਧ ਦੀਆਂ ਸ਼ਕਤੀਆਂ ਹਥਿਆ ਕੇ ਪੰਜਾਬ ਦੇ ਸੰਵਿਧਾਨਕ ਅਤੇ ਤੱਟਵਾਸੀ ਹੱਕਾਂ ਦਾ ਉਲੰਘਣ ਕਰਦੇ ਹਨ । ਦੂਸਰੇ ਪਾਸੇ ਇਹ ਯਮਨਾ ਦੇ ਪਾਣੀਆਂ, ਉਤੇ ਅਤੇ ਇਸ ਦੇ ਸਬੰਧਤ ਪ੍ਰਾਜੈਕਟਾਂ ਜਿਵੇਂ ਕਿ ਤਾਜੇਵਾਲਾ ਅਤੇ ਓਖਲਾ ਆਦਿ ਉੱਤੇ ਕੰਟਰੋਲ, ਵੰਡ ਅਤੇ ਪ੍ਰਬੰਧ ਦੀਆਂ ਸ਼ਕਤੀਆਂ ਇਨ੍ਹਾਂ ਸੈਕਸ਼ਨਾਂ ਚੋਂ ਬਾਹਰ ਰੱਖ ਕੇ ਹਰਿਆਣੇ ਨੂੰ ਸੁਰੱਖਿਆ ਦਿੰਦੇ ਹਨ ।

ਸੁਪਰੀਮ ਕੋਰਟ ਨੇ ਲਗਾਤਾਰ ਇਹ ਵਿਚਾਰ ਦਿੱਤਾ ਹੈ ਕਿ ਹਿੰਦੋਸਤਾਨ ਦੇ ਸੰਵਿਧਾਨ

---

15, ਦੀ ਪੰਜਾਬ ਵਾਟਰ ਡਿਸਪਿਊਟ ਸਫ਼ਾ 7

Digitized by Panjab Digital Library | www.panjabdigilib.org

ਦੀ ਧਾਰਾ 14 ਦੀ ਬਰਾਬਰਤਾ ਬਾਰੇ ਮਦ ਦਾ ਉਲੰਘਣ ਹੁੰਦਾ ਹੈ, ਜਦ ਨਾ ਬਰਾਬਰਾਂ ਨਾਲ ਬਰਾਬਰਾਂ ਵਾਲਾ ਅਤੇ ਬਰਾਬਰਾਂ ਨਾਲ ਨਾ ਬਰਾਬਰਾਂ ਵਾਲਾ ਵਤੀਰਾ ਕੀਤਾ ਜਾਂਦਾ ਹੈ। ਅਜਿਹੀ ਉਲੰਘਣਾ ਪੰਜਾਬ ਦੇ ਦਰਿਆਈ ਪਾਣੀਆਂ ਅਤੇ ਉਨ੍ਹਾਂ ਦੀ ਹੋਰ ਸੂਬਿਆਂ ਨੂੰ ਵੰਡ ਦੇ ਮਸਲੇ ਵਿੱਚ ਸਾਫ਼ ਨਜ਼ਰ ਆਉਂਦੀ ਹੈ।

1955 ਵਿੱਚ ਇਹ ਫੈਸਲਾ ਕੀਤਾ ਗਿਆ ਕਿ ਪੰਜਾਬ ਆਪਣੇ ਦਰਿਆਵਾਂ ਦੇ ਪਾਣੀਆਂ ਵਿੱਚੋਂ 80 ਲੱਖ ਏਕੜ ਫੁੱਟ ਪਾਣੀ ਰਾਜਸਥਾਨ ਨੂੰ ਦੇਵੇਗਾ। ਇਹ ਵੰਡ ਪੰਜਾਬ ਅਤੇ ਰਾਜਸਥਾਨ ਵਿਚਕਾਰ ਸਮਝੌਤਾ ਨਹੀਂ ਸੀ ਸਗੋਂ ਉਸ ਸਾਲ ਦੌਰੇ 'ਤੇ ਆ ਰਹੀ ਵਿਸ਼ਵ ਬੈਂਕ ਦੀ ਟੀਮ ਨੂੰ ਦਿਖਾਉਣ ਲਈ ਕਾਹਲੀ ਨਾਲ ਕੀਤਾ ਗਿਆ ਇਕ ਬੰਦੋਬਸਤ ਸੀ। ਇਹ ਵੰਡ, ਜਿਸ ਦਾ ਕੋਈ ਕਾਨੂੰਨੀ ਅਧਾਰ ਨਹੀਂ ਹੈ, ਪਹਿਲਾਂ 1976 ਦੇ ਫੈਸਲੇ (ਅਵਾਰਡ) ਅਤੇ ਫਿਰ 1981 ਦੇ ਸਮਝੌਤੇ ਵਿੱਚ ਸ਼ਾਮਲ ਕਰ ਲਈ ਗਈ। ਰਾਵੀ ਅਤੇ ਬਿਆਸ ਦੇ ਪਾਣੀਆਂ ਦੀ ਵਰਤੋਂ ਬਾਰੇ ਟ੍ਰਿਬਿਊਨਲ ਨੇ ਦੱਸਿਆ ਕਿ "ਪਾਣੀ ਦੀ ਵੰਡ ਇੱਕ ਸਮਝੌਤੇ ਦਾ ਸਿੱਟਾ ਸੀ।" ਰਾਜਸਥਾਨ ਦਸਤਾਵੇਜ਼ਾਂ ਜਿਲਦ 4 ਦੇ ਸਫੇ 26 ਅਤੇ 32 ਉੱਤੇ ਇਹ ਲਿਖਿਆ ਹੋਇਆ ਹੈ ਕਿ ਪੰਜਾਬ ਰਾਜਸਥਾਨ ਦੀਆਂ ਲੋੜਾਂ ਨੂੰ ਪੂਰੀਆਂ ਕਰਨ ਵਾਸਤੇ ਤਿਆਰ ਸੀ ਬਸ਼ਰਤੇ ਬਤੌਰ ਇੱਕ ਤੱਟਵਾਸੀ ਸੂਬੇ ਇਸ ਦੀਆਂ ਆਪਣੀਆਂ ਲੋੜਾਂ ਪਹਿਲਾਂ ਪੂਰੀਆਂ ਹੋਣ।"[16]

ਸੁਪਰੀਮ ਕੋਰਟ ਦੇ ਸਾਬਕ ਚੀਫ ਜਸਟਿਸ, ਜਸਟਿਸ ਐਸ.ਐਮ. ਸੀਕਰੀ ਨੇ ਕਿਹਾ ਹੈ : "ਇਸ ਸਚਾਈ ਕਿ ਕੇਂਦਰੀ ਸਰਕਾਰ ਨੇ, ਪੂਰਬੀ ਦਰਿਆਵਾਂ ਸਤਲੁਜ, ਰਾਵੀ ਅਤੇ ਬਿਆਸ ਦੇ ਸਭ ਪਾਣੀਆਂ ਦੀ ਬੰਦਸ਼-ਰਹਿਤ ਵਰਤੋਂ ਦਾ ਹੱਕ ਹਾਸਲ ਕਰਨ ਲਈ ਪਾਕਿਸਤਾਨ ਨੂੰ 6 ਕਰੋੜ 20 ਲੱਖ ਰੁਪਏ ਦਿੱਤੇ ਸਨ, ਦਾ ਇਸ ਸਵਾਲ ਨਾਲ ਕੋਈ ਵਾਸਤਾ ਨਹੀਂ ਕਿ ਰਾਵੀ ਅਤੇ ਬਿਆਸ ਵਿੱਚ ਹਰਿਆਣੇ ਦੇ ਕੋਈ ਹੱਕ ਹਨ ਤਾਂ ਉਹ ਕੀ ਹਨ। ਇਹ ਇਸ ਲਈ ਬੇਤੁਕਾ ਹੈ ਕਿਉਂਕਿ ਇੰਦੁਸ ਸੰਧੀ (1960) ਦਾ ਫਲ ਇਹ ਸੀ ਕਿ ਪੁਰਾਣੇ ਪੰਜਾਬ ਦਾ ਰਾਵੀ ਅਤੇ ਬਿਆਸ ਦੇ ਪਾਣੀਆਂ ਦੀ ਵਰਤੋਂ ਨੂੰ ਕੰਟਰੋਲ ਕਰਨ ਅਤੇ ਨਿਯਮਤ ਕਰਨ ਦਾ ਖੁਦਮੁਖਤਾਰ ਹੱਕ ਜੋ 1966 ਵਿੱਚ ਸੀਮਤ ਕਰ ਦਿੱਤਾ ਗਿਆ ਸੀ, ਉਹ ਮੌਜੂਦਾ ਅੰਤਰਰਾਸ਼ਟਰੀ ਅਧਿਸੇਵਤਾ (ਵਿਰਾਸਤ ਸਬੰਧੀ ਕਾਨੂੰਨ ਦਾ ਸਫਾ 51) ਦੇ ਮੱਦੇ ਨਜ਼ਰ 1970 ਵਿੱਚ ਸੀਮਤ ਨਹੀਂ ਰਿਹਾ। ਇਹ ਮੁੜ ਜੱਥੇਬੰਦ ਕੀਤਾ ਗਿਆ ਸੂਬਾ ਪੰਜਾਬ ਹੈ, ਜਿਸ ਨੇ ਜਾਂ ਤਾਂ ਐਕਟ ਦੇ ਤਹਿਤ ਇਹ ਖੁਦਮੁਖਤਾਰੀ ਬਣਾਈ ਰੱਖੀ ਹੈ ਜਾਂ ਇਸ ਐਕਟ ਤਹਿਤ ਹਾਸਲ ਕਰ ਲਈ ਹੈ।"[17]

ਇਨ੍ਹਾਂ ਮਸਲਿਆਂ ਦਾ ਸੰਵਿਧਾਨਕ ਸਵਾਲਾਂ ਨਾਲ ਤੁਅੱਲਕ ਹੈ। ਸਿਰਫ ਸੁਪਰੀਮ ਕੋਰਟ ਨੂੰ ਹੀ ਇਨ੍ਹਾਂ ਦੇ ਫੈਸਲੇ ਕਰਨ ਦਾ ਹੱਕ ਹੈ। ਇਸ ਲਈ ਪੰਜਾਬ ਸਰਕਾਰ ਨੇ ਹਿੰਦੁਸਤਾਨ ਦੇ ਸੰਵਿਧਾਨ ਦੀ ਧਾਰਾ 131 ਦੇ ਤਹਿਤ ਇੱਕ ਮੁਕੱਦਮਾ ਦਾਇਰ ਕਰਕੇ, 1976 ਦੇ ਅਵਾਰਡ ਅਤੇ ਰੀਆਰਗੇਨਾਈਜੇਸ਼ਨ ਐਕਟ 1966 ਦੀਆਂ ਸਬੰਧਤ ਮਦਾਂ ਦੀ ਉਚਿਤਤਾ ਨੂੰ ਚੁਣੌਤੀ ਦਿੱਤੀ। ਹਿੰਦੁਸਤਾਨ ਦੀ ਸਰਕਾਰ ਨੂੰ ਦਿਸਦਾ ਸੀ ਕਿ ਸੁਪਰੀਮ ਕੋਰਟ ਵਿੱਚ ਕੇਸ ਦਾ ਫੈਸਲਾ ਕੀ ਹੋਵੇਗਾ ਅਤੇ ਇਸ ਦੇ 1976 ਦੇ ਅਵਾਰਡ ਦਾ ਕੀ ਹਸ਼ਰ ਹੋਵੇਗਾ ? ਆਪਣੇ ਇਸ ਐਕਟ ਨੂੰ ਗੈਰ-ਸੰਵਿਧਾਨਕ ਐਲਾਨੇ ਜਾਣ ਦੀ ਸੰਭਾਵਨਾ ਨੂੰ ਦੇਖਦਿਆਂ ਇਸ ਨੇ

16. ਦੀ ਪੰਜਾਬ ਵਾਟਰ ਡਿਸਪਿਊਟ ਸਫਾ 33

17. ਦੀ ਪੰਜਾਬ ਵਾਟਰ ਡਿਸਪਿਊਟ ਸਫ਼ਾ 7

Digitized by Panjab Digital Library | www.panjabdigilib.org

ਰਾਜਸਥਾਨ-ਹਰਿਆਣਾ ਅਤੇ ਪੰਜਾਬ ਦੀਆਂ ਕਾਂਗਰਸੀ ਸਰਕਾਰਾਂ ਨੂੰ ਇੱਕ ਸਮਝੌਤਾ ਕਰਕੇ ਸੁਪਰੀਮ ਕੋਰਟ 'ਚੋਂ ਕੇਸ ਵਾਪਸ ਲੈਣ ਦੀ ਹਦਾਇਤ ਦਿੱਤੀ । ਅਜਿਹਾ ਇਸ ਲਈ ਕੀਤਾ ਗਿਆ ਤਾਂ ਜੋ ਪੰਜਾਬ ਦੀ ਕੀਮਤ 'ਤੇ ਹਰਿਆਣਾ, ਰਾਜਸਥਾਨ ਅਤੇ ਦਿੱਲੀ ਨੂੰ ਦਿੱਤੇ ਗਏ ਗੈਰ ਸੰਵਿਧਾਨਕ ਅਤੇ ਨਜਾਇਜ਼ ਫਾਇਦਿਆਂ ਦਾ ਪਰਦਾ ਫਾਸ਼ ਹੋਣ ਤੋਂ ਬਚਾਇਆ ਜਾ ਸਕੇ । ਕੇਸ ਵਾਪਸ ਲਏ ਜਾਣ ਬਾਅਦ ਪ੍ਰਧਾਨ ਮੰਤਰੀ (ਇੰਦਰਾ ਗਾਂਧੀ) ਨੇ ਖੁਦ ਸਤਲੁਜ-ਜਮੁਨਾ ਲਿੰਕ ਨਹਿਰ ਦੀ ਨੀਂਹ ਰੱਖੀ । ਜਿਸ ਦੀ ਉਸਾਰੀ ਸੱਪਸ਼ਟ ਤੌਰ 'ਤੇ ਗੈਰ-ਕਾਨੂੰਨੀ ਅਤੇ ਗੈਰ-ਸੰਵਿਧਾਨਕ ਹੈ । ਜੇਕਰ ਸੁਪਰੀਮ ਕੋਰਟ 'ਚੋਂ ਕੇਸ ਵਾਪਸ ਨਾ ਲਿਆ ਜਾਂਦਾ ਅਤੇ ਜੇ ਅਦਾਲਤ ਨੇ ਉਮੀਦ ਕੀਤਾ ਜਾਂਦਾ ਫੈਸਲਾ ਕਰ ਦਿੱਤਾ ਹੁੰਦਾ ਤਾਂ ਪਾਣੀਆਂ ਦੇ ਕੋਈ ਝਗੜੇ ਨਹੀਂ ਹੋਣੇ ਸਨ, ਅਤੇ ਨਾ ਹੀ ਇਸ ਸਬੰਧੀ ਕੋਈ ਐਜੀਟੇਸ਼ਨ ਹੋਣੀ ਸੀ ।

ਪੰਜਾਬ ਵਿੱਚ ਇੱਕ ਕਰੋੜ 5 ਲੱਖ ਏਕੜ ਜ਼ਮੀਨ ਵਾਹੀ ਯੋਗ ਹੈ । ਭੌਂ ਵਰਤੋਂ ਮਾਹਿਰਾਂ ਦੀ ਰਾਇ ਹੈ ਕਿ ਦੋਹਰੀ ਫਸਲ ਵਾਸਤੇ ਸਲਾਨਾ 5-6 ਏਕੜ ਫੁੱਟ ਪਾਣੀ ਪ੍ਰਤੀ ਏਕੜ ਦੀ ਲੋੜ ਪੈਂਦੀ ਹੈ । ਇਸ ਲਈ ਪੰਜਾਬ ਦੀ ਘੱਟੋ ਘੱਟ ਪਾਣੀ ਦੀ ਲੋੜ 5-6 ਕਰੋੜ ਏਕੜ ਫੁੱਟ ਬਣਦੀ ਹੈ । ਐਸ ਵਕਤ 1 ਕਰੋੜ 5 ਲੱਖ ਏਕੜਾਂ ਵਿੱਚੋਂ ਸਿਰਫ 35 ਲੱਖ ਏਕੜ ਜਮੀਨ ਨੂੰ ਹੀ ਨਹਿਰੀ ਪਾਣੀ ਲੱਗਦਾ ਹੈ, ਕਰੀਬ 50 ਲੱਖ ਏਕੜ ਦੀ ਸਿੰਜਾਈ ਟਿਊਬਵੈਲਾਂ ਨਾਲ ਕੀਤੀ ਜਾਂਦੀ ਹੈ ਅਤੇ ਬਾਕੀ 20 ਲੱਖ ਏਕੜ ਦੀ ਕੋਈ ਸਿੰਜਾਈ ਨਹੀਂ ਹੁੰਦੀ । ਪੰਜਾਬ ਵਿੱਚ ਜ਼ਮੀਨ ਦੀ ਸਤਾਹ ਹੇਠਲਾ ਪਾਣੀ 600,000 ਟਿਊਬਵੈਲਾਂ ਵੱਲੋਂ ਲਗਾਤਾਰ ਖਿੱਚੇ ਜਾਣ ਕਾਰਨ ਘੱਟਦਾ ਜਾ ਰਿਹਾ ਹੈ । ਪੰਜਾਬ ਕੋਲ ਸਿਰਫ 3 ਕਰੋੜ 20 ਲੱਖ ਏਕੜ ਫੁੱਟ ਪਾਣੀ ਹੈ । 1947 ਤੋਂ ਪਹਿਲਾਂ ਪੰਜਾਬ ਦੇ ਇਨ੍ਹਾਂ ਤਿੰਨ ਦਰਿਆਵਾਂ ਦੇ ਪਾਣੀਆਂ ਵਿੱਚੋਂ ਕਰੀਬ 90 ਲੱਖ ਏਕੜ ਫੁੱਟ ਪਾਣੀ ਤੱਟਵਾਸੀ ਪੰਜਾਬ ਵਿੱਚ ਵਰਤਿਆ ਜਾਂਦਾ ਸੀ ਅਤੇ ਸਿਰਫ 12 ਲੱਖ ਏਕੜ ਫੁੱਟ ਪਾਣੀ ਹੀ ਗੈਰ-ਤੱਟਵਾਸੀ ਬੀਕਾਨੇਰ ਨੂੰ ਦਿੱਤਾ ਜਾਂਦਾ ਸੀ । ਜਿਸ ਬਦਲੇ ਪੰਜਾਬ ਨੂੰ ਮਿੱਥੀ ਹੋਈ ਸਲਾਨਾ ਫੀਸ ਮਿਲਦੀ ਸੀ । ਆਜ਼ਾਦੀ ਤੋਂ ਬਾਅਦ ਜਦ ਕੇਂਦਰੀ ਸਰਕਾਰ ਨੂੰ ਬਾਕੀ ਦਾ 2 ਕਰੋੜ 20 ਲੱਖ ਏਕੜ ਫੁੱਟ ਪਾਣੀ ਵੰਡਣ ਦਾ ਮੌਕਾ ਮਿਲਿਆ ਤਾਂ ਕਰੀਬ 1 ਕਰੋੜ 80 ਲੱਖ ਏਕੜ ਫੁੱਟ ਪਾਣੀ ਹਰਿਆਣਾ, ਰਾਜਸਥਾਨ ਅਤੇ ਦਿੱਲੀ ਦੇ ਗੈਰ-ਤੱਟਵਾਸੀ ਸੂਬਿਆਂ ਨੂੰ ਦੇ ਦਿੱਤਾ ਅਤੇ ਤੱਟਵਾਸੀ ਪੰਜਾਬ ਨੂੰ ਆਪਣੇ ਹੀ ਇਸ ਬਾਕੀ ਪਾਣੀ ਵਿੱਚੋਂ ਸਿਰਫ 20 ਫੀਸਦੀ ਹੀ ਦਿੱਤਾ ਗਿਆ ।

ਇਹੀ ਅਨੁਪਾਤ ਪਣ-ਬਿਜਲੀ ਦੀ ਵੰਡ 'ਤੇ ਵੀ ਲਾਗੂ ਕੀਤਾ ਗਿਆ । 1947 ਤੋਂ ਲੈ ਕੇ ਹੋਏ ਕੇਂਦਰੀ ਫੈਸਲੇ ਏਨੇ ਬੇਇਨਸਾਫੀ ਅਤੇ ਗੈਰ-ਸੰਵਿਧਾਨਕ ਹਨ ਕਿ ਪੰਜਾਬ ਅਤੇ ਪੰਜਾਬੀਆਂ ਦਾ ਕੇਂਦਰੀ ਸਰਕਾਰ ਦੇ ਨਿਆਂ ਅਤੇ ਨਿਰਪੱਖਤਾ ਤੋਂ ਭਰੋਸਾ ਪੂਰੀ ਤਰ੍ਹਾਂ ਉੱਠ ਗਿਆ ਹੈ । ਉਹਨੂੰ ਐਜੀਟੇਸ਼ਨ ਦਾ ਰਾਹ ਅਖਤਿਆਰ ਕਰਨ 'ਤੇ ਮਜ਼ਬੂਰ ਹਨ, ਜਿਸ ਦਾ ਇਹਦੇ ਖੇਤੀ ਅਤੇ ਸਨਅਤੀ ਵਿਕਾਸ ਉੱਤੇ ਭੈੜਾ ਅਸਰ ਹੋ ਰਿਹਾ ਹੈ । ਕੇਂਦਰੀ ਸਰਕਾਰ ਦੇ ਫੈਸਲਿਆਂ ਤਹਿਤ ਦੂਜੇ ਸੂਬਿਆਂ ਨੂੰ ਦਿੱਤੇ ਜਾਂਦੇ ਪਾਣੀ ਦਾ ਜੇਕਰ ਆਮ ਦਰਾਂ 'ਤੇ ਮੁੱਲ ਪਾਇਆ ਜਾਵੇ ਤਾਂ ਇਹ 3600 ਖਰਬ ਰੁਪਏ ਬਣਦਾ ਹੈ । ਇੱਕਲੀ ਖੇਤੀ ਪੈਦਾਵਾਰ ਵਿੱਚ ਹੀ 250 ਖਰਬ ਰੁਪਏ ਸਾਲਾਨਾ ਦਾ ਨੁਕਸਾਨ ਹੁੰਦਾ ਹੈ, ਜਿਸ ਦੇ ਬਰਾਬਰ ਦਾ ਲਾਭ ਦੂਜੇ ਸੂਬਿਆਂ ਨੂੰ ਹੁੰਦਾ ਹੈ । ਏਸੇ ਤਰ੍ਹਾਂ ਬਿਜਲੀ ਦੀ ਵੰਡ ਨਾਲ ਸਨਅਤੀ ਵਿਕਾਸ ਦਾ ਖੇਤੀ ਨਾਲੋਂ ਵੀ ਚਾਰ ਗੁਣਾਂ ਵਧੇਰੇ ਨੁਕਸਾਨ ਹੁੰਦਾ ਹੈ । ਇਸ ਲਈ ਸੂਬੇ ਵਿੱਚ ਕੋਈ ਵੀ ਦਿਆਨਤਦਾਰ ਬੰਦਾ ਇਸ ਘਾਟੇ ਨੂੰ ਦੇਖ ਕੇ ਸਬਰ ਦਾ ਘੁੱਟ ਨਹੀਂ ਭਰ ਸਕਦਾ । ਇਹ ਘਾਟਾ ਹਮੇਸ਼ਾ ਪੈਂਦਾ ਰਹੇਗਾ । ਇਹ ਆਉਣ ਵਾਲੀਆਂ ਪੀੜ੍ਹੀਆਂ ਅਤੇ ਉਨ੍ਹਾਂ ਦੇ ਰੁਜ਼ਗਾਰ ਅਤੇ ਆਰਥਿਕ ਸੰਭਾਵਨਾਵਾਂ ਉੱਤੇ ਵੀ ਮਾਰੂ ਅਸਰ ਕਰੇਗਾ ।

Digitized by Panjab Digital Library | www.panjabdigilib.org

## ਕਾਂਡ ਤਿੰਨ
# ਭਾਸ਼ਾਈ ਸੂਬੇ ਅਤੇ ਇਲਾਕਾਈ ਝਗੜੇ

ਆਜ਼ਾਦੀ ਦੇ ਸੰਘਰਸ਼ ਦੌਰਾਨ, ਪੰਜਾਬੀਆਂ ਨੇ ਆਪਣੀ ਵਸੋਂ ਦੇ ਅਨੁਪਾਤ ਨਾਲੋਂ ਕਿਤੇ ਜ਼ਿਆਦਾ ਕੁਰਬਾਨੀਆਂ ਦਿੱਤੀਆਂ ਸਨ । 1947 ਵਿੱਚ ਵੀ ਹਾਲਾਂ ਕਿ ਪੰਜਾਬ ਨੂੰ ਜ਼ਬਰਦਸਤੀ ਫਿਰਕੂ ਅਧਾਰ 'ਤੇ ਵੰਡ ਕੇ ਇੱਕ ਵੱਡੀ ਆਫਤ ਢਾਹੀ ਗਈ ਸੀ, ਫਿਰ ਵੀ ਹਿੰਦੁਸਤਾਨ ਵਿੱਚ ਬਚੇ ਪੰਜਾਬੀਆਂ ਨੇ ਆਪਣੀ ਤਕਦੀਰ ਬਾਕੀ ਦੇ ਹਿੰਦੁਸਤਾਨੀ ਲੋਕਾਂ ਨਾਲ ਜੋੜ ਦਿੱਤੀ, ਕਿਉਂਕਿ ਉਨ੍ਹਾਂ ਨੂੰ ਉਮੀਦ ਸੀ ਕਿ ਉਨ੍ਹਾਂ ਨਾਲ ਕੀਤੇ ਗਏ ਵਾਅਦੇ ਪੂਰੇ ਕੀਤੇ ਜਾਣਗੇ ਅਤੇ ਉਹ ਆਪਣੀ ਹਸਤੀ ਨੂੰ ਕਾਇਮ ਰੱਖ ਸਕਣਗੇ ਅਤੇ ਭਵਿੱਖ ਵਿੱਚ ਆਪਣੇ ਵਿਕਾਸ ਦੀ ਰੂਪ-ਰੇਖਾ ਬਣਾ ਸਕਣਗੇ ।

1946 ਵਿੱਚ, ਜਵਾਹਰ ਲਾਲ ਨਹਿਰੂ ਨੇ ਸੰਵਿਧਾਨ-ਸਭਾ ਦੇ ਆਰੰਭਕ ਅਜਲਾਸ ਵਿੱਚ ਕਾਰਜਕਾਰੀ ਮਤਾ ਪੇਸ਼ ਕਰਦਿਆਂ ਇੱਕ ਵਚਨ ਦਿੱਤਾ ਸੀ । ਮਤੇ ਅਨੁਸਾਰ ਹਿੰਦੁਸਤਾਨੀ ਸੰਘ ਇੱਕ ਆਜ਼ਾਦ, ਖੁਦਮੁਖਤਾਰ ਰੀਪਬਲਿਕ ਹੋਵੇਗਾ ਜੋ ਬਕਾਇਆ ਸ਼ਕਤੀਆਂ ਵਾਲੀਆਂ ਖੁਦਮੁਖਤਾਰ ਇਕਾਈਆਂ ਤੋਂ ਬਣਿਆ ਹੋਵੇਗਾ, ਜਿੱਥੇ ਲੋਕਾਂ ਦੇ ਸਭ ਤਬਕਿਆਂ ਨੂੰ ਸਮਾਜਿਕ, ਸਿਆਸੀ ਅਤੇ ਆਰਥਿਕ ਜਮਹੂਰੀਅਤ ਦੀ ਗਰੰਟੀ ਹੋਵੇਗੀ ਅਤੇ ਘੱਟ-ਗਿਣਤੀਆਂ, ਪੱਛੜੇ ਹੋਏ ਫਿਰਕਿਆਂ ਅਤੇ ਇਲਾਕਿਆਂ ਦੇ ਬਚਾਅ ਲਈ ਲੋੜੀਂਦੇ ਇੰਤਜ਼ਾਮ ਕੀਤੇ ਜਾਣਗੇ । ਨਹਿਰੂ ਨੇ ਕਿਹਾ ਕਿ ਇਹ ਮਤਾ ਇੱਕ ਐਲਾਨ-ਨਾਮਾ, ਦੁਨੀਆਂ ਦੇ ਸਾਹਮਣੇ ਇੱਕ ਵਚਨ ਅਤੇ ਇੱਕ ਪ੍ਰਣ ਹੈ । ਕਰੋੜਾਂ ਹੀ ਹਿੰਦੁਸਤਾਨੀਆਂ ਦਾ ਇੱਕ ਇਕਰਾਰਨਾਮਾ ਅਤੇ ਇਸ ਲਈ ਇੱਕ ਕਸਮ ਦੇ ਬਰਾਬਰ ਹੈ ।

ਪੰਜਾਬੀਆਂ ਦੇ ਭੁਲੇਖੇ, ਬਟਵਾਰੇ ਨਾਲ ਹੀ 15 ਅਗਸਤ, 1947 ਤੋਂ ਤੁਰੰਤ ਬਾਅਦ, ਦੂਰ ਹੋਣੇ ਸ਼ੁਰੂ ਹੋ ਗਏ । ਪਹਿਲਾਂ ਕੀਤੇ ਗਏ ਵਾਅਦਿਆਂ ਦੇ ਬਾਵਜੂਦ ਅਤੇ ਕਾਂਗਰਸ ਦੇ ਇਨ੍ਹਾਂ ਪਹਿਲੇ ਉਦੇਸ਼ਾਂ, ਕਿ ਹਿੰਦੁਸਤਾਨੀ ਸੰਵਿਧਾਨ ਇੱਕ ਫੈਡਰਲ ਕਿਸਮ ਦਾ ਹੋਵੇਗਾ ਜਿਸ ਵਿੱਚ ਬਕਾਇਆ ਤਾਕਤਾਂ ਰਾਜਾਂ ਦੇ ਹੱਥਾਂ ਵਿੱਚ ਹੋਣਗੀਆਂ, ਦੇ ਬਾਵਜੂਦ, ਇੱਕ ਅਜਿਹਾ ਸੰਵਿਧਾਨ ਘੜਿਆ ਗਿਆ ਜਿਸ ਵਿੱਚ ਏਕਾਤਮਕ ਢਾਂਚਾ ਭਾਰੂ ਸੀ । ਪੰਜਾਬ ਵਿਧਾਨ-ਸਭਾ ਵਿੱਚ ਸਿੱਖ ਨੁਮਾਇੰਦਿਆਂ ਨੇ ਕਾਂਗਰਸ ਨੂੰ ਉਹਦੇ ਵਾਅਦਿਆਂ ਦਾ ਚੇਤਾ ਕਰਾਇਆ ਅਤੇ ਰਸਮੀ ਤੌਰ 'ਤੇ ਇਸ ਹੱਦ ਤੱਕ ਰੋਸ ਜ਼ਾਹਿਰ ਕੀਤਾ ਕਿ ਸੰਵਿਧਾਨ-ਸਭਾ ਦੇ ਸਿੱਖ ਮੈਂਬਰਾਂ ਨੇ ਸੰਵਿਧਾਨ ਉੱਤੇ ਦਸਤਖ਼ਤ ਕਰਨ ਤੋਂ ਇਨਕਾਰ ਕਰ ਦਿੱਤਾ ।

ਕਾਂਗਰਸ ਪਾਰਟੀ ਦੀ ਕੇਂਦਰੀ ਸਰਕਾਰ ਨੇ, ਦੇਸ਼ ਦੇ ਬਾਕੀ ਹਿੱਸਿਆਂ ਵਿੱਚ 1956 ਵਿੱਚ ਭਾਸ਼ਾਈ ਸੂਬੇ ਬਣਾ ਦਿੱਤੇ । ਪਰ ਪੰਜਾਬ ਨੂੰ ਇਸ ਤੋਂ ਹੋਰ ਦਸ ਸਾਲਾਂ ਤੱਕ ਵਾਂਝਾ ਰੱਖਿਆ ਗਿਆ । ਇਹ ਆਖਰਕਾਰ ਪੰਜਾਬੀਆਂ ਦੇ ਇੱਕ ਲੰਬੇ ਸੰਘਰਸ਼ ਤੋਂ ਬਾਅਦ ਬਣਾਇਆ ਗਿਆ, ਜਿਸ ਸੰਘਰਸ਼ ਵਿੱਚ ਪੰਜਾਬੀਆਂ ਨੂੰ ਬੇਹਿਸਾਬ ਦੁੱਖ ਝਲਣੇ ਪਏ ਸਨ ਅਤੇ ਇੱਕ

Digitized by Panjab Digital Library | www.panjabdigilib.org

ਲੱਖ ਤੋਂ ਵਧੇਰੇ ਲੋਕਾਂ ਨੂੰ ਜੇਲ੍ਹ ਜਾਣਾ ਪਿਆ ਸੀ । ਇਸ ਦੇ ਰਾਹ ਵਿੱਚ ਹਰ ਤਰ੍ਹਾਂ ਦੀਆਂ ਅੜਚਣਾਂ ਖੜ੍ਹੀਆਂ ਕੀਤੀਆਂ ਗਈਆਂ ਅਤੇ ਨਵੇਂ ਸੂਬੇ ਨੂੰ ਵੱਧ ਤੋਂ ਵੱਧ ਛਾਂਗਣ ਅਤੇ ਅਸਰਹੀਣ ਬਣਾਉਣ ਦੇ ਯਤਨ ਕੀਤੇ ਗਏ । ਸਰਦਾਰ ਹੁਕਮ ਸਿੰਘ, ਲੋਕ ਸਭਾ ਦੇ ਸਾਬਕਾ ਸਪੀਕਰ ਨੇ ਦੱਸਿਆ ਕਿ ਕਿਵੇਂ ਇੰਦਰਾ ਗਾਂਧੀ ਨੇ 1965-66 ਦੌਰਾਨ ਇੱਕ ਪੰਜਾਬੀ-ਬੋਲੀ ਵਾਲਾ ਸੂਬਾ ਬਣਾਉਣ ਬਾਰੇ ਸ਼ੰਕੇ ਜ਼ਾਹਿਰ ਕੀਤੇ ਸਨ ।

ਉਹ ਲਿਖਦਾ ਹੈ, "ਇਹ ਇਤਲਾਹ ਮਿਲੀ ਹੈ ਕਿ ਪ੍ਰਧਾਨ ਮੰਤਰੀ (ਇੰਦਰਾ ਗਾਂਧੀ) ਨੇ 26 ਨਵੰਬਰ, 1982 ਨੂੰ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਕੁੱਝ ਕਿਤਾਬਾਂ ਰਲੀਜ਼ ਕਰਦਿਆਂ ਇਹ ਕਿਹਾ ਹੈ, ਕਿ 'ਜਦ ਪੰਜਾਬੀ-ਬੋਲਦਾ ਸੂਬਾ ਬਣਾਇਆ ਗਿਆ ਸੀ, ਉਸ ਵਕਤ ਸ: ਹੁਕਮ ਸਿੰਘ ਦੀ ਅਗਵਾਈ ਹੇਠ ਕਾਇਮ ਕੀਤੀ ਗਈ ਕਮੇਟੀ ਦੇ ਸੁਝਾਅ ਨੂੰ ਸਵੀਕਾਰ ਕੀਤਾ ਗਿਆ ਸੀ ।' ਪਰ ਏਦਾਂ ਨਹੀਂ ਹੋਇਆ ਸੀ । ਇੰਦਰਾ ਗਾਂਧੀ ਦੀ ਕਿਤਾਬ 'ਮਾਈ ਟਰੂਥ' ਵਿੱਚ ਸਫਾ (117) ਤੇ ਉਹਦੇ ਬਿਆਨ ਇਸ ਤਰ੍ਹਾਂ ਹਨ : 'ਬਦਕਿਸਮਤੀ ਦੀ ਗੱਲ ਇਹ ਹੈ ਕਿ ਸ੍ਰੀ ਸ਼ਾਸਤਰੀ* ਨੇ, ਲੋਕ-ਸਭਾ ਦੇ ਸਪੀਕਰ ਸ: ਹੁਕਮ ਸਿੰਘ ਨੂੰ ਪੰਜਾਬੀ ਸੂਬੇ ਬਾਰੇ ਸੰਸਦੀ ਕਮੇਟੀ ਦਾ ਚੇਅਰਮੈਨ ਬਣਾ ਦਿੱਤਾ ਸੀ, ਹਾਲਾਂ ਕਿ ਉਹ ਪੰਜਾਬੀ ਸੂਬੇ ਦਾ ਤਕੜਾ ਹਮਾਇਤੀ ਸੀ ।...ਮੈਂ ਸ੍ਰੀ ਚਵਾਨ** ਕੋਲ ਗਈ ਅਤੇ ਉਹਨੂੰ ਕਿਹਾ ਕਿ ਮੈਂ ਸੁਣਿਆ ਹੈ ਸ: ਹੁਕਮ ਸਿੰਘ ਪੰਜਾਬੀ ਸੂਬੇ ਦੇ ਪੱਖ ਵਿੱਚ ਰਿਪੋਰਟ ਦੇਣ ਜਾ ਰਿਹਾ ਹੈ ਅਤੇ ਉਸ ਨੂੰ ਰੋਕਿਆ ਜਾਣਾ ਚਾਹਦਾ ਹੈ ।...ਕਿਉਂਕਿ ਪ੍ਰਧਾਨ ਮੰਤਰੀ ਵੱਲੋਂ ਨਾਮਜ਼ਦ ਬੰਦੇ ਨੇ, ਜਦ ਇੱਕ ਵਾਰ ਪੰਜਾਬੀ ਸੂਬੇ ਦੇ ਹੱਕ ਵਿੱਚ ਐਲਾਨ ਕਰ ਦਿੱਤਾ, ਤਾਂ ਅਸੀਂ ਇਸ ਵਿੱਚੋਂ ਕਿਸ ਤਰ੍ਹਾਂ ਨਿਕਲ ਸਕਾਂਗੇ ?

"ਸ੍ਰੀਮਤੀ ਗਾਂਧੀ ਤੇ ਸ੍ਰੀ ਚਵਾਨ ਬੜੀ ਮੁਸ਼ਕਲ ਨਾਲ ਸ੍ਰੀ ਸ਼ਾਸਤਰੀ ਨੂੰ ਮਿਲ ਸਕੇ ਅਤੇ ਜਦ ਉਹ ਮਿਲੇ ਤਾਂ ਸ੍ਰੀ ਸ਼ਾਸਤਰੀ ਨੇ ਸਿਰਫ ਏਨਾ ਹੀ ਕਿਹਾ ਕਿ ਉਹਨੂੰ ਹਾਲਤ ਬਾਰੇ ਪੂਰੀ ਜਾਣਕਾਰੀ ਹੈ ਅਤੇ ਚਿੰਤਾ ਕਰਨ ਦੀ ਕੋਈ ਲੋੜ ਨਹੀਂ...(ਸਫਾ 118) 'ਮੈਂ ਬੜੀ ਪ੍ਰੇਸ਼ਾਨ ਸਾਂ ਅਤੇ ਮੈਂ ਨੱਠ-ਭੱਜ ਕੀਤੀ ਅਤੇ ਹਰ ਕਿਸੇ ਨੂੰ ਮਿਲੀ । ਨਿਰਸੰਦੇਹ, ਜਦ ਇੱਕ ਵਾਰ ਰਿਪੋਰਟ ਆ ਹੀ ਗਈ ਤਾਂ ਇਸ ਵਿੱਚ ਤਬਦੀਲੀਆਂ ਕਰਨ ਦਾ ਸਮਾਂ ਗੁਜ਼ਰ ਚੁੱਕਾ ਸੀ ।

"ਲਾਲ ਬਹਾਦੁਰ ਸ਼ਾਸਤਰੀ ਨੇ ਨਹਿਰੂ ਵਾਲੀ ਹੀ ਨੀਤੀ ਜਾਰੀ ਰੱਖੀ, ਅਤੇ ਉਹ ਵੀ ਨਹਿਰੂ ਵਾਂਗੂੰ ਹੀ ਪੰਜਾਬੀ ਸੂਬੇ ਦੀ ਮੰਗ ਦੇ ਬਰਖਿਲਾਫ ਸੀ । ਇਸ ਲਈ, ਜਦ ਸ੍ਰੀਮਤੀ ਗਾਂਧੀ ਨੇ ਉਸ ਨੂੰ ਹੁਕਮ ਸਿੰਘ ਨੂੰ ਰੋਕਣ ਦਾ ਵਾਸਤਾ ਪਾਇਆ ਤਾਂ ਉਹਨੇ ਦੇਰ ਨਾ ਕੀਤੀ । ਸ੍ਰੀ ਸ਼ਾਸਤਰੀ ਨੇ, ਉਸ ਵਕਤ ਦੇ ਹੋਮ ਮਨਿਸਟਰ, ਸ੍ਰੀ ਗੁਲਜਾਰੀ ਲਾਲ ਨੰਦਾ ਨੂੰ ਆਪਣੇ ਘਰ ਬੁਲਾਇਆ ਅਤੇ ਆਉਣ ਵਾਲੀ ਰਿਪਰੋਟ ਬਾਰੇ ਡਰ ਅਤੇ ਚਿੰਤਾ ਤੋਂ ਜਾਣੂ ਕਰਾਇਆ । ਮੇਰੇ ਨਾਲ ਟੈਲੀਫੋਨ 'ਤੇ ਸੰਪਰਕ ਕੀਤਾ ਗਿਆ । ਸ੍ਰੀ ਸ਼ਾਸਤਰੀ ਨੇ ਦੱਸਿਆ ਕਿ ਗੁਲਜਾਰੀ ਲਾਲ ਨੰਦਾ ਉਹਦੇ ਕੋਲ ਬੈਠਾ ਹੈ, ਅਤੇ ਉਹਨੇ ਸ਼ਿਕਾਇਤ ਕੀਤੀ ਹੈ ਕਿ ਉਹਨੇ ਮੇਰਾ ਨਾਂ (ਹੁਕਮ ਸਿੰਘ ਦਾ ਨਾਂ) ਸੰਸਦੀ ਕਮੇਟੀ ਦੀ ਚੇਅਰਮੈਨਸ਼ਿਪ ਲਈ ਇਸ ਭੁਲੇਖੇ ਕਾਰਨ ਤਜਵੀਜ਼ ਕੀਤਾ ਸੀ, ਜੋ (ਭੁਲੇਖਾ) ਉਹਨੂੰ ਮੇਰੇ ਨਾਲ ਸਰਸਰੀ ਗੱਲਬਾਤ ਦੌਰਾਨ

---

* ਲਾਲ ਬਹਾਦਰ ਸ਼ਗਾਰਤੀ—1964-66 ਤੱਕ ਹਿੰਦੁਸਤਾਨ ਦਾ ਪ੍ਰਧਾਨ ਮੰਤਰੀ

** ਵਾਈ.ਬੀ. ਚਵਾਨ—ਕਾਂਗਰਸ ਪਾਰਟੀ ਦਾ ਇੱਕ ਆਗੂ

Digitized by Panjab Digital Library | www.panjabdigilib.org

ਪੈ ਗਿਆ ਸੀ ਕਿ ਮੈਂ (ਹੁਕਮ ਸਿੰਘ) ਇਹ ਸੋਚਦਾ ਹਾਂ ਕਿ ਆਖਰਕਾਰ ਪੰਜਾਬੀ ਸੂਬੇ ਦਾ ਸਿੱਖਾਂ ਨੂੰ ਕੋਈ ਫਾਇਦਾ ਨਹੀਂ ਹੋਵੇਗਾ, ਪਰ ਹੁਣ ਏਦਾਂ ਲੱਗਦਾ ਹੈ ਕਿ ਮੈਂ ਇਹਦੇ ਹੱਕ ਵਿੱਚ ਰਿਪਰੋਟ ਦੇਣ ਲਈ ਬਜ਼ਿੱਦ ਹਾਂ ।

"ਮੈਂ ਜਵਾਬ ਦਿੱਤਾ ਕਿ ਇਹ ਸਿਰਫ਼ ਅੱਧ-ਪਚੱਧੀ ਸਚਾਈ ਸੀ । ਮੈਂ ਸ੍ਰੀ ਨੰਦਾ ਨੂੰ ਇਹ ਕਿਹਾ ਸੀ ਕਿ ਆਖਰਕਾਰ ਪੰਜਾਬੀ ਸੂਬੇ ਦਾ ਸਿੱਖਾਂ ਨੂੰ ਕੋਈ ਖਾਸ ਫਾਇਦਾ ਨਹੀਂ ਹੋਵੇਗਾ । ਪਰ ਨਾਲ ਹੀ ਮੈਂ ਇਹ ਵੀ ਕਿਹਾ ਸੀ ਉਸ ਵਕਤ ਤੱਕ ਮਸਲਾ ਇੱਕ ਜਜ਼ਬਾਤ ਦਾ ਮਸਲਾ ਬਣ ਚੁੱਕਾ ਸੀ ਅਤੇ ਭਾਵਨਾਵਾਂ ਨੂੰ ਭੜਕਾ ਚੁੱਕਾ ਸੀ । ਇਸ ਲਈ ਪੰਜਾਬੀ ਸੂਬੇ ਦੇ ਨਫ਼ੇ ਨੁਕਸਾਨ ਬਾਰੇ ਕਿਸੇ ਸਿੱਖ ਨਾਲ ਬਹਿਸ ਕਰਨਾ ਵੀ ਸੰਭਵ ਨਹੀਂ, ਉਹਨੂੰ ਮਨਾਉਣਾ ਤਾਂ ਦੂਰ ਦੀ ਗੱਲ ਹੈ । ਹਰ ਸਿੱਖ ਇਸ ਇਨਕਾਰ ਨੂੰ ਵਿਤਕਰਾ ਸਮਝ ਰਿਹਾ ਹੈ । ਮੈਂ ਸ਼ਾਸਤਰੀ ਤੋਂ ਵੀ ਪੁੱਛਿਆ ਕਿ ਕੀ ਮੈਂ ਇਹੀ ਰਾਇ ਉਹਦੇ ਕੋਲ ਜ਼ਾਹਿਰ ਨਹੀਂ ਸੀ ਕੀਤੀ, ਅਤੇ ਉਸ ਦਾ ਜਵਾਬ ਹਾਂ ਵਿੱਚ ਸੀ । ਮੈ ਪੇਸ਼ਕਸ਼ ਕੀਤੀ ਮੈਂ ਖੁਦ ਤੁਰੰਤ ਸ੍ਰੀ ਸ਼ਾਸਤਰੀ ਦੇ ਘਰ ਆ ਕੇ ਸ੍ਰੀ ਨੰਦਾ ਨਾਲ ਆਮ੍ਹੋ-ਸਾਹਮਣੇ ਗੱਲ ਕਰ ਲੈਂਦਾ ਹਾਂ, ਪਰ ਉਹਨੇ ਕਿਹਾ ਕਿ ਇਹਦੀ ਕੋਈ ਲੋੜ ਨਹੀਂ । ਇਸ ਨਾਲ ਮੇਰੇ ਭੁਲੇਖੇ ਦੂਰ ਹੋ ਗਏ । ਉਸ ਵਕਤ ਸਰਕਾਰ ਦੀ ਨੀਅਤ ਮੈਨੂੰ ਮੇਰੇ ਹੀ ਭਾਈਚਾਰੇ ਦੇ ਵਿਰੁੱਧ ਵਰਤਣ, ਮੇਰੇ ਤੋਂ ਪੰਜਾਬੀ ਸੂਬੇ ਦੇ ਬਰਖਿਲਾਫ਼ ਰਿਪੋਰਟ ਤਿਆਰ ਕਰਵਾਉਣ ਅਤੇ ਫਿਰ ਇਸ ਮੰਗ ਨੂੰ ਰੱਦ ਕਰਨ ਦੀ ਸੀ ।

"ਸਰਕਾਰ ਨੂੰ ਕਦੇ ਵੀ ਸਿੱਖ ਦੀ ਕੋਈ ਮੰਗ ਜਾਇਜ਼ ਨਹੀਂ ਲੱਗੀ । ਦਾਰ ਕਮੇਟੀ ਨੇ 1948 ਵਿੱਚ ਸਿਫਾਰਸ਼ ਕੀਤੀ ਸੀ ਕਿ ਮੁੜ ਜਥੇਬੰਦੀ ਨੂੰ ਪਿੱਛੇ ਪਾ ਦਿੱਤਾ ਜਾਵੇ, ਕਿਉਂਕਿ ਹੋਰਨਾਂ ਗੱਲਾਂ ਦੇ ਨਾਲ ਨਾਲ ਜੇਕਰ ਮੁੜ-ਜਥੇਬੰਦੀ ਇੱਕ ਵਾਰ ਦੱਖਣ ਵਿੱਚ ਸ਼ੁਰੂ ਕਰ ਦਿੱਤੀ ਗਈ ਤਾਂ ਇਸ ਨਾਲ ਉਤਰ ਵਿੱਚ ਸਿੱਖਾਂ ਦੀ ਮੰਗ ਜ਼ੋਰ ਫੜ ਸਕਦੀ ਹੈ । ਜੇ.ਵੀ.ਪੀ. ਕਮੇਟੀ (ਜਵਾਹਰ ਲਾਲ, ਵਲਬਭਾਈ, ਪੱਟਾਭਾਈ ਸੀਤਾ ਰਮੱਈਆ) ਨੇ ਦਾਰ ਕਮੇਟੀ ਦਾ ਪੁਨਰ-ਨਿਰੀਖਣ ਕਰਦਿਆਂ, ਇਹ ਬੇਲੋੜੀ ਟਿੱਪਣੀ ਕੀਤੀ ਕਿ ਐਸ ਵਕਤ ਉਤਰੀ ਹਿੰਦੁਸਤਾਨ ਦੇ ਸੂਬਿਆਂ ਦੀਆਂ ਹੱਦਾਂ ਸੋਧਣ ਦਾ ਕੋਈ ਸਵਾਲ ਉਠਾਇਆ ਨਹੀਂ ਜਾਣਾ ਚਾਹੀਦਾ, ਚਾਹੇ ਏਦਾਂ ਦੀ ਤਜਵੀਜ਼ ਕਿੰਨੀ ਵੀ ਵਧੀਆ ਕਿਉਂ ਨਾ ਹੋਵੇ ।

"ਇਹੀ ਭਵਿੱਖ ਦੀ ਨੀਤੀ ਬਣ ਗਈ । ਨਹਿਰੂ ਇਸ 'ਤੇ ਬਜ਼ਿੱਦ ਰਿਹਾ । ਸ਼ਾਸਤਰੀ ਏਸੇ 'ਤੇ ਚਲਦਾ ਰਿਹਾ, ਅਤੇ ਇੰਦਰਾ ਗਾਂਧੀ ਨੇ ਵੀ ਇਹਨੂੰ ਨਹੀਂ ਛੱਡਿਆ ।

"ਸ੍ਰੀਮਤੀ ਗਾਂਧੀ, ਸ੍ਰੀ ਸ਼ਾਸਤਰੀ ਅਤੇ ਸ੍ਰੀ ਨੰਦਾ ਨੇ ਮੈਨੂੰ ਆਪਣੀ ਰਿਪੋਰਟ ਪੇਸ਼ ਕਰਨ ਤੋਂ ਰੋਕਣ ਲਈ ਪੂਰੀ ਵਾਹ ਲਾਈ ਸੀ ।"

ਸ.ਹੁਕਮ ਸਿੰਘ ਨੇ ਹੋਰ ਕਿਹਾ : "ਪਾਰਲੀਮੈਂਟਰੀ ਕਮੇਟੀ ਵੱਲੋਂ ਪੰਜਾਬੀ ਸੂਬੇ ਦੇ ਪੱਖ ਵਿੱਚ ਰਿਪੋਰਟ ਪੇਸ਼ ਕੀਤੇ ਜਾਣ ਦੀ ਸਰਕਾਰ ਏਨੀ ਜਬਰਦਸਤ ਵਿਰੋਧਤਾ ਕਿਉਂ ਕਰ ਰਹੀ ਸੀ ਤੇ ਸ੍ਰੀਮਤੀ ਗਾਂਧੀ ਏਨੀ ਪ੍ਰੇਸ਼ਾਨ ਕਿਉਂ ਸੀ, ਅਤੇ ਹੁਕਮ ਸਿੰਘ ਨੂੰ ਰੋਕਣ ਲਈ ਹਰ ਕਿਸੇ ਵੱਲ ਨਠ-ਭੱਜ ਕਿਉਂ ਕਰ ਰਹੀ ਸੀ-ਇਹਦਾ ਜਵਾਬ ਖੁਦ ਇੰਦਰਾ ਗਾਂਧੀ ਹੀ ਇੰਜ ਦਿੰਦੀ ਹੈ : 'ਕਾਂਗਰਸ ਦੁਚਿੱਤੀ ਵਿੱਚ ਫਸ ਗਈ ਸੀ; ਅਕਾਲੀਆਂ ਦੀ ਮੰਗ ਨੂੰ ਸਵੀਕਾਰ ਕਰਨ ਦਾ ਮਤਲਬ ਆਪਣੀ ਦ੍ਰਿੜ੍ਹ ਨੀਤੀ ਨੂੰ ਤਿਆਗ ਦੇਣਾ ਅਤੇ ਪੰਜਾਬੀ ਸੂਬੇ ਵਿੱਚ ਆਪਣੇ ਹਿੰਦੂ ਹਮਾਇਤੀਆਂ ਨੂੰ ਨਿਰਾਸ਼ ਕਰਨਾ ਸੀ ।' (ਮਾਈ ਟਰੂਥ, ਸਫ਼ਾ 117) ਸਰਕਾਰ ਨੇ 'ਆਪਣੇ ਹਿੰਦੂ ਹਮਾਇਤੀਆਂ ਨੂੰ ਨਿਰਾਸ਼' ਨਾ ਕਰਨ, ਦਾ ਹਮੇਸ਼ਾਂ ਹੀ ਬੜਾ ਧਿਆਨ ਰੱਖਿਆ ਹੈ ।

Digitized by Panjab Digital Library | www.panjabdigilib.org

ਕਾਂਗਰਸ ਸਿੱਖ ਵੋਟਰਾਂ ਉੱਤੇ ਟੇਕ ਨਹੀਂ ਰੱਖ ਸਕਦੀ ਸੀ ਅਤੇ ਸਿਆਸੀ ਸੁਆਰਥਾਂ ਕਾਰਨ, ਹਿੰਦੂ ਵੋਟਾਂ ਵੀ ਗੁਆਉਣਾ ਨਹੀਂ ਸੀ ਚਾਹੁੰਦੀ । ਇਸ ਲਈ ਕਾਂਗਰਸ ਸਿੱਖਾਂ ਨਾਲ ਨਿਆਂ ਕਰਨ ਵਿੱਚ ਅਸਫਲ ਰਹੀ ।...

"ਬਾਅਦ ਵਿੱਚ (ਇਕ ਪੰਜਾਬੀ ਬੋਲੀ ਵਾਲਾ ਸੂਬਾ ਬਣਾਉਣ ਵਾਸਤੇ) ਸ਼ਾਹ ਕਮਿਸ਼ਨ ਨੂੰ ਦਿੱਤਾ ਗਿਆ ਨਿਰਦੇਸ਼, ਬੁਰੀ ਤਰ੍ਹਾਂ ਪੰਜਾਬ ਦੇ ਵਿਰੁੱਧ ਸੀ । 1961 ਦੀ ਮਰਦਮ ਸ਼ੁਮਾਰੀ ਨੂੰ ਆਧਾਰ ਮੰਨਣਾ ਅਤੇ ਤਹਿਸੀਲ ਨੂੰ ਇਕਾਈ ਮੰਨਣਾ ਸਿੱਖਾਂ ਨੂੰ ਸਬਕ ਸਿਖਾਉਣਾ ਲਈ ਇਕ ਗਿਣੀ-ਮਿਥੀ ਸਾਜਸ਼ ਸੀ । 1961 ਦੀ ਮਰਦਮ-ਸ਼ੁਮਾਰੀ ਵਿੱਚ ਭਾਸ਼ਾ ਬਾਰੇ ਅੰਕੜੇ ਫਿਰਕੂ ਆਧਾਰ 'ਤੇ ਦਰਜ ਕੀਤੇ ਗਏ ਸਨ । ਇਸ ਲਈ, ਹੱਦਾਂ ਵੀ ਇਕ ਭਾਸ਼ਾਈ ਆਧਾਰ ਦੀ ਬਜਾਇ, ਇਕ ਫਿਰਕੂ ਆਧਾਰ 'ਤੇ ਮਿਥੀਆਂ ਜਾਣੀਆਂ ਸਨ ।

"ਫਲਸਰੂਪ, ਸਚਾਈ ਨੂੰ ਇਕ ਵਾਰ ਫਿਰ ਛਿੱਕੇ 'ਤੇ ਟੰਗ ਦਿੱਤਾ ਗਿਆ ਅਤੇ ਨਿਆਂ ਕਰਨ ਤੋਂ ਇਨਕਾਰ ਕਰ ਦਿੱਤਾ ਗਿਆ । ਸੁਭਾਵਕ ਹੀ, ਦੋ ਫਿਰਕਿਆਂ ਵਿਚਾਲੇ ਤਣਾ ਵਧਦੇ ਗਏ । ਜੇਕਰ, 1949 ਵਿੱਚ ਬਣਾਇਆ ਸੱਚਰ ਫਾਰਮੂਲਾ ਮੰਨ ਲਿਆ ਗਿਆ ਹੁੰਦਾ, ਤਾਂ ਅੱਗੋਂ ਤੋਂ ਕੋਈ ਝਗੜਾ ਨਾ ਹੁੰਦਾ । ਜੇਕਰ ਇਲਾਕਾਈ ਫਾਰਮੂਲਾ ਲਾਗੂ ਹੋ ਲੈਣ ਦਿੱਤਾ ਜਾਂਦਾ ਤਾਂ ਅੱਗੋਂ ਤੋਂ ਕੋਈ ਬੇਚੈਨੀ ਨਾ ਹੁੰਦੀ ਅਤੇ ਜੇਕਰ ਪੰਜਾਬੀ ਸੂਬਾ ਸਿਰਫ ਬੋਲੀ ਦੇ 1961 ਦੇ ਝੂਠੇ ਅੰਕੜਿਆਂ ਦੇ ਆਧਾਰ 'ਤੇ ਨਾ ਬਣਾ ਦਿੱਤਾ ਗਿਆ ਹੁੰਦਾ, ਤਾਂ ਕੋਈ ਵੀ ਅੱਤਵਾਦੀ ਲਹਿਰ ਨਾ ਉੱਠੀ ਹੁੰਦੀ ।"[18]

1966 ਤੋਂ ਬਾਅਦ, ਪੰਜਾਬ ਵਿੱਚ ਪੰਜ ਵਾਰੀ ਅਕਾਲੀ ਵਜ਼ਾਰਤ ਬਣੀ ਹੈ । ਹਰ ਵਾਰ ਇਹ ਵਜ਼ਾਰਤ, ਜਿਸ ਨੂੰ ਹੁਣ ਜਨਤਾ ਪਾਰਟੀ ਕਿਹਾ ਜਾਂਦਾ ਹੈ, ਦੇ ਨਾਲ ਇਕ ਸਾਂਝੀ ਵਜ਼ਾਰਤ ਦੇ ਤੌਰ 'ਤੇ ਬਣਾਈ ਗਈ ਸੀ, ਅਤੇ ਇਨ੍ਹਾਂ ਵਜ਼ਾਰਤਾਂ ਦੇ ਸਮੇਂ ਸੂਬੇ ਵਿੱਚ ਪੂਰੀ ਫਿਰਕੂ ਇੱਕਸੁਰਤਾ ਅਤੇ ਦੋਸਤੀ ਦਾ ਮਾਹੌਲ ਸੀ । ਕਦੇ ਵੀ ਦੋਂਹ ਫਿਰਕਿਆਂ ਵਿਚਾਲੇ ਕੋਈ ਤਣਾਓ ਨਹੀਂ ਸੀ । ਪਰ ਹਰ ਵਾਰ, ਇਕ ਜਾਂ ਦੋ ਸਾਲਾਂ ਅੰਦਰ ਹੀ, ਜਦ ਵੀ ਕੇਂਦਰ ਵਿੱਚ ਕਾਂਗਰਸ ਸਰਕਾਰ ਨੂੰ ਮੌਕਾ ਮਿਲਿਆ, ਵਜ਼ਾਰਤ ਨੂੰ ਬਰਤਰਫ ਕਰ ਦਿੱਤਾ ਗਿਆ ਅਤੇ ਇਸ ਤਰ੍ਹਾਂ ਸੂਬੇ ਦੇ ਲੋਕਾਂ ਦੀ ਜਮਹੂਰੀ ਇੱਛਾ ਨਕਾਰ ਦਿੱਤੀ ਗਈ ।

1967 ਵਿੱਚ ਅਕਾਲੀਆਂ ਦੀ ਪਹਿਲੀ ਸਰਕਾਰ ਨੂੰ ਕਾਂਗਰਸ ਨੇ ਡੇਗਿਆ ਸੀ । ਕਾਂਗਰਸ ਨੇ ਕਰੀਬ ਇਕ ਦਰਜਨ ਅਕਾਲੀ ਅਸੈਂਬਲੀ ਮੈਂਬਰਾਂ ਨੂੰ ਕਾਂਗਰਸ ਮੈਂਬਰਾਂ ਦੀ ਹਮਾਇਤ ਨਾਲ ਵਜ਼ਾਰਤ ਬਣਾ ਕੇ ਪੰਜਾਬ ਉੱਤੇ ਰਾਜ ਕਰਨ ਦੇ ਲਾਰੇ ਨਾਲ ਖਰੀਦ ਲਿਆ ਸੀ । ਇਹ, ਅਖੰਡਤਾ ਅਤੇ ਦੇਸ਼ ਦੀ ਏਕਤਾ ਦੇ ਆਦਰਸ਼ਾਂ ਲਈ ਘਾਤਕ ਸਾਬਤ ਹੋਈ । ਆਮ ਸਿੱਖਾਂ ਵਿੱਚ ਡੂੰਘਾ ਰੋਹ ਪੈਦਾ ਹੋ ਗਿਆ, ਅਤੇ ਸਿੱਖਾਂ ਦੇ ਭਵਿੱਖ ਮੁਤੱਲਕ ਤੇ ਸੂਬੇ ਵਿੱਚ ਇੱਕ ਚੁਣੀ ਹੋਈ, ਪਰ ਆਜ਼ਾਦ ਗੈਰ-ਕਾਂਗਰਸੀ ਸਰਕਾਰ ਨੂੰ ਬਰਦਾਸ਼ਤ ਕਰਨ ਮੁਤੱਲਕ ਕਾਂਗਰਸ ਦੇ ਇਰਾਦਿਆਂ ਬਾਰੇ ਉਨ੍ਹਾਂ ਦੇ ਸਭ ਭੁਲੇਖੇ ਦੂਰ ਹੋ ਗਏ ।

ਪੰਜਾਬੀ ਬੋਲੀ ਵਾਲੇ ਸੂਬੇ ਦਾ ਮਸਲਾ 1947 ਤੋਂ ਤੁਰੰਤ ਬਾਅਦ ਉਠਾਇਆ ਗਿਆ ਸੀ । ਇਹ ਮੰਗ, 1947 ਤੋਂ ਪਹਿਲਾਂ ਸਮੇਂ-ਸਮੇਂ ਸਿਰ ਐਲਾਨੇ, ਕਾਂਗਰਸ ਪਾਰਟੀ ਦੇ ਨੀਤੀ ਅਤੇ ਮਤਿਆਂ ਦੇ ਅਨੁਕੂਲ ਸੀ । ਵਿਚਾਰ ਇਹ ਸੀ ਕਿ ਭਾਸ਼ਾਈ ਸੂਬੇ ਏਕਤਾਬੱਧ ਵਿਦਿਅਕ

---

18. ਹੁਕਮ ਸਿੰਘ, "ਦੀ ਅਦਰ ਸਾਈਡ" ਇੰਨ ਪੰਜਾਬ: ਦੀ ਫੇਟਲ ਮਿਸਕੈਲਕੂਲੇਸ਼ਨ ਪਤਵੰਤ ਸਿੰਘ ਐਂਡ ਹਰਜੀ ਮਲਿਕ, (ਨਿਊ ਦਿੱਲੀ: ਪਤਵੰਤ ਸਿੰਘ 1985) ਸਫ਼ਾ 106-110.

Digitized by Panjab Digital Library | www.panjabdigilib.org

ਨੀਤੀਆਂ ਤੇ ਪ੍ਰਸ਼ਾਸਨਕ ਇਕਸਾਰਤਾ ਵਿੱਚ ਸਹਾਈ ਹੋਣਗੇ । ਪੰਜਾਬੀ-ਬੋਲੀ ਵਾਲਾ ਸੂਬਾ ਨਾ ਬਣਾਇਆ ਗਿਆ, ਹਾਲਾਂਕਿ ਦੇਸ਼ ਦੇ ਬਾਕੀ ਸੂਬੇ ਭਾਸ਼ਾਈ ਆਧਾਰ 'ਤੇ ਬਣਾ ਦਿਤੇ ਗਏ ਸਨ । ਪੰਜਾਬੀ ਲੋਕਾਂ ਨੂੰ ਸੰਤੁਸ਼ਟ ਕਰਨ ਲਈ ਇਕ ਫਾਰਮੂਲਾ ਬਣਾਇਆ ਗਿਆ ਸੀ, ਜਿਸ ਨੂੰ ਸੱਚਰ ਫਾਰਮੂਲਾ ਕਿਹਾ ਜਾਂਦਾ ਸੀ, ਜਿਸ ਮੁਤਾਬਕ ਪੰਜਾਬ ਵਿੱਚ ਦੋ ਹਿੱਸੇ ਹੋਣੇ ਸਨ- ਇਕ ਪੰਜਾਬੀ ਬੋਲੀ ਵਾਲੇ ਇਲਾਕਿਆਂ ਵਾਲਾ ਅਤੇ ਦੂਜਾ ਹਿੰਦੀ ਬੋਲੀ ਵਾਲੇ ਇਲਾਕਿਆਂ ਵਾਲਾ । ਇਸ ਫ਼ਾਰਮੂਲੇ ਮੁਤਾਬਕ, ਪੰਜਾਬੀ ਬੋਲੀ ਵਾਲੇ ਇਲਾਕੇ ਵਿੱਚ ਵਿਦਿਆ ਦਾ ਮਾਧਿਅਮ ਪੰਜਾਬੀ ਅਤੇ ਹਿੰਦੀ ਬੋਲੀ ਵਾਲੇ ਇਲਾਕਿਆਂ ਵਿੱਚ ਇਹ ਮਾਧਿਅਮ ਹਿੰਦੀ ਹੋਣਾ ਸੀ । ਪੰਜਾਬੀ ਇਲਾਕੇ ਵਿੱਚ ਹਿੰਦੀ ਚੌਥੀ ਜਾਂ ਪੰਜਵੀਂ ਜਮਾਤ ਤੋਂ ਪੜ੍ਹਾਈ ਜਾਣੀ ਸੀ ਅਤੇ ਹਿੰਦੀ ਇਲਾਕੇ ਵਿੱਚ ਪੰਜਾਬੀ ਚੌਥੀ ਜਾਂ ਪੰਜਵੀਂ ਜਮਾਤ ਤੋਂ ਪੜ੍ਹਾਈ ਜਾਣੀ ਸੀ । ਇਸ ਫਾਰਮੂਲੇ ਦੇ ਆਧਾਰ 'ਤੇ ਇਲਾਕਾਈ ਕਮੇਟੀਆਂ ਦੁਬਾਰਾ ਬਣਾਈਆਂ ਗਈਆਂ । ਪੰਜਾਬ ਸੂਬੇ ਨੂੰ ਦੁਬਾਰਾ ਦੋ ਹਿੱਸਿਆਂ ਵਿੱਚ ਵੰਡਿਆ ਗਿਆ, ਜਾਣੀ ਕਿ ਹਿੰਦੀ ਬੋਲੀ ਵਾਲਾ ਇਲਾਕਾ ਅਤੇ ਪੰਜਾਬੀ ਬੋਲੀ ਵਾਲਾ ਇਲਾਕਾ । ਦੋ ਵਿਧਾਇਕ ਸੰਸਥਾਵਾਂ, ਇਕ ਪੰਜਾਬੀ ਰੀਜਨਲ ਕਮੇਟੀ ਅਤੇ ਇਕ ਹਿੰਦੀ ਰੀਜਨਲ ਕਮੇਟੀ, ਬਣਾਈਆਂ ਗਈਆਂ । ਦੋਹਾਂ ਇਲਾਕਿਆਂ ਤੋਂ ਵਿਧਾਇਕ ਵੱਖੋ-ਵੱਖਰੇ ਤੌਰ 'ਤੇ ਵੰਡੇ ਗਏ ਪੰਜਾਬੀ ਬੋਲੀ ਵਾਲੇ ਅਤੇ ਹਿੰਦੀ ਬੋਲੀ ਵਾਲੇ ਇਲਾਕਿਆਂ ਦੇ ਮਸਲੇ ਨਜਿੱਠਦੇ ਸਨ ।

ਕਿਸੇ ਨੇ ਵੀ ਦੋ ਇਲਾਕਾਈ ਕਮੇਟੀਆਂ ਵਿਚਕਾਰ ਬਣਾਈ ਗਈ ਹੱਦਬੰਦੀ 'ਤੇ ਕੋਈ ਇਤਰਾਜ਼ ਨਹੀਂ ਸੀ ਕੀਤਾ, ਅਤੇ ਪੰਜਾਬੀ ਬੋਲੀ ਵਾਲਾ ਸੂਬਾ ਬਣਾਉਣ ਦੇ ਫੈਸਲੇ ਤੋਂ ਬਾਅਦ, ਪਹਿਲਾਂ ਹੀ ਸੱਚਰ ਫਾਰਮੂਲੇ ਅਤੇ ਫਿਰ ਇਲਾਕਾਈ ਫਾਰਮੂਲੇ ਤਹਿਤ ਕੀਤੀ ਗਈ ਅਤੇ ਸੱਭ ਸਬੰਧਤ ਧਿਰਾਂ ਵਲੋਂ ਕਬੂਲੀ ਗਈ ਹੱਦਬੰਦੀ ਨੂੰ ਪੰਜਾਬੀ ਬੋਲੀ ਵਾਲਾ ਸੂਬਾ ਅਤੇ ਹਰਿਆਣਾ ਬਣਾਉਣ ਲਈ ਮੰਨ ਲਿਆ ਜਾਣਾ ਚਾਹੀਦਾ ਸੀ । ਪਰ ਬਦਕਿਸਮਤੀ ਨਾਲ, ਪਹਿਲਾਂ ਹੀ ਤਹਿ ਹੋ ਚੁੱਕੇ ਹੱਲ ਅਤੇ ਹੱਦਬੰਦੀ ਨੂੰ ਸਵੀਕਾਰ ਕਰਨ ਦੀ ਬਜਾਇ, ਸਾਰਾ ਬੰਦੋਬਸਤ ਵਿਗਾੜ ਦਿੱਤਾ ਗਿਆ ਅਤੇ 1961 ਦੀ ਮਰਦਮ ਸ਼ੁਮਾਰੀ ਦੇ ਆਧਾਰ 'ਤੇ, ਮੁੱਢ ਤੋਂ ਪੰਜਾਬੀ ਬੋਲਦੇ ਅਤੇ ਹਿੰਦੀ ਬੋਲਦੇ ਇਲਾਕਿਆਂ ਦੀ ਨਿਸ਼ਾਨਦੇਹੀ ਕਰਨ ਲਈ ਸ਼ਾਹ ਕਮਿਸ਼ਨ ਨਿਯੁਕਤ ਕਰ ਦਿੱਤਾ ਗਿਆ । ਇਸ ਤਰ੍ਹਾਂ, ਦਰਿਆਈ ਪਾਣੀਆਂ ਦੇ ਝਗੜੇ ਦੀ ਤਰ੍ਹਾਂ ਹੀ, ਦੋ ਸੂਬਿਆਂ ਵਿਚਾਲੇ ਇਲਾਕਾਈ ਝਗੜਾ ਵੀ ਕੇਂਦਰੀ ਸਰਕਾਰ ਨੇ ਹੀ ਗਿਣੇ-ਮਿਥੇ ਢੰਗ ਨਾਲ ਖੜ੍ਹਾ ਕੀਤਾ ਸੀ ।

ਤੀਸਰਾ ਬੁਨਿਆਦੀ ਸਵਾਲ ਸੂਬਿਆਂ ਨੂੰ ਵਧੇਰੇ ਖੁਦਮੁਖਤਾਰੀ ਦਾ ਸਵਾਲ ਸੀ, ਜਿਸ ਨੂੰ ਅਨੰਦਪੁਰ ਸਾਹਿਬ ਮਤੇ ਦੇ ਨਾਂ ਨਾਲ ਜਾਣਿਆ ਜਾਂਦਾ ਹੈ । 1947 ਤੋਂ ਪਹਿਲਾਂ, ਕਾਂਗਰਸ ਪਾਰਟੀ ਦੀ ਇਹ ਮਿਥੀ ਹੋਈ ਅਤੇ ਪੱਕੀ ਨੀਤੀ ਸੀ ਕਿ ਹਿੰਦੁਸਤਾਨੀ ਸੰਵਿਧਾਨ ਫੈਡਰਲ ਕਿਸਮ ਦਾ ਹੋਵੇਗਾ, ਜਿਸ ਵਿੱਚ ਖੁਦਮੁਖਤਾਰ ਰਾਜਾਂ ਨੂੰ ਸਭ ਬਕਾਇਆ ਤਾਕਤਾਂ ਦਿੱਤੀਆਂ ਜਾਣਗੀਆਂ । ਜਦ ਕੇਂਦਰੀ ਸਰਕਾਰ ਨੇ 1949 ਵਿੱਚ ਸੰਵਿਧਾਨ ਦੇ ਕੱਚੇ ਖਰੜੇ 'ਤੇ ਪੰਜਾਬੀ ਅਸੈਂਬਲੀ ਦੇ ਰਸਮੀ ਵਿਚਾਰ ਲਏ ਤਾਂ ਅਕਾਲੀ ਨੁਮਾਇੰਦਿਆਂ ਨੇ ਇਕ ਫੈਡਰਲ ਸੰਵਿਧਾਨ ਦੀ ਆਪਣੀ ਮੰਗ ਦੁਹਰਾਈ । ਅਕਾਲੀਆਂ ਵਲੋਂ ਪਾਸ ਕੀਤੇ ਗਏ ਮਤੇ ਵਿੱਚ ਕਿਹਾ ਗਿਆ :

"ਮੁੱਢ ਤੋਂ ਹੀ ਕਾਂਗਰਸ ਦੀ ਇਹ ਐਲਾਨੀਆ ਨੀਤੀ ਰਹੀ ਹੈ ਕਿ ਹਿੰਦੁਸਤਾਨ

Digitized by Panjab Digital Library | www.panjabdigilib.org

ਖੁਦਮੁਖਤਾਰ ਰਾਜਾਂ ਦੀ ਇਕ ਯੂਨੀਅਨ ਹੋਵੇਗਾ, ਅਤੇ ਹਰ ਇਕਾਈ ਆਪਣੇ ਢੰਗ ਨਾਲ ਭਾਸ਼ਾਈ, ਸੱਭਿਆਚਾਰਕ ਅਤੇ ਸਮਾਜਕ ਖੇਤਰਾਂ ਵਿੱਚ ਵਿਕਾਸ ਕਰੇਗੀ। ਨਿਰਸੰਦੇਹ, ਰੱਖਿਆ, ਸੰਚਾਰ ਅਤੇ ਵਿਦੇਸ਼ੀ ਮਾਮਲੇ ਲਾਜ਼ਮੀ ਹੀ ਕੇਂਦਰੀ ਵਿਸ਼ੇ ਹੋਣਗੇ ਅਤੇ ਹੋਣੇ ਹੀ ਚਾਹੀਦੇ ਹਨ। ਐਸ ਵਕਤ ਬੁਨਿਆਦੀ ਨੀਤੀ ਨੂੰ ਬਦਲਣਾ, ਕਾਂਗਰਸ ਵਲੋਂ ਬਾਰ-ਬਾਰ ਦੁਹਰਾਏ ਸਿਧਾਂਤ ਤੋਂ ਮੁਕਰਨ ਵਾਲੀ ਗੱਲ ਹੋਵੇਗੀ। ਅਕਾਲੀ ਦਲ ਦੀ ਇਹ ਸੋਚੀ-ਵਿਚਾਰੀ ਰਾਇ ਹੈ ਕਿ ਬਕਾਇਆ ਤਾਕਤਾਂ ਰਾਜਾਂ ਕੋਲ ਹੋਣੀਆਂ ਚਾਹੀਦੀਆਂ ਹਨ। ਵਿਧਾਨਕ ਸ਼ਕਤੀਆਂ ਨੂੰ ਵੰਡਣ ਵਾਲੀ ਸੂਚੀ ਇਸ ਅਸੂਲ 'ਤੇ ਆਧਾਰਤ ਹੋਣੀ ਚਾਹੀਦੀ ਹੈ ਕਿ ਕੇਂਦਰੀ ਜਾਂ ਯੂਨੀਅਨ ਪਾਰਲੀਮੈਂਟ ਦਾ ਦਾਇਰਾ ਸਿਰਫ ਰੱਖਿਆ, ਸੰਚਾਰ ਅਤੇ ਵਿਦੇਸ਼ੀ ਮਾਮਲਿਆਂ ਤੱਕ ਹੀ ਸੀਮਤ ਰੱਖਿਆ ਜਾਵੇ।''[19]

ਪਰ ਜਿਵੇਂ ਪਹਿਲਾਂ ਦੱਸਿਆ ਜਾ ਚੁੱਕਾ ਹੈ, ਕਾਂਗਰਸ ਪੰਜਾਬੀਆਂ ਨਾਲ ਕੀਤੇ ਆਪਣੇ ਵਾਅਦਿਆਂ ਤੋਂ ਅਤੇ ਇੱਕ ਖਾਲਸ ਫੈਡਰਲ ਸੰਵਿਧਾਨ ਬਣਾਉਣ ਦੇ ਆਪਣੇ ਐਲਾਨੀਆਂ ਉਦੇਸ਼ ਤੋਂ ਪੂਰੀ ਤਰ੍ਹਾਂ ਮੁੱਕਰ ਗਈ। ਕੇਂਦਰੀ ਸਰਕਾਰ ਨੇ ਗੈਰ-ਅਧਿਨਿਯਮਕ ਜਾਂ ਗੈਰ-ਸੰਵਿਧਾਨਕ ਸੰਸਥਾਵਾਂ, ਜਿਵੇਂ ਕਿ ਪਲੈਨਿੰਗ ਕਮਿਸ਼ਨ, ਵਾਟਰ ਐਂਡ ਪਾਵਰ ਕਮਿਸ਼ਨ, ਯੂਨੀਵਰਸਿਟੀ ਗਰਾਂਟਸ ਕਮਿਸ਼ਨ, ਆਦਿ ਕਾਇਮ ਕੀਤੇ ਹਨ, ਜਿਨ੍ਹਾਂ ਨੂੰ ਨਾ ਸਿਰਫ ਵੱਡੀਆਂ ਵਿੱਤੀ ਸ਼ਕਤੀਆਂ ਹੀ ਦਿੱਤੀਆਂ ਗਈਆਂ ਹਨ, ਸਗੋਂ ਇਨ੍ਹਾਂ ਨੂੰ ਵਿਕਾਸ ਦੀਆਂ ਸਕੀਮਾਂ ਨੂੰ ਮਨਜ਼ੂਰ ਕਰਨ ਜਾਂ ਨਾ-ਮਨਜ਼ੂਰ ਕਰਨ ਦੀਆਂ ਵੀ ਬੇਲਗਾਮ ਤਾਕਤਾਂ ਦਿੱਤੀਆਂ ਗਈਆਂ ਹਨ, ਏਥੋਂ ਤੱਕ ਕਿ ਜਿਥੇ ਅਜਿਹੇ ਵਿਕਾਸ ਪ੍ਰਾਜੈਕਟ ਸਬੰਧਤ ਸੂਬੇ ਦੇ ਅਧਿਕਾਰ ਖੇਤਰ ਵਿੱਚ ਵੀ ਹਨ ਉਥੇ ਵੀ ਇਨ੍ਹਾਂ ਨੂੰ ਅਜਿਹੀਆਂ ਸ਼ਕਤੀਆਂ ਦਿੱਤੀਆਂ ਗਈਆਂ ਹਨ। ਕੇਂਦਰੀ ਸਰਕਾਰ ਨੇ 1964 ਵਿੱਚ ਥੀਨ ਡੈਮ, ਜਿਸ ਦਾ ਮਨੋਰਥ ਪਾਕਿਸਤਾਨ ਨੂੰ ਜਾਂਦੇ ਪਾਣੀ ਨੂੰ ਵਰਤੋਂ ਵਿੱਚ ਲਿਆਉਣਾ ਸੀ, ਦੀ ਮਨਜ਼ੂਰੀ ਨਾ ਦਿੱਤੀ ਜਦ ਇਸ ਦੀ ਅਨੁਮਾਨਤ ਲਾਗਤ 70 ਕਰੋੜ ਰੁਪਏ ਸੀ। ਹੁਣ ਅਨੁਮਾਨਤ ਲਾਗਤ 700 ਕਰੋੜ ਰੁਪਏ ਤੋਂ ਵੀ ਉੱਤੇ ਲੰਘ ਗਈ ਹੈ, ਅਤੇ ਇਸ ਨੂੰ ਅਜੇ ਵੀ ਸਕੀਮ ਦੀ ਮਨਜ਼ੂਰੀ ਅਤੇ ਉਸਾਰੀ ਲਈ ਰਕਮ ਦੀ ਮਨਜ਼ੂਰੀ ਦੀ ਉਡੀਕ ਹੈ।

ਸੂਬਿਆਂ ਦੀਆਂ ਸੰਵਿਧਾਨਕ ਸ਼ਕਤੀਆਂ, ਸੂਬਿਆਂ ਵਿੱਚ ਨਿਆਂ ਕਰਨ, ਵਿਦਿਅਕ ਨੀਤੀਆਂ ਅਤੇ ਸੱਭਿਆਚਾਰਕ ਵਿਕਾਸ ਦੇ ਖੇਤਰਾਂ ਵਿੱਚ ਵੀ, ਬੁਰੀ ਤਰ੍ਹਾਂ ਛਾਂਗ ਦਿੱਤੀਆਂ ਗਈਆਂ ਹਨ।

ਸੰਵਿਧਾਨ ਵਿੱਚ, ਇਕ ਵਿੱਤ ਕਮਿਸ਼ਨ ਦੀ ਨਿਯੁਕਤੀ ਕਰਨ ਬਾਰੇ ਇਕ ਮਦ ਹੈ, ਜਿਹੜਾ ਕਮਿਸ਼ਨ ਕੇਂਦਰ ਵੱਲੋਂ ਇਕੱਠੇ ਕੀਤੇ ਗਏ ਫੰਡਾਂ ਦੇ ਸੂਬਿਆਂ ਨੂੰ ਵੰਡਣ .ਤੇ ਵਰਤਾਉਣ ਬਾਰੇ ਸਿਫਾਰਸ਼ਾਂ ਅਤੇ ਨਿਯਮ ਨਿਰਧਾਰਤ ਕਰਦਾ ਹੈ। ਇਹ ਕਮਿਸ਼ਨ ਸੂਬਿਆਂ ਦੀਆਂ ਮਾਲੀ ਕਿਸਮਤਾਂ ਦਾ ਫੈਸਲਾ ਕਰਦਾ ਹੈ। ਸੰਵਿਧਾਨ ਵਿੱਚ ਕੇਂਦਰ ਵਲੋਂ ਸੂਬਿਆਂ ਨੂੰ ਆਪਣੀ ਮਰਜ਼ੀ ਅਨੁਸਾਰ ਗਰਾਂਟਾਂ ਦੇਣ ਦਾ ਵੀ ਇੰਤਜ਼ਾਮ ਹੈ। ਕਮਿਸ਼ਨ ਨੇ ਸ਼ੁਰੂ-ਸ਼ੁਰੂ ਵਿੱਚ ਕੇਂਦਰ ਵਲੋਂ ਇਕੱਤਰ ਕੀਤੇ ਫੰਡਾਂ ਦੇ 50 ਫੀਸਦੀ ਦੀ ਵੰਡ ਮੁਤਾਬਕ ਨਿਯਮ ਬਣਾਇਆ ਸੀ। ਹੁਣ

19. ਕੈਲਾਸ਼ ਚੰਦਰ ਗੁਲਾਟੀ, ਦੀ ਅਕਾਲੀਜ਼ ਪਾਸਟ ਐਂਡ ਪਰੇਜ਼ੈਂਟ (ਨਿਊ ਦਿੱਲੀ ਆਸ਼ਾਜਨਕ ਪਬਲੀਕੇਸ਼ਨ, 1974) ਸਫਾ 153.

Digitized by Panjab Digital Library | www.panjabdigilib.org

ਵਿਤ ਕਮਿਸ਼ਨ ਦਾ ਅਧਿਕਾਰ-ਖੇਤਰ 15 ਫੀਸਦੀ ਤੱਕ ਸੀਮਤ ਕਰ ਦਿੱਤਾ ਗਿਆ ਹੈ, ਅਤੇ ਕੇਂਦਰ ਵਲੋਂ ਸੂਬਿਆਂ ਨੂੰ ਮਰਜ਼ੀ ਨਾਲ ਗਰਾਟਾਂ ਦੇਣ ਦੀ ਧਾਰਾ ਨੂੰ ਵੱਧ ਤੋਂ ਵੱਧ ਇਸਤੇਮਾਲ ਕੀਤਾ ਜਾ ਰਿਹਾ ਹੈ । ਇਸ ਦਾ ਸਿੱਟਾ ਇਹ ਹੋਇਆ ਹੈ ਕਿ ਸੂਬੇ ਪੂਰੀ ਤਰ੍ਹਾਂ ਕੇਂਦਰ ਦੇ ਰਹਿਮ ਅਤੇ ਮਰਜ਼ੀ ਉੱਤੇ ਨਿਰਭਰ ਹਨ ।

ਤਾਮਿਲਨਾਡੂ ਸਰਕਾਰ ਨੇ ਕੇਂਦਰ ਨੂੰ ਇਕ ਅਸਲੀ ਫੈਡਰਲ ਢਾਂਚਾ ਬਣਾਉਣ ਅਤੇ ਸੂਬਿਆਂ ਦੇ ਮੁਕੰਮਲ ਅਤੇ ਸਹੀ ਵਿਕਾਸ ਨੂੰ ਯਕੀਨੀ ਬਣਾਉਣ, ਮੁਤੱਲਕ ਉਪਾਵਾਂ ਦਾ ਸੁਝਾ ਦੇਣ ਲਈ ਇਕ ਕਮੇਟੀ ਕਾਇਮ ਕੀਤੀ ਸੀ । ਕਮੇਟੀ ਵੱਲੋਂ ਤਿਆਰ ਕੀਤੀ ਗਈ ਰਿਪੋਰਟ, ਰਾਜਮਨਤ ਰਿਪੋਰਟ ਦੇ ਨਾਂ ਨਾਲ ਜਾਣੀ ਜਾਂਦੀ ਹੈ ਅਤੇ ਇਸ ਨੂੰ 1971 ਵਿੱਚ ਤਾਮਿਲਨਾਡੂ ਅਸੈਂਬਲੀ ਨੇ ਪਾਸ ਕੀਤਾ ਸੀ । ਇਹ ਰੀਪੋਰਟ, ਖੁਦਮੁਖਤਾਰ ਰਾਜਾਂ ਵਾਲੇ ਇਕ ਪੂਰੀ ਤਰ੍ਹਾਂ ਫੈਡਰਲ ਢਾਂਚੇ ਦੀ ਵਕਾਲਤ ਕਰਦੀ ਹੈ, ਅਤੇ ਇਸ ਵਿੱਚ ਕੇਂਦਰੀ ਅਧਿਕਾਰ ਵਾਲੇ ਖੇਤਰ ਸਿਰਫ ਚਾਰ ਹੋਣਗੇ : ਰੱਖਿਆ, ਵਿਦੇਸ਼ੀ ਮਾਮਲੇ ਸੰਚਾਰ ਅਤੇ ਕਰੰਸੀ । ਉਹ ਇਹ ਸਿਫਾਰਸ਼ ਵੀ ਕਰਦੀ ਹੈ ਕਿ, ਦੇਸ਼ ਦੇ ਪ੍ਰਧਾਨ ਮੰਤਰੀ ਦੀ ਪ੍ਰਧਾਨਗੀ ਹੇਠ, ਸੂਬਿਆਂ ਦੇ ਮੁੱਖ ਮੰਤਰੀਆਂ ਦੀ ਕੌਂਸਲ ਨੂੰ, ਫੈਡਰਲ ਸਰਕਾਰ ਦੇ ਅਧਿਕਾਰ ਖੇਤਰ ਵਾਲੇ ਮਾਮਲਿਆਂ ਬਾਰੇ ਵੀ ਕੇਂਦਰ ਨੂੰ ਸਲਾਹ ਦੇਣ ਲਈ ਇਕ ਸਲਾਹਕਾਰ ਕਮੇਟੀ ਬਣਾਉਣੀ ਚਾਹੀਦੀ ਹੈ ।

ਕੇਂਦਰੀ ਸਰਕਾਰ ਨੇ 220 ਅਰਬ ਰੁਪਏ ਪਬਲਿਕ ਸੈਕਟਰ ਸਨਅਤਾਂ ਉੱਤੇ ਖਰਚੇ ਹਨ, ਪਰ ਇਸ ਵਿੱਚੋਂ 2 ਫੀਸਦੀ ਤੋਂ ਵੀ ਘੱਟ ਪੰਜਾਬ ਵਿੱਚ ਲਗਾਇਆ ਗਿਆ ਹੈ ਅਤੇ ਸੂਬੇ ਵਿੱਚ ਕੋਈ ਵੱਡਾ ਪ੍ਰਾਜੈਕਟ ਸਥਾਪਤ ਨਹੀਂ ਕੀਤਾ ਗਿਆ । ਪੰਜਾਬੀਆਂ ਵੱਲੋਂ ਬੈਂਕਾਂ ਵਿੱਚ ਜਮ੍ਹਾਂ ਕੀਤੇ ਜਾਂਦੇ ਪੈਸੇ ਵਿੱਚੋਂ ਕਰੀਬ 80 ਫੀਸਦੀ ਸੂਬੇ ਤੋਂ ਬਾਹਰ ਇਨਵੈਸਟ ਕੀਤਾ ਜਾਂਦਾ ਹੈ, ਤਾਂ ਜੋ ਦੂਸਰੇ ਸੂਬਿਆਂ ਦੀ ਆਰਥਕ ਤਰੱਕੀ ਕੀਤੀ ਜਾ ਸਕੇ ।[20] ਇਸ ਤਰ੍ਹਾਂ ਪਿਛਲੇ 40 ਸਾਲਾਂ ਵਿੱਚ ਕੇਂਦਰੀ ਸਰਕਾਰ ਵਲੋਂ ਲਾਗੂ ਕੀਤੀਆਂ ਗਈਆਂ ਆਰਥਕ, ਸਿਆਸੀ ਅਤੇ ਸਮਾਜਕ ਨੀਤੀਆਂ, ਸੰਵਿਧਾਨ ਦਾ ਉਲੰਘਣ ਕਰਦੀਆਂ ਹਨ, ਇਨਸਾਫ ਅਤੇ ਬਰਾਬਰਤਾ ਦੇ ਅਸੂਲ ਦੇ ਉਲਟ ਹਨ ਅਤੇ ਪੰਜਾਬ ਤੋਂ ਇਹਦੇ ਕੁਦਰਤੀ ਅਤੇ ਹੋਰ ਸਾਧਨ ਲੁੱਟਣ ਲਈ ਬਣਾਈਆਂ ਗਈਆਂ ਹਨ । ਕੇਂਦਰੀ ਸਰਕਾਰ ਦੀ ਸ਼ਾਖ ਮਿੱਟੀ ਵਿੱਚ ਮਿਲ ਚੁੱਕੀ ਹੈ । ਏਥੋਂ ਤੱਕ ਕਿ ਗੈਰ-ਪੰਜਾਬੀਆਂ ਨੇ ਵੀ ਕੇਂਦਰੀ ਸਰਕਾਰ ਦੇ ਇਰਾਦਿਆਂ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਣਾ ਸ਼ੁਰੂ ਕਰ ਦਿੱਤਾ ਹੈ । ਇਹ ਵੱਧ ਤੋਂ ਵੱਧ ਸਪੱਸ਼ਟ ਹੋ ਰਿਹਾ ਹੈ ਕਿ ਸਰਕਾਰ ਸਿਰਫ ਪੁਆੜੇ ਪਾਉਣ ਵਿੱਚ ਹੀ ਦਿਲਚਸਪੀ ਰੱਖਦੀ ਹੈ, ਉਨ੍ਹਾਂ ਨੂੰ ਹੱਲ ਕਰਨ ਵਿੱਚ ਨਹੀਂ । ਇਹ ਸੂਬੇ ਦੇ ਲੋਕਾਂ ਵਿਚਕਾਰ ਅਤੇ ਵੱਖ-ਵੱਖ ਸੂਬਿਆਂ ਵਿਚਕਾਰ ਤਣਾਓ ਅਤੇ ਝਗੜੇ ਪੈਦਾ ਕਰਨ ਵਿੱਚ ਹੀ ਦਿਲਚਸਪੀ ਰੱਖਦੀ ਹੈ ।

---

20. ਦੀ ਐਂਗੂਇਸ਼ ਆਫ ਪੰਜਾਬ (ਚੰਡੀਗੜ੍ਹ: ਕੌਂਸਲ ਆਫ ਸਿੱਖ ਅਫੇਅਰਜ਼ 1983) ਸਫ਼ਾ 29

Digitized by Panjab Digital Library | www.panjabdigilib.org

## ਕਾਂਡ ਚਾਰ

# ਕੇਂਦਰ-ਰਾਜ ਸਮੱਸਿਆਵਾਂ ਦਾ ਆਧਾਰ

ਹਿੰਦੁਸਤਾਨ ਵਿੱਚ ਆਜ਼ਾਦੀ ਤੋਂ ਬਾਅਦ, ਅਤੇ ਉਸਤੋਂ ਪਹਿਲਾਂ ਵੀ, ਵਿਕਾਸ ਸਰਮਾਏਦਾਰਾ ਰਾਹ 'ਤੇ ਹੋਇਆ ਹੈ। ਅੰਗਰੇਜ਼ ਬਸਤੀਵਾਦੀਆਂ ਨੇ ਇਹ ਨਿਜ਼ਾਮ ਕਾਇਮ ਕੀਤਾ, ਜਿਸ ਵਿੱਚ ਹਿੰਦੁਸਤਾਨ ਦੇ ਸਭ ਕੁਦਰਤੀ ਅਤੇ ਮਨੁੱਖੀ ਸਾਧਨ, ਬਸਤੀਵਾਦੀਆਂ ਦੇ ਫਾਇਦੇ ਲਈ, ਲੁੱਟੇ ਜਾਂਦੇ ਸਨ। ਉਹ ਹਿੰਦੁਸਤਾਨ ਨੂੰ ਆਪਣੀ ਜਗੀਰ ਸਮਝਦੇ ਸਨ, ਜਿਸ ਨੂੰ ਉਹ ਮਨਮਰਜ਼ੀ ਨਾਲ ਲੁੱਟ ਸਕਦੇ ਸਨ। ਉਸੇ ਢੰਗ ਨਾਲ ਹੀ, ਹਿੰਦੁਸਤਾਨ ਦੇ ਨਵੇਂ ਹਾਕਮ, ਜਿਨ੍ਹਾਂ ਨੂੰ ਅੰਗਰੇਜ਼ਾਂ ਨੇ 1947 ਵਿੱਚ ਸਤਾਹ ਸੌਂਪੀ ਸੀ, ਵੱਡੇ ਜਗੀਰਦਾਰ ਅਤੇ ਵੱਡੇ ਸਰਮਾਏਦਾਰ, ਵੀ ਹਿੰਦੁਸਤਾਨ ਨੂੰ ਆਪਣੀ ਜਗੀਰ ਸਮਝਦੇ ਹਨ ਜਿਹੜੀ ਮਨਮਰਜ਼ੀ ਨਾਲ ਲੁੱਟੀ ਜਾ ਸਕਦੀ ਹੈ। ਉਹ, ਕੁਦਰਤੀ ਸਾਧਨਾਂ, ਖਣਿਜਾਂ, ਪਾਣੀਆਂ ਅਤੇ ਜੰਗਲਾਂ ਨੂੰ ਆਪਣੀ ਨਿੱਜੀ ਜਾਇਦਾਦ ਸਮਝਦੇ ਹਨ, ਜਿਸ ਨੂੰ ਲੁੱਟਣ ਦਾ ਹੱਕ ਸਿਰਫ ਉਨ੍ਹਾਂ ਨੂੰ ਹੀ ਹੈ। ਉਹ ਸਮਝਦੇ ਹਨ ਅੱਜ ਹਿੰਦੁਸਤਾਨ ਵਿੱਚ ਵਸਦੀਆਂ ਕੌਮਾਂ, ਕੌਮੀ ਘੱਟ-ਗਿਣਤੀਆਂ ਅਤੇ ਕਬਾਇਲੀ ਲੋਕ ਉਨ੍ਹਾਂ ਦੇ ਰਹਿਮ ਉੱਤੇ ਹਨ। ਇਹ ਇਹੀ ਆਰਥਕ ਸ਼ਕਤੀ ਹੈ ਜੋ ਉਨ੍ਹਾਂ ਦੇ ਫਿਰਕੂਵਾਦ ਦਾ ਆਧਾਰ ਹੈ, ਜੋ ਉਹ ਹਿੰਦੁਸਤਾਨੀ ਲੋਕਾਂ ਨੂੰ ਅੱਡੋ-ਫਾੜ ਕਰਨ ਲਈ ਅਤੇ ਉਨ੍ਹਾਂ ਨੂੰ ਆਪਣੀਆਂ ਸਮੱਸਿਆਵਾਂ ਦੇ ਅਸਲੀ ਹੱਲਾਂ ਦੀ ਮੰਗ ਕਰਨ ਦੇ ਰਾਹ ਪੈਣ ਤੋਂ ਰੋਕਣ ਲਈ ਵਰਤਦੇ ਹਨ।

ਪੰਜਾਬ ਵਿੱਚ, ਬਾਕੀ ਸਾਰੇ ਹਿੰਦੁਸਤਾਨ ਦੀ ਤਰ੍ਹਾਂ ਹੀ, 1960 ਵਿਆਂ ਦੇ "ਹਰੇ ਇਨਕਲਾਬ" ਤੋਂ ਬਾਅਦ, ਸਰਮਾਏਦਾਰਾ ਵਿਕਾਸ ਨੂੰ ਨਵਾਂ ਬਲ ਮਿਲਿਆ ਹੈ। ਪੂੰਜੀਵਾਦ, ਸਨਅਤ ਅਤੇ ਖੇਤੀ, ਦੋਨਾਂ ਵਿੱਚ ਵਿਕਸਤ ਹੋ ਰਿਹਾ ਹੈ। ਫਿਰ ਵੀ, ਪੰਜਾਬ ਵਿੱਚ ਕੋਈ ਵੀ ਅਜਿਹੀ ਸਨਅਤ ਨਹੀਂ ਜੋ ਖੇਤੀ ਦੀ ਸੇਵਾ ਕਰਦੀ ਹੋਵੇ। ਫਲਸਰੂਪ, ਖੇਤੀ ਦੀਆਂ ਸੱਭ ਲੋੜਾਂ, ਜਿਵੇਂ ਕਿ ਖਾਦਾਂ, ਔਜ਼ਾਰ ਅਤੇ ਮਸ਼ੀਨਰੀ ਪੰਜਾਬ ਤੋਂ ਬਾਹਰੋਂ ਮੰਗਵਾਉਣੀਆਂ ਪੈਂਦੀਆਂ ਹਨ। ਇਨ੍ਹਾਂ ਚੀਜ਼ਾਂ ਦੀਆਂ ਕੀਮਤਾਂ ਕੇਂਦਰੀ ਸਰਕਾਰ ਦੇ ਹੱਥ ਵਿੱਚ ਹਨ ਅਤੇ ਪੰਜਾਬੀ ਕਿਸਾਨਾਂ ਲਈ ਕਰਜ਼ੇ ਦੀਆਂ ਸਹੂਲਤਾਂ ਵੀ ਉਸੇ ਦੇ ਹੱਥ ਵਿੱਚ ਹਨ। ਇਸ ਦੇ ਨਾਲੋ-ਨਾਲ, ਕੇਂਦਰੀ ਸਰਕਾਰ ਹੀ ਖੇਤੀ ਉਤਪਾਦਨ ਦੀਆਂ ਖਰੀਦ-ਕੀਮਤਾਂ ਵੀ ਮਿਥਦੀ ਹੈ। ਸਾਲਾਂ-ਬੱਧੀ ਖੇਤੀ ਲਈ ਲੋੜੀਂਦੀਆਂ ਚੀਜ਼ਾਂ ਦੀਆਂ ਕੀਮਤਾਂ ਤੇਜ਼ੀ ਨਾਲ ਵਧਦੀਆਂ ਗਈਆਂ ਹਨ, ਜਦਕਿ ਖੇਤੀ ਉਤਪਾਦਨ ਦੀਆਂ ਕੀਮਤਾਂ ਬਹੁਤ ਹੀ ਨੀਵੀਆਂ ਰੱਖੀਆਂ ਗਈਆਂ ਹਨ। ਸਿੱਟੇ ਵਜੋਂ, ਕਾਸ਼ਤਕਾਰ ਦੀ ਹਾਲਤ ਲਗਾਤਾਰ ਵਿਗੜਦੀ ਗਈ ਹੈ। ਇਸ ਸਾਲ ਐਗਰੇਕਲਚਰਲ ਪਰਾਈਸਜ਼ ਕਮਿਸ਼ਨ ਵੱਲੋਂ ਐਲਾਨੀਆਂ ਗਈਆਂ ਵਸੂਲੀ ਕੀਮਤਾਂ ਇਕ ਵਾਰ ਫਿਰ ਅਜਿਹੀਆਂ ਹਨ ਜੋ ਕਿਸਾਨਾਂ ਦੀ ਕਣਕ ਦੇ ਉਤਪਾਦਨ ਉੱਤੇ ਆਉਂਦੀ ਲਾਗਤ ਵੀ ਨਹੀਂ ਮੋੜਦੀਆਂ। ਇਸ ਦੇ ਨਾਲੋ-ਨਾਲ, ਅਨਾਜ ਮੰਡੀ ਉਤੇ ਵੀ ਕੇਂਦਰੀ ਸਰਕਾਰ ਦੀ ਅਜਾਰੇਦਾਰੀ ਹੈ, ਜੋ ਕਾਸ਼ਤਕਾਰਾਂ ਉੱਤੇ ਇਹ ਗੱਲ ਠੋਸਦੀ ਹੈ ਕਿ ਉਹ ਆਪਣਾ ਉਤਪਾਦਨ

Digitized by Panjab Digital Library | www.panjabdigilib.org

ਕਿੱਥੇ ਅਤੇ ਕਦੋਂ ਵੇਚਣ । ਛੋਟੇ ਅਤੇ ਦਰਮਿਆਨੇ ਕਾਸ਼ਤਕਾਰ ਤਬਾਹ ਹੋ ਰਹੇ ਹਨ, ਕਿਉਂਕਿ ਉਨ੍ਹਾਂ ਨੂੰ ਮਜਬੂਰਨ ਆਪਣੀ ਫਸਲ ਬਹੁਤ ਹੀ ਘੱਟ ਕੀਮਤਾਂ 'ਤੇ ਵੇਚਣੀ ਪੈਂਦੀ ਹੈ ।

ਪੂੰਜੀਵਾਦ (ਸਰਮਾਏਦਾਰੀ) ਦੇ ਇਸ ਨਾ ਬਰਾਬਰ ਵਿਕਾਸ ਨੇ ਕਈ ਅੰਤਰ-ਵਿਰੋਧ ਪੈਦਾ ਕੀਤੇ ਹਨ, ਜਿਨ੍ਹਾਂ ਤੋਂ ਕੇਂਦਰ-ਰਾਜ ਸਬੰਧਾਂ ਦੀਆਂ ਸਮੱਸਿਆਵਾਂ, ਦਰਿਆਈ ਪਾਣੀਆਂ ਅਤੇ ਕੁਦਰਤੀ ਸਾਧਨਾਂ ਉੱਤੇ ਕੰਟਰੋਲ ਦੀ ਸਮੱਸਿਆ, ਇਲਾਕਾਈ ਝਗੜਿਆਂ ਦੀ ਸਮੱਸਿਆ ਆਦਿ, ਪੈਦਾ ਹੁੰਦੀਆਂ ਹਨ । ਇਹ ਸਮੱਸਿਆਵਾਂ ਸਿਆਸੀ ਖਿੱਤੇ ਵਿੱਚ ਸਮਾਜ ਦੇ ਆਰਥਕ ਆਧਾਰ ਵਿਚਲੇ ਅੰਤਰ-ਵਿਰੋਧ ਦੇ ਪੈਂਦੇ ਪਰਛਾਵੇਂ ਹਨ ।

ਪੰਜਾਬ ਦੇ ਵੱਡੇ ਸਰਮਾਏਦਾਰ ਅਤੇ ਵੱਡੇ ਜਗੀਰਦਾਰ ਇਨ੍ਹਾਂ ਸਵਾਲਾਂ ਉੱਤੇ ਇਕ ਦ੍ਰਿੜ੍ਹ ਅਤੇ ਅਸੂਲੀ ਸਟੈਂਡ ਨਹੀਂ ਲੈਂਦੇ । ਉਹ ਹਮੇਸ਼ਾਂ ਹੀ ਕੇਂਦਰੀ ਸਰਕਾਰ ਨਾਲ ਸੌਦੇ ਕਰਨ ਲਈ ਤਿਆਰ ਰਹਿੰਦੇ ਹਨ । ਜੇਕਰ ਸੌਦਾ ਉਹਨਾਂ ਦੇ ਸੂਤ ਬੈਠ ਜਾਵੇ ਤਾਂ ਉਹ ਖੁਸ਼ ਹੋ ਜਾਂਦੇ ਹਨ, ਪਰ ਜੇਕਰ ਜ਼ਿਆਦਾ ਸੂਤ ਨਾ ਬੈਠੇ ਤਾਂ ਉਹ ਇਕ ਵਾਰ ਫਿਰ ਇਨ੍ਹਾਂ ਮਸਲਿਆਂ ਨੂੰ ਉਠਾ ਕੇ ਕੇਂਦਰ ਨਾਲ ਸੌਦੇਬਾਜ਼ੀ ਵਿੱਚ, ਇਕ ਦਾਅ ਦੇ ਤੌਰ 'ਤੇ ਵਰਤਦੇ ਹਨ । ਇਸ ਤਰ੍ਹਾਂ, ਉਹ ਕੇਂਦਰੀ ਸਰਕਾਰ ਦੀ ਢਾਕੇ ਚੜ੍ਹ ਜਾਂਦੇ ਹਨ ਅਤੇ ਸਮੱਸਿਆਵਾਂ ਉਵੇਂ ਦੀਆਂ ਉਵੇਂ ਖੜੀਆਂ ਰਹਿ ਜਾਂਦੀਆਂ ਹਨ । ਕਿਉਂਕਿ ਪੰਜਾਬ ਵਿੱਚ ਸੌਦੇ ਕਰਨ ਵਾਲੇ ਇਨ੍ਹਾਂ ਮਸਲਿਆਂ ਨੂੰ ਆਪਣੇ ਖੁਦਗਰਜ਼ ਹਿੱਤਾਂ ਤੇ ਨਜ਼ਰੀਏ ਤੋਂ ਉਠਾਉਂਦੇ ਹਨ, ਇਸ ਲਈ ਕੁਝ ਲੋਕ ਕਹਿ ਰਹੇ ਹਨ ਕਿ ਇਨ੍ਹਾਂ ਮਸਲਿਆਂ ਦਾ ਲੋਕਾਂ ਨਾਲ ਕੋਈ ਵਾਸਤਾ ਨਹੀਂ ਹੈ, ਕਿ ਲੋਕਾਂ ਨੂੰ ਇਨ੍ਹਾਂ ਸਮੱਸਿਆਵਾਂ ਦੀ ਚਿੰਤਾ ਨਹੀਂ ਕਰਨੀ ਚਾਹੀਦੀ ਸਗੋਂ ''ਅਸਲੀ ਆਰਥਕ ਮਸਲਿਆਂ ਅਤੇ ਸਮਾਜਵਾਦ ਲਈ ਲੜਨਾ ਚਾਹੀਦਾ ਹੈ । ਪਰ ਪਾਣੀ, ਜ਼ਮੀਨ, ਕੁਦਰਤੀ ਸਾਧਨਾਂ ਵਗੈਰਾ ਦੇ ਮਸਲੇ ਅਸਲੀ ਆਰਥਕ ਮਸਲੇ ਹਨ, ਜਿਨ੍ਹਾਂ ਦਾ ਲੋਕਾਂ ਨਾਲ ਡੂੰਘਾ ਤੁਅੱਲਕ ਹੈ । ਇਨ੍ਹਾਂ ਮਸਲਿਆਂ ਨੂੰ ਨਜ਼ਰ-ਅੰਦਾਜ਼ ਕਰਨ ਦਾ ਮਤਲਬ ਹੈ ਕੇਂਦਰ ਸਰਕਾਰ ਦੇ ਹੱਥਾਂ ਵਿੱਚ ਖੇਲਣਾ । ਇਨ੍ਹਾਂ ਮਸਲਿਆਂ ਨੂੰ ਨਜ਼ਰ-ਅੰਦਾਜ਼ ਕਰਨ ਦਾ ਮਤਲਬ ਜਮਹੂਰੀ ਅੰਦੋਲਨ ਅਤੇ ਲੋਕਾਂ ਦੇ ਹੱਕਾਂ ਦਾ ਖੰਡਨ ਕਰਨਾ ਹੈ । ਇਨ੍ਹਾਂ ਮਸਲਿਆਂ ਨੂੰ ਨਜ਼ਰ-ਅੰਦਾਜ ਕਰਨ ਦੀ ਬਜਾਇ, ਲੋਕਾਂ ਨੂੰ ਸਗੋਂ ਇਹ ਸੰਘਰਸ਼ ਦ੍ਰਿੜ੍ਹਤਾ ਨਾਲ ਅਤੇ ਬਿਨਾਂ-ਸਮਝੌਤਾ ਕੀਤੇ ਅੱਗੇ ਵਧਾਉਣਾ ਚਾਹੀਦਾ ਹੈ ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

## ਭਾਗ ਤੀਜਾ

# ਵਰਤਮਾਨ ਹਾਲਤ (ਦ੍ਰਿਸ਼ਟੀਕੋਣ)

## ਕਾਂਡ ਇੱਕ

# ਅੱਜ ਦਾ ਹਿੰਦੁਸਤਾਨ

ਹਿੰਦੁਸਤਾਨ ਅਤੇ ਪੰਜਾਬ ਵਿੱਚ ਮੌਜੂਦਾ ਹਾਲਤ ਕੇਂਦਰੀ ਸਰਕਾਰ ਦੀ ਪੈਦਾ ਕੀਤੀ ਹੋਈ ਹੈ। ਪਰ ਜੋ ਕੁੱਝ ਅੱਜ ਹਿੰਦੁਸਤਾਨ ਵਿੱਚ ਵਾਪਰ ਰਿਹਾ ਹੈ, ਉਸ ਨੂੰ ਸਮਝਣ ਲਈ ਇਹ ਜ਼ਰੂਰੀ ਹੈ ਕਿ ਇਸ ਸਰਕਾਰ ਦੇ ਪਿਛੋਕੜ ਨੂੰ ਸਮਝਿਆ ਜਾਵੇ, ਜਿਸ ਨੇ ਏਡੀਆਂ ਵੱਡੀਆਂ ਸਮਾਜਿਕ, ਸਿਆਸੀ ਅਤੇ ਆਰਥਿਕ ਸਮੱਸਿਆਵਾਂ ਪੈਦਾ ਕੀਤੀਆਂ ਹਨ। ਹਿੰਦੁਸਤਾਨ ਦਾ ਮੌਜੂਦਾ ਰਾਜ ਢਾਂਚਾ, ਅੰਗਰੇਜ਼ਾਂ ਨਾਲ ਸਮਝੌਤਿਆਂ ਦੇ ਅਧਾਰ 'ਤੇ ਹੋਂਦ ਵਿੱਚ ਆਇਆ ਸੀ। ਜਿਨ੍ਹਾਂ ਲੋਕਾਂ ਨੇ ਬਸਤੀਵਾਦ-ਵਿਰੋਧੀ ਸੰਘਰਸ਼ ਵਿੱਚ ਅੰਗਰੇਜ਼ਾਂ ਵਿਰੁੱਧ ਜਦੋ-ਜਹਿਦ ਕੀਤੀ ਸੀ, ਉਹ ਮੁੱਖ ਤੌਰ 'ਤੇ ਦੋ ਕਿਸਮ ਦੇ ਸਨ : ਇੱਕ ਉਹ ਜਿਹੜੇ ਸਮਝੌਤੇਕਾਰ ਸਨ ਅਤੇ ਦੂਸਰੇ ਉਹ ਜਿਹੜੇ ਅਸਲੀ ਕੌਮਪ੍ਰਸਤ ਅਤੇ ਦੇਸ਼-ਭਗਤ ਸਨ। ਅੰਗਰੇਜ਼ਾਂ ਨੇ ਸਤ੍ਹਾ ਉਨ੍ਹਾਂ ਨੂੰ ਸੌਂਪੀ, ਜੋ ਸਮਝੌਤੇਕਾਰ ਸਨ ਅਤੇ ਹਿੰਦੁਸਤਾਨ ਦਾ ਫਿਰਕੂ ਅਧਾਰ 'ਤੇ ਬਟਵਾਰਾ ਕਰ ਦਿੱਤਾ ਗਿਆ। ਜਿਹੜਾ ਰਾਜ ਕਾਇਮ ਕੀਤਾ ਗਿਆ ਉਹ ਕਦੇ ਵੀ ਅਸਲੀ ਕੌਮ-ਪ੍ਰਸਤ ਨਹੀਂ ਸੀ ; ਇਸ ਨੇ ਕਦੇ ਵੀ ਕੌਮਾਂ, ਕੌਮੀ ਘੱਟ-ਗਿਣਤੀਆਂ ਅਤੇ ਕਬਾਇਲੀ ਲੋਕਾਂ ਨੂੰ ਉਨ੍ਹਾਂ ਦੇ ਹੱਕ ਨਾ ਦਿੱਤੇ। ਕੌਮਾਂ ਨੂੰ ਆਜ਼ਾਦੀ ਨਾ ਮਿਲੀ ਅਤੇ ਲੋਕਾਂ ਦੀ ਸਮਾਜਿਕ ਖਲਾਸੀ ਨਾ ਹੋਈ। ਹਿੰਦੁਸਤਾਨ ਨੇ ਰਸਮੀ ਅਜ਼ਾਦੀ ਹਾਸਲ ਕਰ ਲਈ, ਪਰ ਇਹ ਕੌਮਾਂ, ਕੌਮੀ ਘੱਟ-ਗਿਣਤੀਆਂ ਅਤੇ ਕਬਾਇਲੀ ਲੋਕਾਂ ਲਈ ਇੱਕ ਜੇਲ੍ਹਖਾਨਾ ਬਣ ਗਿਆ। ਆਰਥਿਕ ਪੱਖੋਂ, ਇਹ ਵਿਦੇਸ਼ੀ ਤਾਕਤਾਂ ਉੱਤੇ ਨਿਰਭਰ ਰਿਹਾ, ਜਦ ਕਿ ਮਿਹਨਤਕਸ਼ ਲੋਕਾਂ ਦੀ ਲੁੱਟ, ਦਮਨ ਅਤੇ ਗਰੀਬੀ ਉਵੇਂ ਦੀ ਉਵੇਂ ਕਾਇਮ ਰਹੀ।

ਹਿੰਦੁਸਤਾਨ ਦੀ ਆਜ਼ਾਦੀ ਤੋਂ ਪਹਿਲਾਂ ਲੋਕਾਂ ਨੂੰ ਇਹ ਵਚਨ ਦਿੱਤਾ ਗਿਆ ਸੀ ਕਿ ਦੇਸ਼ ਵਿੱਚ ਹਰ ਅੱਖ ਦਾ ਹਰ ਅੱਥਰੂ ਪੂੰਝ ਦਿੱਤਾ ਜਾਵੇਗਾ। ਪਰ ਆਜ਼ਾਦੀ ਦੇ 40 ਸਾਲਾਂ ਵਿੱਚ, ਅਸੀਂ ਦੇਖਿਆ ਹੈ ਕਿ ਅੱਥਰੂ ਵੱਗਣੋਂ ਕਦੇ ਵੀ ਬੰਦ ਨਹੀਂ ਹੋਏ ਅਤੇ ਰੋ ਰਹੀਆਂ ਅੱਖੀਆਂ ਦੀ ਗਿਣਤੀ ਕਦੀ ਵੀ ਏਨੀ ਜ਼ਿਆਦਾ ਨਹੀਂ ਸੀ ਜਿੰਨੀ ਅੱਜ ਹੈ। ਦੇਸ਼ ਦੇ ਹਾਕਮ, ਪਿਛਲੇ 40 ਸਾਲਾਂ ਵਿੱਚ ਹਿੰਦੁਸਤਾਨੀ ਲੋਕਾਂ ਦੀ ਕੋਈ ਵੀ ਸਮਾਜਿਕ, ਆਰਥਿਕ, ਸਿਆਸੀ ਅਤੇ ਸੱਭਿਆਚਾਰਕ ਸਮੱਸਿਆ ਹੱਲ ਕਰਨ ਵਿੱਚ ਨਾਕਾਮ ਰਹੇ ਹਨ। ਸਗੋਂ ਉਲਟਾ, ਇਨ੍ਹਾਂ ਨੇ ਲੋਕਾਂ ਨੂੰ ਫਿਰਕੂ ਅਧਾਰ 'ਤੇ ਅੱਡੋ-ਫਾੜ ਕਰਨ ਦੀ ਅੰਗਰੇਜ਼ਾਂ ਵਾਲੀ ਘ੍ਰਿਣਤ ਬਸਤੀਵਾਦੀ ਨੀਤੀ ਜਾਰੀ ਰੱਖੀ ਹੈ। ਅਸਲ ਵਿੱਚ, ਬਿਨਾਂ ਕਿਸੇ ਵਧਾ-ਚੜ੍ਹਾ ਤੋਂ ਇਹ ਕਿਹਾ ਜਾ ਸਕਦਾ ਹੈ ਕਿ ਦਿੱਲੀ ਦੇ ਹਿੰਦੁਸਤਾਨੀ ਹਾਕਮ, ਵੱਖ-ਵੱਖ ਕੌਮਾਂ, ਕੌਮੀ ਘੱਟ-ਗਿਣਤੀਆਂ ਅਤੇ ਕਬਾਇਲੀ ਲੋਕਾਂ ਦੀ ਵਸੋਂ ਵਾਲੇ ਇਲਾਕਿਆਂ ਨੂੰ ਆਪਣੀਆਂ ਬਸਤੀਆਂ ਸਮਝਦੇ ਹਨ

Digitized by Panjab Digital Library | www.panjabdigilib.org

ਜਿੱਥੇ ਲੋਕਾਂ ਨਾਲ ਗੁਲਾਮਾਂ ਵਾਲਾ ਸਲੂਕ ਕੀਤਾ ਜਾਂਦਾ ਹੈ । ਫੌਜ ਅਤੇ ਸੀ.ਆਰ.ਪੀ.ਐਫ. ਉੱਤੇ ਭਾਰੀ ਖਰਚਿਆਂ ਨਾਲ, ਅਰਧ-ਫੌਜੀ ਸ਼ਕਤੀਆਂ, ਅਤੇ ਨਿੱਜੀ ਲਸ਼ਕਰਾਂ ਦੀ ਜਥੇਬੰਦੀ ਨਾਲ ਲੋਕਾਂ ਦੇ ਹੱਕਾਂ ਨੂੰ ਬੁਰੀ ਤਰ੍ਹਾਂ ਪੈਰਾਂ ਹੇਠ ਲਿਤਾੜਿਆ ਜਾ ਰਿਹਾ ਹੈ ।

ਮੇਰੇ ਅਨੁਮਾਨ ਅਨੁਸਾਰ, ਅੰਗਰੇਜ਼ਾਂ ਵੱਲੋਂ ਥਾਪੇ ਗਏ ਅਤੇ ਉਨ੍ਹਾਂ ਨਾਲ ਰਾਜ਼ੀਨਾਮਾ ਕਰਨ ਵਾਲਿਆਂ ਅਤੇ ਬਾਅਦ ਵਿੱਚ ਉਨ੍ਹਾਂ ਦੀ ਥਾਂ ਲੈਣ ਵਾਲਿਆਂ ਵੱਲੋਂ ਵਿਕਸਤ ਕੀਤੇ ਗਏ ਨਿਜ਼ਾਮ ਅਧੀਨ, ਅਸਲ ਵਿੱਚ ਪੰਜ ਹਿੰਦੁਸਤਾਨ ਹਨ । ਪਹਿਲਾ, ਵੱਡੇ ਜਗੀਰਦਾਰਾਂ ਅਤੇ ਕਾਰਖਾਨਿਆਂ ਤੇ ਪੈਦਾਵਾਰ ਦੇ ਹੋਰ ਸਾਧਨਾਂ ਦੇ ਮਾਲਕਾਂ ਅਤੇ ਬੈਂਕਾਂ ਦੇ ਮਾਲਕਾਂ ਦਾ ਹਿੰਦੁਸਤਾਨ ਹੈ । ਦੂਜਾ, ਅਫਸਰਸ਼ਾਹੀ ਅਤੇ ਫੌਜ ਦਾ ਹਿੰਦੁਸਤਾਨ, ਸਿਆਸੀ ਰਾਜ ਢਾਂਚੇ ਦਾ ਹਿੰਦੁਸਤਾਨ ਹੈ, ਜੋ ਜਗੀਰਦਾਰਾਂ, ਸਨਅਤਕਾਰਾਂ ਅਤੇ ਬੈਂਕ-ਮਾਲਕਾਂ ਦੇ ਹਿੱਤਾਂ ਦੀ ਸੇਵਾ ਕਰਦਾ ਹੈ । ਤੀਜਾ, ਦਰਮਿਆਨੇ ਤਬਕੇ, ਛੋਟੇ ਕਾਸ਼ਤਕਾਰਾਂ, ਛੋਟੇ ਦੁਕਾਨਦਾਰਾਂ, ਡਾਕਟਰਾਂ, ਵਕੀਲਾਂ, ਅਧਿਆਪਕਾਂ, ਇੰਜਨੀਅਰਾਂ, ਸੇਵਾ-ਸਨਅਤ ਵਿੱਚ ਕੰਮ ਕਰਦੇ ਲੋਕਾਂ, ਆਦਿ ਦਾ ਹਿੰਦੁਸਤਾਨ ਹੈ । ਚੌਥਾ, ਮਜ਼ਦੂਰਾਂ ਅਤੇ ਬੇਜ਼ਮੀਨੇ ਕਿਸਾਨਾਂ, ਹਿੱਸੇ ਜਾਂ ਮਾਮਲੇ 'ਤੇ ਜ਼ਮੀਨ ਵਾਹੁਣ ਵਾਲੇ ਕਿਸਾਨਾਂ ਅਤੇ ਮੁਜਾਰਿਆਂ ਦਾ ਹਿੰਦੁਸਤਾਨ ਹੈ । ਪੰਜਵਾਂ, ਗੰਦੇ ਨਾਲਿਆਂ 'ਤੇ ਰਹਿਣ ਵਾਲਿਆਂ, ਮੰਗਤਿਆਂ ਆਦਿ ਦਾ ਹਿੰਦੁਸਤਾਨ ਹੈ । ਜਿਨ੍ਹਾਂ ਨੂੰ ਸਮਾਜ ਵਿੱਚ ਕੋਈ ਥਾਂ ਨਹੀਂ ਦਿੱਤੀ ਜਾਂਦੀ ।

ਹਰ ਸਾਲ, ਹਿੰਦੁਸਤਾਨ ਦੇ ਵੱਡੇ ਸ਼ਹਿਰਾਂ ਵਿੱਚ, ਹਜ਼ਾਰਾਂ ਹੀ ਲੋਕ ਸੜਕਾਂ ਉੱਤੇ ਜੰਮਦੇ ਅਤੇ ਮਰਦੇ ਹਨ । 50 ਫੀਸਦੀ ਲੋਕ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਹਨ, ਜੋ ਰੋਟੀ, ਕੱਪੜੇ ਅਤੇ ਮਕਾਨ ਦੀਆਂ ਆਪਣੀਆਂ ਬੁਨਿਆਦੀ ਲੋੜਾਂ ਤੋਂ ਵੀ ਸੱਖਣੇ ਹਨ । ਹਿੰਦੁਸਤਾਨ ਵਿੱਚ ਅਜਿਹੇ ਹਜ਼ਾਰਾਂ ਹੀ ਪਿੰਡ ਹਨ, ਜਿੱਥੇ ਲੋਕਾਂ ਨੂੰ ਪੀਣ ਦਾ ਪਾਣੀ ਵੀ ਨਹੀਂ ਮਿਲਦਾ ਅਤੇ ਉਨ੍ਹਾਂ ਨੂੰ ਛੱਪੜਾਂ ਦਾ ਪਾਣੀ ਪੀਣਾ ਪੈਂਦਾ ਹੈ । ਦਿੱਲੀ, ਕਲਕੱਤਾ, ਮਦਰਾਸ ਅਤੇ ਬੰਬਈ ਵਰਗੇ ਵੱਡੇ ਸ਼ਹਿਰਾਂ ਵਿੱਚ 70 ਫੀਸਦੀ ਲੋਕ ਝੁੱਗੀ-ਝੌਪੜੀਆਂ ਅਤੇ ਘਟੀਆ ਮਕਾਨਾਂ ਵਿੱਚ ਰਹਿੰਦੇ ਹਨ । 40 ਫੀਸਦੀ ਕਿਸਾਨੀ ਅਤੇ ਪੇਂਡੂ ਗਰੀਬ ਬੇਜ਼ਮੀਨੇ ਹਨ । ਸਰਕਾਰੀ ਅਨੁਮਾਨਾਂ ਅਨੁਸਾਰ 2 ਕਰੋੜ 20 ਲੱਖ ਲੋਕ ਬੇਰੁਜ਼ਗਾਰ ਹਨ ।[21]

ਬੇਸ਼ੱਕ ਥੋੜ੍ਹਾ-ਬਹੁਤ ਸਨੱਅਤੀਕਰਣ ਹੋਇਆ ਹੈ, ਪਰ ਇਸ ਦਾ ਫਾਇਦਾ ਸਿਰਫ ਧਨਾਢਾਂ ਨੂੰ ਹੀ ਹੋਇਆ ਹੈ । ਮਿਹਨਤਕਸ਼ਾਂ ਲਈ ਇਹ ਸਨੱਅਤੀ ਵਿਕਾਸ ਉਹ ਕੋਈ ਵੀ ਨਿਆਮਤ ਨਹੀਂ ਲਿਆਇਆ ਜਿਨ੍ਹਾਂ ਦਾ ਲਾਰਾ ਲਾਇਆ ਗਿਆ ਸੀ । ਦੇਸ਼ ਵਿੱਚ ਸਭ ਤੋਂ ਪ੍ਰਤੱਖ ਰੁਝਾਨ ਇਹ ਹੈ ਕਿ ਧਨਾਢ ਹੋਰ ਧਨਾਢ ਹੋ ਰਹੇ ਹਨ ਅਤੇ ਗਰੀਬ ਦਿਨੋ-ਦਿਨ ਗਰੀਬ ਹੁੰਦੇ ਜਾਂਦੇ ਹਨ । ਲੋਕਾਂ ਨੂੰ ਪਸ਼ੂਆਂ ਵਾਲਾ ਜੀਵਨ ਬਤੀਤ ਕਰਨਾ ਪੈ ਰਿਹਾ ਹੈ । ਮੁਦਰਾ-ਸਫੀਤੀ, ਚੋਰ-ਬਜ਼ਾਰੀ, ਜ਼ਖੀਰੇਬਾਜ਼ੀ ਅਤੇ ਭ੍ਰਿਸ਼ਟਾਚਾਰ ਹਾਵੀ ਹਨ । ਸਰਕਾਰੀ ਸੂਤਰਾਂ ਅਨੁਸਾਰ ਰੁਪਏ ਦੀ ਕੀਮਤ 1960 ਦੇ ਮੁਕਾਬਲੇ ਅੱਜ ਸਿਰਫ 13 ਪੈਸੇ ਰਹਿ ਗਈ ਹੈ, ਜਾਣੀ ਕਿ ਇਹਦੀ ਕਦਰ ਵਿੱਚ 87 ਫੀਸਦੀ ਕਮੀ ਹੋ ਗਈ ਹੈ ।

ਕਿਸੇ ਵੀ ਪਹਿਲੂ ਵਿੱਚ, ਦਿੱਲੀ ਦੇ ਹਾਕਮ ਲੋਕਾਂ ਦੀਆਂ ਲੋੜਾਂ ਪੂਰੀਆਂ ਨਹੀਂ ਕਰ ਸਕੇ । ਸਮੁੱਚੇ ਰਾਜ-ਢਾਂਚੇ ਦਾ ਮੁਜਰਮੀਕਰਣ ਅਤੇ ਫਿਰਕੂਕਰਣ ਕੀਤਾ ਜਾ ਰਿਹਾ ਹੈ । ਖਬਰ ਹੈ ਕਿ ਉੱਤਰ-ਪ੍ਰਦੇਸ਼ ਵਿੱਚ ਕਾਨੂੰਨ ਬਣਾਉਣ ਵਾਲਿਆਂ ਵਿੱਚੋਂ, 90 ਐਮ.ਐਲ.ਏ. ਐਸੇ

21. 'ਇੰਡੀਆ 1985' (ਨਿਊ ਦਿੱਲੀ: ਗਵਰਨਮੈਂਟ ਆਫ ਇੰਡੀਆ), ਸਫ਼ਾ 229.

Digitized by Panjab Digital Library | www.panjabdigilib.org

ਹਨ ਜਿਨ੍ਹਾਂ ਵਿਰੁੱਧ ਅਗਵਾ ਕਰਨ, ਕਤਲ, ਬਲਾਤਕਾਰ, ਅੱਗਜ਼ਨੀ ਆਦਿ ਦੇ ਦੋਸ਼ ਸਨ । ਬਿਹਾਰ ਵਿੱਚ ਏਸ ਕਿਸਮ ਦੇ 50 ਐਮ.ਐਲ.ਏ. ਹਨ । ਹਰ ਖੇਤਰ ਵਿੱਚ ਅਤੇ ਹਰ ਪੱਧਰ 'ਤੇ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ, ਜਿਵੇਂ ਕਿ ਬੋਫਰਜ਼ ਮਾਮਲੇ ਨੇ ਜ਼ਾਹਿਰ ਕੀਤਾ ਹੈ, ਜਿਸ ਵਿੱਚ ਸਵੀਡਨ ਦੀ ਇੱਕ ਹਥਿਆਰ ਬਣਾਉਣ ਵਾਲੀ ਕੰਪਨੀ ਵੱਲੋਂ ਪ੍ਰਧਾਨ ਮੰਤਰੀ ਅਤੇ ਹੋਰ ਉੱਚ ਅਧਿਕਾਰੀਆਂ ਨੂੰ ਕਰੋੜਾਂ ਹੀ ਡਾਲਰਾਂ ਦੀ ਵੱਢੀ ਦਿੱਤੀ ਗਈ ਹੋਣ ਦਾ ਸ਼ੱਕ ਹੈ । ਉੱਚ ਅਧਿਕਾਰੀਆਂ ਨੇ ਕਰੋੜਾਂ ਹੀ ਰੁਪਏ ਸਵਿਸ ਬੈਂਕਾਂ ਵਿੱਚ ਰੱਖੇ ਹੋਏ ਹਨ । ਖਾਣ-ਪੀਣ ਵਾਲੀਆਂ ਚੀਜ਼ਾਂ ਵਿੱਚ ਮਿਲਾਵਟ ਹੁੰਦੀ ਹੈ । ਏਥੋਂ ਤੱਕ ਕਿ ਨਕਲੀ ਦਵਾਈਆਂ ਵੀ ਬਣਾਈਆਂ ਜਾਂਦੀਆਂ ਹਨ ।

ਸੰਵਿਧਾਨ ਦੀ ਪ੍ਰਸਤਾਵਨਾ ਮੁਤਾਬਿਕ, ਹਿੰਦੁਸਤਾਨ ਇੱਕ ਸਮਾਜਵਾਦੀ, ਧਰਮ-ਨਿਰਪੇਖ ਅਤੇ ਜਮਹੂਰੀ ਰਿਪਬਲਿਕ ਹੈ । ਪਰ ਇਹ ਨਾਂ ਤਾਂ ਧਰਮ-ਨਿਰਪੇਖ ਹੈ, ਨਾ ਸਮਾਜਵਾਦੀ ਅਤੇ ਨਾ ਹੀ ਜਮਹੂਰੀ ਹੈ । ਸਮਾਜਵਾਦ, ਧਰਮ-ਨਿਰਪੇਖਤਾ ਅਤੇ ਜਮਹੂਰੀਅਤ ਦਾ ਕੋਈ ਵੀ ਅਸੂਲ, ਦੇਸ਼ ਦੀ ਸਰਕਾਰ ਲਾਗੂ ਨਹੀਂ ਕਰ ਰਹੀ । ਇੱਕ ਵਾਕਈ ਸਮਾਜਵਾਦੀ ਸਮਾਜ ਉਹ ਹੁੰਦਾ ਹੈ ਜਿੱਥੇ ਪੈਦਾਵਾਰ ਦੇ ਸਾਧਨ ਅਤੇ ਰਾਜਸੀ-ਸੱਤ੍ਹਾ ਮਜ਼ਦੂਰਾਂ ਅਤੇ ਕਿਸਾਨਾਂ ਦੇ ਹੱਥਾਂ ਵਿੱਚ, ਜਾਣੀ ਕਿ ਮਿਹਨਤਕਸ਼ਾਂ ਦੇ ਹੱਥਾਂ ਵਿੱਚ ਹੋਵੇ । ਅਜਿਹਾ ਸਮਾਜ ਧਾਰਮਿਕ ਸੰਸਥਾਵਾਂ ਨੂੰ ਰਾਜ ਤੋਂ ਅਲੱਗ ਕਰਦਾ ਹੈ ਅਤੇ ਬੰਦੇ ਹੱਥੋਂ ਬੰਦੇ ਦੀ ਲੁੱਟ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਲਈ ਢੁੱਕਵੇਂ ਹਾਲਾਤ ਪੈਦਾ ਕਰਦਾ ਹੈ । ਮੇਰੀ ਸਮਝੇ ਤਾਂ ਇਹੀ ਸਮਾਜਵਾਦ, ਧਰਮ-ਨਿਰਪੇਖਤਾ ਅਤੇ ਜਮਹੂਰੀਅਤ ਹੁੰਦੀ ਹੈ । ਮੇਰਾ ਕਿਸੇ ਸਿਆਸੀ ਪਾਰਟੀ ਨਾਲ ਤੁਅੱਲਕ ਨਹੀਂ ਹੈ, ਫਿਰ ਵੀ ਇੱਕ ਕਾਨੂੰਨਦਾਨ ਅਤੇ ਮਨੁੱਖੀ ਅਧਿਕਾਰਾਂ ਲਈ ਕੰਮ ਕਰਨ ਵਾਲੇ ਦੇ ਤੌਰ 'ਤੇ ਮੈਂ ਹੈਰਾਨ ਹਾਂ ਕਿ ਹਿੰਦੁਸਤਾਨੀ ਸਰਕਾਰ ਇਹ ਮੁਹਾਵਰੇ ਕਿਉਂ ਬਾਰ ਬਾਰ ਦੁਹਰਾਉਂਦੀ ਹੈ ਅਤੇ ਅਮਲ ਵਿੱਚ ਇਨ੍ਹਾਂ ਦੇ ਉਲਟ ਚੱਲਦੀ ਹੈ । ਇਨ੍ਹਾਂ ਝੂਠਾਂ ਨੂੰ ਬਾਰ-ਬਾਰ ਦੁਹਰਾਉਣ ਪਿੱਛੇ ਜ਼ਰੂਰ ਕੋਈ ਚਾਲ ਹੋਵੇਗੀ ।

ਖੁਦ ਸੰਵਿਧਾਨ ਵਿੱਚ ਹੀ ਜਮਹੂਰੀਅਤ-ਵਿਰੋਧੀ ਧਾਰਾਵਾਂ ਹਨ। ਕਿਸੇ ਵੀ ਜਮਹੂਰੀ ਸੰਵਿਧਾਨ ਅੰਦਰ ਇੱਕ ਆਪਹੁਦਰਾ ਨਜ਼ਰਬੰਦੀ ਕਾਨੂੰਨ ਬਣਾਉਣ ਦੀ ਇਜਾਜ਼ਤ ਨਹੀਂ ਹੋ ਸਕਦੀ । ਪਰ ਹਿੰਦੁਸਤਾਨੀ ਸੰਵਿਧਾਨ ਵਿੱਚ ਧਾਰਾ 22 ਵਿੱਚ ਇਹ ਇੰਤਜ਼ਾਮ ਹੈ ਕਿ ਰਾਜ ਨਾਗਰਿਕਾਂ ਨੂੰ ਬਿਨਾਂ ਮੁਕੱਦਮਾ ਚਲਾਏ ਨਜ਼ਰਬੰਦ ਰੱਖਣ ਸਬੰਧੀ ਕਾਨੂੰਨ ਪਾਸ ਕਰ ਸਕਦਾ ਹੈ । ਏਸੇ ਤਰ੍ਹਾਂ, ਕੇਂਦਰੀ ਸਰਕਾਰ ਕਿਸੇ ਵੀ ਚੁਣੀ ਹੋਈ ਸੂਬਾਈ ਸਰਕਾਰ ਨੂੰ ਕਿਸੇ ਵੀ ਵੇਲੇ ਬਰਤਰਫ ਕਰ ਸਕਦੀ ਹੈ । ਸਰਕਾਰ ਵਿੱਚ ਸਥਾਨਕ ਪੱਧਰ 'ਤੇ ਕੋਈ ਵੀ ਅਸਲੀ ਤਾਕਤਾਂ ਨਹੀਂ ਹਨ । ਕੇਂਦਰੀ ਸਰਕਾਰ ਜਦ ਮਰਜ਼ੀ ਸ਼ਹਿਰੀ ਅਧਿਕਾਰਾਂ ਨੂੰ ਮਨਸੂਖ ਕਰ ਸਕਦੀ ਹੈ ਤੇ ਐਮਰਜੈਂਸੀ ਠੋਸ ਸਕਦੀ ਹੈ ।

ਨਾ ਹੀ ਕੌਮਾਂ, ਕੌਮੀ ਘੱਟ-ਗਿਣਤੀਆਂ ਅਤੇ ਕਬਾਇਲੀ ਲੋਕਾਂ ਦਾ ਮਸਲਾ ਹੱਲ ਕੀਤਾ ਗਿਆ ਹੈ । ਹਿੰਦੁਸਤਾਨ ਇੱਕ ਐਸਾ ਦੇਸ਼ ਹੈ ਜਿਸ ਵਿੱਚ ਬੁਹਤ ਸਾਰੀਆਂ ਕੌਮਾਂ, ਕੌਮੀ ਘੱਟ-ਗਿਣਤੀਆਂ ਅਤੇ ਕਬਾਇਲੀ ਲੋਕ ਵੱਸਦੇ ਹਨ । ਘੱਟੋ-ਘੱਟ 30 ਵੱਖ-ਵੱਖ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ । ਲੋਕਾਂ ਦਾ ਵੱਖੋ-ਵੱਖਰਾ ਸੱਭਿਆਚਾਰਕ ਅਤੇ ਸਮਾਜਿਕ ਪਿਛੋਕੜ ਹੈ । ਉਨ੍ਹਾਂ ਦੀਆਂ ਵੱਖ-ਵੱਖ ਭੂਗੋਲਿਕ ਹਾਲਤਾਂ, ਇਤਿਹਾਸਕ ਵਿਕਾਸ ਅਤੇ ਅਰਥਚਾਰੇ ਹਨ, ਵੱਖੋ-ਵੱਖ ਮਨੋਬਿਰਤੀਆਂ ਹਨ । ਉਨ੍ਹਾਂ ਦਾ ਆਪੋ-ਆਪਣਾ ਨਵੇਕਲਾ ਕੌਮੀ

Digitized by Panjab Digital Library | www.panjabdigilib.org

ਚਰਿੱਤਰ ਸਦੀਆਂ ਤੋਂ ਵਿਕਸਤ ਹੋਇਆ ਹੈ । ਇਤਿਹਾਸਕ ਤੌਰ 'ਤੇ ਮੁੱਢ ਕਦੀਮ ਤੋਂ ਲੈ ਕੇ ਅਜ਼ਾਦੀ ਤੱਕ, ਹਿੰਦੁਸਤਾਨ ਕਦੇ ਵੀ ਇੱਕੋ ਕੌਮ ਜਾਂ ਦੇਸ਼ ਨਹੀਂ ਸੀ । ਹਿੰਦੁਸਤਾਨ ਦੇ ਵਰਤਮਾਨ ਹਾਕਮ, ਕੌਮਾਂ, ਕੌਮੀ ਘੱਟ-ਗਿਣਤੀਆਂ ਅਤੇ ਕਬਾਇਲੀ ਲੋਕਾਂ ਦੇ ਕਿਸੇ ਵੀ ਵਿਕਾਸ ਨੂੰ ਰੋਕਣ, ਉਨ੍ਹਾਂ ਦੀ ਸ਼ਨਾਖਤ ਅਤੇ ਉਨ੍ਹਾਂ ਦੇ ਸੱਭਿਆਚਾਰ ਅਤੇ ਕੌਮੀ ਉਮੰਗਾਂ ਨੂੰ ਕੁਚਲਣ ਦੀ ਨੀਤੀ ਤੇ ਚੱਲਦੇ ਰਹੇ ਹਨ । ਉਹ ਹਿੰਦੁਸਤਾਨ ਨੂੰ ਫਿਰਕੂ ਅਧਾਰ 'ਤੇ ਅੱਡੋ ਫਾੜ ਕਰਨ ਦੀ ਅੰਗਰੇਜ਼ਾਂ ਵਾਲੀ ਨੀਤੀ ਉੱਤੇ ਹੀ ਚੱਲ ਰਹੇ ਹਨ ।

ਦਿੱਲੀ ਦੇ ਹਾਕਮ ਨਾਅਰਿਆਂ ਦੇ ਸਿਰ 'ਤੇ ਜਿਉਂਦੇ ਹਨ । 1950 ਵਿਆਂ ਵਿੱਚ, "ਸਮਾਜਵਾਦੀ ਵੰਨਗੀ ਦੇ ਸਮਾਜ" ਦਾ ਨਾਅਰਾ ਦਿੱਤਾ ਗਿਆ ਸੀ । ਪਰ ਸਮਾਜਵਾਦੀ ਵੰਨਗੀ ਦਾ ਸਮਾਜ ਕਾਇਮ ਕਰਨ ਲਈ ਕੁੱਝ ਵੀ ਨਾ ਕੀਤਾ ਗਿਆ । 60 ਵਿਆਂ ਦੇ ਅਖੀਰ ਵਿੱਚ "ਗਰੀਬੀ ਹਟਾਓ" ਦਾ ਨਾਅਰਾ ਦਿੱਤਾ ਗਿਆ ਸੀ । ਪਰ ਉਸ ਸਮੇਂ ਤੋਂ ਲੈ ਕੇ ਗਰੀਬੀ ਛੜੱਪੇ ਮਾਰਦੀ ਵੱਧਦੀ ਗਈ ਹੈ । ਹੁਣ "ਏਕਤਾ ਅਤੇ ਅਖੰਡਤਾ" ਦਾ ਨਾਅਰਾ ਦਿੱਤਾ ਗਿਆ ਹੈ । ਕੇਂਦਰੀ ਸਰਕਾਰ ਜੋ ਕਹਿੰਦੀ ਰਹੀ ਹੈ ਅਤੇ ਕਰਦੀ ਉਹਦੇ ਬਿਲਕੁੱਲ ਉਲਟ ਰਹੀ ਹੈ । ਪਹਿਲਾਂ ਇਸਨੇ ਆਸਾਮ ਨੂੰ ਬਲਦੀ ਦੇ ਬੁਥੇ ਧੱਕਿਆ । ਫਿਰ ਗੋਰਖਾਲੈਂਡ 'ਚ ਲਾਂਬੂ ਲਾਏ ਅਤੇ ਅਖੀਰ ਵਿੱਚ ਪੰਜਾਬ ਨੂੰ ਲਹੂ ਦਾ ਛੱਪੜ ਬਣਾ ਕੇ ਰੱਖ ਦਿੱਤਾ ।

ਹਰ ਕੌਮ, ਹਰ ਕੌਮੀ ਘੱਟ-ਗਿਣਤੀ ਅਤੇ ਕਬਾਇਲੀ ਲੋਕਾਂ ਨੂੰ ਉਸੇ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਜਿਸ ਦਾ ਪੰਜਾਬੀ ਲੋਕ ਕਰ ਰਹੇ ਹਨ । ਅਸਾਮੀ ਲੋਕਾਂ, ਨਾਗਿਆਂ, ਮੀਜ਼ੋ ਲੋਕਾਂ, ਗੋਰਖਿਆਂ, ਝਾੜਖੰਡ ਦੇ ਲੋਕਾਂ, ਤਾਮਿਲਾਂ, ਕਬਾਇਲੀ ਅਤੇ ਹੋਰ ਲੋਕਾਂ ਵਿਰੁੱਧ ਫਿਰਕੂ ਹਮਲੇ ਤੇਜ਼ ਕੀਤੇ ਜਾ ਰਹੇ ਹਨ । ਮੁਸਲਮਾਨਾਂ, ਸਿੱਖਾਂ ਅਤੇ ਪੱਟੀ ਦਰਜ ਜਾਤੀਆਂ ਦੇ ਲੋਕਾਂ ਉੱਤੇ ਹਮਲੇ ਤੇਜ਼ ਹੋ ਰਹੇ ਹਨ । ਇੱਕ ਜਾਂ ਦੂਸਰੇ ਬਹਾਨੇ ਹੇਠ ਲੋਕਾਂ ਦਾ ਖੂਨ ਵਹਾਇਆ ਜਾ ਰਿਹਾ ਹੈ । ਅੰਕੜੇ ਦਿਖਾਉਂਦੇ ਹਨ ਕਿ ਪਿਛਲੇ ਪੰਜ ਸਾਲਾਂ ਦੌਰਾਨ ਹਿੰਦੁਸਤਾਨ ਵਿੱਚ ਏਨੇ ਜ਼ਿਆਦਾ ਫਿਰਕੂ ਦੰਗੇ ਹੋਏ ਹਨ, ਜਿੰਨੇ ਅੰਗਰੇਜ਼ਾਂ ਦੇ ਰਾਜ ਦੇ ਪੂਰੇ ਅਰਸੇ ਵਿੱਚ ਨਹੀਂ ਹੋਏ ਸਨ, ਜਦ ਫਿਰਕੂਵਾਦ ਅਤੇ ਹਿੰਦੂ ਸ਼ਾਵਨਵਾਦ ਦੇ ਬੀ ਬੀਜੇ ਗਏ ਸਨ । 1961-1970 ਦੇ ਦਹਾਕੇ ਵਿੱਚ, ਫਿਰਕੂ ਹਿੰਸਾ ਦੀਆਂ 7,964 ਵਾਰਦਾਤਾਂ ਹੋਈਆਂ ਸਨ ਜਿਨ੍ਹਾਂ ਵਿੱਚ 3,195 ਲੋਕ ਮਾਰੇ ਗਏ ਸਨ ਅਤੇ 12,155 ਜ਼ਖ਼ਮੀ ਹੋਏ ਸਨ । 1971-1980 ਦੇ ਦਹਾਕੇ ਵਿੱਚ, ਫਿਰਕੂ ਹਿੰਸਾ ਦੀਆਂ 2,572 ਵਾਰਦਾਤਾਂ ਹੋਈਆਂ, ਜਿਨ੍ਹਾਂ ਦੇ ਸਿੱਟੇ ਵਜੋਂ 1,185 ਬੰਦੇ ਮਾਰੇ ਗਏ ਅਤੇ 15,102 ਜ਼ਖਮੀ ਹੋਏ ਸਨ । ਹੋਮ ਮਨਿਸਟਰੀ ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਮਾਰਚ 1982 ਅਤੇ ਮਾਰਚ 1983 ਦੇ ਵਿਚਕਾਰ, ਇੱਕ ਸਾਲ ਵਿੱਚ 474 ਫਿਰਕੂ ਫਸਾਦ ਹੋਏ, ਜਿਨ੍ਹਾਂ ਵਿੱਚ ਹਜ਼ਾਰਾਂ ਹੀ ਲੋਕ ਮਾਰੇ ਗਏ ਸਨ । 1983-1985 ਦੇ ਅਰਸੇ ਵਿੱਚ ਫਿਰਕੂ ਫਸਾਦਾਂ ਦੀ ਗਿਣਤੀ, ਆਜ਼ਾਦੀ ਤੋਂ ਬਾਅਦ ਦੇ ਕਿਸੇ ਵੀ ਅਰਸੇ ਵਿੱਚ ਹੋਏ ਫਸਾਦਾਂ ਨਾਲੋਂ ਜ਼ਿਆਦਾ ਸੀ । ਇਹ ਰੁਝਾਨ 1985 ਤੋਂ ਹੋਰ ਵੀ ਜ਼ੋਰ ਫੜ ਗਿਆ ।[22] ਇੱਕ ਅਨੁਮਾਨ ਅਨੁਸਾਰ ਹਰੀਜਨਾਂ ਉੱਤੇ ਹਰ ਸਾਲ ਜਗੀਰਦਾਰਾਂ ਵੱਲੋਂ ਕੀਤੇ ਜਾਂਦੇ 10,000 ਹਮਲਿਆਂ ਦੀ ਇਤਲਾਹ ਮਿਲਦੀ ਹੈ, ਜਦਕਿ ਬਹੁਤ ਸਾਰੇ ਦਰਜ ਹੀ ਨਹੀਂ ਕੀਤੇ ਜਾਂਦੇ । ਉਨ੍ਹਾਂ ਦੇ ਘਰਾਂ ਅਤੇ ਪਿੰਡਾਂ ਨੂੰ ਸਾੜ ਦਿੱਤਾ ਜਾਂਦਾ ਹੈ, ਜਿਸ ਵਿੱਚ "ਅਮਨ–ਕਾਨੂੰਨ ਦੇ ਰਾਖਿਆਂ" ਦੀ ਮਿਲੀ-ਭੁਗਤ ਹੁੰਦੀ ਹੈ ।

---

22. ਗੁਪਾਲ ਕਰਿਸ਼ਨ, "ਕਮਿਊਨਲ ਵਾਇਓਲੈਂਸ ਇਨ ਇੰਡੀਆ," ਈਕਨਾਮਿਕ ਐਂਡ ਪੁਲੀਟੀਕਲ ਵੀਕਲੀ (ਬੰਬਈ) ਜਨਵਰੀ 12, 1985, ਸਫਾ 61-74

Digitized by Panjab Digital Library | www.panjabdigilib.org

## ਕਾਂਡ ਦੋ

# ਇਤਿਹਾਸ ਵਿੱਚ ਪੰਜਾਬ ਦੀ ਥਾਂ

ਪੰਜਾਬ ਇੱਕ ਫਾਰਸੀ ਦਾ ਲਫ਼ਜ਼ ਹੈ ਜਿਸ ਦਾ ਅਰਥ ਹੈ ਪੰਜ ਦਰਿਆਵਾਂ ਦੀ ਧਰਤੀ। ਪੁਰਾਤਨ ਸਮੇਂ ਵਿੱਚ ਇਸ ਨੂੰ ਸਪਤ ਸਿੰਧੂ ਜਾਂ ਸੱਤ ਦਰਿਆਵਾਂ ਦੀ ਧਰਤੀ ਆਖਿਆ ਜਾਂਦਾ ਸੀ, ਪਰ ਲੋਕ-ਕਥਾਵਾਂ ਕਹਿੰਦੀਆਂ ਹਨ ਜਦੋਂ ਸਰਸਵਤੀ ਦਰਿਆ ਸੁੱਕ ਗਿਆ, ਤਾਂ ਲੋਕ ਸਿੰਧ ਦਰਿਆ ਨੂੰ ਵੀ ਗਿਣਨੋਂ ਹਟ ਗਏ, ਅਤੇ ਇਸ ਇਲਾਕੇ ਦਾ ਨਾਂ ਪੰਜਾਬ ਪੈ ਗਿਆ। ਪੰਜਾਬ, ਸਿੰਧ ਅਤੇ ਜਮੁਨਾ ਦਰਿਆ ਦੇ ਵਿਚਕਾਰ ਅਤੇ ਸ਼ਿਵਾਲਕ ਪਹਾੜੀਆਂ ਅਤੇ ਰਾਜਪੁਤਾਨਾ ਮਾਰੂਥਲ ਦੇ ਵਿਚਕਾਰ ਸਥਿਤ ਹੈ। ਪੰਜਾਬ ਦੀ ਤੁਲਨਾ ਅਕਸਰ ਹੱਥ ਦੀ ਹਥੇਲੀ ਨਾਲ ਕੀਤੀ ਜਾਂਦੀ ਹੈ ਜਿਸ ਉੱਤੇ ਜਿਹਲਮ, ਚਨਾਬ, ਰਾਵੀ, ਬਿਆਸ ਅਤੇ ਸਤਲੁਜ ਹੱਥ ਦੀਆਂ ਲਕੀਰਾਂ ਦੀ ਤਰ੍ਹਾਂ ਹਨ। ਇਨ੍ਹਾਂ ਖੁਸ਼ਗਵਾਰ ਦਰਿਆਵਾਂ ਨਾਲ ਬਹੁਤ ਸਾਰੀਆਂ ਲੋਕ-ਗਥਾਵਾਂ ਅਤੇ ਕਹਾਣੀਆਂ ਜੁੜੀਆਂ ਹੋਈਆਂ ਹਨ।

ਪੁਰਾਤਨ-ਵਿਗਿਆਨੀਆਂ (ਆਰਕਿਔਲੋਜਿਸਟਾਂ) ਨੇ ਏਥੋਂ ਬਰਛੇ, ਕੁਹਾੜੀਆਂ ਅਤੇ ਹੋਰ ਵਸਤਾਂ ਲੱਭੀਆਂ ਹਨ, ਜਿਨ੍ਹਾਂ ਤੋਂ ਸੰਕੇਤ ਮਿਲਦਾ ਹੈ ਕਿ ਏਸ ਇਲਾਕੇ ਵਿੱਚ 300,000 ਤੋਂ 500,000 ਸਾਲ ਪਹਿਲਾਂ ਮਨੁੱਖ ਵਸਦਾ ਸੀ।[23] ਇਸ ਇਲਾਕੇ 'ਚੋਂ ਮਿਲੀਆਂ ਧਾਤਾਂ ਦੀਆਂ ਬਣੀਆਂ ਵਸਤਾਂ ਸਾਬਤ ਕਰਦੀਆਂ ਹਨ ਕਿ 25,000 ਤੋਂ 20,000 ਬੀ.ਸੀ.ਦੇ ਵਿਚਕਾਰ ਏਥੇ ਚੰਗੀ ਤਰ੍ਹਾਂ ਜਥੇਬੰਦ ਲੋਕਾਂ ਦਾ ਵਾਸਾ ਸੀ। ਮਹਿੰਜੋਦਾੜੋ ਅਤੇ ਹੜੱਪਾ ਦੇ ਪੁਰਾਤਨ ਸ਼ਹਿਰਾਂ ਦੇ ਸਮਿਆਂ ਤੋਂ ਹੀ, ਪੰਜਾਬ ਇਸ ਉਪ-ਮਹਾਂਦੀਪ ਵਿੱਚ ਇਕ ਬਹੁਤ ਹੀ ਮਹੱਤਵਪੂਰਨ ਭੂਮਿਕਾ ਅਦਾ ਕਰਦਾ ਆ ਰਿਹਾ ਹੈ। ਸਿੰਧ ਘਾਟੀ ਦੀ ਸੱਭਿਅਤਾ ਦਾ ਮੈਸੋਪੋਟੇਮੀਆ, ਅਰੇਬੀਆ ਅਤੇ ਅਫਰੀਕਾ ਨਾਲ ਵਪਾਰ ਕਾਫੀ ਉੱਨਤ ਸੀ।

ਪੰਜ ਦਰਿਆਵਾਂ ਦੀ ਇਸ ਧਰਤੀ ਨੇ ਹਿੰਦੁਸਤਾਨ ਦੇ ਇਤਿਹਾਸ ਵਿੱਚ ਸੁਨਿਹਰੀ ਯੁਗ ਦੇ ਨਾਂ ਨਾਲ ਜਾਣੇ ਜਾਂਦੇ ਸਮੇਂ ਵਿੱਚ ਇਕ ਮਹੱਤਵਪੂਰਨ ਭੂਮਿਕਾ ਅਦਾ ਕੀਤੀ ਅਤੇ ਵੱਡੇ ਯੋਗਦਾਨ ਪਾਏ ਸਨ। ਵੇਦ ਇਸੇ ਇਲਾਕੇ ਵਿੱਚ ਲਿਖੇ ਗਏ ਸਨ। ਕਿਹਾ ਜਾਂਦਾ ਹੈ ਵਿਆਸ ਵਰਗੇ ਰਿਸ਼ੀ ਵੀ ਏਥੇ ਹੀ ਪੈਦਾ ਹੋਏ ਸਨ। ਗੀਤਾ ਦੀ ਰਚਨਾ ਵੀ ਏਸੇ ਧਰਤੀ 'ਤੇ ਹੋਈ। ਹਿੰਦੁਸਤਾਨ ਦੇ ਮਹਾਨ ਸਪੂਤਾਂ, ਜੋ ਆਪਣੀ ਬਹਾਦਰੀ ਅਤੇ ਬੀਰਤਾ ਲਈ ਮਸ਼ਹੂਰ ਸਨ, ਜਿਵੇਂ ਕਿ ਕਨਿਸ਼ਕ ਅਤੇ ਹਰਸ਼ਵਰਧਨ, ਨੂੰ ਵੀ ਇਸੇ ਧਰਤੀ ਨੇ ਜਨਮ ਦਿੱਤਾ ਸੀ। ਪ੍ਰਸਿੱਧ ਸਿਆਸਤਦਾਨ, ਚਾਣਕੀਆ ਵੀ ਏਥੇ ਹੀ ਪੈਦਾ ਹੋਇਆ ਦੱਸਿਆ ਜਾਂਦਾ ਹੈ। ਬਾਬਾ ਫਰੀਦ ਅਤੇ ਬੁਲ੍ਹੇ ਸ਼ਾਹ ਵਰਗੇ ਸੂਫੀਆਂ ਨੇ ਵੀ ਏਸੇ ਧਰਤੀ ਤੋਂ ਆਪਣਾ ਸੁਨੇਹਾ ਦਿੱਤਾ ਸੀ। ਬਾਬੇ ਨਾਨਕ ਤੋਂ ਗੁਰੂ ਗੋਬਿੰਦ ਸਿੰਘ ਤੱਕ, ਸਿੱਖਾਂ ਦੇ ਦਸੇ ਗੁਰੂ, ਪੰਜਾਬ ਤੋਂ ਹੀ ਸਨ।

---

23.ਐਸ.ਐਮ. ਅਕਰਮ ਐਂਡ ਪਰਸੀਵਲ ਸਪੀਅਰਜ਼, ਦੀ ਕਲਚਰਲ ਹੈਰੀਟੇਜ ਆਫ ਪਾਕਿਸਤਾਨ (ਆਕਸਫੋਰਡ: ਆਕਸਫੋਰਡ ਯੂਨੀਵਰਸਿਟੀ ਪਰੈਸ, 1955) ਸਫਾ 19-25

Digitized by Panjab Digital Library | www.panjabdigilib.org

ਪੰਜਾਬ, 1849 ਵਿੱਚ ਅੰਗਰੇਜ਼ਾਂ ਵੱਲੋਂ ਜਿੱਤਿਆ ਜਾਣ ਵਾਲਾ ਸੱਭ ਤੋਂ ਆਖਰੀ ਇਲਾਕਾ ਸੀ, ਅਤੇ 1857 ਦੀ ਜੰਗੇ-ਆਜ਼ਾਦੀ ਤੋਂ ਬਾਅਦ ਉਨ੍ਹਾਂ ਖਿਲਾਫ ਬਗਾਵਤ ਕਰਨ ਵਾਲਾ ਪਹਿਲਾ ਇਲਾਕਾ ਸੀ। ਪੰਜਾਬ ਵਿੱਚ ਆਜ਼ਾਦੀ ਦੀ ਆਵਾਜ਼ ਕਦੇ ਵੀ ਬੰਦ ਨਾ ਹੋਈ ਅਤੇ ਖਲਾਸੀ ਦਾ ਪਰਚਮ ਕਦੇ ਵੀ ਨੀਵਾਂ ਨਾ ਕੀਤਾ ਗਿਆ। ਪੰਜਾਬ ਦੇ ਕੂਕਿਆਂ, ਗਦਰੀ ਬਾਬਿਆਂ, ਬੱਬਰ ਅਕਾਲੀਆਂ, ਕਰਤਾਰ ਸਿੰਘ ਸਰਾਭੇ, ਭਗਤ ਸਿੰਘ ਅਤੇ ਊਧਮ ਸਿੰਘ ਵਰਗੇ ਸਪੂਤਾਂ ਨੇ ਇਸ ਧਰਤੀ ਦੀ ਸ਼ਾਨ ਨੂੰ ਹੋਰ ਵੀ ਬੁਲੰਦ ਕੀਤਾ। ਕੁਦਰਤੀ ਅਤੇ ਸਮਾਜਕ ਵਿਗਿਆਨਾਂ ਦਾ ਇਤਿਹਾਸ ਪੰਜਾਬੀ ਹਸਤੀਆਂ ਨਾਲ ਭਰਿਆ ਪਿਆ ਹੈ, ਜਿਨ੍ਹਾਂ ਨੇ ਇਨ੍ਹਾਂ ਖੇਤਰਾਂ ਵਿੱਚ ਬੁਲੰਦੀਆਂ ਛੋਹੀਆਂ ਹਨ। ਕਾਰਲ ਮਾਰਕਸ ਦੇ ਵਿਚਾਰਾਂ ਨੇ, ਗਦਰੀ ਬਾਬਿਆਂ ਅਤੇ ਭਗਤ ਸਿੰਘ ਵਰਗੇ ਅਸਲੀ ਦੇਸ਼-ਭਗਤਾਂ ਉੱਤੇ ਡੂੰਘਾ ਅਸਰ ਪਾਇਆ, ਅਤੇ ਫੈਲਣੇ ਸ਼ੁਰੂ ਹੋ ਗਏ। ਵਿਗਿਆਨਕ ਸਮਾਜਵਾਦ ਦੇ ਇਸ ਸਿਧਾਂਤ ਤੋਂ ਪੰਜਾਬੀ ਨਾ-ਵਾਕਫ ਨਹੀਂ ਹਨ। ਪੰਜਾਬ ਦੀ ਇਹ ਧਰਤੀ ਲੋਕਾਂ ਨੂੰ ਅਸਲੀ ਆਜ਼ਾਦੀ, ਕਿਸੇ ਵੀ ਕਿਸਮ ਦੀ ਲੁੱਟ ਅਤੇ ਦਮਨ ਤੋਂ ਮੁਕਤ ਇਕ ਵਾਕਈ ਜਮਾਤ-ਰਹਿਤ ਸਮਾਜ ਵੱਲ ਅੱਗੇ ਵਧਣ ਲਈ ਪ੍ਰੇਰਦੀ ਹੈ। ਲੁੱਟ ਅਤੇ ਦਮਨ ਦੀ ਵਿਰੋਧਤਾ ਕਰਨਾ ਇਸ ਦੇ ਪੁੱਤਰਾਂ ਅਤੇ ਧੀਆਂ ਦਾ ਧਰਮ ਬਣ ਗਿਆ ਹੈ। ਜਿਵੇਂ ਇਕ ਕਵੀ ਨੇ ਕਿਹਾ ਹੈ :

ਏਥੇ ਸੂਰਮਿਆਂ ਦੀ ਨਹੀਂ ਕੋਈ ਥੋੜ੍ਹ...

ਸਮੁੱਚੇ ਇਤਿਹਾਸ ਵਿੱਚ, ਪੰਜਾਬ ਨੇ ਹਰ ਧਾੜਵੀ ਦਾ ਮੁਕਾਬਲਾ ਕੀਤਾ ਹੈ। ਮਹਾਨ ਸਕੰਦਰ ਨੂੰ ਪੰਜਾਬ ਦੇ ਮੈਦਾਨਾਂ ਵਿੱਚ ਸਖ਼ਤ ਮੁਕਾਬਲੇ ਦਾ ਸਾਹਮਣਾ ਕਰਨਾ ਪਿਆ। ਪੰਜਾਬੀ ਰਾਜੇ ਪੋਰਸ ਉੱਤੇ ਉਹਦੀ ਜਿੱਤ ਉਹਨੂੰ ਏਨੀ ਮਹਿੰਗੀ ਪਈ ਕਿ ਉਹਦੇ ਸੈਨਿਕਾਂ ਨੇ ਹੋਰ ਅੱਗੇ ਜਾਣ ਤੋਂ ਇਨਕਾਰ ਕਰ ਦਿੱਤਾ ਅਤੇ ਸਕੰਦਰ ਨੂੰ ਆਪਣੀਆਂ ਖਾਹਿਸ਼ਾਂ ਅਧੂਰੀਆਂ ਛੱਡਕੇ ਹਿੰਦੁਸਤਾਨ ਤੋਂ ਵਾਪਿਸ ਜਾਣ 'ਤੇ ਮਜਬੂਰ ਹੋਣਾ ਪਿਆ। ਮਹਿਮੂਦ ਗਜ਼ਨੀ ਅਤੇ ਮੁਹੰਮਦ ਗੌਰੀ ਵਰਗੇ ਧਾੜਵੀਆਂ ਨੂੰ ਵੀ ਪੰਜਾਬ ਦੇ ਲੋਕਾਂ ਦੇ ਸਖ਼ਤ ਟਾਕਰੇ ਦਾ ਸਾਹਮਣਾ ਕਰਨਾ ਪਿਆ ਸੀ। ਮੁਗਲ ਸਲਤਨਤ ਦਾ ਮੋਢੀ, ਬਾਬਰ 1526 ਵਿੱਚ ਪੰਜਾਬ ਵਿੱਚ ਪਾਣੀਪਤ ਦੀ ਪਹਿਲੀ ਜੰਗ ਜਿੱਤ ਕੇ ਹੀ ਦਿੱਲੀ ਦਾ ਹਾਕਮ ਬਣਿਆ ਸੀ। ਇਸ ਵੰਸ਼ ਨੇ 200 ਤੋਂ ਵੀ ਜ਼ਿਆਦਾ ਸਾਲਾਂ ਤੱਕ ਹਿੰਦੁਸਤਾਨ ਉਤੇ ਰਾਜ ਕੀਤਾ, ਪਰ ਇਸ ਸਮੁੱਚੇ ਅਰਸੇ ਵਿੱਚ ਪੰਜਾਬ ਇਕ ਤੂਫਾਨੀ ਅਖਾੜਾ ਬਣਿਆ ਰਿਹਾ ਅਤੇ ਮੁਗਲ ਹਾਕਮਾਂ ਵਿਰੁੱਧ ਤੁਰਕਿਸ਼ ਤੇ ਅਫਗਾਨ ਧਾੜਵੀਆਂ ਵਿਰੁੱਧ ਕਈ ਬਗਾਵਤਾਂ ਅਤੇ ਜੰਗਾਂ ਲੜੀਆਂ ਗਈਆਂ।

ਪੰਜਾਬੀ ਨੌਜਵਾਨਾਂ ਦੇ ਸੁਭਾਅ ਦੀ ਪ੍ਰੋਫੈਸਰ ਪੂਰਨ ਸਿੰਘ ਨੇ ਇਕ ਕਵਿਤਾ ਵਿੱਚ ਇਸ ਤਰ੍ਹਾਂ ਉਸਤਤੀ ਕੀਤੀ ਹੈ :

ਇਹ ਬੇਪ੍ਰਵਾਹ ਪੰਜਾਬ ਦੇ
ਮੌਤ ਨੂੰ ਮਖੌਲਾਂ ਕਰਨ
ਮਰਨ ਥੀ ਨਾ ਡਰਦੇ
ਜਾਨ ਤੱਕ ਵਾਰ ਦਿੰਦੇ
ਪਿਆਰ ਨਾਲ ਇਹ ਕਰਨ ਗੁਲਾਮੀ
ਪਰ ਟੈਂ ਨਾ ਮੰਨਣ ਕਿਸੇ ਦੀ
ਡਾਂਗ ਰੱਖ ਮੋਢੇ 'ਤੇ ਖਲੋ ਜਾਣ

Digitized by Panjab Digital Library | www.panjabdigilib.org

ਬਰਤਾਨਵੀਂ ਬਸਤੀਵਾਦੀਆਂ ਨੂੰ ਵੀ ਪੰਜਾਬ ਵਿੱਚ ਜ਼ਬਰਦਸਤ ਵਿਰੋਧਤਾ ਦਾ ਸਾਹਮਣਾ ਕਰਨਾ ਪਿਆ ਸੀ । ਹਾਲਾਂਕਿ ਉਨ੍ਹਾਂ ਨੇ ਹਿੰਦੁਸਤਾਨ ਉਤੇ 150 ਤੋਂ ਜ਼ਿਆਦਾ ਸਾਲ ਰਾਜ ਕੀਤਾ ਸੀ, ਪਰ ਪੰਜਾਬ ਉਤੇ ਉਹ ਆਪਣਾ ਰਾਜ 100 ਸਾਲ ਤੱਕ ਹੀ ਕਾਇਮ ਕਰ ਸਕੇ ਸਨ । ਉਨ੍ਹਾਂ ਨੇ ਇਹ ਸਫਲਤਾ ਤੇਜਾ ਸਿੰਘ, ਲਾਲ ਸਿੰਘ ਅਤੇ ਗੁਲਾਬ ਸਿੰਘ ਵਰਗੇ ਵਜ਼ੀਰਾਂ ਅਤੇ ਜਰਨੈਲਾਂ ਦੀ ਮੱਦਦ ਨਾਲ ਹੀ ਹਾਸਲ ਕੀਤੀ, ਜਿਨ੍ਹਾਂ ਨੇ ਸਿੱਖ ਫੌਜਾਂ ਨਾਲ ਵਿਸਾਹ-ਘਾਤ ਕੀਤਾ । ਮਸ਼ਹੂਰ ਸ਼ਾਇਰ ਸ਼ਾਹ ਮੁਹੰਮਦ ਕਹਿੰਦਾ ਹੈ :

ਸ਼ਾਹ ਮੁਹੰਮਦਾ, ਇਕ ਸਰਕਾਰ ਬਾਝੋਂ,
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ ।
ਅਤੇ
ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,
ਦੋਵੇਂ ਬਾਦਸ਼ਾਹੀ ਫੌਜਾਂ ਭਾਰੀਆਂ ਨੇ ।
ਅੱਜ ਹੋਵੇ ਸਰਕਾਰ ਤੇ ਮੁੱਲ ਪਾਵੇ,
ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੇ ।

ਸ਼ਾਹ ਮੁਹੰਮਦ ਨੇ ਦੱਸਿਆ ਕਿ ਕਿਵੇਂ ਅੰਗਰੇਜ਼ਾਂ ਨੇ ਪੰਜਾਬੀਆਂ ਵਿਰੁੱਧ ਲੜਾਈ ਵਿੱਚ ਆਪਣੇ ਕੰਟਰੋਲ ਹੇਠਲੇ ਹਿੰਦੁਸਤਾਨ ਦੇ ਸਭ ਹਿੱਸਿਆਂ ਤੋਂ ਸੈਨਿਕ ਭਰਤੀ ਕੀਤੇ ਸਨ । ਪੰਜਾਬੀਆਂ ਨੇ ਅੰਗਰੇਜ਼ਾਂ ਦੀ ਨੀਂਦ ਹਰਾਮ ਕਰ ਰੱਖੀ । ਅਜੇ ਅੰਗਰੇਜ਼ਾਂ ਨੇ ਪੰਜਾਬ ਉਤੇ ਕਬਜ਼ਾ ਕੀਤਾ ਹੀ ਸੀ ਕਿ ਕੂਕਾ ਬਗਾਵਤ ਉਠ ਖੜ੍ਹੀ ਹੋਈ ਜੋ ਸੰਘਰਸ਼ ਦੇ ਆਧੁਨਿਕ ਪੜਾਅ, ਕੌਮੀ ਅਤੇ ਸਮਾਜਿਕ ਜਾਗਰਤੀ ਦੇ ਉਭਾਰ ਦੇ ਅਰਸੇ, ਆਧੁਨਿਕ ਪੰਜਾਬੀ ਇਤਿਹਾਸ ਦੇ ਅਰਸੇ, ਦੀ ਸ਼ੁਰੂਆਤ ਲਈ ਇਕ ਹਰੀ ਝੰਡੀ ਸੀ । ਕੂਕਾ ਲਹਿਰ ਦੇ ਆਗੂਆਂ ਨੂੰ ਤੋਪਾਂ ਦੇ ਮੂਹਰੇ ਬੰਨ੍ਹ ਕੇ ਉਡਾ ਦਿੱਤਾ ਗਿਆ ਸੀ, ਉਨ੍ਹਾਂ ਦਾ ਘਾਟਾ ਪੂਰਾ ਕਰਨ ਲਈ ਨਵੇਂ ਦੇਸ਼ਭਗਤ ਗਦਰੀ ਬਾਬੇ, ਬੱਬਰ ਅਕਾਲੀ, ਜਲ੍ਹਿਆਂਵਾਲੇ ਬਾਗ ਦੇ ਸ਼ਹੀਦ, ਗੁਰਦੁਆਰਿਆਂ ਦੀ ਆਜ਼ਾਦੀ ਦੀ ਲਹਿਰ ਦੇ ਸ਼ਹੀਦ, ਕਰਤਾਰ ਸਿੰਘ ਸਰਾਭਾ, ਭਗਤ ਸਿੰਘ, ਊਧਮ ਸਿੰਘ, ਇੰਡੀਅਨ ਨੈਸ਼ਨਲ ਆਰਮੀ ਦੇ ਸੈਨਿਕ ਅਤੇ ਹੋਰ ਛਾਤੀਆਂ ਤਾਣ ਕੇ ਅੱਗੇ ਆਉਂਦੇ ਗਏ । 20ਵੀਂ ਸਦੀ ਦੇ ਸ਼ੁਰੂ ਵਿੱਚ ਮਜ਼ਦੂਰਾਂ-ਕਿਸਾਨਾਂ ਦੀਆਂ ਜਥੇਬੰਦੀਆਂ ਅਤੇ ਪਾਰਟੀਆਂ ਹੋਂਦ ਵਿੱਚ ਆਈਆਂ । ਮਾਰਕਸਵਾਦੀ ਵਿਚਾਰ ਸਭ ਤੋਂ ਵਧੇਰੇ ਖਾੜਕੂ ਅਤੇ ਜਾਗਰਤ ਲੋਕਾਂ ਵਿੱਚ ਫੈਲਣੇ ਸ਼ੁਰੂ ਹੋ ਗਏ ।

ਪੰਜਾਬ ਦੇ ਦੇਸ਼-ਭਗਤ, ਹਿੰਦੁਸਤਾਨ ਦੇ ਆਜ਼ਾਦੀ-ਸੰਘਰਸ਼ ਵਿੱਚ ਅਕਸਰ ਮੋਹਰਲੀਆਂ ਸਫ਼ਾਂ ਵਿੱਚ ਹੋਇਆ ਕਰਦੇ ਸਨ । ਇੰਡੀਅਨ ਨੈਸ਼ਨਲ ਆਰਮੀ ਵਿੱਚ 20,000 ਸੈਨਕ ਸਨ, ਜਿਨ੍ਹਾਂ 'ਚੋਂ 12,000 ਸਿੱਖ ਸਨ । 1000 ਤੋਂ ਵਧੇਰੇ ਪੰਜਾਬੀਆਂ ਦਾ ਅੰਗਰੇਜ਼ਾਂ ਨੇ ਜਲ੍ਹਿਆਂ ਵਾਲੇ ਬਾਗ ਵਿੱਚ ਕਤਲੇਆਮ ਕੀਤਾ ਸੀ । ਕਾਲੇ ਪਾਣੀ ਦੀ ਸਜ਼ਾ ਪਾਉਣ ਵਾਲੇ 2,646 ਆਜ਼ਾਦੀ-ਸੰਗਰਾਮੀਆਂ ਵਿੱਚੋਂ 2147 ਸਿੱਖ ਸਨ । ਅੰਗਰੇਜ਼ਾਂ ਵਲੋਂ ਫਾਂਸੀਆਂ ਤੇ ਲਟਕਾਏ ਗਏ 127 ਦੇਸ਼-ਭਗਤਾਂ ਵਿੱਚੋਂ 92 ਸਿੱਖ ਸਨ ।[24] ਉਨ੍ਹਾਂ ਨੇ ਲਲਕਾਰੇ ਮਾਰ

---

24. ਗਿਆਨ ਸਿੰਘ ਸੰਧੂ, "ਦੀ ਰੂਟਸ ਆਫ ਦੀ ਪਰਾਬਲਮ," ਵਿੱਚ 'ਪੰਜਾਬ ਇੰਨ ਇੰਡੀਅਨ ਪੌਲਿਟਕਸ' ਅਮਰੀਕ ਸਿੰਘ (ਦਿੱਲੀ: ਅਜੰਤਾ, 1985) ਸਫਾ 63

ਕੇ ਐਲਾਨ ਕੀਤਾ ਕਿ ਉਹ ਕਦੇ ਵੀ ਝੁਕਣਗੇ ਨਹੀਂ, ਕਦੇ ਵੀ ਗੁਲਾਮੀ ਨੂੰ ਸਵੀਕਾਰ ਨਹੀਂ ਕਰਨਗੇ :

ਸਰ ਫਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ,
ਦੇਖਨਾ ਹੈ ਜ਼ੋਰ ਕਿਤਨਾ ਬਾਜੂ-ਏ ਕਾਤਿਲ ਮੇਂ ਹੈ ।

ਹਾਲਾਂਕਿ ਇਹ ਦੇਸ਼-ਭਗਤ ਅਤੇ ਸ਼ਹੀਦ ਸਿੱਖ ਸਨ, ਪਰ ਉਨ੍ਹਾਂ ਨੇ ਕਦੇ ਵੀ ਆਪਣੇ-ਆਪ ਨੂੰ ਏਦਾਂ ਨਹੀਂ ਸੀ ਪੇਸ਼ ਕੀਤਾ । ਉਨ੍ਹਾਂ ਵਿੱਚੋਂ ਬਹੁਤ ਸਾਰੇ ਮਾਰਕਸਵਾਦ ਦੇ ਪੈਰੋਕਾਰ ਸਨ, ਜਿਸ ਪੱਖੋਂ ਭਗਤ ਸਿੰਘ ਸੱਭ ਤੋਂ ਪ੍ਰਸਿੱਧ ਹੈ । ਐਪਰ ਕੁੱਝ ਲੋਕਾਂ ਨੇ ਗਲਤੀ ਨਾਲ ਇਨ੍ਹਾਂ ਦੇਸ਼-ਭਗਤਾਂ ਦੇ ਧਾਰਮਿਕ ਪਿਛੋਕੜ ਨੂੰ ਮੁੱਖ ਕਹਿਣਾ ਇਸ ਲਈ ਸ਼ੁਰੂ ਕਰ ਦਿੱਤਾ ਹੈ ਕਿਉਂਕਿ ਕਾਂਗਰਸ (ਇੰ) ਇਹ ਫਿਰਕੂ ਪ੍ਰਚਾਰ ਕਰਦੀ ਹੈ ਕਿ ਸਿੱਖ ਗੱਦਾਰ ਹਨ । ਮੇਰੀ ਇਹ ਦ੍ਰਿੜ੍ਹ ਰਾਇ ਹੈ ਕਿ ਅਸੀਂ ਕਾਂਗਰਸ (ਇੰ) ਜਿੰਨੇ ਕਮੀਨੇ ਨਹੀਂ ਬਣ ਸਕਦੇ । ਅਸੀਂ ਆਪਣੇ ਦੇਸ਼-ਭਗਤਾਂ ਦਾ ਉਨ੍ਹਾਂ ਦੇ ਕਾਰਨਾਮਿਆਂ ਅਤੇ ਕੁਰਬਾਨੀਆਂ ਕਰਕੇ ਸਨਮਾਨ ਕਰਦੇ ਹਾਂ, ਪਰ ਉਨ੍ਹਾਂ ਨੂੰ ਫਿਰਕੂ ਜਾਮੇ ਵਿੱਚ ਪੇਸ਼ ਕਰਨਾ ਉਨ੍ਹਾਂ ਦੀ ਤੌਹੀਨ ਕਰਨ ਦੇ ਬਰਾਬਰ ਹੈ ਅਤੇ ਹਿੰਦੂ ਸ਼ਾਵਨਵਾਦ ਦੀ ਅੱਗ 'ਤੇ ਤੇਲ ਪਾਉਣ ਵਿੱਚ ਕਾਂਗਰਸ (ਇੰ) ਦੇ ਢਾਕੇ ਚੜ੍ਹਨ ਦੇ ਬਰਾਬਰ ਹੈ ।

1947 ਵਿੱਚ ਆਜ਼ਾਦੀ ਵੇਲੇ ਬਟਵਾਰੇ ਦੇ ਦਿਨਾਂ ਵਿੱਚ, ਪੰਜਾਬੀਆਂ ਨੂੰ ਅਕਿਹ ਕਸ਼ਟ ਝੱਲਣੇ ਪਏ ਸਨ । ਲੱਖਾਂ ਹੀ ਲੋਕਾਂ ਨੂੰ ਆਪਣੇ ਵੱਡੇ-ਵਡੇਰਿਆਂ ਦੇ ਘਰਾਂ ਅਤੇ ਜ਼ਮੀਨਾਂ ਤੋਂ ਉਜਾੜ ਕੇ ਪੂਰੇ ਦੇਸ਼ ਵਿੱਚ ਖਿੰਡਾ ਦਿੱਤਾ ਗਿਆ ਸੀ । ਦੁਨੀਆਂ ਦੇ ਇਤਿਹਾਸ ਵਿੱਚ ਹੋਏ ਇਸ ਸਭ ਤੋਂ ਵੱਡੇ ਪ੍ਰਵਾਸ (ਮਾਈਗ੍ਰੇਸ਼ਨ) ਵਿੱਚ 10 ਲੱਖ ਤੋਂ ਵਧੇਰੇ ਪੰਜਾਬੀ ਮਾਰੇ ਗਏ ਸਨ । ਬਟਵਾਰੇ ਵੇਲੇ ਸਭ ਤੋਂ ਵੱਧ ਨੁਕਸਾਨ ਸਿੱਖਾਂ ਦਾ ਹੋਇਆ ਸੀ ਉਨ੍ਹਾਂ ਦੀ ਵਧੇਰੇ ਜ਼ਮੀਨ ਕੇਂਦਰੀ ਪੰਜਾਬ ਵਿੱਚ ਸੀ, ਜੋ ਹੁਣ ਪਾਕਿਸਤਾਨ ਵਿੱਚ ਹੈ । ਜਾਇਦਾਦ ਅਤੇ ਮਨੁੱਖੀ ਜਾਨਾਂ ਪੱਖੋਂ ਸੱਭ ਤੋਂ ਵਧੇਰੇ ਨੁਕਸਾਨ ਸਿੱਖਾਂ ਦਾ ਹੋਇਆ ਸੀ । ਬਟਵਾਰੇ ਦੇ ਫਲਸਰੂਪ, ਪੰਜਾਬ ਦਾ ਕਰੀਬ ਦੋ-ਤਿਹਾਈ ਹਿੱਸਾ ਪਾਕਿਸਤਾਨ ਵਿੱਚ ਮਿਲਾ ਦਿੱਤਾ ਗਿਆ ਅਤੇ ਸਿਰਫ ਇਕ-ਤਿਹਾਈ ਹੀ ਹਿੰਦੁਸਤਾਨ ਵਿੱਚ ਬਚਿਆ । ਇਸ ਇਕ-ਤਿਹਾਈ ਨੂੰ ਵੀ ਫਿਰ ਪੰਜਾਬ, ਹਰਿਆਣਾ ਅਤੇ ਹਿਮਾਚਲ-ਪ੍ਰਦੇਸ਼ ਦੇ ਵਰਤਮਾਨ ਰਾਜਾਂ ਵਿਚਕਾਰ ਵੰਡ ਦਿੱਤਾ ਗਿਆ । ਪੰਜਾਬੀਆਂ ਦੀ ਆਬਾਦੀ ਕਰੀਬ 9 ਕਰੋੜ ਹੈ-5 ਕਰੋੜ ਪਾਕਿਸਤਾਨ ਵਿੱਚ, ਇਕ ਕਰੋੜ 80 ਲੱਖ ਪੰਜਾਬ ਵਿੱਚ, ਅਤੇ ਬਾਕੀ ਦੇ ਹਰਿਆਣਾ, ਹਿਮਾਚਲ ਪ੍ਰਦੇਸ਼, ਦਿੱਲੀ, ਹਿੰਦੁਸਤਾਨ ਦੇ ਹੋਰ ਹਿੱਸਿਆਂ, ਅਤੇ ਵੱਖ-ਵੱਖ ਬਾਹਰਲੇ ਮੁਲਕਾਂ ਵਿੱਚ ਰਹਿੰਦੇ ਹਨ । ਇਹ ਅਨੁਮਾਨ ਹੈ ਕਿ ਵਰਤਮਾਨ ਪੰਜਾਬ ਦੀ ਵਸੋਂ ਵਿੱਚੋਂ ਕਰੀਬ 62 ਫੀਸਦੀ ਸਿੱਖ ਹਨ, 16 ਫੀਸਦੀ ਹਿੰਦੂ ਜਾਤ ਦੇ, ਅਤੇ ਬਾਕੀ ਇਸਾਈ, ਮੁਸਲਮਾਨ ਅਤੇ ਅਨੁਸੂਚਿਤ ਜਾਤੀਆਂ ਦੇ ਲੋਕ ਹਨ । ਪਰ ਪੰਜਾਬੀ ਸਾਰੇ ਹੀ ਪੰਜਾਬੀ ਹਨ । ਉਹਨਾਂ ਦਾ ਧਰਮ ਤੇ ਜਾਤ ਭਾਵੇਂ ਕੋਈ ਵੀ ਹੋਵੇ ।

* * * *

ਹਿੰਦੁਸਤਾਨੀ ਰਾਜ ਦੀਆਂ ਨੀਤੀਆਂ ਨੇ ਪਹਿਲਾਂ ਹੀ ਪੰਜਾਬ ਦੇ ਲੋਕਾਂ ਲਈ ਬਹੁਤ ਹੀ ਕਠਿਨ ਹਾਲਤਾਂ ਪੈਦਾ ਕਰ ਦਿੱਤੀਆਂ ਹਨ, ਜਿੱਥੇ ਜੇ ਕਿਸੇ ਨੂੰ ਥੋੜ੍ਹਾ-ਬਹੁਤ ਫਾਇਦਾ ਹੋਇਆ ਹੈ ਤਾਂ ਉਹ ਧਨਾਢਾਂ ਨੂੰ ਹੀ ਹੋਇਆ । ਇਹ ਕਹਿਣਾ ਬਿਲਕੁਲ ਸਹੀ ਹੈ ਕਿ ਪੰਜਾਬ ਵਿੱਚ ਚਾਹੇ ਕਿਸੇ ਵੀ ਤਰ੍ਹਾਂ ਦੇ ਹਾਲਾਤ ਹਾਵੀ ਰਹੇ ਹੋਣ, ਧਨਾਢ ਲਗਾਤਾਰ ਹੋਰ ਧਨਾਢ

Digitized by Panjab Digital Library | www.panjabdigilib.org

ਹੁੰਦੇ ਗਏ ਹਨ ਅਤੇ ਗਰੀਬ ਹੋਰ ਵਧੇਰੇ ਗਰੀਬ ਹੁੰਦੇ ਗਏ ਹਨ । ਕੇਂਦਰੀ ਸਰਕਾਰ ਦੀ ਹਰ ਪਾਸੇ ਦਖਲ-ਅੰਦਾਜ਼ੀ ਅਤੇ ਇਸ ਦੀਆਂ ਨੀਤੀਆਂ ਨੇ, ਚਾਹੇ ਅਸੀਂ ਕਿਸੇ ਵੀ ਆਰਥਕ-ਸੂਚਕ ਨੂੰ ਦੇਖ ਲਈਏ ਉੱਦਮੀ ਪੰਜਾਬੀਆਂ ਦੇ ਮੋਢਿਆਂ ਉਤੇ ਬੋਝ ਵਿੱਚ ਵਾਧਾ ਹੀ ਕੀਤਾ ਹੈ । ਸਰਕਾਰੀ ਅੰਕੜੇ ਅਤੇ ਵੱਖ-ਵੱਖ ਅਧਿਐਨ ਇਸ ਦੀ ਗਵਾਹੀ ਭਰਦੇ ਹਨ ।

ਅੰਕੜਿਆਂ ਮੁਤਾਬਿਕ, ਪੰਜਾਬ ਵਿੱਚ ਬੇਰੁਜ਼ਗਾਰੀ ਅਤੇ ਅਰਧ ਰੁਜ਼ਗਾਰੀ (ਅੰਡਰ-ਇਮਪਲੋਇਮੈਂਟ) ਵੱਧ ਰਹੀ ਹੈ, ਅਤੇ ਮਿਹਨਤਕਸ਼ ਲੋਕਾਂ ਲਈ ਖਾਸ ਕਰ ਨੌਜਵਾਨਾਂ ਲਈ ਇਕ ਵੱਡੀ ਸਮੱਸਿਆ ਬਣੀ ਹੋਈ ਹੈ । 13 ਅਪ੍ਰੈਲ, 1988 ਦੇ 'ਦੀ ਇਕਨਾਮਿਕ ਟਾਈਮਜ਼' ਦੀ ਇਤਲਾਹ ਹੈ ਕਿ ਸੱਭ ਤੋਂ ਤਾਜ਼ਾ ਮਿਲ ਸਕਣ ਵਾਲੇ (31 ਮਾਰਚ 1986 ਤੱਕ ਦੇ) ਅੰਕੜੇ ਦਿਖਾਉਂਦੇ ਹਨ ਕਿ ਪੰਜਾਬ ਦੀ ਕੁੱਲ ਵਸੋ ਇਕ ਕਰੋੜ 80 ਲੱਖ ਵਿੱਚੋਂ ਤੇ ਕੰਮ ਕਰਨ ਯੋਗ ਸੱਠ ਲੱਖ ਵਸੋਂ ਵਿੱਚੋਂ 6,55,000 ਬੇਰੁਜ਼ਗਾਰ ਹਨ । ਭਾਵੇਂ ਇਹ ਗਿਣਤੀ ਬਹੁਤ ਜ਼ਿਆਦਾ ਹੈ ਫਿਰ ਵੀ ਇਹ ਘਟਾ ਕੇ ਦੱਸੀ ਗਈ ਹੈ ਕਿਉਂਕਿ ਇਹ ਸਿਰਫ ਰਜਿਸਟਰਡ ਬੇਰੁਜ਼ਗਾਰਾਂ ਦੀ ਹੀ ਗਿਣਤੀ ਹੈ । ਇਸ ਵਿੱਚ ਨਾਂ ਰੁਜ਼ਗਾਰ ਦਫ਼ਤਰਾਂ ਵਿੱਚ ਦਰਜ ਨਹੀਂ ਹਨ ਅਤੇ ਅਜੇਹੇ ਬੇਰੁਜ਼ਗਾਰਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ ।

ਪੜ੍ਹੇ-ਲਿਖੇ ਨੌਜਵਾਨਾਂ ਦਾ ਹੋਰ ਵੀ ਬੁਰਾ ਹਾਲ ਹੈ । ਪੰਜਾਬ ਖੇਤੀ-ਬਾੜੀ ਯੂਨੀਵਰਸਿਟੀ ਵਲੋਂ ਕੀਤੇ ਗਏ ਇਕ ਅਧਿਐਨ ਮੁਤਾਬਕ ਪੰਜਾਬ ਵਿੱਚ ਪੜ੍ਹੇ-ਲਿਖੇ ਨੌਜਵਾਨਾਂ ਵਿੱਚੋਂ ਦੋ-ਤਿਹਾਈ ਤੋਂ ਜ਼ਿਆਦਾ (35.6 ਫੀਸਦੀ) ਬੇਰੁਜ਼ਗਾਰ ਹਨ । ਅਨੁਸੂਚਿਤ ਜਾਤੀਆਂ ਨਾਲ ਸਬੰਧ ਰੱਖਣ ਵਾਲੇ 25 ਫੀਸਦੀ ਪੜ੍ਹੇ-ਲਿਖੇ ਨੌਜਵਾਨਾਂ ਦੇ ਮੁਕਾਬਲੇ ਦੂਸਰੇ ਸਮਾਜਕ ਗਰੁੱਪਾਂ ਨਾਲ ਸੰਬੰਧ ਰੱਖਣ ਵਾਲੇ 43 ਫੀਸਦੀ ਪੜ੍ਹੇ-ਲਿਖੇ ਨੌਜਵਾਨ ਬੇਰੁਜ਼ਗਾਰ ਹਨ ।

ਜ਼ਮੀਨ ਦੀ ਮਾਲਕੀਅਤ ਸੰਬੰਧੀ ਅੰਕੜੇ ਦਿਖਾਉਂਦੇ ਹਨ ਕਿ ਜ਼ਮੀਨ ਥੋੜ੍ਹੇ-ਜਿਹੇ ਹੱਥਾਂ ਵਿੱਚ ਇਕੱਤਰ ਹੁੰਦੀ ਜਾ ਰਹੀ ਹੈ । ਵੱਡੇ ਜਗੀਰਦਾਰਾਂ ਦੀ ਜ਼ਮੀਨ ਦੇ ਕਾਫੀ ਵੱਡੇ ਹਿੱਸੇ ਉਤੇ ਮਾਲਕੀਅਤ ਹੈ ਜਦ ਕਿ ਕਿਸਾਨੀ ਦੀ ਇਕ ਵੱਡੀ ਬਹੁ-ਗਿਣਤੀ ਕੋਲ ਬਹੁਤ ਹੀ ਥੋੜ੍ਹੀ ਜਾਂ ਬਿਲਕੁੱਲ ਹੀ ਕੋਈ ਜ਼ਮੀਨ ਨਹੀਂ ਹੈ । ਇਹ ਹਾਲਤ, ਕੇਂਦਰੀ ਅਤੇ ਸੂਬਾਈ ਸਰਕਾਰਾਂ ਵਲੋਂ ਪਾਸ ਕੀਤੇ ਗਏ ਅਖੌਤੀ ਜ਼ਮੀਨੀ-ਸੁਧਾਰਾਂ ਦੇ ਬਾਵਜੂਦ ਕਿਸਾਨੀ ਦੀ ਬਹੁ-ਗਿਣਤੀ ਦੇ ਪੱਖ ਵੱਲ ਨਹੀਂ ਬਦਲ ਰਹੀ ।

ਨੈਸ਼ਨਲ ਸੈਂਪਲ ਸਰਵੇ ਦੇ 26ਵੇਂ ਅਤੇ 37ਵੇਂ ਰਾਊਂਡ ਦੀਆਂ ਰੀਪੋਰਟਾਂ, ਜੋ ਕ੍ਰਮਵਾਰ 1971-72 ਅਤੇ 1981-82 ਮੁਤੱਲਕ ਹਨ, ਤੋਂ ਹੇਠ ਲਿਖੇ ਤੱਥ ਸਾਹਮਣੇ ਆਉਂਦੇ ਹਨ :

1971 ਵਿੱਚ ਬਹੁਤ ਛੋਟੇ, ਛੋਟੇ, ਦਰਮਿਆਨੇ ਅਤੇ ਵੱਡੇ-ਤੇ-ਦਰਮਿਆਨੇ ਕਾਸ਼ਤਕਾਰ ਕ੍ਰਮਵਾਰ 67, 8, 13 ਅਤੇ 11 ਫੀਸਦੀ ਸਨ ਅਤੇ ਪੰਜਾਬ ਦੀ ਕੁੱਲ ਵਾਹੀਯੋਗ ਜ਼ਮੀਨ ਵਿੱਚੋਂ ਉਨ੍ਹਾਂ ਦੀ ਮਾਲਕੀਅਤ ਹੇਠ ਕ੍ਰਮਵਾਰ 4,8, 25 ਅਤੇ 62 ਫੀਸਦੀ ਸੀ । 1981 ਤੱਕ ਵੰਡ ਦੇ ਇਸ ਨਮੂਨੇ ਵਿੱਚ ਕੋਈ ਸੁਧਾਰ ਨਹੀਂ ਸੀ ਹੋਇਆ, ਅਤੇ ਉਪਰ ਦੱਸੇ ਵਰਗੀਕਰਨ ਅਨੁਸਾਰ 67, 10, 12 ਅਤੇ 11 ਫੀਸਦੀ ਕਾਸ਼ਤਕਾਰਾਂ ਕੋਲ ਕ੍ਰਮਵਾਰ 6,11, 23 ਅਤੇ 61 ਫੀਸਦੀ ਜ਼ਮੀਨ ਸੀ । ਸਮੁੱਚੇ ਹਿੰਦੁਸਤਾਨ ਲਈ ਔਸਤਨ ਅੰਕੜੇ ਉਸੇ ਵਰਗੀਕਰਣ ਅਨੁਸਾਰ 67, 15,11, ਅਤੇ 18 ਫੀਸਦੀ ਕਾਸ਼ਤਕਾਰਾਂ ਕੋਲ ਕੁਲ ਵਾਹੀਯੋਗ ਜ਼ਮੀਨ ਦਾ ਕ੍ਰਮਵਾਰ 12, 16, 23 ਅਤੇ 48 ਫੀਸਦੀ ਸੀ, ਜਿਸ ਤੋਂ ਪਤਾ ਲੱਗਦਾ ਹੈ

Digitized by Panjab Digital Library | www.panjabdigilib.org

ਕਿ ਅਮੀਰਾਂ ਅਤੇ ਗਰੀਬਾਂ ਵਿਚਕਾਰ ਪਾੜਾ ਪੰਜਾਬ ਵਿੱਚ, ਹਿੰਦੁਸਤਾਨ ਦੇ ਜ਼ਿਆਦਾਤਰ ਸੂਬਿਆਂ ਨਾਲੋਂ ਅਤੇ ਸਮੁੱਚੇ ਹਿੰਦੁਸਤਾਨ ਦੇ ਔਸਤਨ ਨਾਲੋਂ, ਵਧੇਰੇ ਵੱਡਾ ਸੀ । ਪੰਜਾਬ ਵਿੱਚ ਸੱਭ ਤੋਂ ਧਨਾਢ ਕਾਸ਼ਤਕਾਰ, ਜੋ ਕੁੱਲ ਜ਼ਮੀਨ ਮਾਲਕਾਂ ਦੇ 11 ਫੀਸਦੀ ਦੇ ਬਰਾਬਰ ਹਨ, 1971 ਅਤੇ 1981 ਦੋਨਾਂ ਵਿੱਚ ਹੀ 60 ਫੀਸਦੀ ਤੋਂ ਜ਼ਿਆਦਾ ਜ਼ਮੀਨ ਦੇ ਮਾਲਕ ਸਨ । ਬੇਜ਼ਮੀਨੇ ਅਤੇ ਨਾਂ-ਮਾਤਰ (ਅੱਧੇ ਕਨਾਲ ਤੋਂ ਢਾਈ ਕਨਾਲ ਤੱਕ) ਜ਼ਮੀਨ ਵਾਲੇ ਕਿਸਾਨਾਂ ਦਾ ਅਨੁਪਾਤ ਵੀ ਪੰਜਾਬ ਵਿੱਚ ਹਿੰਦੁਸਤਾਨ ਦੇ ਬਾਕੀ ਸੂਬਿਆਂ ਨਾਲੋਂ ਬਹੁਤ ਜ਼ਿਆਦਾ ਹੈ, ਅਤੇ ਇਹ ਸਮੇਂ ਨਾਲ ਸੁਧਰ ਨਹੀਂ ਰਿਹਾ । ਇਹ 1981 ਵਿੱਚ ਪੂਰੇ ਹਿੰਦੁਸਤਾਨ ਵਿੱਚ 39.9 ਫੀਸਦੀ ਦੇ ਮੁਕਾਬਲੇ ਪੰਜਾਬ ਵਿੱਚ 55.8 ਫੀਸਦੀ ਸੀ । ਧਨਾਢ ਜਗੀਰਦਾਰਾਂ ਅਤੇ ਗਰੀਬ ਤੇ ਬੇਜ਼ਮੀਨੇ ਕਿਸਾਨਾਂ ਵਿਚਕਾਰ ਇਸ ਏਡੇ ਵੱਡੇ ਪਾੜੇ ਤੋਂ ਅਤੇ ਇਸ ਸਚਾਈ ਤੋਂ ਕਿ ਇਹ ਪਾੜਾ, 1972 ਵਿੱਚ ਜ਼ਮੀਨ ਦੀ ਸੋਧੀ ਹੋਈ ਹੱਦਬੰਦੀ ਲਾਗੂ ਕਰਨ ਦੇ ਬਾਵਜੂਦ ਘੱਟ ਨਹੀਂ ਹੋ ਰਿਹਾ, ਪੰਜਾਬ ਵਿੱਚ ਲਾਗੂ ਕੀਤੇ ਗਏ "ਜ਼ਮੀਨੀ ਸੁਧਾਰਾਂ" ਦਾ ਫਰੇਬੀ ਖਾਸਾ ਹੀ ਬੇਨਕਾਬ ਹੁੰਦਾ ਹੈ ।

ਅਕਤੂਬਰ-ਦਸੰਬਰ 1986 ਦੇ 'ਇੰਡੀਅਨ ਜਰਨਲ ਆਫ ਐਗਰੀਕਲਚਰਲ ਇਕਨਾਮਿਕਸ' ਵਿੱਚ ਛਪੇ ਇਕ ਹੋਰ ਅੰਕੜੇ ਦਿਖਾਉਂਦੇ ਹਨ ਕਿ ਹੇਠਲੇ 80 ਫੀਸਦੀ ਕਾਸ਼ਤਕਾਰਾਂ ਦਾ ਖੇਤੀ ਆਮਦਨ ਵਿੱਚ ਹਿੱਸਾ ਜੋ 1971-72 ਵਿੱਚ 59.78 ਫੀਸਦੀ ਸੀ ਉਹ ਘੱਟ ਕੇ 1983-84 ਵਿੱਚ 51.24 ਫੀਸਦੀ ਹੋ ਗਿਆ ਜਦ ਕਿ ਉਤਲੇ 20 ਫੀਸਦੀ ਕਾਸ਼ਤਕਾਰਾਂ ਦਾ ਇਹ ਹਿੱਸਾ 1971-72 ਵਿੱਚ 40.32 ਫੀਸਦੀ ਸੀ ਅਤੇ ਵੱਧ ਕੇ 1983-84 ਵਿੱਚ 48.76 ਫੀਸਦੀ ਹੋ ਗਿਆ । ਸਭ ਤੋਂ ਉਤਲੇ 10 ਫੀਸਦੀ ਕਾਸ਼ਤਕਾਰਾਂ ਨੇ ਆਪਣਾ ਹਿੱਸਾ 23.51 ਫੀਸਦੀ ਤੋਂ ਵਧਾ ਕੇ 30.14 ਫੀਸਦੀ ਕਰ ਲਿਆ ਜਦ ਕਿ ਉਨ੍ਹਾਂ ਤੋਂ ਅਗਲੇ 10 ਫੀਸਦੀ ਕਾਸ਼ਤਕਾਰਾਂ ਦਾ ਇਹ ਹਿੱਸਾ 16.71 ਫੀਸਦੀ ਤੋਂ ਵੱਧ ਕੇ 18.62 ਫੀਸਦੀ ਹੋ ਗਿਆ ਸੀ । ਖੇਤੀ ਆਮਦਨ ਵਿੱਚ ਬਾਕੀ ਸਭ ਕਾਸ਼ਤਕਾਰਾਂ ਦਾ ਹਿੱਸਾ 1971-72 ਤੋਂ 1983-84 ਦਰਮਿਆਨ ਘੱਟ ਹੋ ਗਿਆ । ਦੂਸਰੇ ਲਫਜ਼ਾਂ ਵਿੱਚ, ਇਸ 12 ਸਾਲਾਂ ਦੇ ਅਰਸੇ ਦੌਰਾਨ ਕਾਸ਼ਤਕਾਰਾਂ ਵਿੱਚ ਖੇਤੀ-ਆਮਦਨ ਵਿੱਚ ਨਾ ਬਰਾਬਰੀ ਧਨਾਢ ਕਾਸ਼ਤਕਾਰਾਂ ਦੇ ਪੱਖ ਵਿੱਚ ਹੋਰ ਵੀ ਵੱਧ ਗਈ ।

Digitized by Panjab Digital Library | www.panjabdigilib.org

## ਕਾਂਡ ਤਿੰਨ

# ਆਜ਼ਾਦੀ ਤੋਂ ਲੈ ਕੇ ਹਰਿਮੰਦਰ ਸਾਹਿਬ ਉੱਤੇ ਬਾਰ-ਬਾਰ ਹਮਲਿਆਂ ਤੱਕ

ਜਦ ਅੰਗਰੇਜ਼ ਬਸਤੀਵਾਦੀਏ 1947 ਵਿੱਚ ਰਸਮੀ ਤੌਰ 'ਤੇ ਹਿੰਦੁਸਤਾਨ ਛੱਡ ਗਏ, ਤਾਂ ਹਿੰਦੁਸਤਾਨੀ ਲੋਕ ਅਸਲੀ ਆਜ਼ਾਦੀ ਅਤੇ ਸਮਾਜਕ ਤਰੱਕੀ ਚਾਹੁਦੇ ਸਨ ਤਾਂ ਜੋ ਬਰਤਾਨਵੀ ਕਬਜ਼ੇ ਅਤੇ ਡਾਕਿਆਂ ਦੇ 150 ਸਾਲਾਂ ਤੋਂ ਵਿਰਸੇ ਵਿੱਚ ਮਿਲੀਆਂ ਆਰਥਕ ਅਤੇ ਸਮਾਜਕ ਤੰਗੀਆਂ ਉੱਤੇ ਕਾਬੂ ਪਾਇਆ ਜਾ ਸਕੇ। ਪਰ ਇੰਡੀਅਨ ਨੈਸ਼ਨਲ ਕਾਂਗਰਸ ਵਿਚਲੇ ਸਮਝੌਤਾ ਵਾਦੀਏ, ਹਿੰਦੁਸਤਾਨੀ ਲੋਕਾਂ ਦੀ ਏਕਤਾ ਅਤੇ ਉਨ੍ਹਾਂ ਦੀਆਂ ਕੌਮੀ ਉਮੰਗਾਂ ਨੂੰ ਸਾਕਾਰ ਕਰਨ ਦੇ ਪੱਖ ਵਿੱਚ ਨਹੀਂ ਸਨ। ਉਨ੍ਹਾਂ ਨੇ ਧਾਰਮਕ ਘੱਟ-ਗਿਣਤੀਆਂ ਦੇ ਹੱਕੀ ਰੋਸਾਂ, ਉਲਾਂਭਿਆਂ ਤੇ ਤੌਖਲਿਆਂ ਵੱਲ ਹਮਦਰਦੀ ਵਾਲਾ ਰਵੱਈਆ ਅਪਨਾਉਣ ਦੀ ਬਜਾਇ ਫਿਰਕੂ ਅਤੇ ਤੁਅੱਸਬੀ ਸੋਚ ਦਾ ਰਾਹ ਫੜ ਲਿਆ। ਆਪਣੇ ਹੰਕਾਰੀ ਰਵੱਈਏ ਨਾਲ ਉਹਨਾਂ ਨੇ ਘੱਟ-ਗਿਣਤੀਆਂ ਨੂੰ ਵੱਖਰਾ ਦੇਸ ਬਨਾਉਣ ਵੱਲ ਧੱਕ ਦਿੱਤਾ। ਉਨ੍ਹਾਂ ਨੇ ਅੰਗਰੇਜ਼ਾਂ ਦੀ ਮਿਲੀ-ਭੁਗਤ ਨਾਲ ਪੰਜਾਬ ਦਾ ਬਟਵਾਰਾ ਕੀਤਾ। ਇਸ ਦਾ ਇਕ ਹਿੱਸਾ ਪਾਕਿਸਤਾਨ ਵਿੱਚ ਸ਼ਾਮਲ ਕਰ ਦਿੱਤਾ ਅਤੇ ਬਾਕੀ ਹਿੰਦੁਸਤਾਨ ਵਿੱਚ। ਹਿੰਦੁਸਤਾਨੀ ਲੋਕਾਂ, ਜਿਨ੍ਹਾਂ 'ਚ ਪੰਜਾਬੀ ਲੋਕ ਵੀ ਸ਼ਾਮਲ ਸਨ, ਨੇ ਆਜ਼ਾਦੀ ਲਈ ਆਪਣੇ ਆਰਥਕ, ਸਭਿਆਚਾਰਕ ਅਤੇ ਸਮਾਜਕ ਅਧਿਕਾਰਾਂ ਲਈ ਲੜਾਈ ਕੀਤੀ ਸੀ, ਇਸ ਜਾਂ ਉਸ ਧਰਮ ਲਈ ਨਹੀਂ। ਪਰ ਪੰਡਿਤ ਨਹਿਰੂ ਅਤੇ ਮਹਾਤਮਾ ਗਾਂਧੀ ਨੇ, ਧਾਰਮਕ ਆਧਾਰ ਤੇ ਹਿੰਦੁਸਤਾਨ ਦੇ ਇਸ ਬਟਵਾਰੇ ਨੂੰ ਸੰਘਰਸ਼ ਦਾ ਫਲ ਕਿਹਾ ਤੇ ਹਿੰਦੁਸਤਾਨ ਦੇ ਲੋਕਾਂ ਵਿੱਚ ਨਵੇਂ ਪਾੜੇ ਪਾਉਣ ਅਤੇ ਉਨ੍ਹਾਂ ਨੂੰ ਇਕ-ਦੂਜੇ ਦੇ ਸਿਰ ਦੇ ਵੈਰੀ ਬਣਾਉਣ ਲਈ, ਵੱਖ-ਵੱਖ ਧਾਰਮਕ ਗਰੁੱਪਾਂ ਨਾਲ ਵਾਅਦੇ ਕੀਤੇ। ਪੰਜਾਬ ਵਿੱਚ ਅਤੇ ਬਾਕੀ ਦੇ ਹਿੰਦੁਸਤਾਨ ਵਿੱਚ ਕੌਮੀ ਮਸਲਾ ਹੱਲ ਕਰਨ ਦੀ ਬਜਾਇ ਸਗੋਂ ਹੋਰ ਵੀ ਸੰਗੀਨ ਬਣਾ ਦਿੱਤਾ ਗਿਆ। ਪੰਜਾਬੀ ਲੋਕਾਂ ਉੱਤੇ ਬਟਵਾਰੇ ਦੇ ਕਸ਼ਟ ਠੋਸਣ ਦੇ ਨਾਲੋ-ਨਾਲ, ਪੰਡਤ ਨਹਿਰੂ ਅਤੇ ਮਹਾਤਮਾ ਗਾਂਧੀ ਨੇ ਅਜਿਹੇ ਵਾਅਦੇ ਕਰਕੇ ਫਿਰਕੂ ਤਣਾ ਦੀ ਬਲਦੀ ਅੱਗ 'ਤੇ ਤੇਲ ਪਾਇਆ ਕਿ ਅਜਿਹਾ ਕੋਈ ਸੰਵਿਧਾਨ ਨਹੀਂ ਬਣਾਇਆ ਜਾਵੇਗਾ ਜਿਹੜਾ ਸਿੱਖਾਂ, ਮੁਸਲਮਾਨਾਂ ਅਤੇ ਹੋਰਨਾਂ ਨੂੰ ਕਬੂਲ ਨਾ ਹੋਵੇ।

ਕਾਂਗਰਸ ਪਾਰਟੀ ਦੇ ਲਾਹੌਰ ਇਜਲਾਸ ਵਿੱਚ ਪਾਸ ਕੀਤਾ ਗਿਆ ਇਕ ਮਤਾ ਕਹਿੰਦਾ ਹੈ : "...ਕਿਉਂ ਜੋ ਸਿੱਖਾਂ ਨੇ ਖਾਸ ਕਰਕੇ ਤੇ ਮੁਸਲਮਾਨਾਂ ਅਤੇ ਹੋਰਨਾਂ ਨੇ ਆਮ ਕਰਕੇ, ਨਹਿਰੂ ਰੀਪੋਰਟ ਵਿੱਚ ਤਜਵੀਜ਼ ਕੀਤੇ ਗਏ ਫਿਰਕੂ ਸਵਾਲਾਂ ਦੇ ਹੱਲ ਬਾਰੇ ਅਸੰਤੁਸ਼ਟਤਾ ਜ਼ਾਹਿਰ ਕੀਤੀ ਹੈ, ਕਾਂਗਰਸ ਸਿੱਖਾਂ, ਮੁਸਲਮਾਨਾਂ ਅਤੇ ਹੋਰ ਘੱਟ-ਗਿਣਤੀਆਂ ਨੂੰ ਭਰੋਸਾ ਦੁਆਉਂਦੀ ਹੈ ਕਿ ਭਵਿੱਖ ਦੇ ਕਿਸੇ ਵੀ ਸੰਵਿਧਾਨ ਵਿੱਚ ਇਨ੍ਹਾਂ ਦਾ ਕੋਈ ਵੀ ਹੱਲ ਕਾਂਗਰਸ

Digitized by Panjab Digital Library | www.panjabdigilib.org

ਨੂੰ ਕਬੂਲ ਨਹੀਂ ਹੋਵੇਗਾ, ਜਿਹੜਾ ਸੱਭ ਧਿਰਾਂ ਨੂੰ ਪੂਰੀ ਤਰ੍ਹਾਂ ਸੰਤੁਸ਼ਟ ਨਾ ਕਰਦਾ ਹੋਵੇ ।''[25]

ਗਾਂਧੀ ਨੇ ਵੀ ਅਜੇਹਾ ਹੀ ਭਰੋਸਾ ਦੁਆਇਆ : ''ਮੈਂ ਤੁਹਾਨੂੰ ਮੇਰੇ ਉਤੇ ...ਅਤੇ ਕਾਂਗਰਸ ਦੇ ਮਤੇ ਉਤੇ ਯਕੀਨ ਕਰਨ ਦੀ ਅਪੀਲ ਕਰਦਾ ਹਾਂ ਕਿ ਇਹ (ਕਾਂਗਰਸ ਪਾਰਟੀ) ਇਕ ਪੂਰੇ ਫਿਰਕੇ ਨਾਲ ਤਾਂ ਕੀ, ਇਕ ਇਕੱਲੇ ਵਿਅਕਤੀ ਨਾਲ ਵੀ ਧੋਖਾ ਨਹੀਂ ਕਰੇਗੀ...ਸਾਡੇ ਸਿੱਖ ਦੋਸਤਾਂ ਨੂੰ ਅਜੇਹਾ ਕੋਈ ਤੌਖਲਾ ਨਹੀਂ ਹੋਣਾ ਚਾਹੀਦਾ ਕਿ ਇਹ ਉਨ੍ਹਾਂ ਨਾਲ ਧੋਖਾ ਕਰੇਗੀ । ਕਿਉਂਕਿ ਜਿਸ ਪਲ ਇਹ ਅਜੇਹਾ ਕਰੇਗੀ, ਕਾਂਗਰਸ ਪਾਰਟੀ ਨਾ ਸਿਰਫ ਆਪਣਾ ਸਗੋਂ ਦੇਸ਼ ਦਾ ਸਰਬਨਾਸ਼ ਕਰ ਰਹੀ ਹੋਵੇਗੀ । ਹੋਰ, ਸਿੱਖ ਇਕ ਬਹਾਦਰ ਲੋਕ ਹਨ । ਉਹ ਜਾਣਦੇ ਹਨ ਕਿ ਜੇਕਰ ਕਦੇ ਲੋੜ ਪਈ ਤਾਂ ਆਪਣੇ ਅਧਿਕਾਰਾਂ ਦੀ ਰੱਖਿਆ ਹਥਿਆਰਾਂ ਨਾਲ ਕਿਵੇਂ ਕਰਨੀ ਹੈ ।[26] 1946 ਵਿੱਚ, ਆਲ ਇੰਡੀਆਂ ਕਾਂਗਰਸ ਕਮੇਟੀ ਦੀ ਕਲਕੱਤੇ ਵਿੱਚ ਹੋਈ ਮੀਟਿੰਗ ਵਿੱਚ ਨਹਿਰੂ ਨੇ ਵੀ ਇਸੇ ਭਰੋਸੇ ਦੀ ਪ੍ਰੋੜ੍ਹਤਾ ਕੀਤੀ ਸੀ । ਉਸ ਨੇ ਕਿਹਾ : ''ਪੰਜਾਬ ਦੇ ਸੂਰਬੀਰ ਸਿੱਖ ਖਾਸ ਲਿਹਾਜ਼ਦਾਰੀ ਦੇ ਹੱਕਦਾਰ ਹਨ । ਮੇਰੇ ਖਿਆਲ ਮੁਤਾਬਕ ਉਤਰ ਵੱਚ ਇਕ ਐਸੇ ਇਲਾਕੇ ਅਤੇ ਇਕ ਐਸੇ ਢਾਂਚੇ ਦਾ ਕੋਈ ਹਰਜ ਨਹੀਂ ਹੈ, ਜਿੱਥੇ ਸਿੱਖ ਆਜ਼ਾਦੀ ਦਾ ਨਿੱਘ ਮਾਣ ਸਕਣ ।''[27]

ਨਹਿਰੂ ਅਤੇ ਗਾਂਧੀ ਦੇ ਇਹ ਵਾਅਦੇ ਕਿਸੇ ਵੀ ਗੈਰਤਮੰਦ ਇਨਸਾਨ ਲਈ ਇਕ ਤੌਹੀਨ ਤਾਂ ਸਨ ਹੀ, ਨਾਲੋ-ਨਾਲ ਬਹੁਤ ਅਜੀਬ ਵੀ ਸਨ। ਉਹ ਕੌਣ ਹੁੰਦੇ ਸਨ ''ਆਜ਼ਾਦੀ ਦਾ ਨਿੱਘ'' ਇਕ ਤੋਂ ਖੋਹਣ ਜਾਂ ਦੂਸਰੇ ਨੂੰ ਦੇਣ ਵਾਲੇ ? ਜੇ ਅਸੀਂ ਮਸਲੇ ਨੂੰ ਬਰੀਕੀ ਨਾਲ ਘੋਖੀਏ ਅਤੇ ਹੁਣ ਸਾਡੇ ਕੋਲ ਠੋਕਰਾਂ ਖਾ ਕੇ ਆਈ ਅਕਲ ਵੀ ਹੈ ਤਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਉਹ ਵਾਅਦੇ ਹਿੰਦੂ-ਸ਼ਾਵਨਵਾਦ ਨੂੰ ਭੜਕਾਉਣ ਲਈ ਹੀ ਕਰ ਰਹੇ ਸਨ । ਇਹ ਵਾਅਦੇ ਦਰਅਸਲ ਧਮਕੀਆਂ ਸਨ ਕਿ ''ਜੇ ਤੁਸੀਂ ਸਾਡੇ ਆਖੇ ਨਹੀਂ ਲੱਗਦੇ ਤਾਂ ਅਸੀਂ ਤੁਹਾਡਾ ਮਲੀਆ-ਮੇਟ ਕਰ ਦਿਆਂਗੇ ।'' ਨਹਿਰੂ ਅਤੇ ਗਾਂਧੀ ਹਿੰਦੂ-ਸ਼ਾਵਨਵਾਦ ਦੇ ਹਾਮੀ ਸਨ, ਜਿਸਦੀ ਵਿਚਾਰਧਾਰਾ ਬ੍ਰਾਹਮਣਵਾਦੀ ਵਿਵਸਥਾ ਸੀ ਅਤੇ ਜਿਸ ਦਾ ਪਹਿਰੇਦਾਰ ਅੰਗਰੇਜ਼ ਬਸਤੀਵਾਦ ਸੀ । ਉਹ ਇਹ ਸਾਂਗ ਰਚ ਰਹੇ ਸਨ ਕਿ ਉਹ ਜ਼ਮੀਰ ਦੇ ਹੱਕ ਦੇ ਰਖਵਾਲੇ ਸਨ ਕਿ ਉਹ ਧਰਮ ਨੂੰ ਰਾਜ ਦੇ ਕੰਮਾਂ ਤੋਂ ਅਲੱਗ ਕਰਨ ਦੇ ਹਮਾਇਤੀ ਸਨ । ਉਹ ਗੱਲਾਂ ਆਜ਼ਾਦੀ ਦੀਆਂ ਕਰਦੇ ਸਨ, ਪਰ ਉਨ੍ਹਾਂ ਦੇ ਦਿਲਾਂ ਵਿੱਚ ਲੋਕਾਂ ਨੂੰ ਗੁਲਾਮ ਬਣਾਉਣ ਦੀ ਚਾਹ ਸੀ ।

1947 ਤੋਂ ਬਾਅਦ, ਜਦ ਸਿੱਖ ਲੀਡਰ ਸੰਵਿਧਾਨ ਵਿੱਚ ਗਾਰੰਟੀਆਂ ਬਾਰੇ ਵਿਚਾਰ ਕਰਨ ਲਈ ਪੰਡਿਤ ਨਹਿਰੂ ਨੂੰ ਮਿਲੇ ਤਾਂ ਨਹਿਰੂ ਨੇ ਜਵਾਬ ਦਿੱਤਾ ਕਿ ਸਮੇਂ ਬਦਲ ਚੁੱਕੇ ਸਨ । ਇਹ ਦਿਖਾਉਂਦਾ ਹੈਕਿ ਨਹਿਰੂ ਨੇ ਸਿੱਖਾਂ ਨਾਲ ਵਾਅਦੇ ਸਿਰਫ ਫਿਰਕੂ-ਮਨੋਰਥਾਂ ਲਈ, ਉਨ੍ਹਾਂ ਨੂੰ ਆਪਣੀ ਪੰਜਾਬੀ ਕੌਮ ਦੇ ਹੱਕਾਂ ਲਈ ਲੜਨ ਤੋਂ ਰੋਕਣ ਲਈ ਹੀ ਕੀਤੇ ਸਨ।ਇਹ ਦਿਖਾਉਂਦਾ ਹੈ ਕਿ ਨਹਿਰੂ ਲੋਕਾਂ ਦੀਆਂ ਕੌਮੀ ਉਮੰਗਾਂ ਸਾਕਾਰ ਨਹੀਂ ਸੀ ਕਰਨਾ ਚਾਹੁੰਦਾ,

---

25. ਇਕਬਾਲ ਸਿੰਘ, ਪੰਜਾਬ ਅੰਡਰ ਸੀਜ਼ (ਇਊਯਾਰਕ : ਐਲਨ ਮਕਮਿੱਲਨ ਐਂਡ ਐਂਡਰਸ਼ਨ, (1986), ਸਫਾ 36
26. ਐਮ.ਕੇ.ਗਾਂਧੀ, ਕਮਿਊਨਿਲ ਯੂਨਿਟੀ (ਅਹਿਮਦਾਬਾਦ : ਨਵਜੀਵਨ, 1948), ਸਫਾ 165-167
27. ਦੀ ਸਟੇਟਸਮੈਨ (ਕਲਕੱਤਾ), ਜੁਲਾਈ 7,1946

Digitized by Panjab Digital Library | www.panjabdigilib.org

ਉਹ ਸਿਰਫ ਫਿਰਕੂ ਭਾਂਬੜ ਬਲਦੇ ਰੱਖਣਾ ਚਾਹੁੰਦਾ ਸੀ। ਦਰਅਸਲ, ਸਮੇਂ ਬਦਲੇ ਨਹੀਂ ਸਨ। ਲੋਕ ਅਜੇ ਵੀ ਆਪਣੇ ਹੱਕਾਂ ਤੋਂ ਸੱਖਣੇ ਸਨ।

ਸਿੱਖਾਂ ਨਾਲ ਕੀਤੇ ਗਏ ਵਾਅਦੇ, ਨਹਿਰੂ ਅਤੇ ਗਾਂਧੀ ਦੀ ਇਕ ਸ਼ਰਾਰਤ ਸਨ। ਇਹ ਸ਼ਰਾਰਤ ਹੁਣ ਹਿੰਦੁਸਤਾਨੀ ਸਰਕਾਰ ਵਲੋਂ ਹਜ਼ਾਰਾਂ ਹੀ ਲੋਕਾਂ ਨੂੰ ਕਾਲ-ਕੋਠੜੀਆਂ ਵਿੱਚ ਡੱਕਣ ਅਤੇ ਕਤਲ ਕਰਨ ਨਾਲ, ਰੰਗ ਲਿਆ ਰਹੀ ਹੈ, ਜੋ ਪੰਜਾਬ ਦੇ ਲੋਕਾਂ ਅਤੇ ਹਿੰਦੁਸਤਾਨ ਦੇ ਲੋਕਾਂ ਲਈ ਇਕ ਵੱਡਾ ਦੁਖਾਂਤ ਹੈ।

ਦਿੱਲੀ ਦੇ ਹਾਕਮ ਹੁਣ ਸਿੱਖਾਂ ਨੂੰ ਗਦਾਰ ਕਹਿੰਦੇ ਹਨ ਪਰ ਇਤਿਹਾਸ ਕੁਝ ਹੋਰ ਹੀ ਸਾਬਤ ਕਰਦਾ ਹੈ। ਗਦਾਰ ਉਹ ਹਨ ਜੋ ਅੰਗਰੇਜ਼ਾਂ ਦੇ ਟੋਡੀ ਸਨ ਅਤੇ ਹੁਣ ਫਿਰਕੂ ਹਿੰਸਾ ਅਤੇ ਫਾਸ਼ੀ ਤਸ਼ੱਦਦ ਜਥੇਬੰਦ ਕਰ ਰਹੇ ਹਨ। ਸਿੱਖ ਜੋ ਅਸਲੀ ਦੇਸ਼-ਭਗਤੀ ਦਾ ਮੁਜੱਸਮਾਂ ਸਨ ਅਤੇ ਜਿਨ੍ਹਾਂ ਨੇ ਹਿੰਦੁਸਤਾਨ ਦੀ ਆਜ਼ਾਦੀ ਲਈ ਸੂਰਮਗਤੀ ਵਾਲੇ ਕਾਰਨਾਮੇ ਕੀਤੇ ਸਨ, ਉਨ੍ਹਾਂ ਨੂੰ ਭੁਲਾਇਆ ਨਹੀਂ ਜਾ ਸਕਦਾ, ਅਤੇ ਉਨ੍ਹਾਂ ਦੇ ਕਾਰਨਾਮਿਆਂ ਨੂੰ ਇਤਿਹਾਸ ਵਿੱਚੋਂ ਮਿਟਾਇਆ ਨਹੀਂ ਜਾ ਸਕਦਾ।

ਅੱਜ ਵੀ ਹਾਲਤ ਉਸੇ ਤਰ੍ਹਾਂ ਦੀ ਹੈ। ਧਾਰਮਕ ਘੱਟ-ਗਿਣਤੀਆਂ ਬਾਰੇ ਸਾਰੀ ਗੱਲਬਾਤ ਸਰਕਾਰ ਵਲੋਂ ਵਿਛਾਇਆ ਗਿਆ ਇਕ ਜਾਲ ਹੈ ਜਿਸ ਦਾ ਮਨੋਰਥ ਇਹ ਯਕੀਨੀ ਬਣਾਉਣਾ ਹੈ ਕਿ ਲੋਕ ਇਕ-ਦੂਸਰੇ ਨੂੰ ਕਤਲ ਕਰਨ, ਅਤੇ ਇਸ ਤਰ੍ਹਾਂ ਸਰਕਾਰ ਨੂੰ ਆਪਹੁਦਰੇ ਢੰਗ ਨਾਲ ਜਬਰ ਢਾਹੁਣ ਦਾ ਬਹਾਨਾ ਮਿਲ ਜਾਵੇ। ਨਾਲੋ-ਨਾਲ ਇਸ ਦਾ ਮਨੋਰਥ ਲੋਕਾਂ ਨੂੰ ਆਪਣੀਆਂ ਅਸਲੀਂ ਸਮੱਸਿਆਵਾਂ ਹੱਲ ਕਰਨ ਤੋਂ ਰੋਕਣਾ ਵੀ ਹੈ।

ਸਿੱਖਾਂ ਨੂੰ "ਆਜ਼ਾਦੀ ਦੇ ਨਿੱਘ" ਦਾ ਵਾਅਦਾ, ਉਨ੍ਹਾਂ ਸ਼ਖਸਾਂ ਦਾ ਰਚਿਆ ਹੋਇਆ ਇਕ ਅਡੰਬਰ ਸੀ ਜਿਹੜੇ ਦਿਲੋਂ ਲੋਕਾਂ ਨੂੰ ਗੁਲਾਮ ਬਣਾਉਣਾ ਚਾਹੁੰਦੇ ਸਨ, ਜਿਹੜੇ ਲੋਕਾਂ ਦੇ ਆਪਣੀ ਆਜ਼ਾਦੀ ਅਤੇ ਹੱਕ ਜਿੱਤਣ ਦੇ ਦ੍ਰਿੜ੍ਹ ਇਰਾਦੇ ਤੋਂ ਖੌਫ ਖਾਂਦੇ ਸਨ, ਅਤੇ ਜਿਹੜੇ ਅੰਗਰੇਜ਼ ਬਸਤੀਵਾਦੀਆਂ ਦੇ ਅਤੇ ਹਿੰਦੁਸਤਾਨੀ ਲੋਕਾਂ ਦੇ ਹੋਰ ਦੁਸ਼ਮਣਾਂ ਦੇ ਲੰਗੋਟੀਏ ਯਾਰ ਸਨ। ਇਹ ਉਨ੍ਹਾਂ ਸ਼ਖਸਾਂ ਦਾ ਰਚਿਆ ਹਇਆ ਅਡੰਬਰ ਸੀ, ਜਿਹੜੇ ਸਿੱਖਾਂ ਨੂੰ ਬਲੀ ਦੇ ਬੱਕਰੇ ਬਣਾਉਣਾ ਚਾਹੁੰਦੇ ਸਨ, ਹਾਲਾਂਕਿ ਲੱਖਾਂ ਹੀ ਪੰਜਾਬੀਆਂ ਖਾਸ ਕਰ ਸਿੱਖ ਪਿਛੋਕੜ ਵਾਲੇ ਪੰਜਾਬੀਆਂ, ਨੇ ਮੂਹਰਲੀਆਂ ਸਫਾਂ 'ਚ ਹੋ ਕੇ ਹਿੰਦੁਸਤਾਨ ਦੀ ਆਜ਼ਾਦੀ ਲਈ ਲੜਾਈ ਕੀਤੀ ਸੀ।

ਹਿੰਦੁਸਤਾਨ ਵਿੱਚ ਸਮੱਸਿਆ ਧਰਮ ਦੀ ਨਹੀਂ ਹੈ, ਬਲਕਿ ਇਕ ਐਸੀ ਸਰਕਾਰ ਦੀ ਹੈ ਜੋ ਧਰਮ ਨੂੰ ਲੋਕਾਂ ਵਿੱਚ ਪਾੜੇ ਪਾਉਣ ਲਈ ਵਰਤਦੀ ਹੈ, ਜੋ ਫਿਰਕੂ ਫਸਾਦ ਜਥੇਬੰਦ ਕਰਦੀ ਹੈ, ਜੋ "ਅਮਨ-ਕਾਨੂੰਨ" ਦੇ ਬਹਾਨੇ ਹੇਠ ਲੋਕਾਂ ਦੇ ਹੱਕਾਂ ਨੂੰ ਪੈਰਾਂ ਹੇਠ ਲਿਤਾੜਦੀ ਹੈ, ਅਤੇ ਜੋ ਆਪਣੇ ਹੱਕਾਂ ਲਈ ਲੜਨ ਵਾਲਿਆਂ ਵਿਰੁੱਧ ਫੌਜ ਅਤੇ ਪੁਲਸ ਨੂੰ ਵਰਤਦੀ ਹੈ। ਇਸ ਸਰਕਾਰ ਦੀ ਸਰਪ੍ਰਸਤੀ ਹੇਠ, ਵੱਖ-ਵੱਖ ਇਲਾਕਿਆਂ ਦੇ ਲੋਕਾਂ ਦੀ ਲੁੱਟ, ਕਤਲ ਅਤੇ ਜਬਰ-ਜਿਨਾਹ, ਇਕ ਆਮ ਗੱਲ ਬਣ ਗਏ ਹਨ। ਇਸ ਸਰਕਾਰ ਦੀ ਛਤਰ-ਛਾਇਆ ਹੇਠ, ਵਿਦੇਸ਼ੀ ਤਾਕਤਾਂ ਉਤੇ ਆਰਥਕ ਨਿਰਭਰਤਾ ਦਿਨ-ਬ-ਦਿਨ ਵਧਦੀ ਜਾ ਰਹੀ ਹੈ। ਇਸ ਸਰਕਾਰ ਦੀ ਛਤਰ-ਛਾਇਆ ਹੇਠ ਸੱਭਿਆਚਾਰਕ ਗਿਰਾਵਟ ਸੱਭ ਹੱਦਾਂ-ਬੰਨੇ ਪਾਰ ਕਰਦੀ ਜਾ ਰਹੀ ਹੈ।

* * * *

Digitized by Panjab Digital Library | www.panjabdigilib.org

ਹਿੰਦੁਸਤਾਨ ਦੀਆਂ ਸੱਭ ਕੌਮਾਂ, ਕੌਮੀ ਘੱਟ-ਗਿਣਤੀਆਂ ਅਤੇ ਕਬਾਇਲੀ ਲੋਕਾਂ ਨੂੰ ਗੁਲਾਮ ਬਣਾ ਕੇ ਰੱਖਿਆ ਗਿਆ ਹੈ । ਹੇਠਾਂ ਅਸੀਂ ਘਟਨਾਵਾਂ ਦਾ ਲੜੀਵਾਰ ਵੇਰਵਾ ਦੇ ਰਹੇ ਹਾਂ ਜੋ ਪੰਜਾਬ ਮੁਤੱਲਕ ਕੇਂਦਰੀ ਸਰਕਾਰ ਦੇ ਗੁਲਾਮਕਰੂ ਅਤੇ ਫੁੱਟ-ਪਾਊ ਖਾਸੇ ਨੂੰ ਬੇਨਕਾਬ ਕਰਦਾ ਹੈ । ਸੱਭ ਤੋਂ ਪਹਿਲੀ ਧਿਆਨ-ਗੋਚਰੇ ਗੱਲ ਇਹ ਹੈ ਕਿ ਦਿੱਲੀ ਦੇ ਹਾਕਮਾਂ ਦਾ ਹਿੰਦੁਸਤਾਨ ਨੂੰ ਇਤਿਹਾਸਕ ਤੌਰ 'ਤੇ ਵਿਕਸਤ ਹੋਈਆਂ ਕੌਮਾਂ, ਕੌਮੀ ਘੱਟ-ਗਿਣਤੀਆਂ ਅਤੇ ਕਬਾਇਲੀ ਲੋਕਾਂ ਦੇ ਆਧਾਰ 'ਤੇ ਮੁੜ-ਜਥੇਬੰਦ ਕਰਨ ਦਾ ਕੋਈ ਇਰਾਦਾ ਨਹੀਂ ਸੀ । ਸਗੋਂ ਉਲਟਾ, ਉਨ੍ਹਾਂ ਦਾ ਨਾਮੋ-ਨਿਸ਼ਾਂ ਮਿਟਾਉਣ ਲਈ ਤਰ੍ਹਾਂ-ਤਰ੍ਹਾਂ ਦੇ "ਨੁਸਖੇ" ਘੜੇ ਗਏ ਸਨ ।

1952 ਵਿੱਚ ਭਾਸ਼ਾਈ ਅਤੇ ਸੱਭਿਆਚਾਰਕ ਆਧਾਰ 'ਤੇ ਸੂਬਿਆਂ ਦੀ ਹੱਦਬੰਦੀ ਕਰਨ ਲਈ ਇਕ ਭਾਸ਼ਾਈ ਕਮਿਸ਼ਨ ਨਿਯੁਕਤ ਕੀਤਾ ਗਿਆ ਸੀ । ਉਸ ਕਮਿਸ਼ਨ ਨੇ ਬਾਕੀ ਭਾਸ਼ਾਈ ਸੂਬਿਆਂ, ਜਿਵੇ ਕਿ ਆਂਧਰਾ ਪ੍ਰਦੇਸ਼, ਕੇਰਲਾ ਆਦਿ ਬਣਾਏ ਜਾਣ ਦੀ ਸਿਫਾਰਸ਼ ਕੀਤੀ, ਪਰ ਪੰਜਾਬੀ ਬੋਲੀ ਵਾਲਾ ਸੂਬਾ ਬਣਾਉਣ ਦੀ ਕੋਈ ਸਿਫਾਰਸ਼ ਨਾ ਕੀਤੀ । ਬਾਅਦ ਵਿੱਚ ਤਿੰਨ ਮੋਰਚਿਆਂ ਦਾ ਸਾਹਮਣਾ ਕਰਨ ਤੋਂ ਪਿੱਛੋਂ 1966 ਵਿੱਚ ਕੇਂਦਰੀ ਸਰਕਾਰ ਨੇ ਆਖਰਕਾਰ ਪੰਜਾਬੀ-ਬੋਲੀ ਵਾਲਾ ਸੂਬਾ ਬਣਾਉਣ ਦਾ ਫੈਸਲਾ ਕੀਤਾ ਸੀ ।

ਕੇਂਦਰੀ ਸਰਕਾਰ ਨੇ, ਖਾਸ ਕਰ ਨਹਿਰੂ ਅਤੇ ਕਾਂਗਰਸ ਪਾਰਟੀ ਨੇ 1950 ਵਿਆਂ ਦੇ ਸ਼ੁਰੂ ਤੋਂ ਹੀ ਪੰਜਾਬੀਆਂ ਵਿੱਚ ਵੰਡੀਆਂ ਪਾਉਣੀਆਂ ਆਰੰਭ ਦਿੱਤੀਆਂ ਸਨ । 1951 ਦੀ ਮਰਦਮ-ਸ਼ੁਮਾਰੀ ਵਿੱਚ, ਕਾਂਗਰਸ ਪਾਰਟੀ ਨੇ ਪੰਜਾਬੀ ਹਿੰਦੂਆਂ ਨੂੰ ਸ਼ਹਿ ਦਿੱਤੀ ਕਿ ਉਹ ਪੰਜਾਬੀ ਨੂੰ ਆਪਣੀ ਮਾਤ-ਭਾਸ਼ਾ ਨਾ ਦੱਸਣ, ਅਤੇ ਆਜ਼ਾਦੀ ਤੋਂ ਬਾਅਦ ਪੰਜਾਬ ਦਾ ਦੁਖਾਂਤ ਉਸ ਵੇਲੇ ਤੋਂ ਹੀ ਸ਼ੁਰੂ ਹੋ ਗਿਆ । 1961 ਦੀ ਮਰਦਮ-ਸ਼ੁਮਾਰੀ ਵਿੱਚ ਵੀ ਜ਼ਿਆਦਾਤਰ ਪੰਜਾਬੀ ਹਿੰਦੂਆਂ ਨੇ ਇਹ ਨਿਹੱਕਾ ਐਲਾਨ ਕੀਤਾ ਕਿ ਉਨ੍ਹਾਂ ਦੀ ਬੋਲੀ ਹਿੰਦੀ ਹੈ । ਇਸ ਨੇ ਪੰਜਾਬੀਆਂ ਨੂੰ ਫਿਰਕੂ ਆਧਾਰ 'ਤੇ ਅੱਡੋ-ਫਾੜ ਕਰ ਦਿੱਤਾ ।

ਪੰਜਾਬੀ ਬੋਲੀ ਵਾਲੇ ਸੂਬੇ ਦੀ ਹੱਦਬੰਦੀ ਵੀ ਫਿਰਕੂ ਆਧਾਰ 'ਤੇ ਕੀਤੀ ਗਈ ਸੀ । ਪੰਜਾਬੀ ਬੋਲਦੇ ਬਹੁਤ ਸਾਰੇ ਇਲਾਕੇ ਇਸ ਪੰਜਾਬੀ ਬੋਲੀ ਵਾਲੇ ਸੂਬੇ ਵਿੱਚੋਂ ਬਾਹਰ ਰੱਖੇ ਗਏ ਸਨ । ਸਰਦਾਰ ਹੁਕਮ ਸਿੰਘ ਦੀ ਚੇਅਰਮੈਨਸ਼ਿਪ ਹੇਠਲੀ ਕਮੇਟੀ ਨੇ ਪੰਜਾਬੀ ਬੋਲਦੇ ਇਲਾਕੇ ਨੂੰ ਪੰਜਾਬੀ ਬੋਲੀ ਵਾਲਾ ਸੂਬਾ ਬਣਾਉਣ, ਜਿਸ ਦੀ ਰਾਜਧਾਨੀ ਚੰਡੀਗੜ੍ਹ ਹੋਵੇਗੀ, ਅਤੇ ਹਿੰਦੀ ਬੋਲਦੇ ਇਲਾਕੇ ਨੂੰ ਹਰਿਆਣਾ ਸੂਬਾ ਬਣਾਉਣ ਦੀ ਸਿਫਾਰਸ਼ ਕੀਤੀ ਸੀ । ਪਰ ਸਰਕਾਰ ਨੇ ਇਸ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਰੱਦ ਕਰ ਦਿੱਤਾ ਅਤੇ ਸ਼ਾਹ ਕਮਿਸ਼ਨ ਬਿਠਾ ਦਿੱਤਾ, ਜਿਸ ਨੇ ਪੰਜਾਬੀ ਬੋਲਦੇ ਜ਼ਿਆਦਾਤਰ ਇਲਾਕੇ ਪੰਜਾਬ ਤੋਂ ਬਾਹਰ ਕੱਢ ਦਿੱਤੇ ।

ਦਰਅਸਲ, ਇਹ ਇਕ ਪੰਜਾਬੀ ਬੋਲੀ ਵਾਲਾ ਸੂਬਾ ਨਹੀਂ ਸਗੋਂ ਸਿੱਖ ਬਹੁ-ਗਿਣਤੀ ਵਾਲਾ ਸੂਬਾ ਸੀ । ਇਹ ਇਕ ਪਾਸੇ ਤਾਂ ਪੰਜਾਬ ਦਾ ਇਕ ਮੁਜਰਿਮਾਨਾ ਬਟਵਾਰਾ ਸੀ, ਅਤੇ ਦੂਜੇ ਪਾਸੇ ਇਸ ਨੇ ਫਿਰਕੂਵਾਦ ਦੀ ਬਲਦੀ ਅੱਗ 'ਤੇ ਤੇਲ ਪਾਇਆ । ਜਿਹੜੇ ਪੰਜਾਬੀ ਅਸਲ ਵਿੱਚ ਅੰਗਰੇਜ਼ਾਂ ਦੇ ਪਿੱਠੂ ਸਨ ਹੁਣ ਕਾਂਗਰਸ ਦੇ ਪਿੱਠੂ ਬਣ ਗਏ, ਜਿਹੜੀ ਲੋਕਾਂ ਦੀਆਂ ਕੌਮੀ ਉਮੰਗਾਂ ਨੂੰ ਪੈਰਾਂ ਹੇਠ ਲਿਤਾੜਨ ਲਈ ਬਜ਼ਿੱਦ ਸੀ ।

ਅਕਾਲੀ ਪਾਰਟੀ ਨੇ ਉਸ ਵਕਤ ਇਕ ਮਤਾ ਪਾਸ ਕੀਤਾ ਅਤੇ ਆਪਣੇ ਮੈਂਬਰਾਂ ਨੂੰ ਆਦੇਸ਼ ਦਿੱਤਾ ਕਿ ਉਹ ਪਾਰਲੀਮੈਂਟ ਵਿੱਚ ਪੰਜਾਬ ਰੀ-ਆਰਗੇਨਾਈਜ਼ੇਸ਼ਨ ਬਿੱਲ ਦਾ ਵਿਰੋਧ

Digitized by Panjab Digital Library | www.panjabdigilib.org

ਕਰਨ । ਅਕਾਲੀ ਪਾਰਟੀ ਦੇ ਪਾਰਲੀਮੈਂਟ ਦੇ ਮੈਂਬਰ ਕਪੂਰ ਸਿੰਘ ਨੇ ਕਿਹਾ ਕਿ ਕਾਇਮ ਕੀਤਾ ਜਾ ਰਿਹਾ ਸੂਬਾ ਪੰਜਾਬੀ ਬੋਲੀ ਵਾਲਾ ਸੂਬਾ ਨਹੀਂ ਸੀ, ਕਿਉਂਕਿ ਪੰਜਾਬੀ ਬੋਲਦੇ ਜ਼ਿਆਦਾਤਰ ਇਲਾਕੇ ਤਾਂ ਇਸ ਸੂਬੇ ਤੋਂ ਬਾਹਰ ਰੱਖੇ ਜਾ ਰਹੇ ਸਨ, ਅਤੇ ਪੰਜਾਬ ਸਰਕਾਰ ਤੋਂ ਕੁਦਰਤੀ ਸਾਧਨਾਂ ਦਾ ਕੰਟਰੋਲ ਖੋਹ ਕੇ ਇਕ ਵੱਡਾ ਅਨਿਆਂ ਕੀਤਾ ਜਾ ਰਿਹਾ ਸੀ ।

ਉਸਨੇ ਕਿਹਾ : "ਮੈਂ ਆਪਣੇ ਵੋਟਰਾਂ ਦੇ ਨਾਂ 'ਤੇ, ਇਸ ਬਿੱਲ ਦੀ ਵਿਰੋਧਤਾ ਕਰਦਾ ਹਾਂ, ਅਤੇ ਆਪਣੀ ਪਾਰਟੀ, ਸ਼੍ਰੋਮਣੀ ਅਕਾਲੀ ਦਲ ਦੇ ਨਾਂ 'ਤੇ ਇਸ ਦਾ ਖੰਡਨ ਕਰਦਾ ਹਾਂ । ਮੈਂ ਅਜਿਹਾ ਤਿੰਨ ਕਾਰਨਾਂ ਕਰਕੇ ਕਰਦਾ ਹਾਂ, ਪਹਿਲਾ, ਇਹ ਇਕ ਪਾਪ ਦੀ ਸੰਤਾਨ ਹੈ, ਦੂਸਰਾ, ਇਹਨੂੰ ਜਨਮਾਉਣ ਵਾਲੀ ਦਾਈ ਨਲਾਇਕ ਅਤੇ ਅਨਾੜੀ ਹੈ ਅਤੇ ਤੀਸਰਾ, ਇਹ ਕੌਮ ਦੇ ਉੱਚਤਮ ਹਿੱਤਾਂ ਦੇ ਬਰਖਿਲਾਫ ਹੈ, ਕਿਉਂਕਿ ਇਸ ਨਾਲ ਨਿਸ਼ਚੇ ਹੀ ਕੌਮੀ ਅਖੰਡਤਾ ਕਮਜ਼ੋਰ ਹੋਵੇਗੀ ਅਤੇ ਦੇਸ਼ ਦੇ ਹਾਕਮਾਂ ਦਾ ਵਕਾਰ ਬਿਲਕੁੱਲ ਖਤਮ ਹੋ ਜਾਵੇਗਾ ।[28]

1966 ਦੇ ਪੰਜਾਬ ਰੀਆਰਗੇਨਾਈਜੇਸ਼ਨ ਐਕਟ ਵਿੱਚ ਇਕ ਹੋਰ ਗੈਰ-ਸੰਵਿਧਾਨਕ ਧਾਰਾ ਸ਼ਾਮਲ ਕਰ ਦਿੱਤੀ ਗਈ ਸੀ ਕਿ ਭਾਖੜਾ ਡੈਮ ਦੇ ਪ੍ਰਬੰਧ ਦਾ ਕੰਟਰੋਲ ਕੇਂਦਰ ਸਰਕਾਰ ਦੇ ਹੱਥਾਂ ਵਿੱਚ ਦਿੱਤਾ ਜਾਵੇ । ਭਾਖੜਾ ਡੈਮ ਪੰਜਾਬ ਸਰਕਾਰ ਨੇ ਉਸਾਰਿਆ ਸੀ, ਜਿਸ ਕੋਲ ਇਹਦਾ ਪ੍ਰਬੰਧ 1966 ਤੱਕ ਸੀ । ਪਰ 1966 ਵਿਚ ਮੁੜ-ਜਥੇਬੰਦੀ ਤੋਂ ਬਾਅਦ, ਇਹਦਾ ਪ੍ਰਬੰਧ ਪੰਜਾਬ ਤੋਂ ਖੋਹ ਲਿਆ ਗਿਆ ਅਤੇ ਕੇਂਦਰੀ ਸਰਕਾਰ ਦੇ ਸਿੱਧੇ ਕੰਟਰੋਲ ਹੇਠ ਇਕ ਪ੍ਰਬੰਧਕੀ ਬੋਰਡ ਕਾਇਮ ਕਰ ਦਿੱਤਾ ਗਿਆ । ਪੌਂਗ ਡੈਮ ਦਾ ਪ੍ਰਬੰਧ ਵੀ ਭਾਖੜਾ ਪ੍ਰਬੰਧਕੀ ਬੋਰਡ ਦੇ ਸਪੁਰਦ ਕਰ ਦਿੱਤਾ ਗਿਆ ।

ਇਸ ਤਰ੍ਹਾਂ, ਕੇਂਦਰੀ ਸਰਕਾਰ ਨੇ ਪੰਜਾਬੀਆਂ ਦੀਆਂ ਕੌਮੀ ਆਸ਼ਾਵਾਂ ਉੱਤੇ ਪਾਣੀ ਫੇਰ ਦਿੱਤਾ ਅਤੇ ਉਨ੍ਹਾਂ ਦੇ ਕੁਦਰਤੀ ਸਾਧਨ ਉਨ੍ਹਾਂ ਤੋਂ ਖੋਹ ਲਏ । ਇਸ ਤਰੀਕੇ ਨਾਲ, ਪੰਜਾਬੀਆਂ ਦੀਆਂ ਸ਼ਿਕਾਇਤਾਂ ਵਧਦੀਆਂ ਗਈਆਂ । 1976 ਵਿੱਚ, ਸ੍ਰੀ ਮਤੀ ਗਾਂਧੀ ਨੇ ਦਰਿਆਈ ਪਾਣੀਆਂ ਦਾ ਕਰੀਬ 75 ਫੀਸਦੀ ਹਰਿਆਣੇ ਨੂੰ ਦੇ ਦਿੱਤਾ । ਇੰਦਰਾ ਗਾਂਧੀ ਦਾ ਇਹ ਫੈਸਲਾ (ਅਵਾਰਡ) ਵੀ ਗੈਰ-ਕਾਨੂੰਨੀ ਤੇ ਗੈਰ-ਸੰਵਿਧਾਨਕ ਸੀ । ਜਦ 1977 ਵਿੱਚ ਅਕਾਲੀ ਸਰਕਾਰ ਤਾਕਤ ਵਿੱਚ ਆਈ ਤਾਂ ਉਸਨੇ ਸ੍ਰੀਮਤੀ ਗਾਂਧੀ ਦੇ ਫੈਸਲੇ ਵਿਰੁੱਧ ਸੁਪਰੀਮ ਕੋਰਟ ਵਿੱਚ ਅਪੀਲ ਕਰ ਦਿੱਤੀ । ਪਰ ਇਹ ਕੇਸ 1981 ਵਿੱਚ ਪੰਜਾਬ ਦੀ ਕਾਂਗਰਸ ਸਰਕਾਰ ਨੇ ਵਾਪਸ ਲੈ ਲਿਆ ਸੀ । ਪੰਜਾਬ ਦੀ ਆਰਥਕਤਾ ਖੇਤੀ-ਪ੍ਰਧਾਨ ਆਰਥਕਤਾ ਹੈ ਅਤੇ ਇਸ ਦੇ ਦਰਿਆਈ ਪਾਣੀਆਂ ਅਤੇ ਪਣ-ਬਿਜਲੀ ਉੱਤੇ ਨਿਰਭਰ ਕਰਦੀ ਹੈ। ਇਸ ਨਾਲ ਪੰਜਾਬੀਆਂ ਵਿੱਚ, ਅਤੇ ਖਾਸ ਕਰ ਕਾਸ਼ਤਕਾਰਾਂ ਜੋ ਕਿ ਜ਼ਿਆਦਾਤਰ ਸਿੱਖ ਹਨ, ਵਿੱਚ ਰੋਹ ਦੀ ਲਹਿਰ ਭੜਕ ਉੱਠੀ ।

ਏਸੇ ਅਰਸੇ ਦੌਰਾਨ, ਕੇਂਦਰੀ ਸਰਕਾਰ ਨੇ ਸਿੱਖਾਂ ਵਿੱਚ ਪਾੜੇ ਪਾਉਣ ਦੀਆਂ ਗੋਂਦਾਂ ਗੁੰਦੀਆਂ ਹੋਈਆਂ ਸਨ, ਅਤੇ ਇਸ ਕਮੀਨੀ ਨੀਤੀ ਬਦੌਲਤ 1978 ਈਸਵੀ ਵਿੱਚ ਨਿਰੰਕਾਰੀਆਂ ਨੇ ਸਿੱਖਾਂ ਉੱਤੇ ਗੋਲੀ ਚਲਾਈ ਸੀ । ਨਹਿਰੂ ਅਤੇ ਗਾਂਧੀ ਦਾ ਕਮੀਨਗੀ ਦਾ ਵਿਰਸਾ ਹੋਰ ਵੀ ਮਜ਼ਬੂਤ ਕਰ ਲਿਆ ਗਿਆ । ਪੰਡਤ ਨਹਿਰੂ ਅਤੇ ਮਹਾਤਮਾ ਗਾਂਧੀ ਅਧੀਨ,

---

28 ਕਪੂਰ ਸਿੰਘ, ਸਾਚੀ ਸਾਖੀ (ਦਿੱਲੀ: ਨਵਯੁਗ, 1979), ਸਫਾ 295

Digitized by Panjab Digital Library | www.panjabdigilib.org

ਪੰਜਾਬ ਨੂੰ ਇਕ ਪਾਸੇ ਮੁਸਲਮਾਨਾਂ, ਅਤੇ ਦੂਜੇ ਪਾਸੇ ਸਿੱਖਾਂ ਅੰਤੇ ਹਿੰਦੂਆਂ ਵਿਚਕਾਰ ਅੱਡੋ-ਫਾੜ ਕਰ ਦਿੱਤਾ ਗਿਆ ਸੀ। ਬਟਵਾਰੇ ਤੋਂ ਬਾਅਦ, ਭਾਸ਼ਾ ਦੇ ਸਵਾਲ 'ਤੇ ਸਿੱਖਾਂ ਅਤੇ ਹਿੰਦੂਆਂ ਵਿਚਕਾਰ ਇਕ ਕੰਧ ਖੜੀ ਕਰ ਦਿੱਤੀ ਗਈ । ਫਿਰ 1978 ਵਿੱਚ ਸਿੱਖਾਂ ਨੂੰ ਅਲਹਿਦਾ ਕਰਨ ਤੇ ਆਪੋ-ਵਿੱਚ ਲੜਾਉਣ ਦੀ ਨੀਤੀ, ਅਤੇ ਕਤਲਾਂ ਦੀ ਸਿਆਸਤ ਗਿਣੇ-ਮਿਥੇ ਢੰਗ ਨਾਲ ਲਾਗੂ ਕੀਤੀ ਗਈ ।

ਹੋਰ ਪਹਿਲੂਆਂ ਵਿੱਚ ਵੀ, ਨਿਯੁਕਤ ਕੀਤੇ ਗਏ ਕਮਿਸ਼ਨ ਪੰਜਾਬੀ ਲੋਕਾਂ ਦੇ ਹਿੱਤਾਂ ਦੇ ਖਿਲਾਫ ਗਏ ਸਨ । ਪੰਜਾਬੀਆਂ ਦੀਆਂ ਜਾਇਜ਼ ਮੰਗਾਂ ਹਮੇਸ਼ਾਂ ਰੱਦ ਕੀਤੀਆਂ ਗਈਆਂ । ਤਾਜ਼ਾ ਗੜਬੜ, 1981 ਵਿੱਚ ਤਦ ਸ਼ੁਰੂ ਹੋਈ ਸੀ ਜਦ ਸ੍ਰੀਮਤੀ ਗਾਂਧੀ ਨੇ ਪੰਜਾਬ ਤੋਂ ਪਾਣੀ ਹਰਿਆਣੇ ਨੂੰ ਦੇਣ ਲਈ ਸਤਲੁਜ-ਜਮੁਨਾ ਲਿੰਕ ਨਹਿਰ ਦੀ ਨੀਂਹ ਰੱਖ ਕੇ ਪੰਜਾਬੀਆਂ ਨੂੰ ਉਨ੍ਹਾਂ ਦੇ ਕੁਦਰਤੀ ਸਾਧਨਾਂ ਤੋਂ ਹੋਰ ਵੀ ਸੱਖਣੇ ਕਰ ਦਿੱਤਾ ।

ਅਕਾਲੀਆਂ ਨੇ ਨਹਿਰ ਦੀ ਖੋਦਾਈ ਵਿਰੁੱਧ ਇਕ ਮੋਰਚਾ ਸ਼ੁਰੂ ਕੀਤਾ । ਜਿਸ ਵਿੱਚ ਸੀ.ਪੀ.(ਐਮ) ਵੀ ਸ਼ਾਮਲ ਹੋ ਗਈ ਸੀ । ਬਾਅਦ ਵਿੱਚ ਇਹ ਮੋਰਚਾ ਛੱਡ ਕੇ, ਹਰਿਮੰਦਰ ਸਾਹਿਬ ਤੋਂ ਇਕ ਨਵਾਂ ਮੋਰਚਾ ਸ਼ੁਰੂ ਕੀਤਾ ਗਿਆ । ਇਸ ਮੋਰਚੇ ਦੀ ਮੁੱਖ ਮੰਗ ਅਨੰਦਪੁਰ ਸਾਹਿਬ ਮਤੇ ਨੂੰ ਲਾਗੂ ਕਰਨਾ ਸੀ, ਜਿਸ ਨਾਲ ਸੂਬੇ ਨੂੰ ਵਧੇਰੇ ਖੁਦਮੁਖਤਾਰੀ, ਪੰਜਾਬ ਨੂੰ ਆਪਣੇ ਦਰਿਆਵਾਂ ਦੇ ਪਾਣੀਆਂ ਉੱਤੇ ਹੱਕ, ਅਤੇ ਚੰਡੀਗੜ੍ਹ ਤੇ ਹੋਰ ਪੰਜਾਬੀ ਬੋਲਦੇ ਇਲਾਕਿਆਂ ਨੂੰ ਪੰਜਾਬ ਵਿੱਚ ਮਿਲਾਉਣ ਦੀਆਂ ਮੰਗਾਂ ਸ਼ਾਮਲ ਸਨ ।

ਇਕ ਲੱਖ ਤੋਂ ਵਧੇਰੇ ਲੋਕਾਂ ਨੇ ਇਨ੍ਹਾਂ ਮੰਗਾਂ ਦੀ ਪੂਰਤੀ ਲਈ ਗ੍ਰਿਫਤਾਰੀਆਂ ਦਿੱਤੀਆਂ । ਜਥੇ ਹਰਿਮੰਦਰ ਸਾਹਿਬ ਤੋਂ ਸ਼ੁਰੂ ਹੁੰਦੇ ਸਨ ਅਤੇ ਗ੍ਰਿਫ਼ਤਾਰੀ ਦੇਣ ਲਈ ਪੁਰਅਮਨ ਕੂਚ ਕਰਦੇ ਜ਼ਿਲ੍ਹਾ ਕਚਹਿਰੀਆਂ ਨੂੰ ਜਾਂਦੇ ਸਨ । ਪਰ ਫਿਰ ਪੁਲਸ ਨੇ ਆਪਣੀ ਹਿਰਾਸਤ ਵਿੱਚ ਨੌਜਵਾਨਾਂ ਨੂੰ ਕਤਲ ਕਰਨਾ ਸ਼ੁਰੂ ਕਰ ਦਿੱਤਾ । ਇਸ ਤਰੀਕੇ ਨਾਲ, ਇਕ ਪੁਰਅਮਨ ਮੋਰਚੇ ਉੱਤੇ ਹਿੰਸਾ ਠੋਸ ਦਿੱਤੀ ਗਈ ।

ਸਾਰੀਆਂ ਹੀ ਮੰਗਾਂ ਜਮਹੂਰੀ ਅਤੇ ਸੰਵਿਧਾਨਕ ਸਨ, ਪਰ ਇਨ੍ਹਾਂ ਨੂੰ ਕੇਂਦਰੀ ਸਰਕਾਰ ਨੇ ਇਕ ਫਿਰਕੂ ਰੰਗਤ ਦੇ ਦਿੱਤੀ । ਜਿਸ ਨੇ ਇਹ ਪ੍ਰਚਾਰ ਕੀਤਾ ਕਿ ਇਹ ਮੰਗਾਂ ਸਿਰਫ ਸਿੱਖਾਂ ਵਲੋਂ ਹੀ ਉਠਾਈਆਂ ਜਾ ਰਹੀਆਂ ਹਨ, ਜਿਹੜੇ ਕਥਿਤ ਤੌਰ 'ਤੇ ਹਰਿਆਣੇ ਅਤੇ ਰਾਜਸਥਾਨ ਦੇ ਹਿੰਦੂਆਂ ਤੋਂ ਦਰਿਆਈ ਪਾਣੀਆਂ ਵਿੱਚ ਉਨ੍ਹਾਂ ਦਾ ਬਣਦਾ ਜਾਇਜ਼ ਹਿੱਸਾ ਖੋਹਣਾ ਚਾਹੁੰਦੇ ਹਨ । ਨਾਲੋ-ਨਾਲ, ਕਤਲਾਂ ਦੀ ਸਿਆਸਤ ਨੂੰ ਹੋਰ ਵੀ ਨਿਪੁੰਨ ਬਣਾਇਆ ਗਿਆ ਅਤੇ ਲੋਕਾਂ ਲਈ ਇਕ ਵੱਡੀ ਆਫਤ ਖੜ੍ਹੀ ਕਰ ਦਿੱਤੀ ਗਈ । ਕਤਲ ਲਗਾਤਾਰ ਹੋਣੇ ਸ਼ੁਰੂ ਹੋ ਗਏ ।

ਇਕ ਗਿਣੇ-ਮਿਥੇ ਅਤੇ ਭੜਕਾਊ ਢੰਗ ਨਾਲ, ਜੂਨ 1984 ਵਿੱਚ ਓਪਰੇਸ਼ਨ ਬਲੂ ਸਟਾਰ ਤਹਿਤ ਹਰਿਮੰਦਰ ਸਾਹਿਬ ਅਤੇ 40 ਹੋਰ ਗੁਰਦੁਆਰਿਆਂ ਉੱਤੇ ਬੇਵਜ੍ਹਾ ਹਮਲਾ ਕਰ ਦਿੱਤਾ ਗਿਆ । ਹਜ਼ਾਰਾਂ ਹੀ ਨਿਰਦੋਸ਼ ਔਰਤਾਂ, ਬੱਚਿਆਂ ਅਤੇ ਬਜ਼ੁਰਗ ਲੋਕਾਂ ਨੂੰ ਹਰਿਮੰਦਰ ਸਾਹਿਬ ਅੰਦਰ ਕਤਲ ਕਰ ਦਿੱਤਾ ਗਿਆ । ਕਿਉਂਕਿ ਇਹ ਗੁਰੂ ਅਰਜਨ ਦੇਵ ਦਾ ਸ਼ਹੀਦੀ ਦਿਹਾੜਾ ਸੀ ਇਸ ਲਈ ਪਿੰਡਾਂ ਤੋਂ ਹਜ਼ਾਰਾਂ ਹੀ ਲੋਕ ਆਏ ਹੋਏ ਸਨ । ਅਕਾਲ ਤਖ਼ਤ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ ਗਿਆ, ਹਰਿਮੰਦਰ ਸਾਹਿਬ ਕੰਪਲੈਕਸ ਦੀਆਂ ਹੋਰ ਇਮਾਰਤਾਂ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ । ਸਿੱਖ ਰੈਫਰੈਂਸ ਲਾਇਬਰੇਰੀ ਨੂੰ 8 ਜੂਨ, 1984 ਨੂੰ

Digitized by Panjab Digital Library | www.panjabdigilib.org

ਅੱਗ ਲਾ ਦਿੱਤੀ ਗਈ,ਜਿਸ ਵਿੱਚ ਗੁਰੂਆਂ ਦੇ ਦਸਤਖਤਾਂ ਵਾਲੀਆਂ ਹੱਥ-ਲਿਖਤਾਂ ਸੜ ਗਈਆਂ । ਅਕਾਲੀ ਮੋਰਚਿਆਂ ਮੁਤੱਲਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਰਿਕਾਰਡ ਵੀ ਜਾਣ ਬੁਝ ਕੇ ਸਾੜ ਦਿੱਤੇ ਗਏ ।

ਬੇਸ਼ੱਕ ਹਜ਼ਾਰਾਂ ਹੀ ਲੋਕ ਮਾਰੇ ਗਏ ਸਨ, ਫਿਰ ਵੀ ਹਰਿਮੰਦਰ ਸਾਹਿਬ ਅਤੇ ਹੋਰ ਗੁਰਦੁਆਰਿਆਂ ਅੰਦਰ ਮਾਰੇ ਗਏ ਲੋਕਾਂ ਦੀ ਕੋਈ ਸੂਚੀ ਤਿਆਰ ਨਾ ਕੀਤੀ ਗਈ ਅਤੇ ਨਾ ਹੀ ਪ੍ਰਕਾਸ਼ਤ ਕੀਤੀ ਗਈ । ਉਨ੍ਹਾਂ ਦੀਆਂ ਲਾਸ਼ਾਂ ਨੂੰ ਪਸ਼ੂਆਂ ਦੇ ਪਿੰਜਰਾਂ ਵਾਂਗ ਖਿੱਲੇ ਲਾ ਦਿੱਤਾ ਗਿਆ । ਕੋਈ ਵੀ ਸੰਸਕਾਰ ਨਾ ਕੀਤੇ ਗਏ, ਅਤੇ ਉਨ੍ਹਾਂ ਦੀਆਂ ਲਾਸ਼ਾਂ ਅਣਜਾਣ ਥਾਵਾਂ 'ਤੇ ਲਿਜਾ ਕੇ ਮਿੱਟੀ ਦਾ ਤੇਲ ਛਿੜਕ ਕੇ ਸਾੜ ਦਿੱਤੀਆਂ ਗਈਆਂ, ਹਾਲਾਂ ਕਿ, ਜਨੇਵਾ ਕਨਵੈਨਸ਼ਨ ਦੇ ਤਹਿਤ ਜੰਗ ਵਿੱਚ ਮਾਰੇ ਜਾਣ ਵਾਲਿਆਂ ਨੂੰ ਵੀ ਉਨ੍ਹਾਂ ਦੇ ਧਾਰਮਕ ਸੰਸਕਾਰਾਂ ਅਨੁਸਾਰ ਦਫਨ ਕੀਤਾ ਜਾਣਾ ਜ਼ਰੂਰੀ ਹੈ ।

ਇਹ ਕਤਲੇਆਮ ਜਿੰਨੀ ਬੇਰਹਿਮੀ ਅਤੇ ਬੇਫ਼ਿਕਰੀ ਨਾਲ ਕੀਤਾ ਗਿਆ ਉਸ ਦੀ ਕਿਤੇ ਕੋਈ ਮਿਸਾਲ ਨਹੀਂ ਮਿਲਦੀ । ਏਥੋਂ ਤੱਕ ਕਿ ਅੰਗਰੇਜ਼ਾਂ ਨੇ ਵੀ, 1919 ਵਿੱਚ ਜ਼ਲ੍ਹਿਆਂ ਵਾਲੇ ਬਾਗ ਵਿੱਚ ਕੀਤੇ ਕਤਲੇਆਮ ਦੀ ਪੜਤਾਲ ਲਈ ਹੰਟਰ ਕਮਿਸ਼ਨ ਨਿਯੁਕਤ ਕੀਤਾ ਸੀ । ਮਾਰੇ ਗਏ ਵਿਅਕਤੀਆਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦਿੱਤਾ ਸੀ, ਅਤੇ ਉਨ੍ਹਾਂ ਦੀਆਂ ਲਾਸ਼ਾਂ ਉਨ੍ਹਾਂ ਦੇ ਵਾਰਸਾਂ ਦੇ ਹਵਾਲੇ ਕਰ ਦਿੱਤੀਆਂ ਸਨ ।

ਪਰ, ਹਰਿਮੰਦਰ ਸਾਹਿਬ ਅਤੇ ਹੋਰ ਗੁਰਦੁਆਰਿਆਂ ਵਿੱਚ ਮਾਰੇ ਗਏ ਲੋਕਾਂ ਦੇ ਕੇਸ ਵਿੱਚ ਅਜਿਹੀ ਕਿਸੇ ਕਨਵੈਨਸ਼ਨ ਦੀ ਪ੍ਰਵਾਹ ਨਾ ਕੀਤੀ ਗਈ । ਹਰਿਮੰਦਰ ਸਾਹਿਬ ਅਤੇ ਹੋਰ ਥਾਵਾਂ 'ਤੇ ਮਾਰੇ ਗਏ ਲੋਕਾਂ ਦੀ ਸੂਚੀ ਸਰਕਾਰ ਵੱਲੋਂ ਅਜੇ ਤੱਕ ਵੀ ਪ੍ਰਕਾਸ਼ਤ ਨਹੀਂ ਕੀਤੀ ਗਈ । ਏਥੋਂ ਤੱਕ ਕਿ ਮਾਰੇ ਗਏ ਸਰਕਾਰੀ ਫੌਜੀਆਂ ਦੀ ਸੂਚੀ ਵੀ ਪ੍ਰਕਾਸ਼ਤ ਨਹੀਂ ਕੀਤੀ ਗਈ । ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਨੂੰ ਜੰਗੀ ਕੈਦੀ ਕਿਹਾ ਗਿਆ।

ਕੀ ਹਿੰਦੁਸਤਾਨ ਦੇ ਮੌਜੂਦਾ ਹਾਕਮ ਸੋਚਦੇ ਹਨ ਕਿ ਪੰਜਾਬ ਨੇ ਕੇਂਦਰੀ ਸਰਕਾਰ ਨਾਲ ਜੰਗ ਛੇੜੀ ਹੋਈ ਹੈ ? ਜੇਕਰ ਅਸੀਂ ਸਰਕਾਰ ਦੀ ਗੱਲ ਦਾ ਯਕੀਨ ਕਰੀਏ ਤਾਂ ਨਿਰਸੰਦੇਹ ਇਹ ਜੰਗ ਸਰਕਾਰ ਦੇ ਖਿਲਾਫ ਹੈ, ਜੋ (ਸਰਕਾਰ) ਲੋਕਾਂ ਨਾਲ ਇਕ ਗੁਲਾਮਕਰੂ ਅਤੇ ਬਸਤੀਵਾਦੀ ਸਰਕਾਰ ਵਾਲਾ ਸਲੂਕ ਕਰ ਰਹੀ ਹੈ । ਬਹੁਤ ਸਾਰੇ ਲੋਕ ਹੈਰਾਨ ਹਨ ਕਿ ਕੀ ਇਹ ਹਿੰਦੁਸਤਾਨੀ ਲੋਕਾਂ ਦੀ ਸਰਕਾਰ ਹੈ ਜਾਂ ਕੀ ਇਹ ਦੇਸੀ ਅਤੇ ਵਿਦੇਸ਼ੀ ਲੁਟੇਰਿਆਂ ਦੀ ਸੇਵਾ ਲਈ ਕੌਮਾਂ, ਕੌਮੀ ਘੱਟ-ਗਿਣਤੀਆਂ ਅਤੇ ਕਬਾਇਲੀ ਲੋਕਾਂ ਨੂੰ ਗੁਲਾਮ ਬਣਾਉਣ ਵਾਲੀ ਸਰਕਾਰ ਹੈ ?

ਸਿੱਖ ਧਰਮ ਵਿੱਚ ਵਿਸ਼ਵਾਸ ਰੱਖਣ ਵਾਲਿਆਂ ਦੇ ਦਿਲਾਂ ਵਿੱਚ ਹਰਿਮੰਦਰ ਸਾਹਿਬ ਦੀ ਇਕ ਖਾਸ ਥਾਂ ਹੈ । ਪਰ ਇਹਦਾ ਮਹੱਤਵ ਇਸ ਤੋਂ ਕਿਤੇ ਜ਼ਿਆਦਾ ਹੈ । ਸਾਰੇ ਪੰਜਾਬੀਆਂ ਤੇ ਹਿੰਦੁਸਤਾਨ ਦੇ ਸਭ ਆਜ਼ਾਦੀ ਅਤੇ ਨਿਆਂ-ਪਸੰਦ ਲੋਕਾਂ ਲਈ, ਇਹ ਜਬਰ ਦੇ ਟਾਕਰੇ ਦਾ ਇਕ ਚਿੰਨ੍ਹ ਹੈ । ਅਸੀਂ ਬਾਅਦ ਵਿੱਚ ਵਰਨਣ ਕਰਾਂਗੇ ਕਿ ਇਹ ਜਬਰ ਦੇ ਟਾਕਰੇ ਅਤੇ ਆਪਾ-ਕੁਰਬਾਨੀ ਦਾ ਚਿੰਨ੍ਹ ਕਿਸ ਤਰ੍ਹਾਂ ਬਣਿਆ ਸੀ । ਇਸ ਲਈ ਇਹ ਗੱਲ ਪੂਰੇ ਯਕੀਨ ਨਾਲ ਕਹੀ ਜਾ ਸਕਦੀ ਹੈ ਕਿ ਸਭ ਦੇਸ਼ ਭਗਤ ਅਤੇ ਆਜ਼ਾਦੀ ਦੇ ਸੰਗਰਾਮੀਏ ਇਸ ਅਸਥਾਨ ਨੂੰ ਸ਼ਰਧਾ ਨਾਲ ਦੇਖਦੇ ਹਨ । ਕੀ ਕੋਈ ਸੁਪਨੇ ਵਿੱਚ ਵੀ ਇਹ ਸੋਚ ਸਕਦਾ ਸੀ ਕਿ ਆਪਣੇ ਆਪ ਨੂੰ ਆਜ਼ਾਦ, ਜਮਹੂਰ-ਪਸੰਦ, ਸਮਾਜਵਾਦੀ ਅਤੇ ਧਰਮ-ਨਿਰਪੇਖ ਅਖਵਾਉਣ ਵਾਲੀ

Digitized by Panjab Digital Library | www.panjabdigilib.org

ਇਕ ਹਿੰਦੁਸਤਾਨੀ ਸਰਕਾਰ ਕਦੇ ਇਸ ਦੀ ਬੇਅਦਬੀ ਵੀ ਕਰ ਸਕਦੀ ਹੈ ?

ਇਹ ਹਿੰਦੁਸਤਾਨ ਦੇ ਇਤਿਹਾਸ ਵਿੱਚ ਪਹਿਲੀ ਵਾਰ ਸੀ ਕਿ ਇਹਦੀਆਂ ਆਪਣੀਆਂ ਹੀ ਫੌਜਾਂ ਨੇ ਇਕ ਧਰਮ ਦੇ ਇਕ ਪਵਿੱਤਰ ਅਸਥਾਨ ਉੱਤੇ ਹਮਲਾ ਅਤੇ ਨਿਰਦੋਸ਼ ਲੋਕਾਂ ਦਾ ਕਤਲੇਆਮ ਕੀਤਾ ਸੀ । ਹਿੰਦੁਸਤਾਨੀ ਫੌਜ, ਆਪਣੇ ਹੱਕਾਂ ਲਈ ਲੜਦੇ ਮਜ਼ਦੂਰਾਂ, ਕਿਸਾਨਾਂ, ਨੌਜਵਾਨਾਂ, ਮਾਰਕਸਵਾਦੀ-ਲੈਨਿਨਵਾਦੀਆਂ, ਬੁੱਧੀਜੀਵੀਆਂ, ਕਬਾਇਲੀ ਲੋਕਾਂ ਅਤੇ ਕੌਮੀ ਘੱਟ-ਗਿਣਤੀਆਂ ਦੇ ਲੋਕਾਂ ਨੂੰ ਕਤਲ ਕਰਨ ਲਈ ਤਾਂ ਪਹਿਲਾਂ ਹੀ ਬਦਨਾਮ ਹੈ । ਕੇਂਦਰੀ ਸਰਕਾਰ ਦੇ ਰਾਜ ਦੇ ਇਤਿਹਾਸ ਵਿੱਚ ਧਾਰਮਕ ਲੋਕਾਂ ਦੀਆਂ, ਖਾਸ ਕਰ ਸਿੱਖਾਂ ਦੀਆਂ ਧਾਰਮਕ ਭਾਵਨਾਵਾਂ ਉੱਤੇ ਸੱਟ ਮਾਰਨ ਦਾ ਇਕ ਹੋਰ ਕਾਲਾ ਪੰਨਾ ਸ਼ਾਮਲ ਹੋ ਗਿਆ । ਸਾਰੀ ਦੁਨੀਆਂ ਦੇ ਲੋਕਾਂ ਨੂੰ ਸਦਮਾ ਲੱਗਾ, ਉਨ੍ਹਾਂ ਨੇ ਭਾਰੀ ਗਿਣਤੀ ਵਿੱਚ ਮੁਜ਼ਾਹਰੇ ਕੀਤੇ ਅਤੇ ਹਿੰਦੁਸਤਾਨੀ ਸਰਕਾਰ ਦੀ ਇਸ ਵਹਿਸ਼ੀ ਕਰਤੂਤ ਦੀ ਨਿਖੇਧੀ ਕੀਤੀ ।

ਹਮਲੇ ਲਈ ਹਿੰਦੁਸਤਾਨੀ ਸਰਕਾਰ ਵਲੋਂ ਦਿੱਤੀ ਗਈ ਵਜ੍ਹਾ ਇਹ ਸੀ ਕਿ ਕੁੱਝ ਦਹਿਸ਼ਤਗਰਦ ਕਥਿਤ ਤੌਰ 'ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਕਮਾਨ ਹੇਠ ਹਰਿਮੰਦਰ ਸਾਹਿਬ ਅੰਦਰ ਛੁਪੇ ਹੋਏ ਸਨ । ਪਰ ਸਰਕਾਰ ਨੇ ਕਦੇ ਵੀ ਇਨ੍ਹਾਂ ਕਥਿਤ ਦਹਿਸ਼ਤਗਰਦਾਂ ਦੇ ਨਾਂ ਨਹੀਂ ਦੱਸੇ ਅਤੇ ਨਾ ਹੀ ਕਦੇ ਇਹ ਦੱਸਿਆ ਹੈ ਕਿ ਉਨ੍ਹਾਂ ਨੇ ਕਿਹੜੀਆਂ ਕਥਿਤ ਦਹਿਸ਼ਤਵਾਦੀ ਕਾਰਵਾਈਆਂ ਕੀਤੀਆਂ ਸਨ ।

ਜਿਥੋਂ ਤੱਕ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਤੁਅੱਲਕ ਹੈ, ਇਹ ਹਰ ਕੋਈ ਜਾਣਦਾ ਹੈ ਕਿ ਉਹਨੂੰ ਪਹਿਲਾਂ ਵੀ ਲਾਲਾ ਜਗਤ ਨਰਾਇਣ ਦੇ ਕਤਲ ਦੇ ਕੇਸ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ, ਪਰ ਬਾਅਦ ਵਿੱਚ ਰਿਹਾਅ ਕਰ ਦਿੱਤਾ ਗਿਆ ਸੀ, ਕਿਉਂਕਿ ਉਹਦੇ ਕਤਲ ਨਾਲ ਉਹਦਾ ਕਿਸੇ ਤਰ੍ਹਾਂ ਦਾ ਸਬੰਧ ਹੋਣ ਦਾ ਕੋਈ ਸਬੂਤ ਨਹੀਂ ਸੀ । ਰਾਜੀਵ ਗਾਂਧੀ, ਜੋ ਉਸ ਵਕਤ ਕਾਂਗਰਸ (ਇੰ) ਦਾ ਜਨਰਲ ਸਕੱਤਰ ਸੀ, ਮਈ ਦੇ ਪਹਿਲੇ ਹਫ਼ਤੇ ਚੰਡੀਗੜ੍ਹ ਆਇਆ ਸੀ । ਉਹਨੇ ਕਿਹਾ ਸੀ ਕਿ ਸੰਤ ਜਰਨੈਲ ਸਿੰਘ ਇਕ ਧਾਰਮਕ ਬੰਦਾ ਹੈ । ਇਹ ਗੱਲ ਸਮਝ ਨਹੀਂ ਆਉਂਦੀ ਕਿ ਉਹਦੀ ਮਾਂ ਦਾ ਜਾਇਜ਼ਾ ਇਸਦੇ ਬਿਲਕੁੱਲ ਉਲਟ ਕਿਉਂ ਸੀ । ਇਕ ਮਹੀਨੇ ਦੇ ਅੰਦਰ-ਅੰਦਰ ਸ੍ਰੀਮਤੀ ਗਾਂਧੀ ਮੁਤਾਬਕ, ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਇੱਕ ਸੰਤ ਤੋਂ ਇਕ ਖੌਫਨਾਕ ਦਹਿਸ਼ਤਗਰਦ ਬਣ ਗਿਆ ਸੀ, ਜਿਸ ਨੂੰ ਫੌਜ ਦੀ ਮੱਦਦ ਨਾਲ ਹਰਿਮੰਦਰ ਸਾਹਿਬ ਵਿਚੋਂ ਕੱਢ ਕੇ ਉਹਦੇ ਪੈਰੋਕਾਰਾਂ ਅਤੇ ਨਿਰਦੋਸ਼ ਲੋਕਾਂ ਸਮੇਤ ਕਤਲ ਕਰਨਾ ਜ਼ਰੂਰੀ ਹੋ ਗਿਆ ਸੀ ।

ਕੇਂਦਰੀ ਸਰਕਾਰ ਨੇ ਕਦੇ ਵੀ ਇਹ ਨਹੀਂ ਦੱਸਿਆ ਕਿ ਹਰਿਮੰਦਰ ਸਾਹਿਬ ਅੰਦਰ ਰਹਿ ਰਹੇ ਬੰਦੇ, ਪੰਜਾਬ ਵਿੱਚ ਅਮਨ-ਕਾਨੂੰਨ ਦੀ ਹਾਲਤ ਨੂੰ ਵਿਗਾੜਨ ਵਿੱਚ ਕਿਵੇਂ ਕਸੂਰਵਾਰ ਸਨ । ਫਿਰ ਵੀ, ਇਹ ਦਾਅਵਾ ਕਰਦੀ ਹੈ ਕਿ ਅਮਨ-ਕਾਨੂੰਨ ਬਹਾਲ ਕਰਨ ਲਈ ਉਨ੍ਹਾਂ ਨੂੰ ਹਰਿਮੰਦਰ ਸਾਹਿਬ ਵਿੱਚੋਂ ਕੱਢਣਾ ਜ਼ਰੂਰੀ ਹੋ ਗਿਆ ਸੀ । ਪਰ ਹਰਿਮੰਦਰ ਸਾਹਿਬ ਉੱਤੇ ਹਮਲੇ ਨਾਲ ਅਮਨ-ਕਾਨੂੰਨ ਬਹਾਲ ਨਹੀਂ ਹੋਇਆ, ਬੇਸ਼ੱਕ ਅਖੌਤੀ ਦਹਿਸ਼ਤਗਰਦਾਂ ਦਾ ਸਫਾਇਆ ਕਰ ਦਿੱਤਾ ਗਿਆ ਸੀ । ਅਮਨ ਫਿਰ ਵੀ ਬਹਾਲ ਨਾ ਹੋਇਆ । ਸਗੋਂ, ਹਾਲਤ ਹੋਰ ਵੀ ਵਧੇਰੇ ਗੁੰਝਲਦਾਰ ਹੋ ਗਈ ਹੈ ।

ਕੇਂਦਰੀ ਸਰਕਾਰ ਨੇ ਹਰਿਮੰਦਰ ਸਾਹਿਬ ਉਤੇ ਹਮਲੇ ਦੇ ਹੱਕ ਵਿੱਚ ਇਕ ਵੀ ਠੋਸ ਦਲੀਲ ਨਹੀਂ ਦਿੱਤੀ ਅਤੇ ਨਾ ਹੀ ਦੇ ਸਕਦੀ ਹੈ । ਬਹੁਤ ਸਾਰੇ ਮੰਨੇ-ਪ੍ਰਮੰਨੇ ਵਿਅਕਤੀਆਂ

Digitized by Panjab Digital Library | www.panjabdigilib.org

ਨੇ ਇਸ ਨੂੰ ਸ੍ਰੀ ਮਤੀ ਇੰਦਰਾ ਗਾਂਧੀ ਦੀ ਆਪਣੇ ਸੌੜੇ ਸਿਆਸੀ ਉਦੇਸ਼ਾਂ ਲਈ ਇਕ ਗਿਣੀ-ਮਿਥੀ ਚਾਲ ਕਿਹਾ ਹੈ । ਓਪਰੇਸ਼ਨ ਬਲਿਊ ਸਟਾਰ ਪੰਜਾਬੀਆਂ ਵਲੋਂ ਉਠਾਈਆਂ ਜਾ ਰਹੀਆਂ ਜਾਇਜ਼ ਆਰਥਕ ਅਤੇ ਸਿਆਸੀ ਮੰਗਾਂ ਤੋਂ ਧਿਆਨ ਪਰ੍ਹੇ ਕਰਨ ਲਈ ਅਤੇ ਹਿੰਦੂ ਸ਼ਾਵਨਵਾਦ ਨੂੰ ਹੱਲੇਸ਼ੇਰੀ ਦੇਣ ਲਈ ਕੀਤਾ ਗਿਆ ਸੀ । ਕੇਂਦਰੀ ਸਰਕਾਰ ਦੇ ਆਦੇਸ਼ 'ਤੇ ਸਮੁੱਚੇ ਪ੍ਰਸਾਰ ਮੀਡੀਏ ਨੇ ਇਹ ਪ੍ਰਚਾਰ ਕੀਤਾ ਕਿ ਸਿੱਖ ਹਿੰਦੂਆਂ ਨੂੰ ਕਤਲ ਕਰਨਾ ਚਾਹੁੰਦੇ ਹਨ, ਅਤੇ ਕਿ ਅਕਾਲੀ ਪਾਰਟੀ ਵਲੋਂ ਉਠਾਈਆਂ ਜਾ ਰਹੀਆਂ ਆਰਥਕ ਅਤੇ ਸਿਆਸੀ ਮੰਗਾਂ ਦਾ ਫਾਇਦਾ ਸਿਰਫ ਸਿੱਖਾਂ ਨੂੰ ਹੀ ਹੋਵੇਗਾ । ਜਦ ਕਿ ਬਾਕੀ ਪੰਜਾਬੀਆਂ ਨੂੰ ਅਤੇ ਸਮੁੱਚੇ ਹਿੰਦੁਸਤਾਨੀਆਂ ਨੂੰ ਇਨ੍ਹਾਂ ਨਾਲ ਨੁਕਸਾਨ ਹੋਵੇਗਾ । ਹੁਣ ਕੇਂਦਰੀ ਸਰਕਾਰ ਹਿੰਦੂ ਸ਼ਾਵਨਵਾਦ ਦੀ ਅੱਗ 'ਤੇ ਤੇਲ ਪਾ ਰਹੀ ਹੈ ਤਾਂ ਜੁ ਹਿੰਦੁਸਤਾਨ ਦੇ ਲੋਕਾਂ ਨੂੰ ਇਕ-ਮੁੱਠ ਹੋ ਕੇ ਪੰਜਾਬ ਵਿੱਚ, ਆਸਾਮ ਵਿੱਚ, ਦਿੱਲੀ ਵਿੱਚ ਅਤੇ ਹੋਰ ਥਾਵਾਂ 'ਤੇ ਕਤਲ ਕੀਤੇ ਜਾ ਰਹੇ ਆਪਣੇ ਭਰਾਵਾਂ ਅਤੇ ਭੈਣਾਂ ਦੀ ਰਖਵਾਲੀ ਕਰਨ ਤੋਂ ਵਰਜਿਆ ਜਾ ਸਕੇ ।

ਹਰਿਮੰਦਰ ਸਾਹਿਬ ਉੱਤੇ ਹਮਲੇ ਨਾਲ ਖਾਲਿਸਤਾਨ ਦਾ ਨਾਅਰਾ ਸਾਹਮਣੇ ਆਇਆ । ਹੁਣ ਖਾਲਿਸਤਾਨ ਦੀ ਇਹ ਮੰਗ ਕੇਂਦਰੀ ਸਰਕਾਰ ਕੋਲ, ਸਿੱਖਾਂ ਅਤੇ ਹੋਰਨਾਂ ਵਿਰੁੱਧ ਕੋਈ ਵੀ ਜ਼ੁਰਮ ਕਰਨ, ਵੱਡੇ ਤੋਂ ਵੱਡਾ ਜਬਰ ਢਾਹੁਣ ਲਈ ਇਕ ਬਹਾਨਾ ਬਣ ਗਈ ਹੈ । ਅਸੀਂ ਦੇਖ ਸਕਦੇ ਹਾਂ ਕਿ ਨਹਿਰੂ ਦੇ ਸਿੱਖਾਂ ਨਾਲ ਕੀਤੇ "ਆਜ਼ਾਦੀ ਦੇ ਨਿੱਘ" ਦੇ ਵਾਅਦੇ ਤੋਂ ਲੈ ਕੇ ਹੁਣ ਉਹਦੇ ਦੋਹਤੇ ਵਲੋਂ ਸਿੱਖਾਂ ਦੇ ਵੱਖਵਾਦੀ, ਅੱਤਵਾਦੀ, ਅਤੇ ਦਹਿਸ਼ਤਵਾਦੀ ਹੋਣ ਦਾ ਬਹਾਨਾ ਖੜਾ ਕਰਕੇ ਉਨ੍ਹਾਂ ਦਾ ਸਫਾਇਆ ਕਰਨ ਦੀ ਦ੍ਰਿੜਤਾ ਤੱਕ, ਪੰਜਾਬੀਆਂ ਲਈ ਅਤੇ ਹੋਰਨਾਂ ਲਈ ਹਾਲਤ ਕਿੰਨੀ ਸੰਗੀਨ ਬਣ ਗਈ ਹੈ ।

Digitized by Panjab Digital Library | www.panjabdigilib.org

## ਭਾਗ ਚੌਥਾ

# ਸਿੱਖਾਂ ਦੀ ਦੇਸ਼ਭਗਤੀ-ਇੱਕ ਇਤਿਹਾਸਕ ਦ੍ਰਿਸ਼ਟੀਕੋਣ

## ਕਾਂਡ ਇੱਕ

## ਸਿੱਖ ਧਰਮ ਦੀ ਚੜ੍ਹਤ ਅਤੇ ਹਕੂਮਤੀ ਤੇ ਸਮਾਜਕ ਜਬਰੋ-ਜ਼ੁਲਮ ਵਿਰੁੱਧ ਸੰਘਰਸ਼

ਹਿੰਦੁਸਤਾਨ ਦੀ ਸਰਕਾਰ ਕਹਿੰਦੀ ਹੈ ਕਿ ਸਿੱਖ ਵੱਖਵਾਦੀ, ਅੱਤਵਾਦੀ ਅਤੇ ਫਿਰਕਾਪ੍ਰਸਤ ਹਨ। ਕਾਂਗਰਸ (ਇੰ) ਉਨ੍ਹਾਂ ਨੂੰ ਗਦਾਰ ਕਹਿਣ ਤੱਕ ਜਾਂਦੀ ਹੈ । ਇਹ ਵਿਚਾਰ ਹਿੰਦੁਸਤਾਨ ਵਿੱਚ ਸਰਕਾਰੀ ਕੰਟਰੋਲ ਹੇਠਲੇ ਟੈਲੀਵੀਜ਼ਨ, ਰੇਡੀਓ ਅਤੇ ਮੁੱਖ ਅਖਬਾਰੀ ਸੇਵਾਵਾਂ ਵਲੋਂ ਇੱਕ ਵੱਡੇ ਪੈਮਾਨੇ 'ਤੇ ਪ੍ਰਚਾਰਿਆ ਜਾਂਦਾ ਹੈ, ਅਤੇ ਇਹੀ ਵਿਚਾਰ ਵਿਦੇਸ਼ਾਂ ਵਿੱਚ ਵੀ ਪ੍ਰਚਾਰਿਆ ਜਾ ਰਿਹਾ ਹੈ । ਇਸ ਲਈ ਇਸ ਕਾਂਡ 'ਚ ਮੈਂ ਸਿੱਖੀ ਦੇ ਇਤਿਹਾਸ ਦਾ ਸੰਖੇਪ ਜਿਹਾ ਵਰਨਣ ਕਰਾਂਗਾ, ਤਾਂ ਜੋ ਪਾਠਕ ਆਪਣਾ ਮਨ ਬਣਾ ਸਕੇ ।

ਸਿੱਖ ਧਰਮ ਮੁਕਾਬਲਤਨ ਇੱਕ ਨਵਾਂ ਧਰਮ ਹੈ। ਇਸ ਨੂੰ ਆਰੰਭ ਹੋਇਆ ਕੋਈ 500 ਸਾਲ ਹੋਏ ਹਨ। 15ਵੀਂ ਸਦੀ ਦੇ ਅੰਤ ਵਿੱਚ ਸਿੱਖਾਂ ਦੇ ਪਹਿਲੇ ਗੁਰੂ ਨਾਨਕ ਦੇਵ ਜੀ ਨੇ ਇਸ ਧਰਮ ਦੀ ਸਥਾਪਨਾ ਕੀਤੀ ਸੀ। ਗੁਰੂ ਨਾਨਕ ਦੇਵ ਦਾ ਜਨਮ 1469 ਈਸਵੀ ਵਿੱਚ ਹੋਇਆ ਸੀ, ਜੋ ਕਿ ਹਿੰਦੁਸਤਾਨ ਵਿੱਚ ਬਹੁਤ ਹੀ ਗੜਬੜ ਵਾਲਾ ਜ਼ਮਾਨਾ ਸੀ, ਜਦ ਲੋਕ ਬ੍ਰਾਹਮਣਵਾਦੀ ਵਿਵਸਥਾ ਅਤੇ ਵਿਦੇਸ਼ੀ ਹਾਕਮਾਂ ਵਿਰੁਧ ਬਗਾਵਤ ਵਿੱਚ ਉਠ ਰਹੇ ਸਨ। ਕਿਸਾਨ, ਕਾਰੀਗਰ ਅਤੇ ਵਪਾਰੀ ਦਿੱਲੀ ਦੇ ਹਾਕਮਾਂ ਵਿਰੁੱਧ ਵਿਦਰੋਹ ਕਰ ਰਹੇ ਸਨ । 1419 ਵਿੱਚ ਕਿਸਾਨਾਂ ਦੇ ਆਗੂ ਸਾਰੰਗ ਨੇ ਦਿੱਲੀ ਦੇ ਸੁਲਤਾਨ ਮੁਬਾਰਕ ਸ਼ਾਹ ਸਯਦ ਵਿਰੁੱਧ ਕਿਸਾਨਾਂ ਦੀ ਇੱਕ ਬਗਾਵਤ ਦੀ ਅਗਵਾਈ ਕੀਤੀ । ਉਸ ਸਮੇਂ ਦਾ ਇੱਕ ਲਿਖਾਰੀ ਇਸ ਬਗਾਵਤ ਬਾਰੇ ਇੰਝ ਲਿਖਦਾ ਹੈ: ''ਸਾਰੰਗ ਨੇ ਆਪਣੇ ਗਿਰਦ ਅਨਪੜ੍ਹ ਅਤੇ ਉਜੱਡ ਲੋਕਾਂ ਨੂੰ ਇਕੱਤਰ ਕਰ ਲਿਆ ।'' ਲਾਹੌਰ ਅਤੇ ਸਰਹੰਦ ਦੇ ਸੂਬੇਦਾਰ ਇਸ ਵਿਦਰੋਹ ਨੂੰ ਦਬਾਉਣ ਵਿੱਚ ਅਸਫਲ ਰਹੇ। ਆਖਰਕਾਰ ਦਿੱਲੀ ਦੇ ਸੁਲਤਾਨ ਨੇ ਆਪਣੀਆਂ ਫੌਜਾਂ ਭੇਜੀਆਂ । ਸਰਹੰਦ ਕੋਲ ਲੜਾਈ ਵਿੱਚ ਸਾਰੰਗ ਮਾਰਿਆ ਗਿਆ ।

ਬਾਬੇ ਨਾਨਕ ਦੀਆਂ ਸਿਖਿਆਵਾਂ ਸਮਾਜਕ ਅਤੇ ਹਕੂਮਤੀ ਜਬਰ ਦੇ ਵਿਰੁੱਧ ਸਨ। ਆਪਣੇ ਸਮੇਂ ਦੀਆਂ ਹਾਲਤਾਂ ਦਾ ਵਰਨਣ ਕਰਦਿਆਂ, ਉਹ ਦਸਦੇ ਹਨ ਕਿ ਹਾਕਮ ਖੂੰਖਾਰ ਜੰਗਲੀ ਜਾਨਵਰਾਂ ਦੀ ਤਰ੍ਹਾਂ ਬਣ ਗਏ ਸਨ, ਅਤੇ ਲੋਕਾਂ ਨੂੰ ਖਾ ਰਹੇ ਸਨ, ਜਦ ਕਿ ਇਨਸਾਫ ਕਰਨ ਵਾਲੇ ਆਪਣੇ ਕਰਤੱਵ ਤੋਂ ਪਿੱਛੇ ਹਟ ਗਏ ਸਨ :

Digitized by Panjab Digital Library | www.panjabdigilib.org

ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ ।
ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ ।
ਪਰਜਾ ਅੰਧੀ ਗਿਆਨ ਬਿਨੁ ਕੂੜ ਕੁਸਤੁ ਮੁਖਹੁ ਆਲਾਈ ।
ਕਾਜੀ ਹੋਏ ਰਿਸਵਤੀ ਵਢੀ ਲੈ ਕੇ ਹੱਕ ਗਵਾਈ ।

ਇਕ ਹੋਰ ਜਗ੍ਹਾ ਉਹ ਫੇਰ ਫਰਮਾਉਂਦੇ ਹਨ :

ਲਬੁ ਪਾਪੁ ਦੁਇ ਰਾਜਾ ਮਹਤਾ ਕੂੜ ਹੋਆ ਸਿਕਦਾਰੁ ॥
ਕਾਮ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥
ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥

ਬਾਬੇ ਨਾਨਕ ਨੇ ਬ੍ਰਾਹਮਣਾਂ ਅਤੇ ਮੁੱਲਾਂ ਦੇ ਧਾਰਮਕ ਕੱਟੜਪਣ ਅਤੇ ਪਾਖੰਡਬਾਜੀ ਉੱਤੇ ਤਿੱਖਾ ਹਮਲਾ ਕੀਤਾ । ਉਸਨੇ ਲੋਕਾਂ ਨੂੰ ਲੁੱਟਣ ਵਾਲੇ ਜੋਗੀਆਂ ਅਤੇ ਭੇਖੀ ਅਵਤਾਰਾਂ ਦੀ ਵੀ ਨਿਖੇਧੀ ਕੀਤੀ ।

ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ ॥
ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ ॥
ਮੂਰਖੁ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ ॥
ਧਰਮੀ ਧਰਮ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ ॥
ਜਤੀ ਸਦਾਵਹਿ ਜੁਗਤਿ ਨਾ ਜਾਣਹਿ ਛਡਿ ਬਹਹਿ ਘਰਬਾਰੁ॥

ਬਾਬੇ ਨਾਨਕ ਦੀ ਲਹਿਰ ਹਕੂਮਤ ਦੇ ਜ਼ੁਲਮ ਅਤੇ ਬ੍ਰਾਹਮਣਵਾਦੀ ਵਿਵਸਥਾ ਦੇ ਸਮਾਜਕ ਜਬਰ ਵਿਰੁੱਧ ਸੀ। ਬਾਬੇ ਨਾਨਕ ਨੇ ਲੋਕਾਂ ਉੱਤੇ ਜਬਰ ਦੇ ਇਨਾਂ ਦੋਨਾਂ ਪਹਿਲੂਆਂ 'ਤੇ ਜ਼ੋਰ ਦਿੱਤਾ । ਹਿੰਦੁਸਤਾਨ ਦੇ ਮੁਗਲ ਬਾਦਸ਼ਾਹ, ਬਾਬਰ ਨੇ ਉਸਨੂੰ ਕੈਦੀ ਬਣਾ ਲਿਆ ਸੀ । ਬਾਬੇ ਨਾਨਕ ਨੇ ਬਾਬਰ ਬਾਰੇ ਆਖਿਆ ਹੈ :

ਪਾਪ ਕੀ ਜੰਜ ਲੈ ਕਾਬਲਹੁ ਧਾਇਆ,
ਜੋਰੀ ਮੰਗੈ ਦਾਨ ਵੇ ਲਾਲੋ ॥
ਸਰਮੁ ਧਰਮੁ ਦੋਇ ਛਪਿ ਖਲੋਏ
ਕੂੜ ਫਿਰੈ ਪਰਧਾਨੁ ਵੇ ਲਾਲੋ ॥

ਬਾਬਾ ਨਾਨਕ ਜਾਤ-ਪਾਤ ਦੀ ਪ੍ਰਥਾ, ਮੂਰਤੀ ਪੂਜਾ, ਔਰਤਾਂ ਨਾਲ ਵਿਤਕਰੇ, ਦੂਸਰੇ ਲੋਕਾਂ ਵਿਰੁੱਧ ਵਿਤਕਰੇ ਅਤੇ ਬ੍ਰਾਹਮਣਵਾਦ ਦੇ ਹੋਰ ਅਸੱਭਿਅਕ ਤੇ ਜਾਬਰ ਸੰਸਕਾਰਾਂ ਦੇ ਬਰਖਿਲਾਫ ਸੀ। ਉਸ ਨੇ ਹਾਕਮਾਂ ਦੇ ਨਿਹੱਕੇ ਜਬਰੋ-ਜ਼ੁਲਮ ਵਿਰੁੱਧ, ਧਰਮ ਦੇ ਆਧਾਰ 'ਤੇ, ਜਾਤ ਪਾਤ ਦੇ ਆਧਾਰ 'ਤੇ, ਉਨ੍ਹਾਂ ਵਲੋਂ ਕੀਤੇ ਜਾਂਦੇ ਵਿਤਕਰੇ ਵਿਰੁੱਧ ਲੜਾਈ ਕੀਤੀ । ਉਸਨੇ ਸੱਚੇ ਅਤੇ ਨੇਕ ਕੰਮਾਂ 'ਤੇ ਆਧਾਰਤ ਸੱਚੇ-ਸੁੱਚੇ ਜੀਵਨ 'ਤੇ ਜ਼ੋਰ ਦਿੱਤਾ । ਉਸ ਨੇ ਉਪਦੇਸ਼ ਦਿੱਤਾ ਕਿ ਸੱਚ ਉੱਚਾ ਹੈ ਅਤੇ ਸੱਚਾ ਜੀਵਨ ਉਸ ਤੋਂ ਵੀ ਉੱਚਾ ਹੈ। ਉਹ ਸੰਸਕਾਰਾਂ ਅਤੇ ਊਚ-ਨੀਚ ਨੂੰ ਨਹੀਂ ਮੰਨਦੇ ਸਨ । ਉਹ ਮਨੁੱਖਾਂ ਦੀ ਸਰਵ-ਸਾਂਝੀਵਾਲਤਾ ਵਿੱਚ ਯਕੀਨ ਰਖਦੇ ਸਨ । ਉਸਨੇ ਸੰਨਿਆਸ ਲੈਣ ਵਿਰੁੱਧ ਅਤੇ ਕਿਰਤ ਕਰਨ ਦੇ ਪੱਖ ਵਿੱਚ ਉਪਦੇਸ਼ ਦਿੱਤਾ:

ਗਿਆਨ ਵਿਹੂਣਾ ਗਾਵੈ ਗੀਤ ॥
ਭੁਖੇ ਮੁੱਲਾਂ ਘਰੇ ਮਸੀਤਿ ॥

Digitized by Panjab Digital Library | www.panjabdigilib.org

ਮਖਟੂ ਹੋਇ ਕੈ ਕਨ ਪੜਾਏ ॥
ਫਕਰੁ ਕਰੇ ਹੋਰੁ ਜਾਤਿ ਗਵਾਏ॥
ਗੁਰ ਪੀਰ ਸਦਾਇ ਮੰਗਣ ਜਾਏ॥
ਤਾ ਕੈ ਮੂਲਿ ਨ ਲਗੀਐ ਪਾਇ ॥
ਘਾਲਿ ਖਾਇ ਕਿਛੁ ਹਥਹੁ ਦੇਹਿ
ਨਾਨਕ ਰਾਹੁ ਪਛਾਣਹਿ ਸੇਇ ॥

ਬਾਬੇ ਨਾਨਕ ਨੇ, ਬੰਦੇ ਦੇ ਰੱਬ ਨਾਲ ਰਿਸ਼ਤੇ ਵਿੱਚੋਂ ਵਿਚੋਲੇ ਦੀ ਭੂਮਿਕਾ ਖਤਮ ਕਰ ਦਿੱਤੀ । ਉਸਨੇ ਬ੍ਰਾਹਮਣਾਂ ਦੀ ਵਿਚੋਲਗੀ ਵਾਲੀ ਭੂਮਿਕਾ ਖਤਮ ਕਰਕੇ ਉਪਦੇਸ਼ ਦਿੱਤਾ ਕਿ ਮਨੁੱਖ ਖੁਦ ਸਿੱਧੇ ਤੌਰ 'ਤੇ ਆਪਣੇ ਸੱਚੇ ਕੰਮਾਂ ਦੇ ਜ਼ਰੀਏ ਰੱਬ ਨਾਲ ਇਕ-ਮਿਕ ਹੋ ਸਕਦਾ ਹੈ। ਉਸਨੇ ਜ਼ੋਰ ਦਿੱਤਾ ਕਿ ਬੰਦੇ ਨੂੰ ਪਦਾਰਥਕ ਚੀਜ਼ਾਂ ਨਾਲ ਲਗਾਓ ਤੋਂ ਬਿਨਾਂ, ਲਾਲਚ ਤੋਂ ਮੁਕਤ ਇੱਕ ਮੁਕੰਮਲ ਜ਼ਿੰਦਗੀ ਜੀਊਣੀ ਚਾਹੀਦੀ ਹੈ । ਉਸ ਨੇ ਕਿਰਤ ਕਰਨ ਅਤੇ ਸਮਾਜਿਕ ਭਲਾਈ 'ਚ ਹਿੱਸਾ ਪਾਉਣ 'ਤੇ ਜੋਰ ਦਿੱਤਾ । ਉਸ ਨੇ ਇੱਕ ਜਗੀਰਦਾਰ, ਮਲਕ ਭਾਗੋ ਦੀ ਦਾਅਵਤ ਕਬੂਲ ਨਾ ਕੀਤੀ, ਅਤੇ ਇੱਕ ਮਿਹਨਤਕਸ਼, ਭਾਈ ਲਾਲੋ ਦੀ ਰੁੱਖੀ-ਸੁੱਖੀ ਰੋਟੀ ਖਾਣ ਨੂੰ ਤਰਜੀਹ ਦਿੱਤੀ ਅਤੇ ਇਸ ਤਰ੍ਹਾਂ ਲੁੱਟ ਦੀ ਤੇ ਪ੍ਰਜੀਵੀ ਅਤੇ ਵਿਹਲੜ ਜੀਵਨ ਦੀ ਨਿਖੇਧੀ ਕੀਤੀ । ਉਸ ਨੇ ਆਪਣੇ ਕਥਨੀ ਤੇ ਕਰਨੀ ਰਾਹੀਂ ਜਾਤ-ਪਾਤ ਦੀ ਪ੍ਰਥਾ ਉੱਤੇ ਸਿੱਧਾ ਹਮਲਾ ਕੀਤਾ । ਉਸ ਨੇ ਲੰਗਰ ਦੀ ਪ੍ਰਥਾ ਚਲਾਈ ਜਿਸ ਵਿੱਚ ਸਭ ਲੋਕ, ਜਾਤ-ਪਾਤ ਭੁੱਲ ਕੇ ਇਕੱਠੇ ਬੈਠ ਕੇ ਖਾਂਦੇ ਹਨ । ਇਸ ਤੋਂ ਪਹਿਲਾਂ ਨੀਵੀਂਆਂ ਜਾਤਾਂ ਦੇ ਲੋਕਾਂ ਨੂੰ ਮੰਦਰਾਂ ਵਿੱਚ ਦਾਖਲ ਹੋਣ ਦੀ ਅਤੇ ਬ੍ਰਾਹਮਣਾਂ ਦੇ ਨੇੜੇ ਜਾਣ ਦੀ ਆਗਿਆ ਨਹੀਂ ਸੀ। ਜੇਕਰ ਇੱਕ ਨੀਵੀਂ ਜਾਤੀ ਦੇ ਬੰਦੇ ਦਾ ਪ੍ਰਛਾਵਾਂ ਵੀ ਪੈ ਜਾਵੇ ਤਾਂ ਬ੍ਰਾਹਮਣਾਂ ਨੂੰ ਇਸ਼ਨਾਨ ਕਰਨਾ ਪੈਂਦਾ ਸੀ। ਉਸ ਨੇ ਛੂਤ-ਛਾਤ ਦੇ ਵਿਰੁੱਧ ਉਪਦੇਸ਼ ਦਿੱਤਾ ਅਤੇ ਆਪਣੇ ਪੈਰੋਕਾਰਾਂ ਨੂੰ ਦੱਸਿਆ :

ਜਾਤਿ ਕਾ ਗਰਬ ਨਾ ਕਰਿਅਹੁ ਕੋਈ ।
ਬ੍ਰਹਮ ਬਿੰਦੇ ਸੋ ਬ੍ਰਾਹਮਣ ਹੋਈ ।
ਜਾਤ ਕਾ ਗਰਬੁ ਕਰ ਮੂਰਖ ਗਵਾਰਾ ।
ਇਸ ਗਰਬ ਤੇ ਚਲਹਿ ਬਹੁਤ ਵਿਕਾਰਾ ।

ਕਿਉਂਕਿ ਉਸ ਨੇ ਨਿਆਂ ਦੇ ਹੱਕ ਵਿੱਚ, ਬਰਾਬਰੀ ਦੇ ਹੱਕ ਵਿੱਚ, ਸਰਬੱਤ ਦੇ ਭਲੇ ਦੇ ਹੱਕ ਵਿੱਚ ਅਤੇ ਜਾਤ ਜਾਂ ਧਰਮ ਦੇ ਆਧਾਰ 'ਤੇ ਵਿਤਕਰੇ ਦੇ ਬਰਖਿਲਾਫ, ਸਮਾਜਕ ਜਾਂ ਹਕੂਮਤੀ ਜਬਰ ਦੇ ਬਰਖਿਲਾਫ ਉਪਦੇਸ਼ ਦਿੱਤੇ ਸਨ, ਇਸ ਲਈ ਉਹਦੇ ਉਪਦੇਸ਼ਾਂ ਨੂੰ ਨਾ ਸਿਰਫ ਬ੍ਰਾਹਮਣ ਪ੍ਰੋਹਿਤ ਹੀ, ਸਗੋਂ ਹਾਕਮ ਵੀ ਨਫ਼ਰਤ ਦੀ ਨਿਗਾਹ ਨਾਲ ਦੇਖਦੇ ਸਨ।

ਗੁਰੂ ਨਾਨਕ ਸਾਹਿਬ ਦੇ ਉਪਦੇਸ਼, ਉਨ੍ਹਾਂ ਦੇ ਪੈਰੋਕਾਰਾਂ ਤੋਂ ਦਲੇਰੀ ਅਤੇ ਆਪਾ-ਕੁਰਬਾਨੀ ਦੀ ਮੰਗ ਕਰਦੇ ਸਨ ।

ਉਨ੍ਹਾਂ ਦੇ ਬਾਅਦ ਦੇ ਬਾਕੀ ਗੁਰੂਆਂ ਨੇ ਵੀ ਇਹੀ ਉਪਦੇਸ਼ ਦਿੱਤੇ ਅਤੇ ਇਨ੍ਹਾਂ ਹੀ ਆਦਰਸ਼ਾਂ ਲਈ ਸੰਘਰਸ਼ ਕੀਤਾ । ਦੂਜੇ ਗੁਰੂ, ਗੁਰੂ ਅੰਗਦ ਦੇਵ ਜੀ, ਨੇ ਗੁਰਮੁੱਖੀ ਲਿੱਪੀ ਪ੍ਰਚੱਲਤ ਕੀਤੀ । ਉਨ੍ਹਾਂ ਨੇ ਪੰਜਾਬੀ ਭਾਸ਼ਾ ਨੂੰ ਇਹਦੀ ਆਪਣੀ ਲਿੱਪੀ ਦਿੱਤੀ ਅਤੇ ਲੋਕਾਂ ਵਿੱਚ ਵਿਦਿਆ ਦਾ ਚਾਨਣ ਫੈਲਾਇਆ । ਤੀਸਰੇ ਗੁਰੂ, ਗੁਰੂ ਅਮਰਦਾਸ ਜੀ, ਨੇ ਔਰਤ

Digitized by Panjab Digital Library | www.panjabdigilib.org

ਮਰਦ ਦੀ ਬਰਾਬਰੀ ਦਾ ਉਪਦੇਸ਼ ਦਿੱਤਾ, ਸਤੀ ਦੀ ਮਨਾਹੀ ਕੀਤੀ, ਜਾਤ-ਪਾਤ ਦੇ ਬੰਧਨਾਂ ਤੋਂ ਆਜ਼ਾਦੀ ਅਤੇ ਵਿਧਵਾਵਾਂ ਦੇ ਦੁਬਾਰਾ ਵਿਆਹ ਦੇ ਉਪਦੇਸ਼ ਦਿੱਤੇ । ਚੌਥੇ ਗੁਰੂ, ਗੁਰੂ ਰਾਮਦਾਸ ਜੀ, ਨੇ ਪਵਿੱਤਰ ਸਰੋਵਰ ਬਣਾਇਆ ਅਤੇ ਰਾਮਦਾਸਪੁਰ ਸ਼ਹਿਰ ਵਸਾਇਆ, ਜਿਸ ਦਾ ਨਾਂ ਬਾਅਦ ਵਿੱਚ ਅੰਮ੍ਰਿਤਸਰ ਰੱਖ ਦਿੱਤਾ ਗਿਆ, ਅਤੇ ਜੋ ਸਿੱਖ ਧਰਮ ਦਾ ਇੱਕ ਮੁੱਖ ਕੇਂਦਰ ਬਣ ਗਿਆ ।

ਹਰਿਮੰਦਰ ਸਾਹਿਬ ਦੀ ਉਸਾਰੀ ਪੰਜਵੇਂ ਗੁਰੂ, ਗੁਰੂ ਅਰਜਨ ਦੇਵ ਜੀ, ਨੇ ਕੀਤੀ ਸੀ । ਹਰਿਮੰਦਰ ਸਾਹਿਬ ਦਾ ਨੀਂਹ-ਪੱਥਰ ਇੱਕ ਮੁਸਲਮਾਨ ਸੂਫੀ, ਬਾਬਾ ਮੀਆਂ ਮੀਰ ਨੇ ਰੱਖਿਆ ਸੀ। ਇਸ ਦੇ ਚਾਰੇ ਦੁਆਰ ਹਰ ਬੰਦੇ ਲਈ ਖੁਲ੍ਹੇ ਸਨ, ਚਾਹੇ ਉਹ ਕਿਸੇ ਵੀ ਧਰਮ, ਜਾਤ ਜਾਂ ਮਤ ਨਾਲ ਸਬੰਧ ਰੱਖਦਾ ਹੋਵੇ । ਗੁਰੂ ਅਰਜਨ ਦੇਵ ਜੀ ਨੇ ਬਾਬੇ ਨਾਨਕ, ਬਾਕੀ ਗੁਰੂਆਂ ਅਤੇ ਸੂਫੀ ਸੰਤਾਂ ਅਤੇ ਭਗਤੀ ਲਹਿਰ ਦੇ ਹੋਰ ਰਹਿਬਰਾਂ ਦੇ ਉਪਦੇਸ਼ਾਂ ਨੂੰ ਇੱਕ ਗਰੰਥ ਵਿੱਚ ਦਰਜ ਕੀਤਾ, ਜਿਸ ਨੂੰ ਹੁਣ ਸ੍ਰੀ ਗੁਰੂ ਗਰੰਥ ਸਾਹਿਬ ਕਿਹਾ ਜਾਂਦਾ ਹੈ । ਇਸ ਵਿੱਚ ਹਿੰਦੁਸਤਾਨ ਦੇ ਵੱਖ-ਵੱਖ ਹਿੱਸਿਆਂ ਤੋਂ ਭਗਤਾਂ ਅਤੇ ਸੂਫੀਆਂ, ਜਿਵੇਂ ਕਿ ਬੰਗਾਲ ਦੇ ਜੈਦੇਵ, ਸਿੰਧ ਦੇ ਸਧਨਾ, ਰਾਜਸਥਾਨ ਦੇ ਧੰਨਾ, ਉਤਰ ਪ੍ਰਦੇਸ਼ ਦੇ ਰਾਮਾ ਨੰਦ, ਅੱਧ ਦੇ ਸੂਰਦਾਸ, ਪੰਜਾਬ ਦੇ ਫਰੀਦ, ਮਹਾਂਰਾਸ਼ਟਰ ਦੇ ਨਾਮਦੇਵ ਅਤੇ ਹੋਰਨਾਂ ਦੇ ਉਪਦੇਸ਼ ਅਤੇ ਲਿਖਤਾਂ ਸ਼ਾਮਲ ਹਨ। ਬਾਅਦ ਵਿੱਚ ਗੁਰੂ ਗੋਬਿੰਦ ਸਿੰਘ ਨੇ ਐਲਾਨ ਕੀਤਾ ਕਿ ਹੁਣ ਤੋਂ ਇਹੀ ਗਰੰਥ ਗੁਰੂ ਮੰਨਿਆਂ ਜਾਵੇਗਾ ਅਤੇ ਕੋਈ ਵੀ ਦੇਹਧਾਰੀ ਗੁਰੂ ਨਹੀਂ ਹੋਵੇਗਾ । ਮੁਗਲ ਬਾਦਸ਼ਾਹ ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਨੂੰ ਗਦਾਰ ਅਤੇ ਦਹਿਸ਼ਤਗਰਦ ਗਰਦਾਨਿਆਂ, ਉਸ ਉੱਤੇ ਕੂੜ ਦੀ ਦੁਕਾਨ ਖੋਹਲਣ ਦਾ ਇਲਜ਼ਾਮ ਲਾਇਆ ਅਤੇ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ।

ਤਦ ਛੇਵੇਂ ਗੁਰੂ, ਗੁਰੂ ਹਰਗੋਬਿੰਦ ਜੀ ਨੇ ਆਪਣੇ ਪੈਰੋਕਾਰਾਂ ਲਈ ਫੌਜੀ ਸਿਖਲਾਈ ਪ੍ਰਚੱਲਤ ਕੀਤੀ । ਉਹ ਘੋੜੇ ਰੱਖਦੇ ਸਨ ਅਤੇ ਆਪਣੇ ਪੈਰੋਕਾਰਾਂ ਨੂੰ ਘੋੜ-ਸਵਾਰੀ ਦੀ ਅਤੇ ਹਥਿਆਰ ਚਲਾਉਣ ਦੀ ਸਿਖਲਾਈ ਦਿੰਦੇ ਸਨ, ਤਾਂ ਜੋ ਉਹ ਜਾਬਰ ਹਾਕਮਾਂ ਦੀ ਚੁਣੌਤੀ ਦਾ ਸਾਹਮਣਾ ਕਰ ਸਕਣ । ਉਨ੍ਹਾਂ ਨੇ, ਸ੍ਰੀ ਅਕਾਲ ਤਖ਼ਤ ਦੀ ਉਸਾਰੀ ਕਰਵਾਈ ਅਤੇ ਇਸ ਨੂੰ ਮੀਰੀ ਅਤੇ ਪੀਰੀ ਦੀ ਸਭ ਤੋਂ ਉੱਚੀ ਗੱਦੀ ਦਾ ਰੁਤਬਾ ਦਿੱਤਾ । ਇਸ ਦਾ ਥੜ੍ਹਾ, ਹਿੰਦੁਸਤਾਨ ਦੇ ਮੁਗਲ ਬਾਦਸ਼ਾਹ ਦੇ ਤਖ਼ਤ ਨਾਲੋਂ ਉੱਚਾ ਸ ੀ। ਗੁਰੂ ਹਰਗੋਬਿੰਦ ਜੀ ਨੂੰ ਕੁੱਝ ਦੇਰ ਗਵਾਲੀਅਰ ਜੇਲ੍ਹ ਵਿੱਚ ਕੈਦੀ ਬਣਾ ਕੇ ਰੱਖਿਆ ਗਿਆ ਸੀ। ਸੱਤਵੇਂ ਅਤੇ ਅੱਠਵੇਂ ਗੁਰੂਆਂ, ਸ੍ਰੀ ਗੁਰੂ ਹਰਿਹਾਏ ਅਤੇ ਸ੍ਰੀ ਗੁਰੂ ਹਰ ਕ੍ਰਿਸ਼ਨ ਦਾ ਸਮਾਂ ਸਿੱਖਾਂ ਲਈ ਮੁਕਾਬਲਤਨ ਪੁਰਅਮਨ ਸਮਾਂ ਸੀ । ਨੌਵੇਂ ਗੁਰੂ, ਗੁਰੂ ਤੇਗ ਬਹਾਦਰ ਜੀ ਨੇ ਵਿਤਕਰੇ ਦੇ ਖਿਲਾਫ ਅਤੇ ਸਰਬੱਤ ਦੇ ਭਲੇ ਲਈ ਆਪਣੇ ਸਿਰ ਦੀ ਬਲੀ ਦਿੱਤੀ ਸੀ । ਉਨ੍ਹਾਂ ਨੂੰ 'ਹਿੰਦ ਦੀ ਚਾਦਰ' ਆਖਿਆ ਜਾਂਦਾ ਹੈ। ਪੰਡਤ ਕ੍ਰਿਪਾ ਰਾਮ ਅਤੇ ਹੋਰ ਕਸ਼ਮੀਰੀ ਪੰਡਤ, ਮੁਗਲ ਹਾਕਮਾਂ ਦੇ ਜਬਰਾਂ ਵਿਰੁੱਧ ਇਮਦਾਦ ਲੈਣ ਲਈ ਨੌਵੇਂ ਗੁਰੂ ਕੋਲ ਆਏ ਸਨ । ਉਨ੍ਹਾਂ ਨੂੰ, ਮੁਗਲ ਬਾਦਸ਼ਾਹ ਔਰੰਗਜ਼ੇਬ ਨੇ 1675 ਵਿੱਚ ਦਿੱਲੀ ਵਿੱਚ ਸ਼ਹੀਦ ਕਰਵਾਇਆ ਸੀ।

ਦਸਵੇਂ ਗੂਰੂ, ਗੂਰੂ ਗੋਬਿੰਦ ਸਿੰਘ ਦਾ ਜਨਮ 1666 ਈਸਵੀ ਵਿੱਚ ਹੋਇਆ ਅਤੇ ਉਹ 1675 ਵਿੱਚ ਗੁਰ ਗੱਦੀ 'ਤੇ ਬੈਠੇ । ਉਸ ਸਮੇਂ ਹਕੂਮਤੀ ਜਬਰੋ-ਜ਼ੁਲਮ ਕਹਿਰਾਂ 'ਤੇ ਸੀ ਅਤੇ ਧਰਮ ਦੇ ਆਧਾਰ 'ਤੇ ਬੇਹੱਦ ਵਿਤਕਰਾ ਕੀਤਾ ਜਾਂਦਾ ਸੀ। ਹਕੂਮਤ ਦੀ ਧਾੜਵੀ

Digitized by Panjab Digital Library | www.panjabdigilib.org

ਦਹਿਸ਼ਤਗਰਦੀ ਅਤੇ ਬ੍ਰਹਮਣਾਦ ਦਾ ਟਾਕਰਾ ਕਰਨ ਲਈ, ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਖੰਡੇ-ਬਾਟੇ ਦਾ ਅੰਮ੍ਰਿਤ ਛਕਾ ਕੇ ਸੰਤ-ਸਿਪਾਹੀਆਂ ਦਾ ਇੱਕ ਭਾਈਚਾਰਾ ਬਣਾ ਦਿੱਤਾ । 1699 ਈ: ਵਿੱਚ ਖਾਲਸੇ ਦੀ ਸਿਰਜਣਾ ਗੁਰੂ ਗੋਬਿੰਦ ਸਿੰਘ ਜੀ ਦਾ ਇੱਕ ਦੂਰ-ਅੰਦੇਸ਼ੀ ਵਾਲਾ ਕਾਰਨਾਮਾ ਸੀ । ਇਸ ਦੇ ਦੋ ਉਦੇਸ਼ ਸਨ: ਸਿੱਖਾਂ ਵਿੱਚ ਆਪਸੀ ਖਿੱਚੋਤਾਣ ਨੂੰ ਖਤਮ ਕਰਨਾ ਅਤੇ ਬਾਹਰੀ ਦੁਸ਼ਮਣਾਂ ਵਿਰੁੱਧ ਇੱਕ ਠੋਸ ਕਿਲ੍ਹਾ, ਇੱਕ ਮਜ਼ਬੂਤ ਫੌਜ ਬਣਾਉਣਾ । ਖਾਲਸੇ ਦੀ ਸਿਰਜਣਾ ਉਸ ਵਕਤ ਕੀਤੀ ਗਈ ਸੀ, ਜਦ ਰਾਮ ਰਾਏ ਅਤੇ ਹੋਰ, ਜੋ ਹਾਕਮਾਂ ਦੇ ਜਬਰੋ-ਜ਼ੁਲਮ ਵਿੱਚ ਸਹਿਯੋਗ ਦੇ ਰਹੇ ਸਨ, ਸਿੱਖਾਂ ਦੀ ਏਕਤਾ ਅਤੇ ਟੀਚੇ ਲਈ ਖਤਰਾ ਬਣੇ ਹੋਏ ਸਨ ਅਤੇ ਬ੍ਰਾਹਮਣਵਾਦ ਨੂੰ ਮੁੜ-ਬਹਾਲ ਕਰਨ ਦੇ ਯਤਨ ਕਰ ਰਹੇ ਸਨ। ਗੁਰੂ ਗੋਬਿੰਦ ਸਿੰਘ ਨੇ, ਸਿੱਖ ਪੰਥ ਦੇ ਬ੍ਰਾਹਮਣੀਕਰਣ ਦੇ ਇਸ ਯਤਨ ਵਿਰੁਧ ਪੰਜ ਪਿਆਰੇ ਬਣਾਏ ਅਤੇ ਉਨ੍ਹਾਂ ਦਾ ਅਧਿਕਾਰ ਸਥਾਪਤ ਕੀਤਾ ।

ਜੁੱਧ ਜਿੱਤੇ ਇਨਹੀ ਕੇ ਪ੍ਰਸਾਦਿ
ਇਨਹੀਂ ਕਿ ਪ੍ਰਸਾਦਿ ਸੁਦਾਨ ਕਰੇ ।
ਅਘ ਓਘ ਟਰੇ ਇਨਹੀਂ ਕੇ ਪ੍ਰਸਾਦਿ
ਇਨਹੀ ਕੇ ਪ੍ਰਸਾਦਿ ਫੁਨ ਧਾਮ ਭਰੇ ।
ਇਨਹੀਂ ਕੇ ਪ੍ਰਸਾਦਿ ਸੁਬਿਦਿਆ ਲਈ
ਇਨਹੀਂ ਕੀ ਕ੍ਰਿਪਾ ਸੱਭ ਸਤ੍ਰ ਮਰੇ ।
ਇਨਹੀਂ ਕੀ ਕ੍ਰਿਪਾ ਸੇ ਸਜੇ ਹਮ ਹੈਂ
ਨਹੀਂ ਮੋ ਸੋ ਗਰੀਬ ਕ੍ਰੋਰ ਪਰੇ ।

ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਮਹੱਤਤਾ, ਲੋਕਾਂ ਦੀ ਏਕਤਾ ਉੱਤੇ ਜ਼ੋਰ ਦਿੱਤਾ ।

ਖਾਲਸਾ ਮੇਰੋ ਰੂਪ ਹੈ ਖਾਸ
ਖਾਲਸੇ ਮਹਿ ਹਉ ਕਰਹੁ ਨਿਵਾਸ ।
ਅਤੇ
ਖਾਲਸਾ ਮੇਰੋ ਸਤਿਗੁਰ ਪੂਰਾ
ਉਪਮਾ ਖਾਲਸੇ ਜਾਤ ਨਾ ਕਹੀ
ਅਤੇ
ਹਉਂ ਖਾਲਸੇ ਕਾ ਖਾਲਸਾ ਮੇਰੋ
ਓਤ ਪੋਤ ਸਾਗਰ ਬੂੰਦੇਰੋਂ ।

ਖਾਲਸੇ ਦੀ ਸਿਰਜਣਾ ਤੋਂ ਬਾਅਦ, ਸਮਾਜਕ ਜਬਰ ਅਤੇ ਹਕੂਮਤੀ ਜ਼ੁਲਮ ਵਿਰੁੱਧ ਸਿੱਖਾਂ ਦੀ ਲੜਾਈ ਤੇਜ਼ ਹੋ ਗਈ । ਗੁਰੂ ਗੋਬਿੰਦ ਸਿੰਘ ਜੀ ਨੇ ਲੋਕਾਂ ਨੂੰ, ਹਕੂਮਤ ਦੇ ਜ਼ਬਰੋ-ਜ਼ੁਲਮ ਅਤੇ ਬ੍ਰਾਹਮਣਵਾਦੀ ਵਿਵਸਥਾ ਵਿਰੁੱਧ, ਇੱਕਮੁਠ ਹੋਣ ਦਾ ਲਲਕਾਰਾ ਮਾਰਿਆ । ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਉਪਦੇਸ਼ ਦਿੱਤਾ:

ਚੂੰਕਾਰ ਅਜ਼ ਹਮਾ ਹੀਲਤੇ ਦਰਗੁਜ਼ਸ਼ਤ
ਹਲਾਲ ਅਸਤ ਬੁਰਦਨ ਬਾ ਸ਼ਮਸ਼ੀਰ ਦਸਤ

Digitized by Panjab Digital Library | www.panjabdigilib.org

(ਜਦੋਂ ਹੋਰ ਸਭ ਹੀਲੇ ਅਸਫਲ ਹੋ ਜਾਣ, ਤਾਂ ਤਲਵਾਰ ਨੂੰ ਹੱਥ ਪਾਉਣਾ ਹੀ ਧਰਮ ਹੈ)

ਦਸਵੇਂ ਗੁਰੂ ਦੇ ਤਹਿਤ ਹਜ਼ਾਰਾਂ ਹੀ ਸਿੱਖਾਂ ਨੇ ਪ੍ਰਣ ਕੀਤਾ ਅਤੇ ਖਾਲਸਾ ਸਜ ਗਏ। ਗੁਰੂ ਗੋਬਿੰਦ ਸਿੰਘ ਦੇ ਦੋ ਵੱਡੇ ਸਾਹਿਬਜ਼ਾਦੇ ਚਮਕੌਰ ਦੇ ਯੁੱਧ ਵਿੱਚ, 1704 ਈ: ਵਿੱਚ, ਮੁਗਲਾਂ ਨਾਲ ਲੜਦੇ ਹੋਏ ਸ਼ਹੀਦ ਹੋ ਗਏ ਸਨ। ਦੋ ਦਿਨ ਬਾਅਦ ਉਨ੍ਹਾਂ ਦੇ ਦੋ ਛੋਟੇ ਸਾਹਿਬਜ਼ਾਦਿਆਂ ਨੂੰ, ਸਰਹੰਦ ਦੇ ਨਵਾਬ ਨੇ, ਦਿੱਲੀ ਦੇ ਮੁਗਲ ਬਾਦਸ਼ਾਹ ਦੇ ਹੁਕਮ ਅਨੁਸਾਰ, ਨੀਂਹਾਂ ਵਿੱਚ ਚਿਣਾ ਕੇ ਸ਼ਹੀਦ ਕਰ ਦਿੱਤਾ ਸੀ। ਇਸ ਨਾਲ ਲੋਕਾਂ ਵਿੱਚ ਗੁੱਸੇ ਦੀ ਲਹਿਰ ਉੱਠ ਖੜੀ ਹੋਈ। ਉਹ ਅਜੇ ਮਾਸੂਮ ਬੱਚੇ ਸਨ ਅਤੇ ਪੂਰੀ ਤਰ੍ਹਾਂ ਨਿਰਦੋਸ਼ ਸਨ, ਉਨ੍ਹਾਂ ਨੂੰ ਬਿਨਾਂ-ਵਜ੍ਹਾ ਸ਼ਹੀਦ ਕਰ ਦਿੱਤਾ ਗਿਆ। ਗੁਰੂ ਗੋਬਿੰਦ ਸਿੰਘ ਜੀ ਨੇ ਹਕੂਮਤੀ ਜਬਰੋ-ਜ਼ੁਲਮ ਵਿਰੁਧ ਕਈ ਜੰਗਾਂ ਲੜੀਆਂ, ਜਿਨ੍ਹਾਂ ਵਿੱਚ ਮੁਸਲਮਾਨ ਵੀ ਆਪਣੇ ਜਾਬਰ ਹਾਕਮਾਂ ਵਿਰੁੱਧ ਲੜੇ ਸਨ। ਪੀਰ ਬੁੱਧੂ ਸ਼ਾਹ ਨੇ ਆਪਣੇ ਸਭ ਪੈਰੋਕਾਰਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਫੌਜ ਵਿੱਚ ਭਰਤੀ ਹੋਣ ਦਾ ਆਦੇਸ਼ ਦਿੱਤਾ ਸੀ।

ਗੁਰੂ ਗੋਬਿੰਦ ਸਿੰਘ ਜੀ ਨੇ ਸਰਵ-ਸਾਂਝੀਵਾਲਤਾ ਦਾ ਉਪਦੇਸ਼ ਦਿੱਤਾ। ਗੁਰਦੁਆਰਿਆਂ ਵਿੱਚ ਹਰੇਕ ਅਰਦਾਸ "ਸਰਬੱਤ ਦਾ ਭਲਾ" ਮੰਗਣ ਨਾਲ ਸੰਪੰਨ ਹੁੰਦੀ ਹੈ।

7 ਅਕਤੂਬਰ, 1708 ਈ: ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਅਕਾਲ ਚਲਾਣੇ ਤੋਂ ਬਾਅਦ, ਉਨ੍ਹਾਂ ਦਾ ਸਿੱਖ, ਬਾਬਾ ਬੰਦਾ ਸਿੰਘ ਬਹਾਦਰ, ਪੰਜਾਬ ਆ ਗਿਆ ਅਤੇ ਉਸਨੇ ਹਕੂਮਤੀ ਜਬਰੋ-ਜ਼ੁਲਮ ਵਿਰੁਧ ਲੜਾਈ ਨੂੰ ਜਾਰੀ ਰੱਖਿਆ। ਹਜ਼ਾਰਾਂ ਹੀ ਪੰਜਾਬੀ, ਹਾਕਮਾਂ ਦੇ ਜਬਰ ਵਿਰੁੱਧ ਲੜਨ ਲਈ, ਬੰਦੇ ਬਹਾਦਰ ਦੀ ਫੌਜ ਵਿੱਚ ਭਰਤੀ ਹੋ ਗਏ। ਉਸ ਨੇ 26 ਨਵੰਬਰ 1709 ਈ: ਨੂੰ ਪਟਿਆਲੇ ਲਾਗੇ ਸਮਾਣਾ ਦੀ ਰਿਆਸਤ ਤਬਾਹ ਕਰ ਦਿੱਤੀ ਅਤੇ 24 ਮਈ, 1710 ਈ: ਨੂੰ ਸਰਹੰਦ ਨੂੰ ਮਿੱਟੀ ਵਿੱਚ ਮਿਲਾ ਦਿੱਤਾ। ਉਸ ਵਕਤ, ਸਰਹੰਦ ਮੁਗਲ ਸ਼ਹਿਨਸ਼ਾਹੀ ਦੇ ਸਭ ਤੋਂ ਅਮੀਰ ਅਤੇ ਸ਼ਕਤੀਸ਼ਾਲੀ ਸੂਬਿਆਂ ਵਿੱਚੋਂ ਗਿਣਿਆਂ ਜਾਂਦਾ ਸੀ। ਬੰਦੇ ਬਹਾਦਰ ਦਾ ਰਾਜ, ਗੁਰਦਾਸਪੁਰ ਤੋਂ ਸਹਾਰਨਪੁਰ ਤੱਕ, ਕਰੀਬ ਛੇ ਸਾਲ ਕਾਇਮ ਰਿਹਾ ਅਤੇ ਦੇਸ਼ ਦੇ ਇਸ ਹਿੱਸੇ ਵਿੱਚ ਮੁਗਲ ਸਲਤਨਤ ਪੈਰ ਧਰਨ ਦਾ ਵੀ ਹੀਆ ਨਹੀਂ ਸੀ ਕਰ ਸਕੀ।

ਬੰਦਾ ਬਹਾਦਰ ਨੇ ਕਈ ਮਹੱਤਵਪੂਰਨ ਸੁਧਾਰ ਲਾਗੂ ਕੀਤੇ। ਉਸਨੇ ਜ਼ਮੀਨ ਦੀ ਮਾਲਕੀ ਦਾ ਜਗੀਰਦਾਰੀ ਨਿਜ਼ਾਮ ਖਤਮ ਕਰ ਦਿੱਤਾ ਅਤੇ ਜ਼ਮੀਨ ਬੇ-ਜ਼ਮੀਨਿਆਂ ਨੂੰ, ਅਸਲੀ ਹਲ-ਵਾਹਕਾਂ ਨੂੰ ਦੇ ਦਿੱਤੀ। ਉਸ ਨੇ ਗਰੀਬਾਂ ਨੂੰ ਨਿਆਂ ਦਿੱਤਾ। ਉਸ ਨੇ ਕਈ ਵਿਤਕਰੇ ਭਰੇ ਸੰਸਕਾਰ ਅਤੇ ਹੋਰ ਰਿਵਾਜ ਖਤਮ ਕਰ ਦਿੱਤੇ, ਜਿਹੜੇ ਗਰੀਬਾਂ ਦੀਆਂ ਕਠਨਾਈਆਂ ਵਿੱਚ ਵਾਧਾ ਕਰਦੇ ਸਨ। ਉਸ ਨੇ ਗਰੀਬਾਂ ਨੂੰ ਇੱਕ-ਮੁੱਠ ਹੋ ਕੇ ਜਾਬਰਾਂ ਵਿਰੁੱਧ ਲੜਨ ਦਾ ਸੱਦਾ ਦਿੱਤਾ।

ਇੱਕ ਵਾਰੀ ਦੀ ਗੱਲ ਹੈ ਕਿ ਸਢੌਰ ਇਲਾਕੇ ਦੇ ਵਸਨੀਕਾਂ ਦਾ ਇੱਕ ਵਫਦ ਜਗੀਰਦਾਰ ਅਤੇ ਉਹਦੇ ਜਬਰ ਵਿਰੁੱਧ ਸ਼ਿਕਾਇੰਤ ਕਰਨ ਲਈ ਬੰਦੇ ਬਹਾਦਰ ਕੋਲ ਆਇਆ। ਉਨ੍ਹਾਂ ਦੀ ਸ਼ਿਕਾਇਤ ਸੁਣ ਕੇ ਬੰਦੇ ਨੇ ਹੁਕਮ ਦਿੱਤਾ, ਕਿ ਇਨ੍ਹਾਂ, ਸ਼ਿਕਾਇਤ ਕਰਨ ਵਾਲਿਆਂ ਨੂੰ, ਤੁਰੰਤ ਮੌਤ ਦੇ ਘਾਟ ਉਤਾਰ ਦਿੱਤਾ ਜਾਵੇ। ਆਪਣੀ ਅਰਜ਼ ਦਾ ਇਹ ਉੱਤਰ ਸੁਣਕੇ ਉਨ੍ਹਾਂ ਦੇ ਹੋਸ਼ ਉਡ ਗਏ ਅਤੇ ਉਨ੍ਹਾਂ ਨੇ ਬੰਦੇ ਨੂੰ ਬੇਨਤੀ ਕੀਤੀ ਕਿ ਉਹ ਖੋਲ੍ਹ ਕੇ ਦੱਸੇ ਕਿ ਉਸ

Digitized by Panjab Digital Library | www.panjabdigilib.org

ਨੇ ਇਹ ਹੁਕਮ ਕਿਉਂ ਦਿੱਤਾ ਹੈ । ਬੰਦੇ ਨੇ ਉੱਤਰ ਦਿੱਤਾ ਹੈ ਕਿ ਮੈਂ ਤੁਹਾਡੀ ਮੌਤ ਦਾ ਹੁਕਮ ਇਸ ਲਈ ਦਿੱਤਾ ਹੈ ਕਿਉਂਕਿ ਤੁਸੀਂ ਭੇਡਾਂ ਦੇ ਮੇਮਣਿਆਂ ਵਾਲਾ ਵਿਹਾਰ ਕਰ ਰਹੇ ਹੋ, ਗੁਰੂ ਦੇ ਸ਼ੇਰਾਂ ਵਾਲਾ ਨਹੀਂ । ਨਹੀਂ ਤਾਂ ਇਹ ਕਿੱਦਾਂ ਹੋ ਸਕਦਾ ਹੈ ਕਿ ਇੱਕ ਇਕੱਲਾ ਜਗੀਰਦਾਰ ਤੁਹਾਨੂੰ ਸੈਂਕੜਿਆਂ ਹੀ ਬੰਦਿਆਂ ਨੂੰ ਅੱਤਿਆਚਾਰ ਦਾ ਸ਼ਿਕਾਰ ਬਣਾਈ ਜਾਂਦਾ ਹੈ ? ਉਸ ਨੇ ਉਨ੍ਹਾਂ ਨੂੰ ਤਾਕੀਦ ਕੀਤੀ ਕਿ ਤੁਸੀਂ ਪਹਿਲਾਂ ਇੱਕ ਮੁੱਠ ਹੋ ਕੇ ਜਗੀਰਦਾਰ ਵਿਰੁੱਧ ਬਗਾਵਤ ਕਰੋ ਅਤੇ ਫਿਰ ਇੱਕੋ ਉਦੇਸ਼ ਲਈ ਲੜ ਰਹੇ ਸਹਿ-ਯੋਧਿਆਂ ਦੇ ਤੌਰ 'ਤੇ ਮੇਰੇ ਕੋਲੋਂ ਮਦਦ ਮੰਗ ਸਕਦੇ ਹੋ। ਇਹ ਸੁਣ ਕੇ ਸਢੌਰ ਦੇ ਕਿਸਾਨਾਂ ਦੇ ਹੌਸਲੇ ਬੁਲੰਦ ਹੋ ਗਏ ਅਤੇ ਉਨ੍ਹਾਂ ਨੇ ਵਾਪਸ ਜਾਂਦਿਆਂ ਹੀ ਜਗੀਰਦਾਰ ਉਲਟਾ ਦਿੱਤਾ । ਇਸ ਨਾਲ ਪੰਜਾਬ ਦੇ ਹੋਰ ਕਿਸਾਨਾਂ ਨੂੰ ਵੀ ਉਤਸ਼ਾਹ ਮਿਲਿਆ । ਬੰਦੇ ਦੀ ਕਿਸਾਨਾਂ, ਕਾਰੀਗਰਾਂ ਅਤੇ ਗਰੀਬ ਵਪਾਰੀਆਂ ਨੇ ਪੁੱਜ ਕੇ ਹਮਾਇਤ ਦਿੱਤੀ । ਪਰ, ਜਗੀਰਦਾਰਾਂ ਨੇ ਅਤੇ ਇੱਥੋਂ ਤੱਕ ਕਿ ਸਿੱਖ ਜਾਗੀਰਦਾਰਾਂ ਨੇ ਵੀ, ਅਤੇ ਸ਼ਹਿਰ ਦੇ ਧਨਾਢ ਵਪਾਰੀਆਂ ਨੇ ਉਹਦਾ ਸਿਰਫ ਬੇਹੱਦ ਵਿਰੋਧ ਹੀ ਨਹੀਂ ਕੀਤਾ, ਸਗੋਂ ਉਹਦੇ ਖਿਲਾਫ ਮੁਗਲਾਂ ਨੂੰ ਸਹਿਯੋਗ ਵੀ ਦਿੱਤਾ । ਫੂਲਕੀਆਂ ਮਿਸਲ ਦੇ ਸਰਦਾਰਾਂ ਨੇ ਬੜੇ ਖੂੰਖਾਰ ਢੰਗ ਨਾਲ ਬੰਦੇ ਬਹਾਦਰ ਦੀ ਵਿਰੋਧਤਾ ਕੀਤੀ ।

1716 ਈ: ਦੇ ਸਾਲ ਵਿੱਚ, ਮੁਗਲ ਬਾਦਸ਼ਾਹ ਨੇ, ਬੰਦੇ ਬਹਾਦਰ ਵਿਰੁੱਧ ਜੰਮੂ ਅਤੇ ਲਾਹੌਰ ਵਲੋਂ, ਦੋ ਪਾਸਿਆਂ ਤੋਂ ਚੜ੍ਹਾਈ ਕੀਤੀ । ਘਮਸਾਨ ਦੀ ਲੜਾਈ ਵਿੱਚ, ਬੰਦਾ ਅਤੇ ਉਹਦੇ 800 ਸਾਥੀ ਕੈਦੀ ਬਣਾ ਲਏ ਗਏ ਅਤੇ ਪਿੰਜਰਿਆਂ 'ਚ ਬੰਦ ਕਰਕੇ ਇੱਕ ਜਲੂਸ ਦੀ ਸ਼ਕਲ ਵਿੱਚ ਦਿੱਲੀ ਲਿਆਂਦੇ ਗਏ । ਯੁੱਧ ਵਿੱਚ ਸ਼ਹੀਦ ਹੋਏ 2000 ਸਿੱਖਾਂ ਦੇ ਸਿਰ ਵੀ ਨੇਜ਼ਿਆਂ ਉੱਤੇ ਟੰਗ ਕੇ ਇਸ ਜਲੂਸ ਦੇ ਨਾਲ ਹੀ ਦਿੱਲੀ ਲਿਆਂਦੇ ਗਏ । ਉੱਥੇ 19 ਜੂਨ, 1716 ਈ: ਨੂੰ, ਇੱਕ ਇੱਕ ਕਰਕੇ ਪਹਿਲਾਂ ਉਹਦੇ ਸਾਥੀਆਂ ਨੂੰ, ਫਿਰ ਉਹਦੇ ਬੇਟੇ ਨੂੰ ਅਤੇ ਆਖਰ ਵਿੱਚ ਬੰਦੇ ਬਹਾਦਰ ਨੂੰ ਵੀ ਤਸੀਹੇ ਦੇ-ਦੇ ਕੇ ਕਤਲ ਕੀਤਾ ਗਿਆ । ਅੱਖੀਂ ਦੇਖਣ ਵਾਲੇ ਗਵਾਹਾਂ ਨੇ ਦੱਸਿਆ ਕਿ ਬੰਦੇ ਦਾ ਕੋਈ ਵੀ ਸਾਥੀ ਜਾਂ ਬੰਦਾ ਖੁਦ, ਇਸ ਸਾਰੇ ਖੌਫਨਾਕ ਦ੍ਰਿਸ਼ ਦੌਰਾਨ ਇੱਕ ਪਲ ਲਈ ਵੀ ਡੋਲਿਆ ਨਹੀਂ ਸੀ । ਬੰਦੇ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਸਾਰੇ ਪੰਜਾਬ ਵਿੱਚ ਹਲਚਲ ਮਚ ਗਈ ਅਤੇ ਹਕੂਮਤੀ ਜਬਰ ਵੀ ਕਹਿਰ ਦਾ ਜ਼ੋਰ ਫੜ ਗਿਆ । ਸਿੱਖਾਂ ਨੂੰ ਜ਼ਿੰਦਾ ਜਾਂ ਮੁਰਦਾ ਫੜ ਕੇ ਲਿਆਉਣ ਦਾ ਹੁਕਮ ਦੇ ਦਿੱਤਾ ਗਿਆ । ਮੀਰ ਮੰਨੂ ਨੇ ਸਿੱਖਾਂ ਦੇ ਸਿਰਾਂ ਦਾ ਮੁੱਲ ਰੱਖ ਦਿੱਤਾ । ਪਰ ਸਿੱਖ ਝੁਕੇ ਨਹੀਂ, ਸਗੋਂ ਉਹ ਕਿਹਾ ਕਰਦੇ ਸਨ:

**ਮੰਨੂ ਸਾਡੀ ਦਾਤਰੀ, ਅਸੀਂ ਮੰਨੂ ਦੇ ਸੋਇ,**
**ਜਿਉਂ-ਜਿਉਂ ਮੰਨੂ ਵੱਢਦਾ, ਅਸੀਂ ਦੂਣ ਸਿਵਾਏ ਹੋਏ ।**

ਪੰਜਾਬ ਦੇ ਸੂਬੇਦਾਰ ਨੇ ਸਿੱਖਾਂ ਦੇ ਆਮ ਕਤਲੇਆਮ ਦਾ ਹੁਕਮ ਚਾੜ੍ਹ ਦਿੱਤਾ । ਹਰਿਮੰਦਰ ਸਾਹਿਬ ਨੂੰ ਢਾਹ ਦਿੱਤਾ ਗਿਆ ਤੇ ਹਜ਼ਾਰਾਂ ਹੀ ਮਰਦਾਂ, ਔਰਤਾਂ ਅਤੇ ਬੱਚਿਆਂ ਨੂੰ ਉਵੇਂ ਹੀ ਝਟਕਾਇਆ ਗਿਆ, ਜਿਵੇਂ ਹੁਣ "ਓਪਰੇਸ਼ਨ ਬਲਿਊ ਸਟਾਰ" ਅਤੇ "ਓਪਰੇਸ਼ਨ ਵੁਡ ਰੋਜ਼" ਦੌਰਾਨ ਝਟਕਾਇਆ ਗਿਆ ਹੈ। ਉਸ ਵੇਲੇ ਦੇ ਇੱਕ ਫਾਰਸੀ ਇਤਿਹਾਸਕਾਰ ਨੇ ਲਿਖਿਆ ਹੈ: "ਪੰਜਾਬ ਦੇ ਮੈਦਾਨ, ਖੂਨ ਨਾਲ ਭਰੀ ਇੱਕ ਵੱਡੀ ਥਾਲੀ ਵਾਂਗੂੰ ਲਗਦੇ ਸਨ।" ਉਸ ਅਰਸੇ ਦੌਰਾਨ ਜ਼ਿਆਦਾਤਰ ਸਿੱਖ ਜੰਗਲਾਂ ਵਿੱਚ ਚਲੇ ਗਏ ਅਤੇ ਜਬਰੋ-ਜ਼ੁਲਮ ਵਿਰੁੱਧ ਲੜਨ ਵਾਲੇ ਸਿਪਾਹੀ ਬਣ ਗਏ ।

Digitized by Panjab Digital Library | www.panjabdigilib.org

ਬੰਦੇ ਬਹਾਦਰ ਤੋਂ ਬਾਅਦ 1730 ਵਿਆਂ ਦੇ ਦਹਾਕੇ ਵਿੱਚ, ਨਵਾਬ ਕਪੂਰ ਸਿੰਘ ਅਤੇ ਭਾਈ ਦਰਬਾਰਾ ਸਿੰਘ, ਸਿੱਖਾਂ ਦੇ ਮੁੱਖ ਆਗੂਆਂ ਵਿੱਚ ਗਿਣੇ ਜਾਂਦੇ ਸਨ । ਇਸ ਅਰਸੇ ਦੌਰਾਨ 12 ਮਿਸਲਾਂ ਸਥਾਪਤ ਕਰ ਦਿੱਤੀਆਂ ਗਈਆਂ ਜੋ ਮੁਗਲਾਂ ਅਤੇ ਅਫਗਾਨ ਧਾੜਵੀਆਂ ਵਿਰੁੱਧ ਲੜਦੀਆਂ ਸਨ । ਮੁਗਲਾਂ ਨੇ ਹਰਿਮੰਦਰ ਸਾਹਿਬ ਵਿੱਚ ਵੀ ਦਖਲ-ਅੰਦਾਜ਼ੀ ਕੀਤੀ, ਅਤੇ ਇਸ ਨੂੰ ਮੱਸੇ ਰੰਗੜ੍ਹ ਦੇ ਹਵਾਲੇ ਕਰ ਦਿੱਤਾ, ਜੋ ਏਥੇ ਆਪਣਾ ਦਰਬਾਰ ਲਾਉਂਦਾ ਸੀ, ਅਤੇ ਹਰ ਤਰ੍ਹਾਂ ਦੀਆਂ ਬਦਫੈਲੀਆਂ ਕਰਕੇ ਇਸ ਦੀ ਪਵਿੱਤਰਤਾ ਨੂੰ ਭੰਗ ਕਰਦਾ ਸੀ। ਦੋ ਸਿੱਖ, ਭਾਈ ਮਹਿਤਾਬ ਸਿੰਘ ਅਤੇ ਭਾਈ ਸੁੱਖਾ ਸਿੰਘ, ਬੇਮਿਸਾਲ ਹੌਂਸਲਾ ਦਿਖਾਉਂਦੇ ਹੋਏ ਹਰਿਮੰਦਰ ਸਾਹਿਬ ਆਏ ਅਤੇ ਭਰੇ-ਦਰਬਾਰ ਵਿੱਚੋਂ ਸਖ਼ਤ ਪਹਿਰੇ ਦੇ ਬਾਵਜੂਦ, ਮੱਸੇ ਰੰਗੜ੍ਹ ਦਾ ਸਿਰ ਧੜ ਨਾਲੋਂ ਜੁਦਾ ਕਰਕੇ ਨੇਜ਼ੇ 'ਤੇ ਟੰਗ ਕੇ ਲੈ ਗਏ ।

ਮੱਸੇ ਰੰਗੜ੍ਹ ਦੇ ਸਫਾਏ ਤੋਂ ਬਾਅਦ ਹਰਿਮੰਦਰ ਸਾਹਿਬ ਉਤੇ ਮਿਸਲਾਂ ਦੇ ਜਥੇਦਾਰਾਂ ਦਾ ਕਬਜ਼ਾ ਹੋ ਗਿਆ । ਇਹ ਸਿੱਖ ਆਗੂ ਆਪਣੇ ਭਵਿੱਖ ਦੇ ਕੰਮ ਉਲੀਕਣ ਲਈ, ਸਾਲ ਵਿਚ ਦੋ ਵਾਰੀ ਹਰਿਮੰਦਰ ਸਾਹਿਬ ਵਿਖੇ ਇਕੱਠ ਕਰਦੇ ਸਨ। ਇਸ ਇਕੱਠ ਨੂੰ ਸਰਬੱਤ ਖਾਲਸਾ ਕਿਹਾ ਜਾਂਦਾ ਸੀ। 18ਵੀਂ ਸਦੀ ਦੇ ਅੱਧ ਵਿੱਚ ਜੱਸਾ ਸਿੰਘ ਆਹਲੂਵਾਲੀਆ ਅਤੇ ਜੱਸਾ ਸਿੰਘ ਰਾਮਗੜ੍ਹੀਆਂ, ਸਿੱਖਾਂ ਦੇ ਮੰਨੇ-ਪ੍ਰਮੰਨੇ ਆਗੂ ਸਨ।

ਸ਼ੁਰੂ ਸ਼ੁਰੂ ਵਿੱਚ ਮਿਸਲਾਂ ਦੇ ਆਗੂਆਂ ਨੂੰ ਭਾਈ (ਭਰਾ) ਕਿਹਾ ਜਾਂਦਾ ਸੀ। ਮਿਸਲਾਂ ਜਮਹੂਰੀ ਢੰਗ ਨਾਲ ਕੰਮ ਕਰਦੀਆਂ ਸਨ। ਸਾਰੇ ਫੈਸਲੇ ਸਾਂਝੇ ਤੌਰ 'ਤੇ, ਸਰਬੱਤ ਖਾਲਸੇ ਦੇ ਇਕੱਠਾਂ ਵਿੱਚ ਲਏ ਜਾਂਦੇ ਸਨ ਅਤੇ ਸਾਂਝੇ ਤੌਰ 'ਤੇ ਹੀ ਲਾਗੂ ਕੀਤੇ ਜਾਂਦੇ ਸਨ । ਸਾਧਨਾਂ ਉੱਤੇ ਅਤੇ ਧਾੜਵੀਆਂ ਦੀਆਂ ਫੌਜਾਂ ਉੱਤੇ ਹਮਲੇ ਕਰਕੇ ਲੁੱਟੇ ਮਾਲ ਉੱਤੇ ਭਾਈਚਾਰੇ ਦੇ ਸਭ ਮੈਂਬਰਾਂ ਦਾ ਬਰਾਬਰ ਹੱਕ ਸੀ। ਹਰੇਕ ਸਿੱਖ ਮਿਸਲ ਦਾ ਇੱਕ ਬਰਾਬਰ ਦਾ ਮੈਂਬਰ ਸੀ। ਮਿਸਲਾਂ ਦੇ ਬਾਨੀ ਅਤੇ ਆਗੂ ਮਿਹਨਤਕਸ਼ ਬੰਦੇ ਸਨ। ਇਸ ਤਰ੍ਹਾਂ, ਸਰਬੱਤ ਖਾਲਸਾ ਮਿਹਨਤਕਸ਼ਾਂ ਦਾ ਇੱਕ ਇਕੱਠ ਹੋਇਆ ਕਰਦਾ ਸੀ, ਜਿੱਥੇ ਹਰ ਇੱਕ ਸਿੱਖ ਆਪਣੇ ਵਿਚਾਰ ਖੁੱਲ੍ਹੇ ਤੌਰ 'ਤੇ ਅਤੇ ਬਿਨਾਂ ਕਿਸੇ ਡਰ ਤੋਂ ਪੇਸ਼ ਕਰਦਾ ਸੀ। ਇਨ੍ਹਾਂ ਇਕੱਠਾਂ ਵਿੱਚ ਉਹ ਆਪਣੇ ਆਗੂ ਵੀ ਚੁਣਿਆ ਕਰਦੇ ਸਨ। ਫੌਜ ਦੇ ਕਮਾਂਡਰ ਨੂੰ ਸਰਦਾਰ ਆਖਿਆ ਜਾਂਦਾ ਸੀ।

ਪਿੱਛੋਂ ਜਾ ਕੇ ਮਿਸਲਾਂ ਦੇ ਆਗੂ ਸੱਤਾਵਾਦੀ ਅਤੇ ਗੈਰ-ਜਮਹੂਰੀ ਬਣ ਗਏ । ਉਹ ਨਿੱਜੀ ਦੌਲਤ ਇਕੱਠੀ ਕਰਨ ਲੱਗ ਪਏ ਅਤੇ ਦਿੱਲੀ ਦੇ ਹਾਕਮਾਂ ਵਾਂਗ ਦਰਬਾਰ ਲਾਉਣ ਲੱਗ ਪਏ । 18ਵੀਂ ਸਦੀ ਦੇ ਆਖਰੀ ਹਿੱਸੇ ਤੱਕ ਇਹ ਸਰਦਾਰ ਉਸ ਕਿਸਮ ਦੇ ਜਾਗੀਰਦਾਰ ਬਣ ਗਏ ਸਨ, ਜਿਨ੍ਹਾਂ ਵਿਰੁੱਧ ਲੋਕਾਂ ਦੀ ਰੱਖਿਆ ਕਰਨ ਲਈ ਖਾਲਸਾ ਜਥੇਬੰਦ ਕੀਤਾ ਗਿਆ ਸੀ। ਇਨ੍ਹਾਂ ਸਰਦਾਰਾਂ ਨੇ, ਦਸਾਂ ਗੁਰੂਆਂ ਅਤੇ ਬੰਦਾ ਬਹਾਦਰ ਦੇ ਉਪਦੇਸ਼ਾਂ ਦੇ ਉਲਟ, ਜਾਤ-ਪਾਤ ਅਤੇ ਆਰਥਕ ਪਿਛੋਕੜ ਵਿੱਚ ਫਰਕਾਂ ਉੱਤੇ ਜ਼ੋਰ ਦੇ ਕੇ, ਇਕ ਵਾਰ ਫਿਰ ਸਿੱਖ ਧਰਮ ਦਾ ਬ੍ਰਾਹਮਣੀਕਰਣ ਕਰਨ ਦਾ ਯਤਨ ਕੀਤਾ । ਹੌਲੀ ਹੌਲੀ ਸਰਬੱਤ ਖਾਲਸਾ ਸਿਰਫ ਇੱਕ ਰਸਮ ਬਣ ਕੇ ਰਹਿ ਗਿਆ ਜਦ ਕਿ ਸਰਦਾਰ ਹੁਣ ਲੋਕਾਂ ਦੇ ਚੁਣੇ ਨੁਮਾਇੰਦੇ ਨਾ ਰਹੇ, ਸਗੋਂ ਆਪਣੀਆਂ ਪਦਵੀਆਂ ਵਿਰਾਸਤ ਦੇ ਆਧਾਰ 'ਤੇ ਹਾਸਲ ਕਰਦੇ ਸਨ । ਇਸ ਤਰ੍ਹਾਂ ਭਾਈਆਂ ਤੋਂ ਸਰਦਾਰਾਂ ਵੱਲ ਤਰੱਕੀ ਸਿੱਖ ਪੰਥ ਲਈ ਇੱਕ ਉਲਟ-ਗੇੜ ਸੀ। ਮਿਸਲਾਂ ਜਾਗੀਰਵਾਦੀ ਰਿਆਸਤਾਂ ਬਣਾ ਲਈਆਂ ਗਈਆਂ । ਬਾਅਦ ਵਿੱਚ, ਇਹ ਸਰਦਾਰ ਖਾਸ ਕਰ ਫੂਲਕੀਆਂ ਦੇ ਸਰਦਾਰ ਅਤੇ ਇਨ੍ਹਾਂ ਵਲੋਂ ਪਾਲੇ ਗਏ ਮਹੰਤ, ਮਹਾਰਾਜਾ ਰਣਜੀਤ

Digitized by Panjab Digital Library | www.panjabdigilib.org

ਸਿੰਘ ਦੇ ਖਿਲਾਫ ਅਤੇ ਉਸ ਤੋਂ ਬਾਅਦ ਵਿੱਚ ਪੰਜਾਬ ਦੇ ਲੋਕਾਂ ਦੇ ਖਿਲਾਫ, ਅੰਗਰੇਜ਼ਾਂ ਦੇ ਸਭ ਤੋਂ ਵੱਡੇ ਪਿੱਠੂ ਬਣ ਗਏ ।

ਇੱਕ ਹੋਰ ਵਿਦੇਸ਼ੀ ਧਾੜਵੀ, ਪਰਸ਼ੀਆ ਦੇ ਨਾਦਰਸ਼ਾਹ ਨੇ ਅਫਗਾਨਿਸਤਾਨ ਦੇ ਰਸਤੇ ਆ ਕੇ ਪੰਜਾਬ ਅਤੇ ਦਿੱਲੀ ਨੂੰ ਤਿੰਨ ਵਾਰੀ ਲੁੱਟਿਆ ਸੀ। ਨਾਦਰਸ਼ਾਹ ਤੋਂ ਬਾਅਦ, ਅਹਿਮਦ ਸ਼ਾਹ ਅਬਦਾਲੀ ਨੇ 1748 ਈ: ਅਤੇ 1768 ਈ: ਦੇ ਦਰਮਿਆਨ ਕਈ ਹਮਲੇ ਕੀਤੇ । ਅਹਿਮਦ ਸ਼ਾਹ ਵੱਲੋਂ ਢਾਹੇ ਗਏ ਜਬਰ ਅਤੇ ਮਚਾਈ ਗਈ ਤਬਾਹੀ ਅੱਜ ਵੀ ਇੱਕ ਆਮ ਕਹਾਵਤ ਦੇ ਰੂਪ ਵਿੱਚ ਯਾਦ ਕੀਤੀ ਜਾਂਦੀ ਹੈ:

ਖਾਧਾ ਪੀਤਾ ਲਾਹੇ ਦਾ,
ਤੇ ਰਹਿੰਦਾ ਅਹਿਮਦ ਸ਼ਾਹੇ ਦਾ ।

ਉਸਨੇ ਦੋ ਵਾਰ ਹਰਿਮੰਦਰ ਸਾਹਿਬ ਉੱਤੇ ਹਮਲੇ ਕੀਤੇ, ਅਤੇ ਇਹਦੀ ਪਵਿੱਤਰਤਾ ਭੰਗ ਕੀਤੀ । ਇਹ ਦੋ ਘੱਲੂਘਾਰੇ 1746 ਈ: ਅਤੇ 1762 ਈ: ਵਿੱਚ ਹੋਏ ਸਨ। ਦੂਸਰਾ ਘੱਲੂਘਾਰੇ, ਜਿਸ ਨੂੰ ਵੱਡਾ ਘੱਲੂਘਾਰਾ ਕਿਹਾ ਜਾਂਦਾ ਹੈ, ਵਿੱਚ ਕਰੀਬ 20,000 ਸਿੱਖ ਮਾਰੇ ਗਏ ਸਨ। ਅਹਿਮਦ ਸ਼ਾਹ ਨੇ ਹਰਿਮੰਦਰ ਸਾਹਿਬ ਨੂੰ ਢਾਹ ਦਿੱਤਾ ਤੇ ਸਰੋਵਰ ਨੂੰ ਮਲਬੇ ਨਾਲ ਉਵੇਂ ਹੀ ਭਰ ਦਿੱਤਾ, ਜਿਵੇਂ ਹੁਣ "ਓਪਰੇਸ਼ਨ ਬਲਿਊ ਸਟਾਰ" ਵੇਲੇ ਕੀਤਾ ਗਿਆ ਹੈ। ਇਹ, ਉਸ ਅਰਸੇ ਦੀ ਗੱਲ ਹੈ ਜਦੋਂ ਕਿ ਬਾਬਾ ਦੀਪ ਸਿੰਘ ਨੇ ਹਰਿਮੰਦਰ ਸਾਹਿਬ ਨੂੰ ਅਫਗਾਨਾਂ ਤੋਂ ਮੁਕਤ ਕਰਾਉਣ ਲਈ ਸਿੱਖਾਂ ਦੀ ਅਗਵਾਈ ਕੀਤੀ ਸੀ, ਅਤੇ ਇਸ ਲੜਾਈ ਵਿੱਚ 1757 ਈ: ਵਿੱਚ ਸ਼ੂਰਮਗਤੀ ਪ੍ਰਾਪਤ ਕੀਤੀ ਸੀ। ਅਹਿਮਦ ਸ਼ਾਹ ਅਬਦਾਲੀ ਦੇ ਆਖ਼ਰੀ ਹਮਲੇ ਤੋਂ ਬਾਅਦ 30 ਸਾਲਾਂ ਤੱਕ, ਪੰਜਾਬ ਮਿਸਲਾਂ ਦੇ ਜਥੇਦਾਰਾਂ ਦੇ ਕੰਟਰੋਲ ਹੇਠ ਰਿਹਾ । ਉਨ੍ਹਾਂ ਨੇ ਲੋਕਾਂ ਦੇ ਹਿੱਤਾਂ ਦੀ ਰਖਵਾਲੀ ਕੀਤੀ । ਉਹ ਲੁੱਟ-ਖੋਹ ਕਰਕੇ ਵਾਪਸ ਪਰਤ ਰਹੀਆਂ ਅਫਗਾਨ ਫੌਜਾਂ ਉੱਤੇ ਹਮਲੇ ਕਰਦੇ ਸਨ, ਬੰਦੀ ਬਣਾ ਕੇ ਲਿਜਾਈਆ ਜਾ ਰਹੀਆਂ ਔਰਤਾਂ ਅਤੇ ਬੱਚਿਆਂ ਨੂੰ ਆਜ਼ਾਦ ਕਰਵਾਉਂਦੇ ਸਨ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਦੇ ਸਪੁਰਦ ਕਰ ਦਿੰਦੇ ਸਨ। ਲੋਕਾਂ ਨੇ ਮਿਸਲਾਂ ਨੂੰ 'ਰਾਖੀ' ਜਾਣੀ ਕਿ ਰਖਵਾਲੀ ਕਰਨ ਦਾ ਟੈਕਸ ਦੇਣਾ ਸ਼ੁਰੂ ਕਰ ਦਿੱਤਾ ਅਤੇ ਮੁਗਲਾਂ ਨੂੰ ਟੈਕਸ ਦੇਣੇ ਬੰਦ ਕਰ ਦਿੱਤੇ ।

1799 ਈ: ਵਿੱਚ, ਰਣਜੀਤ ਸਿੰਘ ਨੇ ਲਾਹੌਰ 'ਤੇ ਕਬਜ਼ਾ ਕਰ ਲਿਆ ਅਤੇ ਸਭ ਮਿਸਲਾਂ ਨੂੰ ਮਿਲਾਕੇ ਇਕ ਸ਼ਕਤੀਸ਼ਾਲੀ ਰਾਜ ਕਾਇਮ ਕੀਤਾ । ਉਹ ਸਤਲੁਜ, ਕਾਬਲ ਅਤੇ ਜਮਰੌਦ ਦੇ ਕਿਲ੍ਹੇ ਦੇ ਵਿਚਾਲੇ ਦੇ ਇਲਾਕੇ ਦਾ ਰਾਜਾ ਬਣ ਗਿਆ । ਰਣਜੀਤ ਸਿੰਘ ਨੇ 40 ਸਾਲ ਪੰਜਾਬ 'ਤੇ ਰਾਜ ਕੀਤਾ । ਇਸ ਵਿੱਚ ਜੰਮੂ, ਕਸ਼ਮੀਰ, ਲਦਾਖ ਅਤੇ ਹਿਮਾਚਲ ਪ੍ਰਦੇਸ਼ ਦਾ ਸਮੁੱਚਾ ਇਲਾਕਾ ਸ਼ਾਮਲ ਸੀ। ਰਣਜੀਤ ਸਿੰਘ ਦਾ ਰਾਜ ਉਤਰ-ਪੱਛਮ ਵਲੋਂ ਆਉਂਦੇ ਅਫਗਾਨ ਧਾੜਵੀਆਂ ਲਈ ਇੱਕ ਜ਼ਬਰਦਸਤ ਰੋਕ ਬਣ ਗਿਆ, ਅਤੇ ਦੱਖਣ ਵੱਲ ਇਸ ਨੇ ਅੰਗਰੇਜ਼ ਧਾੜਵੀਆਂ ਨੂੰ ਠੱਲ੍ਹ ਪਾਈ ਰੱਖੀ । ਉਸ ਦੇ ਰਾਜ ਵਿੱਚ ਧਰਮ ਦੇ ਆਧਾਰ 'ਤੇ ਕੋਈ ਵਿਤਕਰਾ ਨਹੀਂ ਕੀਤਾ ਜਾਂਦਾ ਸੀ । ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਉਹਦੇ ਜਾਨਸ਼ੀਨ 10 ਸਾਲ ਇਸ ਇਲਾਕੇ 'ਤੇ ਰਾਜ ਕਰਦੇ ਰਹੇ ਪਰ ਆਖਰਕਾਰ 1849 ਈ: ਵਿੱਚ ਅੰਗਰੇਜ਼ਾਂ ਨੇ ਇਸ 'ਤੇ ਕਬਜ਼ਾ ਕਰ ਲਿਆ ।

ਆਪਣੇ ਆਖਰੀ ਦਿਨਾਂ ਵਿੱਚ ਰਣਜੀਤ ਸਿੰਘ ਨੇ ਵੀ ਸਿੱਖ ਪੰਥ ਦਾ ਬ੍ਰਾਹਮਣੀਕਰਣ ਕੀਤਾ । ਉਸਨੇ ਆਪਣੇ ਪੁੱਤਰ ਖੜਕ ਸਿੰਘ ਦਾ ਨਾਂ ਰੱਖਣ ਲਈ ਅਤੇ ਪੋਤਰੇ ਨੌਨਿਹਾਲ

Digitized by Panjab Digital Library | www.panjabdigilib.org

ਸਿੰਘ ਦੇ ਵਿਆਹ ਲਈ ਬ੍ਰਾਹਮਣ ਜੋਤਸ਼ੀਆਂ ਤੋਂ ਸਲਾਹ ਲਈ, ਅਤੇ ਆਪਣੇ "ਪਾਪ ਧੋਣ" ਲਈ ਗੰਗਾ-ਇਸ਼ਨਾਨ ਵਾਸਤੇ ਹਰਿਦਵਾਰ ਆਦਿ ਦੀ "ਤੀਰਥ-ਯਾਤਰਾ" 'ਤੇ ਗਿਆ ਜਦ ਕਿ ਇਹ ਸਭ ਕੁੱਝ ਸਿੱਖ ਧਰਮ ਦੇ ਉਪਦੇਸ਼ਾਂ ਦੇ ਉਲਟ ਹੈ। ਉਸ ਨੇ ਪਛੜੇ ਹੋਏ ਰੀਤੀ ਰਿਵਾਜ ਅਤੇ ਸੰਸਕਾਰਾਂ ਉੱਤੇ ਵੀ ਜ਼ੋਰ ਦਿੱਤਾ। ਜਦ ਉਹਦੀ ਮੌਤ ਹੋਈ ਤਾਂ ਉਹਦੀਆਂ ਅੱਧੀ ਦਰਜਨ ਰਾਣੀਆਂ ਉਹਦੀ ਚਿਤਾ ਵਿੱਚ ਉਹਦੇ ਨਾਲ ਸਤੀ ਹੋ ਗਈਆਂ, ਜੋ ਇਕ ਵਹਿਸ਼ੀ ਰਸਮ ਹੈ, ਜਿਸ ਦੀ ਸਾਰੇ ਗੁਰੂਆਂ ਨੇ ਵਿਰੋਧਤਾ ਕੀਤੀ ਸੀ।

1857-59 ਈ: ਦੀ ਪਹਿਲੀ ਜੰਗੇ-ਆਜ਼ਾਦੀ ਦੇ ਦੌਰਾਨ, ਹੋਰ ਪੰਜਾਬੀਆਂ ਸਮੇਤ ਸਿੱਖ ਵੀ ਦਲੇਰੀ ਨਾਲ ਲੜੇ । ਪੰਜਾਬ ਦੀਆਂ ਫੌਜੀ ਛਾਉਣੀਆਂ ਵਿੱਚ ਬਗਾਵਤਾਂ 9 ਮਈ 1857 ਨੂੰ ਸ਼ੁਰੂ ਹੋਈਆਂ ਸਨ, ਅਤੇ ਸਮੁੱਚੇ ਇਲਾਕੇ ਵਿੱਚ ਫੈਲ ਗਈਆਂ ਸਨ। ਦੂਸਰੀ ਬਗਾਵਤ 23 ਮਈ 1857 ਨੂੰ ਹੋਈ, ਅਤੇ ਤੀਸਰੀ ਜਲੰਧਰ ਵਿੱਚ 8 ਜੂਨ ਨੂੰ ਹੋਈ ਸੀ। ਇਸ ਤੋਂ ਬਾਅਦ ਸਿਆਲਕੋਟ, ਫਿਲੌਰ, ਨੂਰਪੁਰ, ਨਸੀਰਾਬਾਦ, ਫਿਰੋਜ਼ਪੁਰ, ਨੌਸ਼ਹਿਰਾ, ਅੰਬਾਲਾ, ਮਿਰਜ਼ਾਪੁਰ, ਸ਼ਿਮਲਾ, ਡੇਰਾ ਗਾਜ਼ੀ ਖਾਂ, ਹਜ਼ਾਰਾ, ਡੇਰਾ ਇਸਮਾਈਲ ਖਾਂ, ਐਬਟਾਬਾਦ, ਬੰਨੂੰ, ਕੋਹਾਟ, ਪਿਸ਼ਾਵਰ, ਮੁਲਤਾਨ, ਗੁਰਦਾਸਪੁਰ, ਹੁਸ਼ਿਆਰਪੁਰ, ਰਾਵਲ ਪਿੰਡੀ ਆਦਿ ਵਿੱਚ ਬਗਾਵਤਾਂ ਹੋਈਆਂ । ਅੰਗਰੇਜ਼ ਪੰਜਾਬ ਵਿੱਚ ਵਿਦਰੋਹ ਤੋਂ ਏਨੇ ਭੈ-ਭੀਤ ਹੋ ਗਏ ਸਨ ਕਿ ਉਨ੍ਹਾਂ ਨੇ ਵੱਖ-ਵੱਖ ਰੈਜਮੈਂਟਾਂ ਅਤੇ ਫੌਜੀ ਚੌਕੀਆਂ ਨੂੰ ਨਿਹੱਥੇ ਕਰ ਦਿੱਤਾ ਅਤੇ ਫਿਰ ਮਹਾਂਰਾਜਿਆਂ ਨੂੰ ਦਿੱਲੀ ਵਿੱਚ ਲੋਕਾਂ ਦਾ ਕਤਲੇਆਮ ਕਰਨ ਦਾ ਸੱਦਾ ਦਿੱਤਾ ਸੀ।

ਸਿੱਖ ਇਤਿਹਾਸ ਦਾ ਇਹ ਸੰਖੇਪ ਜਿਹਾ ਖਾਕਾ ਦਿਖਾਉਂਦਾ ਹੈ ਕਿ ਸਮਾਜਕ ਅਤੇ ਹਕੂਮਤੀ ਜਬਰੋ-ਜ਼ੁਲਮ ਵਿਰੁਧ ਸੰਘਰਸ਼ ਵਿੱਚ ਸਿੱਖ ਕਿਸੇ ਤੋਂ ਘੱਟ ਨਹੀਂ ਸਨ। ਪਹਿਲੀ ਜੰਗੇ ਆਜ਼ਾਦੀ ਤੋਂ ਬਾਅਦ ਦੀਆਂ ਨਵੀਆਂ ਹਾਲਤਾਂ ਵਿੱਚ ਵੀ ਇਹੀ ਜਜ਼ਬਾ ਜਾਰੀ ਰਿਹਾ ਸੀ।

Digitized by Panjab Digital Library | www.panjabdigilib.org

## ਕਾਂਡ ਦੋ

# ਹਰਿਮੰਦਰ ਸਾਹਿਬ: ਜਬਰੋ-ਜ਼ੁਲਮ ਨਾਲ ਟੱਕਰ ਦਾ ਇਕ ਚਿੰਨ੍ਹ

ਜੂਨ 1984 ਵਿੱਚ ਹਰਿਮੰਦਰ ਸਾਹਿਬ ਅਤੇ 40 ਹੋਰ ਇਤਿਹਾਸਕ ਗੁਰਦੁਆਰਿਆਂ ਉੱਤੇ ਹਿੰਦੁਸਤਾਨੀ ਫੌਜ ਦਾ ਧਾਵਾ, ਸਿੱਖਾਂ ਦੀ ਸਭ ਤੋਂ ਵੱਡੀ ਤੌਹੀਨ ਸੀ। ਪੂਰੀ ਦੁਨੀਆਂ ਦੇ ਸਿੱਖਾਂ ਦੇ ਮਨਾਂ ਵਿੱਚ ਹਰਿਮੰਦਰ ਸਾਹਿਬ ਲਈ ਸ਼ਰਧਾ ਹੈ ਅਤੇ ਇਹ ਉਨ੍ਹਾਂ ਦਾ ਸਭ ਤੋਂ ਪਵਿੱਤਰ ਅਸਥਾਨ ਹੈ। ਇਸ ਦੀ ਉਸਾਰੀ ਗੁਰੂ ਅਰਜਨ ਦੇਵ ਜੀ ਨੇ ਕੋਈ 400 ਸਾਲ ਪਹਿਲਾਂ ਕਰਵਾਈ ਸੀ, ਅਤੇ ਗੁਰੂ ਅਰਜਨ ਦੇਵ ਵਲੋਂ ਸ਼ੁਰੂ ਕੀਤੀ ਗਈ ਮਰਿਯਾਦਾ ਅੱਜ ਵੀ ਚੱਲਦੀ ਹੈ। ਹਰਿਮੰਦਰ ਸਾਹਿਬ ਦੇ ਅੰਦਰ ਗੁਰਬਾਣੀ ਦਾ ਪਾਠ ਦਿਨ-ਰਾਤ ਚੱਲਦਾ ਰਹਿੰਦਾ ਹੈ। ਇਸ ਦੇ ਚਾਰੇ ਦਰਵਾਜ਼ੇ ਖੁਲ੍ਹੇ ਰੱਖੇ ਜਾਂਦੇ ਹਨ, ਜਿਸ ਦਾ ਅਰਥ ਹੈ ਕਿ ਇਹ ਸਭ ਲਈ ਖੁਲ੍ਹਾ ਹੈ। ਕਿਸੇ ਵੀ ਧਰਮ, ਪਿਛੋਕੜ ਜਾਂ ਜਾਤ ਦਾ ਬੰਦਾ ਏਥੇ ਆ ਕੇ ਸਿਮਰਨ ਕਰ ਸਕਦਾ ਹੈ ਜਾਂ ਮੱਥਾ ਟੇਕ ਸਕਦਾ ਹੈ।

ਹਰਿਮੰਦਰ ਸਾਹਿਬ ਅਸਥਾਨ ਧਾਰਮਕ ਪਵਿੱਤਰਤਾ ਦੇ ਨਾਲ-ਨਾਲ, ਹਕੂਮਤਾਂ ਦੇ ਜਬਰ ਵਿਰੁੱਧ ਲੜਾਈ ਦਾ ਵੀ ਇਕ ਚਿੰਨ੍ਹ ਬਣ ਗਿਆ ਹੈ। ਇਸ ਦੇ ਬਣਨ ਵੇਲੇ ਤੋਂ ਹੀ ਹਿੰਦੁਸਤਾਨ ਦੇ ਸਭ ਹਾਕਮਾਂ ਨੇ ਇਸ ਵਿੱਚ ਟੰਗ ਅੜਾਉਣ, ਇਸ 'ਤੇ ਕਬਜ਼ਾ ਕਰਨ ਜਾਂ ਇਸ ਨੂੰ ਤਬਾਹ ਕਰਨ ਦੇ ਯਤਨ ਕੀਤੇ। ਸਦੀਆਂ ਤੋਂ ਇਹ ਜ਼ੁਲਮ ਦੇ ਨਾਲ ਟੱਕਰ ਦਾ ਅਸਥਾਨ ਬਣਿਆ ਰਿਹਾ ਹੈ।

ਮੁਗਲ ਬਾਦਸ਼ਾਹ ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਉੱਤੇ ਝੂਠ ਪ੍ਰਚਾਰਨ ਦਾ ਦੋਸ਼ ਲਾ ਕੇ, ਉਨ੍ਹਾਂ ਨੂੰ ਸ਼ਹੀਦ ਕਰਵਾ ਦਿੱਤਾ ਕਿਉਂਕਿ ਉਨ੍ਹਾਂ ਨੇ ਹਰਿਮੰਦਰ ਸਾਹਿਬ ਵਿੱਚੋਂ ਹਕੂਮਤੀ ਜਬਰ ਵਿਰੁੱਧ ਆਵਾਜ਼ ਉਠਾਈ ਸੀ। ਗੁਰੂ ਅਰਜਨ ਦੇਵ ਦੀ ਸ਼ਹੀਦੀ ਤੋਂ ਬਾਅਦ, ਹਰਿਮੰਦਰ ਸਾਹਿਬ ਉੱਤੇ ਮੁਗਲ ਬਾਦਸ਼ਾਹ ਦੇ ਝੋਲੀ ਚੁੱਕਾਂ ਨੇ ਕਬਜ਼ਾ ਕਰ ਲਿਆ। ਗੁਰੂ ਅਰਜਨ ਦੇਵ ਦੇ ਜਾਨਸ਼ੀਨ, ਗੁਰੂ ਹਰਗੋਬਿੰਦ ਉੱਤੇ ਵੀ ਹਾਕਮਾਂ ਨੇ ਅੱਤਿਆਚਾਰ ਕੀਤੇ ਅਤੇ ਉਨ੍ਹਾਂ ਨੂੰ ਵੀ ਗਵਾਲੀਅਰ ਦੀ ਜੇਲ੍ਹ ਵਿੱਚ ਕੈਦ ਕਰ ਰੱਖਿਆ।

ਕਈ ਦਿਨਾਂ ਤੱਕ, ਨੌਵੇਂ ਗੁਰੂ, ਗੁਰੂ ਤੇਗ ਬਹਾਦਰ ਨੂੰ ਉਸ ਵਕਤ ਦੇ ਈਰਖਾਲੂ ਵਿਰੋਧੀਆਂ ਨੇ ਹਰਿਮੰਦਰ ਸਾਹਿਬ ਦੇ ਅੰਦਰ ਨਹੀਂ ਸੀ ਵੜਨ ਦਿੱਤਾ। ਜਦੋਂ ਉਹ, ਮਨਮਤੀਆਂ ਵਲੋਂ ਭੰਗ ਕੀਤੀ ਗਈ ਹਰਿਮੰਦਰ ਸਾਹਿਬ ਦੀ ਮਰਿਯਾਦਾ ਨੂੰ ਬਹਾਲ ਕਰਨ ਲਈ ਆਨੰਦਪੁਰ ਤੋਂ ਆਏ ਤਾਂ ਉਨ੍ਹਾਂ ਨੂੰ ਅੰਦਰ ਨਾ ਵੜਨ ਦਿੱਤਾ ਗਿਆ। ਉਨ੍ਹਾਂ ਨੂੰ ਹਰਿਮੰਦਰ ਸਾਹਿਬ ਦੇ ਅਹਾਤੇ ਦੇ ਬਾਹਰ ਹੀ ਡੇਰੇ ਲਾਉਣੇ ਪਏ ਅਤੇ ਬਾਅਦ ਵਿੱਚ ਨਿਰਾਸ਼ ਵਾਪਸ ਜਾਣਾ ਪਿਆ।

ਅੰਮ੍ਰਿਤਸਰ ਦੇ ਸਿੱਖਾਂ ਨੇ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਨੂੰ ਹਰਿਮੰਦਰ ਸਾਹਿਬ

Digitized by Panjab Digital Library | www.panjabdigilib.org

ਦੇ ਅੰਦਰ ਹਾਲਤਾਂ ਦਾ ਸੁਧਾਰ ਕਰਨ ਦੀ ਬੇਨਤੀ ਕੀਤੀ । ਗੁਰੂ ਗੋਬਿੰਦ ਸਿੰਘ ਖੁਦ ਤਾਂ ਅੰਮ੍ਰਿਤਸਰ ਨਾ ਗਏ, ਪਰ ਉਨ੍ਹਾਂ ਨੇ ਭਾਈ ਮਨੀ ਸਿੰਘ ਨੂੰ ਹਰਿਮੰਦਰ ਸਾਹਿਬ ਦਾ ਕੰਟਰੋਲ ਸੰਭਾਲਣ ਲਈ ਭੇਜਿਆ । ਭਾਈ ਮਨੀ ਸਿੰਘ ਕਈ ਸਾਲਾਂ ਤੱਕ ਹਰਿਮੰਦਰ ਸਾਹਿਬ ਅੰਦਰ ਹਾਲਤਾਂ ਨੂੰ ਸੁਧਾਰ ਕੇ ਮਰਿਯਾਦਾ ਬਹਾਲ ਰੱਖਣ ਵਿੱਚ ਕਾਮਯਾਬ ਹੋਏ । ਪਰ ਕੁੱਝ ਅਰਸੇ ਤੋਂ ਬਾਅਦ, ਭਾਈ ਮਨੀ ਸਿੰਘ ਨੂੰ ਵੀ ਮੁਗਲਾਂ ਨੇ 1730 ਵਿੱਚ ਸ਼ਹੀਦ ਕਰ ਦਿੱਤਾ ।

ਸਿੱਖ ਮਿਸਲਾਂ ਨੇ ਸਾਲ ਵਿੱਚ ਦੋ ਵਾਰੀ, ਵੈਸਾਖੀ ਅਤੇ ਦੀਵਾਲੀ 'ਤੇ ਮਿਲਣਾ ਅਤੇ ਗੁਰਮਤੇ ਪਾਸ ਕਰਨੇ ਸ਼ੁਰੂ ਕਰ ਦਿੱਤੇ, ਜਿਨ੍ਹਾਂ ਨੂੰ ਬਾਅਦ ਵਿੱਚ ਹਰਿਮੰਦਰ ਸਾਹਿਬ ਕੰਪਲੈਕਸ ਦੇ ਅੰਦਰ ਬਣੇ ਸ੍ਰੀ ਅਕਾਲ ਤਖ਼ਤ ਦੇ ਹੁਕਮਨਾਮੇ ਕਿਹਾ ਜਾਣ ਲੱਗ ਪਿਆ । ਇਹ ਗੁਰਮਤੇ ਫਿਰ ਮੁਗਲ ਹਾਕਮਾਂ ਦੇ ਜਬਰ ਵਿਰੁੱਧ ਲੜਾਈ ਵਿਚ ਅਮਲੀ ਰੂਪ ਵਿੱਚ ਲਾਗੂ ਕੀਤੇ ਜਾਂਦੇ ਸਨ । ਏਸੇ ਅਰਸੇ ਦੌਰਾਨ, 18ਵੀਂ ਸਦੀ ਦੇ ਅੱਧ ਵਿੱਚ, ਅਹਿਮਦ ਸ਼ਾਹ ਅਬਦਾਲੀ ਨੇ ਕਾਬਲ ਵਲੋਂ ਪੰਜਾਬ ਅਤੇ ਦਿੱਲੀ ਉੱਤੇ ਧਾਵੇ ਕੀਤੇ । ਉਸਨੇ ਦੋ ਵਾਰ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਭੰਗ ਕੀਤੀ । ਇਸ ਬਹਾਨੇ ਹੇਠ ਕਿ ਪੰਜਾਬ ਵਿੱਚ ਅਮਨ, ਹਰਿਮੰਦਰ ਸਾਹਿਬ ਨੂੰ ਤਬਾਹ ਕੀਤੇ ਬਿਨਾਂ ਕਾਇਮ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਧਾੜਵੀ ਫੌਜਾਂ ਨਾਲ ਟੱਕਰ ਲੈਣ ਲਈ ਇਕ ਆਧਾਰ ਵਜੋਂ ਵਰਤਿਆ ਜਾ ਰਿਹਾ ਸੀ । ਇਸ ਸਬੰਧ ਵਿੱਚ ਭਾਈ ਗੁਰਬਖਸ਼ ਸਿੰਘ ਅਤੇ ਉਹਦੇ ਕੁੱਝ ਸਾਥੀ ਅਹਿਮਦ ਸ਼ਾਹ ਦੀ ਫੌਜ ਵਿਰੁੱਧ ਲੜਦੇ ਸ਼ਹੀਦ ਹੋ ਗਏ ਸਨ, ਬਾਬਾ ਦੀਪ ਸਿੰਘ ਨੇ ਵੀ ਹਰਿਮੰਦਰ ਸਾਹਿਬ ਦੀ ਮਰਿਯਾਦਾ ਬਹਾਲ ਕਰਨ ਲਈ ਸ਼ਹੀਦੀ ਪਾਈ ਸੀ । ਉਨ੍ਹਾਂ ਦੀ ਯਾਦ ਵਿੱਚ, ਅਕਾਲ ਤਖ਼ਤ ਦੇ ਪਿਛਲੇ ਪਾਸੇ ਇੱਕ ਛੋਟਾ ਜਿਹਾ ਗੁਰਦੁਆਰਾ ਬਣਾਇਆ ਗਿਆ ਸੀ । ਸਿੱਖਾਂ ਨੇ, ਹਰਿਮੰਦਰ ਸਾਹਿਬ ਨੂੰ ਤਬਾਹ ਕਰਨ ਜਾਂ ਆਪਣੇ ਬਦਫੈਲ ਟੋਡੀ ਉੱਥੇ ਬਿਠਾਉਣ ਦੀ ਹਰ ਹਮਲਾਵਰ ਦੀ ਕੋਸ਼ਿਸ਼ ਦਾ ਟਾਕਰਾ ਕੀਤਾ । ਆਖਰਕਾਰ, ਮਿਸਲਾਂ ਦੇ ਜਥੇਦਾਰ ਦੁਸ਼ਮਣ ਨੂੰ ਖਦੇੜਨ ਅਤੇ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਨੂੰ ਬਹਾਲ ਕਰਨ ਵਿੱਚ ਕਾਮਯਾਬ ਹੋਏ ਅਤੇ ਹਰਿਮੰਦਰ ਸਾਹਿਬ ਦਾ ਪ੍ਰਬੰਧ ਉਨ੍ਹਾਂ ਦੇ ਹੱਥਾਂ ਵਿੱਚ ਆ ਗਿਆ । ਉਨ੍ਹਾਂ ਨੇ ਇਸ ਦੇ ਅਹਾਤੇ ਵਿੱਚ ਸੁਧਾਰ ਕੀਤੇ, ਅਤੇ ਜਿੱਤ ਦੇ ਸਤੰਭ ਉਸਾਰੇ, ਜਿਨ੍ਹਾਂ ਨੂੰ ਬੁਰਜ ਜਾਂ ਬੁੰਗੇ ਕਿਹਾ ਜਾਂਦਾ ਸੀ । ਇਹ ਬੁਰਜ ਭਾਰਤੀ ਫੌਜ ਨੇ ਸਾਕਾ ਨੀਲਾ ਤਾਰਾ ਦੌਰਾਨ ਤੋਪਾਂ ਨਾਲ ਉਡਾ ਦਿੱਤੇ ।

ਇਤਿਹਾਸ ਇਸ ਕਿਸਮ ਦੀਆਂ ਮਿਸਾਲਾਂ ਨਾਲ ਭਰਿਆ ਪਿਆ ਹੈ ਕਿ ਕਿਵੇਂ ਹਰਿਮੰਦਰ ਸਾਹਿਬ ਦੀ ਰਾਖੀ ਕਰਨ ਵਾਲੇ ਲੋਕਾਂ ਉੱਤੇ ਅੱਤਿਆਚਾਰ ਕੀਤੇ ਜਾਂਦੇ ਰਹੇ ਹਨ ਅਤੇ ਉਨ੍ਹਾਂ ਨੂੰ ਕਤਲ ਕੀਤਾ ਜਾਂਦਾ ਰਿਹਾ ਹੈ । ਪੰਜਾਬ ਦੇ ਇਤਿਹਾਸ ਵਿੱਚ ਸਭ ਤੋਂ ਖੌਫਨਾਕ ਸਮਾਂ, ਬੰਦਾ ਸਿੰਘ ਬਹਾਦਰ ਅਤੇ ਉਹਦੇ ਸਾਥੀਆਂ ਦੀ ਸ਼ਹੀਦੀ ਤੋਂ ਬਾਅਦ ਦਾ ਸਮਾਂ ਸੀ । ਉਸ ਵਕਤ ਸਿੱਖਾਂ ਦੇ ਸਿਰਾਂ ਦਾ ਮੁੱਲ ਰੱਖਿਆ ਹੋਇਆ ਸੀ, ਅਤੇ ਹਕੂਮਤ ਉਨ੍ਹਾਂ ਨੂੰ ਲੱਭ-ਲੱਭ ਕੇ ਸ਼ਹੀਦ ਕਰਦੀ ਸੀ । ਕਈ ਵਾਰੀ ਤਾਂ ਔਰਤਾਂ ਦੇ ਸਿਰ ਵੱਢ ਕੇ, ਅਣਦਾੜੀਏ ਸਿੱਖਾਂ ਦੇ ਸਿਰ ਕਹਿ ਕੇ ਅਧਿਕਾਰੀਆਂ ਅੱਗੇ ਇਨਾਮ ਲੈਣ ਲਈ ਪੇਸ਼ ਕਰ ਦਿੱਤੇ ਜਾਂਦੇ ਸਨ ।

ਹਰਿਮੰਦਰ ਸਾਹਿਬ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵੇਲੇ ਸੁਨਹਿਰੀ ਮੰਦਰ ਕਿਹਾ ਜਾਣ ਲੱਗ ਪਿਆ ਕਿਉਂਕਿ ਉਸ ਨੇ ਇਸ ਉੱਤੇ ਸੋਨੇ ਦੀਆਂ ਪਲੇਟਾਂ ਚੜ੍ਹਵਾ ਦਿੱਤੀਆਂ ਸਨ । 1849 ਈ: ਵਿੱਚ ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਜਾਣ ਤੋਂ ਬਾਅਦ, ਸਿੱਖਾਂ

Digitized by Panjab Digital Library | www.panjabdigilib.org

ਨੇ ਅੰਗਰੇਜ਼ਾਂ ਵਲੋਂ ਹਰਿਮੰਦਰ ਸਾਹਿਬ ਦੇ ਮਾਮਲਿਆਂ ਵਿੱਚ ਟੰਗ-ਅੜਾਉਣ ਦੇ ਯਤਨਾਂ ਦਾ ਵੀ ਟਾਕਰਾ ਕੀਤਾ । ਹਰਿਮੰਦਰ ਸਾਹਿਬ ਦੇ ਮਹੰਤ, ਅੰਗਰੇਜ਼ਾਂ ਦੇ ਝੋਲੀ ਚੁੱਕ ਬਣ ਗਏ । ਏਥੋਂ ਤੱਕ ਕਿ ਉਨ੍ਹਾਂ ਨੇ ਅੰਗਰੇਜ਼ਾਂ ਨੂੰ ਟੋਪੀ ਵਾਲੇ ਸਿੱਖ ਕਹਿਣਾ ਸ਼ੁਰੂ ਕਰ ਦਿੱਤਾ । ਉਨ੍ਹਾਂ ਨੇ ਜਲ੍ਹਿਆਂ ਵਾਲੇ ਬਾਗ ਦੇ ਬਦਨਾਮ ਕਾਤਲ, ਜਨਰਲ ਡਾਇਰ ਨੂੰ ਸਰੋਪਾ ਵੀ ਭੇਟ ਕੀਤਾ ਸੀ । ਹਰਿਮੰਦਰ ਸਾਹਿਬ ਅਤੇ ਹੋਰ ਗੁਰਦੁਆਰਿਆਂ ਨੂੰ ਇਨ੍ਹਾਂ ਮਹੰਤਾਂ ਤੋਂ ਆਜ਼ਾਦ ਕਰਵਾਉਣ ਲਈ, ਹਰਿਮੰਦਰ ਸਾਹਿਬ ਤੋਂ ਇਕ ਮੋਰਚਾ ਸ਼ੁਰੂ ਕੀਤਾ ਗਿਆ । ਸਾਰੇ ਹਿੰਦੁਸਤਾਨ ਤੋਂ ਆਏ ਅੰਦੋਲਨਕਾਰੀ ਪਹਿਲਾਂ ਹਰਿਮੰਦਰ ਸਾਹਿਬ ਵਿਖੇ ਇਕੱਤਰ ਹੁੰਦੇ ਸਨ ਅਤੇ ਫਿਰ ਜੈਤੋ ਅਤੇ ਹੋਰ ਮੋਰਚਿਆਂ ਨੂੰ ਜਾਂਦੇ ਸਨ । ਇਸ ਮੋਰਚੇ ਵਿੱਚ ਹਿੱਸਾ ਲੈਣ ਲਈ ਇੱਕ ਜਥਾ ਵੈਨਕੂਵਰ (ਕਨੇਡਾ) ਤੋਂ ਵੀ ਆਇਆ ਸੀ ।

ਪੰਜਾਬੀ ਸੂਬੇ ਲਈ ਮੋਰਚੇ ਵੀ ਹਰਿਮੰਦਰ ਸਾਹਿਬ ਤੋਂ ਹੀ 1955 ਅਤੇ 1960 ਵਿੱਚ ਸ਼ੁਰੂ ਕੀਤੇ ਗਏ ਸਨ, ਜਿਨ੍ਹਾਂ ਵਿੱਚ ਹਜ਼ਾਰਾਂ ਹੀ ਸਿੱਖਾਂ ਨੇ ਪੁਰਅਮਨ ਗ੍ਰਿਫ਼ਤਾਰੀ ਦਿੱਤੀ ਸੀ । 1975 ਵਿੱਚ ਸ੍ਰੀ ਮਤੀ ਇੰਦਰਾ ਗਾਂਧੀ ਦੇ ਐਮਰਜੈਂਸੀ ਰਾਜ ਵਿਰੁੱਧ 'ਜਮਹੂਰੀਅਤ ਬਚਾਓ ਮੋਰਚਾ' ਹਰਿਮੰਦਰ ਸਾਹਿਬ ਤੋਂ ਹੀ ਆਰੰਭ ਕੀਤਾ ਗਿਆ ਸੀ । ਇਸ ਮੋਰਚੇ ਦੌਰਾਨ ਹਜ਼ਾਰਾਂ ਹੀ ਸਿੱਖ ਗ੍ਰਿਫ਼ਤਾਰ ਕੀਤੇ ਗਏ ਸਨ। ਮੋਰਚਾ, ਐਮਰਜੈਂਸੀ ਖਤਮ ਹੋਣ ਤੱਕ, 19 ਮਹੀਨੇ ਚੱਲਦਾ ਰਿਹਾ । ਵਰਤਮਾਨ ਮੋਰਚਾ ਵੀ, 1982 ਵਿੱਚ ਹਰਿਮੰਦਰ ਸਾਹਿਬ ਤੋਂ ਹੀ ਆਰੰਭ ਕੀਤਾ ਗਿਆ ਸੀ ।

ਅੱਜ ਕਲ ਸਿੱਖਾਂ ਦੇ ਇਸ ਪਵਿੱਤਰ ਅਸਥਾਨ ਉੱਤੇ ਹਮਲਾ ਕਰਨ ਵਾਸਤੇ ਜੋ ਮਰਜ਼ੀ ਬਹਾਨਾ ਘੜ ਲਿਆ ਜਾਂਦਾ ਹੈ । ਦਰਅਸਲ, ਸਰਕਾਰ ਤਾਂ ਸੋਚਦੀ ਹੈ ਕਿ ਬਹਾਨੇ ਦੀ ਵੀ ਕੋਈ ਲੋੜ ਨਹੀਂ । ਪੰਜਾਬ ਦੇ ਗਵਰਨਰ ਦਾ ਸੁਰੱਖਿਆ ਬਾਰੇ ਸਲਾਹਕਾਰ ਜੇ.ਐਫ. ਰਿਬੇਰੋ ਕਹਿੰਦਾ ਹੈ : "ਅਸੀਂ ਦਹਿਸ਼ਤਗਰਦਾਂ ਵਲੋਂ ਸਾਡੇ ਉੱਤੇ ਗੋਲੀ ਚਲਾਉਣ ਤੱਕ ਇੰਤਜ਼ਾਰ ਨਹੀਂ ਕਰ ਸਕਦੇ । ਜੰਗ ਵਰਗੀ ਇਸ ਹਾਲਤ ਵਿੱਚ ਸਾਨੂੰ ਪਹਿਲਾਂ ਵਾਰ ਕਰਨਾ ਪਏਗਾ ।" ਮੌਜੂਦਾ ਸਰਕਾਰ ਉਹੀ ਦਲੀਲ ਦੇ ਰਹੀ ਹੈ ਜੋ ਅਹਿਮਦ ਸ਼ਾਹ ਅਬਦਾਲੀ ਨੇ ਦਿੱਤੀ ਸੀ, ਕਿ ਹਰਿਮੰਦਰ ਸਾਹਿਬ ਦਹਿਸ਼ਤਗਰਦਾਂ ਦਾ ਅੱਡਾ ਹੈ । ਮਿਸਾਲ ਦੇ ਤੌਰ 'ਤੇ 30 ਅਪ੍ਰੈਲ 1986 ਨੂੰ ਖਬਰ ਦਿੱਤੀ ਗਈ ਕਿ ਹਰਿਮੰਦਰ ਸਾਹਿਬ ਅੰਦਰ ਬੈਠੇ ਕੁੱਝ ਖਾੜਕੂ ਬੰਦੇ ਵੱਖਰੇ ਸਿੱਖ ਰਾਜ ਲਈ ਐਲਾਨ ਜਾਰੀ ਕਰ ਰਹੇ ਸਨ । ਇਹ ਹਰਿਮੰਦਰ ਸਾਹਿਬ ਉੱਤੇ ਇਕ ਹੋਰ ਹਮਲੇ ਲਈ ਹਰੀ ਝੰਡੀ ਸੀ ਬੇਸ਼ੱਕ ਜਿਹੜੇ ਬੰਦਿਆਂ ਨੇ ਕਥਿਤ ਤੌਰ 'ਤੇ ਇਹ ਐਲਾਨ ਜਾਰੀ ਕੀਤੇ ਸਨ, ਉਹ ਹਮਲਾ ਸ਼ੁਰੂ ਹੋਣ ਤੋਂ ਪਹਿਲਾਂ ਹੀ ਕੰਪਲੈਕਸ ਵਿੱਚੋਂ ਜਾ ਚੁੱਕੇ ਸਨ । ਕੋਈ 3000 ਸਿਪਾਹੀਆਂ ਨੇ ਕੰਪਲੈਕਸ ਨੂੰ ਘੇਰਾ ਪਾ ਲਿਆ, ਨੀਮ-ਫੌਜੀ ਦਸਤੇ ਅਤੇ ਕਮਾਂਡੋਜ਼ ਵੀ ਤਿਆਰ ਬੈਠੇ ਸਨ । ਇਸ ਓਪਰੇਸ਼ਨ ਦੀ ਤਿਆਰੀ ਕਾਫੀ ਦੇਰ ਪਹਿਲਾਂ ਤੋਂ ਹੀ ਬੜੀ ਬਾਰੀਕੀ ਨਾਲ ਕੀਤੀ ਗਈ ਸੀ । ਦਿੱਲੀ ਦੇ ਹਾਕਮਾਂ ਦਾ ਉਦੇਸ਼, ਬਰਨਾਲਾ ਸਰਕਾਰ ਦੀ ਪੁਲਸ ਤੋਂ ਹਰਿਮੰਦਰ ਸਾਹਿਬ ਉੱਤੇ ਹਮਲਾ ਕਰਵਾ ਕੇ, ਆਪਣੇ ਜੂਨ 1984 ਦੇ ਧਾਵੇ ਨੂੰ ਜਾਇਜ਼ ਕਰਾਰ ਦੇਣਾ ਸੀ ।

ਸਰਕਾਰ ਨੇ ਪਿਛਲੇ ਪੰਜ ਸਾਲਾਂ ਤੋਂ ਹਰਿਮੰਦਰ ਸਾਹਿਬ ਦੀ ਨਾਕਾਬੰਦੀ ਕੀਤੀ ਹੋਈ ਹੈ । ਇਸ ਦੇ ਸਭ ਦਰਵਾਜ਼ਿਆਂ ਉੱਤੇ ਨੀਮ-ਫੌਜੀ ਦਸਤੇ ਬਿਠਾਏ ਹੋਏ ਹਨ । ਕਿਸੇ ਨੂੰ ਵੀ ਬਿਨਾਂ ਤਲਾਸ਼ੀ ਲਏ ਅੰਦਰ ਨਹੀਂ ਜਾਣ ਦਿੱਤਾ ਜਾਂਦਾ । ਹਰਿਮੰਦਰ ਸਾਹਿਬ ਮਹਿਜ਼

Digitized by Panjab Digital Library | www.panjabdigilib.org

ਇੱਕ ਇੱਟਾਂ ਅਤੇ ਚੂਨੇ ਦਾ ਹੀ ਢਾਂਚਾ ਨਹੀਂ, ਇਸ ਦੀ ਹਰ ਇੱਟ ਸਮਾਜਕ ਅਤੇ ਹਕੂਮਤੀ ਜਬਰੋ-ਜ਼ੁਲਮ ਵਿਰੁੱਧ ਕੁਰਬਾਨ ਹੋਏ ਮਨੁੱਖੀ ਲਹੂ ਵਿੱਚ ਭਿੱਜੀ ਹੋਈ ਹੈ।

ਸਰਕਾਰ ਇਹ ਬੇਹੂਦਾ ਪ੍ਰਚਾਰ ਕਰ ਰਹੀ ਹੈ ਕਿ ਉਹ ਹਰਿਮੰਦਰ ਸਾਹਿਬ ਕੰਪਲੈਕਸ ਨੂੰ "ਖੂਬਸੂਰਤ" ਬਣਾਉਣ ਦੀ ਇਕ ਯੋਜਨਾ ਲਾਗੂ ਕਰ ਰਹੀ ਹੈ। ਇਹ ਸਿੱਖਾਂ ਦੇ ਜ਼ਖ਼ਮਾਂ ਉੱਤੇ ਲੂਣ ਛਿੜਕਣ ਵਾਲੀ ਗੱਲ ਹੈ। ਇਸ ਪ੍ਰੋਗਰਾਮ ਦੇ ਇੱਕ ਹਿੱਸੇ ਵਜੋਂ ਸਰਕਾਰ ਹਰਿਮੰਦਰ ਸਾਹਿਬ ਕੰਪਲੈਕਸ ਦੇ ਚੁਗਿਰਦੇ ਇੱਕ ਫਿਰਨੀ ਬਣਾ ਰਹੀ ਹੈ। ਇਹ ਸੜਕ (ਫਿਰਨੀ) ਬਣਾਉਣ ਲਈ ਸਰਕਾਰ ਬਹੁਤ ਸਾਰੀਆਂ ਇਤਿਹਾਸਕ ਇਮਾਰਤਾਂ ਅਤੇ ਹੋਰ ਜਾਇਦਾਦਾਂ ਨੂੰ ਢਾਹ ਰਹੀ ਹੈ। ਸੜਕ ਦੀ ਉਸਾਰੀ ਮੁਕੰਮਲ ਹੋਣ ਨਾਲ, ਸਰਕਾਰ ਨੂੰ ਹਰਿਮੰਦਰ ਸਾਹਿਬ ਦੁਆਲੇ ਆਪਣੀ ਫੌਜ ਅਤੇ ਟੈਂਕ ਤਾਈਨਾਤ ਕਰਨ ਵਿੱਚ ਸੌਖ ਹੋ ਜਾਵੇਗੀ। "ਖੂਬਸੂਰਤ" ਬਣਾਉਣ ਦੇ ਬਹਾਨੇ, ਸਰਕਾਰ ਅਸਲ ਵਿੱਚ ਗਿਣੇ-ਮਿਥੇ ਢੰਗ ਨਾਲ ਸਿੱਖਾਂ ਦੇ ਪਵਿੱਤਰ ਗੁਰਦੁਆਰਿਆਂ ਨੂੰ ਤਬਾਹ ਕਰ ਰਹੀ ਹੈ ਅਤੇ ਉਨ੍ਹਾਂ ਦੀ ਪਵਿੱਤਰਤਾ ਭੰਗ ਕਰ ਰਹੀ ਹੈ। ਓਪਰੇਸ਼ਨ ਬਲਿਊ ਸਟਾਰ ਵਿੱਚ ਸਰਕਾਰ ਨੇ ਸਿੱਖ ਰੈਫਰੈਂਸ ਲਾਇਬਰੇਰੀ ਤਬਾਹ ਕਰ ਦਿੱਤੀ ਅਤੇ ਅਕਾਲੀ ਮੋਰਚਿਆਂ ਮੁਤੱਲਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਰਿਕਾਰਡ ਸਾੜ ਦਿੱਤੇ ਸਨ, ਅਕਾਲ ਤਖ਼ਤ ਢਾਹ ਦਿੱਤਾ ਅਤੇ ਹੋਰ ਇਮਾਰਤਾਂ ਦਾ ਨੁਕਸਾਨ ਕੀਤਾ ਸੀ। ਹੁਣ ਇਹ ਕੰਪਲੈਕਸ ਦੀਆਂ ਹੋਰ ਇਤਿਹਾਸਕ ਇਮਾਰਤਾਂ ਢਾਹ ਰਹੀ ਹੈ।

ਹਰਿਮੰਦਰ ਸਾਹਿਬ ਦੇ ਇਸ ਇਤਿਹਾਸ ਨੂੰ ਦੇਖਦਿਆਂ, ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਜਦ ਹਿੰਦੁਸਤਾਨੀ ਫੌਜ ਨੇ ਇਸ ਉੱਤੇ ਧਾਵਾ ਬੋਲਿਆ ਤਾਂ ਸਿੱਖਾਂ ਨੂੰ ਏਨਾ ਗੁੱਸਾ ਆਇਆ ਸੀ। ਇਹਦਾ ਇਤਿਹਾਸ ਕੁਰਬਾਨੀ ਦਾ ਇਤਿਹਾਸ, ਸਦੀਆਂ ਤੋਂ ਜਬਰੋ-ਜ਼ੁਲਮ ਵਿਰੁੱਧ ਲੜਾਈ ਵਿੱਚ ਡੁਲ੍ਹੇ ਮਨੁੱਖੀ ਲਹੂ ਦਾ ਇਤਿਹਾਸ ਹੈ। ਕਿਸੇ ਨੂੰ ਵੀ ਏਦਾਂ ਨਹੀਂ ਸੋਚਣਾ ਚਾਹੀਦਾ ਕਿ ਹਰਿਮੰਦਰ ਸਾਹਿਬ ਸਿਰਫ ਸਿੱਖਾਂ ਲਈ ਹੀ ਜਬਰੋ-ਜ਼ੁਲਮ ਨਾਲ ਟੱਕਰ ਦਾ ਚਿੰਨ੍ਹ ਹੈ; ਇਹ ਸਭਨਾਂ ਲਈ ਇਸ ਟੱਕਰ ਦਾ ਚਿੰਨ੍ਹ ਹੈ। ਇਹ, ਪੰਜਾਬੀ ਲੋਕਾਂ ਅਤੇ ਆਜ਼ਾਦੀ, ਖੁਦਮੁਖਤਾਰੀ ਅਤੇ ਤਰੱਕੀ ਲਈ ਲੜਦੇ ਸਭਨਾਂ ਲੋਕਾਂ, ਦੇ ਨਿਧੜਕ ਤੇ ਆਜ਼ਾਦੀ-ਪਸੰਦ ਜਜ਼ਬਿਆਂ ਦਾ ਇੱਕ ਚਿੰਨ੍ਹ ਬਣ ਗਿਆ ਹੈ।

Digitized by Panjab Digital Library | www.panjabdigilib.org

## ਕਾਂਡ ਤਿੰਨ

# ਫਿਰਕਾਪ੍ਰਸਤੀ ਅਤੇ ਆਧੁਨਿਕ ਸਿਆਸੀ ਪਾਰਟੀਆਂ ਦਾ ਜਨਮ

1857 ਈ: ਤੋਂ 1859 ਈ: ਦੀ ਹਿੰਦੁਸਤਾਨ ਦੀ ਪਹਿਲੀ ਜੰਗੇ-ਆਜ਼ਾਦੀ ਨੇ, ਹਿੰਦੁਸਤਾਨੀ ਲੋਕਾਂ ਦੀ ਕੌਮੀ ਜਾਗਰਤੀ ਨੂੰ ਜਬਰਦਸਤ ਬਲ ਬਖਸ਼ਿਆ । ਇਹ ਵਿਦਰੋਹ ਵੀ ਲੋਕਾਂ ਦੀਆਂ ਉਮੰਗਾਂ ਦਾ ਹੀ ਪ੍ਰਤੀਕ ਸੀ, ਜੋ ਬਸਤੀਵਾਦੀ ਜੂਲੇ ਤੋਂ ਆਪਣੀ ਜਾਨ ਛੁਡਾਉਣੀ ਚਾਹੁੰਦੇ ਸਨ। ਇਸ ਉਮੰਗ ਨੂੰ ਸਾਕਾਰ ਕਰਨ ਲਈ, ਉਹ ਹਿੰਦੁਸਤਾਨ ਦੇ ਸਭ ਹਿੱਸਿਆਂ ਤੋਂ, ਆਪਣੇ ਧਰਮ, ਜਾਤ ਜਾਂ ਮਤ ਦੀ ਕੋਈ ਪ੍ਰਵਾਹ ਨਾ ਕਰਦੇ ਹੋਏ ਵਿਦਰੋਹ ਵਿੱਚ ਸ਼ਾਮਲ ਹੋ ਗਏ ।

ਪਹਿਲੀ ਜੰਗੇ ਆਜ਼ਾਦੀ ਤੋਂ ਬਾਅਦ, ਸਿੱਖਾਂ ਨੇ ਬਰਤਾਨਵੀਂ ਰਾਜ ਤੋਂ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਜਾਰੀ ਰੱਖਿਆ । ਰਣਜੀਤ ਸਿੰਘ ਦੀ ਫੌਜ ਦੇ ਇਕ ਸਾਬਕਾ ਸਿਪਾਹੀ, ਬਾਬਾ ਰਾਮ ਸਿੰਘ, ਨੇ 1861 ਵਿੱਚ ਪੰਜਾਬ ਵਿੱਚ ਅੰਗਰੇਜ਼ ਸਰਕਾਰ ਦੇ ਖਿਲਾਫ਼ ਬਗਾਵਤ ਦਾ ਝੰਡਾ ਚੁੱਕ ਲਿਆ । ਅੰਗਰੇਜ਼ਾਂ ਦੇ ਝੋਲੀ-ਚੁੱਕ ਜਗੀਰਦਾਰਾਂ ਅਤੇ ਮਹੰਤਾਂ ਨੇ ਐਲਾਨ ਕੀਤਾ ਕਿ ਬਾਬਾ ਰਾਮ ਸਿੰਘ ਸਿੱਖ ਨਹੀਂ ਹੈ । ਉਸ ਨੇ ਬਰਤਾਨਵੀਂ ਵਸਤਾਂ ਦਾ ਬਾਈਕਾਟ, ਸਿਵਲ ਨਾਫੁਰਮਾਨੀ, ਨਾ-ਮਿਲਵਰਤਣ, ਅੰਗਰੇਜ਼ੀ ਸਕੂਲਾਂ ਅਤੇ ਡਾਕ -ਸੇਵਾ ਆਦਿ ਦਾ ਬਾਈਕਾਟ ਕਰਨ ਦਾ ਸੱਦਾ ਦਿੱਤਾ । ਉਸਦੇ ਪੈਰੋਕਾਰਾਂ ਦਾ ਕਤਲੇਆਮ ਕਰ ਦਿੱਤਾ ਗਿਆ ਅਤੇ ਉਹਨੂੰ ਦੇਸ਼-ਨਿਕਾਲਾ ਦੇ ਕੇ ਬਰਮਾ ਭੇਜ ਦਿੱਤਾ ਗਿਆ । ਉੱਥੇ ਹੀ 1870 ਵਿੱਚ ਉਹਦੀ ਮੌਤ ਹੋ ਗਈ ।

ਬਗਾਵਤ ਤੋਂ ਪਹਿਲਾਂ ਬਣਾਈ ਗਈ ਬਸਤੀਵਾਦੀ ਫੌਜ ਨੇ, ਇਸ ਕੌਮੀ ਜਾਗਰਤੀ ਨੂੰ ਵਧਾਉਣ ਵਿੱਚ ਕਾਫੀ ਹਿੱਸਾ ਪਾਇਆ । ਪਰ, 1857 ਦੇ ਗਦਰ ਤੋਂ ਬਾਅਦ ਅੰਗਰੇਜ਼ਾਂ ਨੇ ਇਸ ਵੱਧ ਰਹੀ ਕੌਮੀ ਜਾਗਰਤੀ ਦਾ ਗਲਾ ਘੁੱਟਣ ਲਈ, ਹਿੰਦੁਸਤਾਨੀ ਫੌਜ ਨੂੰ ਫਿਰਕੂ ਆਧਾਰ 'ਤੇ ਮੁੜ ਜਥੇਬੰਦ ਕਰ ਲਿਆ । ਉਨ੍ਹਾਂ ਨੇ ਹਿੰਦੁਸਤਾਨੀ ਫੌਜ ਨੂੰ ਫਿਰਕੂਵਾਦ ਭੜਕਾਉਣ ਅਤੇ ਲੋਕਾਂ ਦੇ ਸੰਘਰਸ਼ਾਂ ਉੱਤੇ ਹਮਲੇ ਕਰਨ ਵਾਲਾ ਇਕ ਹੱਥ-ਠੋਕਾ ਬਣਾ ਲਿਆ । ਬਰਤਾਨਵੀ ਰਾਜ ਪ੍ਰਤੀ ਵਫਾਦਾਰੀ ਦੀ ਸਹੁੰ ਪ੍ਰੋਹਿਤ ਅਤੇ ਗ੍ਰੰਥੀ ਚੁਕਾਉਂਦੇ ਸਨ, ਅਤੇ ਸੈਨਿਕਾਂ ਦੇ ਦਿਲਾਂ ਵਿੱਚ ਇਹ ਗੱਲ ਕੁੱਟ-ਕੁੱਟ ਕੇ ਭਰੀ ਜਾਂਦੀ ਸੀ ਕਿ ਆਪਣੇ ਖੁਦ ਦੇ ਕੁਨਬੇ ਜਾਂ ਧਰਮ ਪ੍ਰਤੀ ਵਫਾਦਾਰੀ ਹੀ ਤਾਜ ਪ੍ਰਤੀ ਵਫਾਦਾਰੀ ਦਾ ਇਜ਼ਹਾਰ ਹੈ । ਐਪਰ ਅੰਗਰੇਜ਼ਾਂ ਦੀ ਸਿੱਖਿਆ, ਸੈਨਿਕਾਂ ਦੇ ਦਿਲਾਂ ਵਿੱਚੋਂ ਦੇਸ਼-ਭਗਤ ਜਜ਼ਬਿਆਂ ਨੂੰ ਖਤਮ ਨਾ ਕਰ ਸਕੀ ।

ਇਸ ਅਰਸੇ ਦੌਰਾਨ, ਬਸਤੀਵਾਦ,-ਵਿਰੋਧੀ ਸੰਘਰਸ਼ ਲਗਾਤਾਰ ਵਿਕਸਤ ਹੁੰਦਾ ਰਿਹਾ । ਕੌਮੀ ਪੱਧਰ 'ਤੇ ਗੁਰੱਪ ਅਤੇ ਐਸੋਸੀਏਸ਼ਨਾਂ ਉੱਭਰ ਕੇ ਅੱਗੇ ਆ ਰਹੀਆਂ ਸਨ- ਜਿਨ੍ਹਾਂ ਨੇ ਨਿਸ਼ਚਿਤ ਸਿਆਸੀ ਪ੍ਰੋਗਰਾਮ ਵਾਲੀਆਂ ਪਾਰਟੀਆਂ ਨੂੰ ਜਨਮ ਦਿੱਤਾ- ਜਿਵੇਂ ਕਿ ਬ੍ਰਿਟਿਸ਼ ਇੰਡੀਅਨ ਐਸੋਸੀਏਸ਼ਨ, ਜ਼ਿਮੀਦਾਰਾ ਐਸੋਸੀਏਸ਼ਨ, ਮਹਾਜਨ ਸੋਸਾਇਟੀ, ਆਦਿ । ਆਮ ਤੌਰ 'ਤੇ ਇਹ ਪ੍ਰੋਗਰਾਮ ਬਹੁਤ ਹੀ ਸੀਮਤ ਸਨ, ਜਿਵੇਂ ਕਿ ਅੰਗਰੇਜ਼ਾਂ ਤੋਂ

Digitized by Panjab Digital Library | www.panjabdigilib.org

ਪ੍ਰਸ਼ਾਸਨ ਵਿਚ ਨੌਕਰੀਆਂ ਅਤੇ ਪਦਵੀਆਂ ਮੰਗਣਾ । ਇਨ੍ਹਾਂ ਚੋਂ ਜ਼ਿਆਦਾਤਰ ਐਸੋਸੀਏਸ਼ਨਾਂ ਸਮਾਜ ਦੇ ਉੱਪਰਲੇ ਤਬਕੇ ਦੀ ਹੀ ਪ੍ਰਤੀਨਿਧਤਾ ਕਰਦੀਆਂ ਸਨ ।

ਇਸ ਦੇ ਨਾਲ-ਨਾਲ ਲੋਕ ਅੰਗਰੇਜ਼ਾਂ ਵਿਰੁੱਧ ਇੱਕ ਹੋਰ ਬਗਾਵਤ ਦੀਆਂ ਤਿਆਰੀਆਂ ਕਰ ਰਹੇ ਸਨ । ਬਸਤੀਵਾਦ-ਵਿਰੋਧੀ ਸੰਘਰਸ਼ ਨੂੰ ਰੋਕਣ ਅਤੇ ਕੁਰਾਹੇ ਪਾਉਣ ਲਈ, ਅੰਗਰੇਜ਼ਾਂ ਨੇ, ਆਪਣੇ ਦੇਸੀ ਯਾਰਾਂ ਨਾਲ ਮਿਲ ਕੇ, 1885 ਵਿਚ ਇੰਡੀਅਨ ਨੈਸ਼ਨਲ ਕਾਂਗਰਸ ਕਾਇਮ ਕੀਤੀ । ਇੰਡੀਅਨ ਨੈਸ਼ਨਲ ਕਾਂਗਰਸ ਦੇ ਬਾਨੀ ਲਾਰਡ ਏ.ਓ. ਹਿਊਮ ਨੇ ਖੁਦ ਇਹ ਇਕਬਾਲ ਕੀਤਾ ਸੀ ਕਿ ਉਸ ਨੇ ਬਰਤਾਨਵੀ ਹਿੱਤਾਂ ਨੂੰ ਲੋਕਾਂ ਦੇ ਬਸਤੀਵਾਦ-ਵਿਰੋਧੀ ਸੰਘਰਸ਼ ਦੀ ਮਾਰ ਤੋਂ ਬਚਾਉਣ ਲਈ ਇੱਕ ਸੇਫਟੀ ਵਾਲ ਦੇ ਤੌਰ 'ਤੇ ਕਾਂਗਰਸ ਪਾਰਟੀ ਬਣਾਉਣ ਦੀ ਗੋਂਦ ਗੁੰਦੀ ਸੀ । ਆਪਣੀ ਸਥਾਪਨਾ ਵੇਲੇ ਤੋਂ ਹੀ, ਇੰਡੀਅਨ ਨੈਸ਼ਨਲ ਕਾਂਗਰਸ ਅੰਗਰੇਜ਼ਾਂ ਦੀ ਚਾਪਲੂਸ ਬਣ ਗਈ ਸੀ । ਫਿਰ ਵੀ, ਇਹ ਬਦਲ ਰਹੇ ਸਮਿਆਂ ਦੀ ਪ੍ਰਤੀਕ ਸੀ, ਜਿਸਨੂੰ ਅੰਗਰੇਜ਼ੀ ਰਾਜ ਦੀ ਸਾਰੀ ਤਾਕਤ ਵੀ ਰੋਕ ਨਹੀਂ ਸੀ ਸਕਦੀ ।

ਇੰਡੀਅਨ ਨੈਸ਼ਨਲ ਕਾਂਗਰਸ, ਆਪਣੇ ਪ੍ਰੋਗਰਾਮ ਦੇ ਸੀਮਤ ਅਤੇ ਸੁਧਾਰਵਾਦੀ ਖਾਸੇ ਦੇ ਬਾਵਜੂਦ, ਹਿੰਦੁਸਤਾਨ ਵਿੱਚ ਪਹਿਲੀ ਆਧੁਨਿਕ ਸਿਆਸੀ ਪਾਰਟੀ ਸੀ । ਇਹ ਅਤੇ ਇਸ ਤੋਂ ਬਾਅਦ ਵਿੱਚ ਬਣੀਆਂ ਹੋਰ ਸਿਆਸੀ ਪਾਰਟੀਆਂ, ਪਹਿਲੀਆਂ ਖੁਫੀਆ ਸੁਸਾਇਟੀਆਂ ਅਤੇ ਫਿਰਕੂ ਜਥੇਬੰਦੀਆਂ ਨਾਲੋਂ ਗੁਣਾਤਮਕ ਪੱਖੋਂ ਬਿਲਕੁਲ ਵੱਖਰੀਆਂ ਸਨ । ਇਨ੍ਹਾਂ ਪਾਰਟੀਆਂ ਦੇ ਲੀਡਰ, ਆਪਣੇ-ਆਪ ਨੂੰ ਦੇਸ਼ ਦੇ ਇੱਕ ਸਿਰੇ ਤੋਂ ਲੈ ਕੇ ਦੂਜੇ ਸਿਰੇ ਤੱਕ ਵਸਦੇ, ਸਮੁੱਚੇ ਹਿੰਦੁਸਤਾਨੀਆਂ ਦੇ ਨੁਮਾਇੰਦੇ ਸਮਝਦੇ ਸਨ । ਮਿਸਾਲ ਦੇ ਤੌਰ 'ਤੇ ਇੰਡੀਅਨ ਨੈਸ਼ਨਲ ਕਾਂਗਰਸ ਦੇ ਲੀਡਰ, ਆਪਣੇ ਪ੍ਰਾਪੇਗੰਡੇ ਵਿੱਚ ਇਸ ਜਾਂ ਉਸ ਰਿਆਇਤ ਲਈ ਅੰਗਰੇਜ਼ਾਂ ਨੂੰ ਅਪੀਲ, ਸਮੁੱਚੇ ਹਿੰਦੁਸਤਾਨੀਆਂ ਦੇ ਨਾਂ 'ਤੇ ਕਰਦੇ ਸਨ ।

ਇਸ ਵਿਕਾਸ ਦਾ ਗਲਾ-ਘੁੱਟਣ ਲਈ, ਬਸਤੀਵਾਦੀਆਂ ਨੇ ਘੱਟ ਗਿਣਤੀ ਫਿਰਕਿਆਂ ਨੂੰ ਆਪੋ-ਆਪਣੀਆਂ ਵੱਖਰੀਆਂ ਜਥੇਬੰਦੀਆਂ ਬਨਾਉਣ ਦੀ ਹੱਲਾਸ਼ੇਰੀ ਦਿੱਤੀ, ਜਿਹੜੀਆਂ ਬਸਤੀਵਾਦੀ ਹਾਕਮਾਂ ਮੂਹਰੇ ਉਨ੍ਹਾਂ ਦੇ ਹਿੱਤਾਂ ਦੀ ਪ੍ਰਤੀਨਿਧਤਾ ਕਰਨਗੀਆਂ । ਉਨ੍ਹਾਂ ਨੇ ਫਿਰਕੂ ਜਥੇਬੰਦੀਆਂ ਬਣਾਉਣ ਨੂੰ ਵੀ ਹੱਲੇਸ਼ੇਰੀ ਦਿੱਤੀ ਅਤੇ ਇਹ ਢਕੌਸਲਾ ਖੜ੍ਹਾ ਕੀਤਾ ਕਿ ਹਿੰਦੁਸਤਾਨ ਵਿੱਚ ਕੋਈ ਵੀ ਕੌਮਾਂ ਜਾਂ ਕੌਮੀਅਤਾਂ ਨਹੀਂ ਹਨ, ਬਲਕਿ ਸਿਰਫ ਧਾਰਮਿਕ ਫਿਰਕੇ ਹੀ ਹਨ, ਜੋ ਸਦੀਆਂ ਤੋਂ ਇੱਕ -ਦੂਸਰੇ ਦੇ ਸਿਰ ਵੱਢਦੇ ਆ ਰਹੇ ਹਨ, ਅਤੇ ਅੰਗਰੇਜ਼, ਆਪਣੇ ਸੁਚੱਜੇ ਪ੍ਰਸ਼ਾਸਨ ਰਾਹੀਂ ਹਿੰਦੁਸਤਾਨੀ ਉਪ-ਮਹਾਂਦੀਪ ਦੇ ਲੋਕਾਂ ਨੂੰ ਇਕ-ਦੂਸਰੇ ਤੋਂ ਬਚਾ ਰਹੇ ਹਨ । ਫਿਰਕੂ ਪਾੜੇ ਪੈਦਾ ਕਰਨ ਲਈ, ਉਨ੍ਹਾਂ ਨੇ ਵਿਦਿਅਕ ਸੰਸਥਾਵਾਂ ਦਾ ਕੰਟਰੋਲ ਫਿਰਕੂ ਜਥੇਬੰਦੀਆਂ ਦੇ ਹਵਾਲੇ ਕਰ ਦਿਤਾ ਅਤੇ ਨਗਰ ਪਾਲਿਕਾਵਾਂ ਵਿੱਚ ਅਤੇ ਸਰਕਾਰੀ ਨੌਕਰੀਆਂ ਵਿੱਚ ਰਿਜ਼ਰਵੇਸ਼ਨਾਂ ਅਤੇ ਕੋਟਿਆਂ ਦਾ ਸਿਸਟਮ ਚਾਲੂ ਕੀਤਾ ।

ਕੌਮੀ ਜਾਗਰਤੀ, 1905 ਵਿੱਚ ਬੰਗਾਲ ਦਾ ਬਟਵਾਰਾ ਕਰਨ ਦੀ ਬਰਤਾਨਵੀ ਯੋਜਨਾ ਦੇ ਵਿਰੁੱਧ ਐਜੀਟੇਸ਼ਨ ਵਿੱਚ, ਹੋਰ ਵਧੇਰੇ ਵਿਕਸਤ ਹੋਈ । ਇੰਡੀਅਨ ਨੈਸ਼ਨਲ ਕਾਂਗਰਸ ਦੋ ਧੜਿਆਂ ਵਿੱਚ ਵੰਡੀ ਜਾ ਚੁੱਕੀ ਸੀ ਇਕ ਧੜਾ ਅੰਗਰੇਜ਼ੀ ਰਾਜ ਅੰਦਰ ਰਹਿਣਾ ਚਾਹੁੰਦਾ ਸੀ , ਅਤੇ ਦੂਸਰਾ ਬਸਤੀਵਾਦੀ ਜੂਲੇ ਤੋਂ ਛੁਟਕਾਰਾ ਪਾਉਣਾ ਚਾਹੁੰਦਾ ਸੀ । ਬੰਗਾਲ ਦੇ ਬਟਵਾਰੇ ਖਿਲਾਫ ਐਜੀਟੇਸ਼ਨ ਨੇ ਭਾਰੀ ਗਿਣਤੀ ਵਿਚ ਨੌਜਵਾਨਾਂ ਅਤੇ ਆਮ ਲੋਕਾਂ ਨੂੰ ਕਾਂਗਰਸ ਪਾਰਟੀ ਵੱਲ ਖਿੱਚਿਆ । ਇਸ ਨਾਲ ਕਾਂਗਰਸ ਉੱਤੇ ਦਬਾਅ ਪਿਆ ਕਿ ਉਹ ਐਸੀਆਂ ਮੰਗਾਂ ਅੱਗੇ

Digitized by Panjab Digital Library | www.panjabdigilib.org

ਰੱਖੇ ਜੋ ਲੋਕਾਂ ਦੀਆਂ ਉਮੰਗਾਂ ਦੀਆਂ ਪ੍ਰਤੀਕ ਹੋਣ । ਸਿੱਟੇ ਵਜੋਂ, ਕਾਂਗਰਸ ਨੇ ਬਰਤਾਨਵੀ ਰਾਜ ਦੇ ਅੰਦਰ ਹੀ ਸੱਤਾਧਾਰੀ ਰੁਤਬਾ ਹਾਸਲ ਕਰਨ ਦੀਆਂ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ । ਨਿਰਸੰਦੇਹ, ਇਹ ਮੰਗ ਲੋਕਾਂ ਦੀਆਂ ਕੌਮੀ ਉਮੰਗਾਂ 'ਤੇ ਪੂਰੀ ਨਹੀਂ ਸੀ ਉਤਰਦੀ, ਪਰ ਇਸ ਨੇ ਇਸ ਦਬਾਅ ਨੂੰ ਠੱਲ੍ਹਣ ਵਿੱਚ ਅੰਗਰੇਜ਼ ਬਸਤੀਵਾਦੀਆਂ ਨੂੰ ਇਕ ਸੇਫਟੀ ਵਾਲ ਦਾ ਕੰਮ ਦਿਤਾ ।

1907 ਈ: ਵਿੱਚ, ਪਹਿਲੀ ਜੰਗੇ-ਆਜਾਦੀ ਦੀ 50ਵੀਂ ਵਰ੍ਹੇਗੰਢ ਪੂਰੇ ਹਿੰਦੁਸਤਾਨ ਵਿੱਚ ਮਨਾਈ ਗਈ । ਇੰਡੀਅਨ ਨੈਸ਼ਨਲ ਕਾਂਗਰਸ ਨੂੰ ਵੀ ਇਹ ਵਰ੍ਹੇਗੰਢ ਮਨਾਉਣ 'ਤੇ ਮਜ਼ਬੂਰ ਹੋਣਾ ਪਿਆ । ਇਕੱਲੇ ਪੰਜਾਬ ਵਿੱਚ ਹੀ ਬਸਤੀਵਾਦੀ ਰਾਜ ਦਾ ਵਿਰੋਧ ਕਰਨ ਲਈ 23 ਥਾਵਾਂ 'ਤੇ ਮੁਜ਼ਾਹਰੇ ਜਥੇਬੰਦ ਕੀਤੇ ਗਏ । ਸਭ ਤੋਂ ਵੱਡੇ ਮੁਜ਼ਾਹਰੇ ਉਨ੍ਹਾਂ ਥਾਵਾਂ 'ਤੇ ਜਥੇਬੰਦ ਕੀਤੇ ਗਏ ਜਿੱਥੇ 1857 ਵਿੱਚ ਸੈਨਿਕਾਂ ਨੇ ਬਗਾਵਤਾਂ ਕੀਤੀਆਂ ਸਨ ਜਾਂ ਜਿੱਥੇ ਬਗਾਵਤ ਤੋਂ ਡਰਦੇ ਬਸਤੀਵਾਦੀਆਂ ਨੇ ਉਨ੍ਹਾਂ ਨੂੰ ਨਿਹੱਥੇ ਕਰ ਦਿੱਤਾ ਸੀ । ਜਲੰਧਰ, ਫਿਲੌਰ, ਮੀਆਂ ਮੀਰ, ਡੇਰਾ ਗਾਜ਼ੀ ਖਾਂ, ਵਗੈਰਾ ਵਿੱਚੋਂ ਵਿਦਿਆਰਥੀਆਂ, ਵਕੀਲਾਂ ਅਤੇ ਕਿਸਾਨਾਂ ਨੇ ਇਨ੍ਹਾਂ ਸਰਵ-ਹਿੰਦ ਰੋਸ ਮੁਜ਼ਾਹਰਿਆਂ ਵਿੱਚ ਹਿੱਸਾ ਲਿਆ । ਲਾਹੌਰ, ਲਾਇਲਪੁਰ ਅਤੇ ਗੁੱਜਰਾਂਵਾਲਾ ਵਿੱਚ ਇਨ੍ਹਾਂ ਮੁਜ਼ਾਹਰਿਆਂ ਅਤੇ ਰੈਲੀਆਂ ਉੱਤੇ ਪੁਲਸ ਨੇ ਬੇਰਹਿਮੀ ਨਾਲ ਹਮਲੇ ਕੀਤੇ ਸਨ । ਬਹੁਤ ਸਾਰੇ ਲੋਕ ਗ੍ਰਿਫ਼ਤਾਰ ਕਰ ਲਏ ਗਏ ਅਤੇ ਉਨ੍ਹਾਂ 'ਚੋਂ ਕਈਆਂ ਨੂੰ ਦੇਸ਼-ਨਿਕਾਲਾ ਦੇ ਕੇ ਬਰਮਾ ਭੇਜ ਦਿੱਤਾ ਗਿਆ ।

ਇਨ੍ਹਾਂ ਦੋ ਐਜੀਟੇਸ਼ਨਾਂ ਨੇ ਹਿੰਦੁਸਤਾਨ ਦੇ ਵੱਖ-ਵੱਖ ਹਿੱਸਿਆਂ ਦੇ ਲੋਕਾਂ ਨੂੰ ਇਕ-ਮੁੱਠ ਕਰ ਦਿੱਤਾ । ਬਸਤੀਵਾਦੀਆਂ ਨੂੰ ਲੋਕਾਂ ਦੇ ਦਬਾਅ ਹੇਠ, 1911 ਵਿੱਚ ਬੰਗਾਲ ਦਾ ਬਟਵਾਰਾ ਰੱਦ ਕਰਨਾ ਪਿਆ । ਇਸ ਵੱਧ ਰਹੇ ਕੌਮੀ ਵਿਦਰੋਹ ਦਾ ਵਧੇਰੇ ਅਸਰਦਾਰ ਢੰਗ ਨਾਲ ਸਾਹਮਣਾ ਕਰਨ ਲਈ, ਬਸਤੀਵਾਦੀਆਂ ਨੇ ਆਪਣੀ ਰਾਜਧਾਨੀ ਵੀ ਕਲਕੱਤੇ ਤੋਂ ਦਿੱਲੀ ਲੈ ਆਂਦੀ, ਜੋ ਵਧੇਰੇ ਕੇਂਦਰੀ ਤੌਰ 'ਤੇ ਸਥਿਤ ਸੀ ।

ਇਹ ਵਧ ਰਹੀ ਕੌਮੀ ਜਾਗਰਤੀ, ਵਿਦੇਸ਼ਾਂ 'ਚ ਵਸਦੇ ਹਿੰਦੁਸਤਾਨੀਆਂ ਵਿੱਚ ਵੀ ਜ਼ਾਹਿਰ ਹੋਈ । 1913 ਵਿੱਚ, ਕਨੇਡਾ ਅਤੇ ਅਮਰੀਕਾ ਦੇ ਪੱਛਮੀ ਕਿਨਾਰੇ 'ਤੇ ਵਸਦੇ ਹਿੰਦੁਸਤਾਨੀ ਦੇਸ਼ਭਗਤਾਂ ਨੇ ਗਦਰ ਪਾਰਟੀ ਦੀ ਸਥਾਪਨਾ ਕੀਤੀ । ਗਦਰ ਪਾਰਟੀ ਦਾ ਐਲਾਨੀਆ ਉਦੇਸ਼, ਹਥਿਆਰਾਂ ਦੀ ਤਾਕਤ ਨਾਲ ਹਿੰਦੁਸਤਾਨ ਨੂੰ ਬਸਤੀਵਾਦੀ ਜੂਲੇ ਤੋਂ ਮੁਕਤ ਕਰਾਉਣਾ ਸੀ । ਯੂਰਪ ਵਿੱਚ, ਬਰਲਿਨ ਕਮੇਟੀ ਇਸੇ ਆਸ਼ੇ ਨਾਲ ਕਾਇਮ ਕੀਤੀ ਗਈ ਸੀ। ਗਦਰ ਪਾਰਟੀ ਨੇ ਸਭ ਲੋਕਾਂ, ਚਾਹੇ ਉਹ ਕਿਸੇ ਵੀ ਧਰਮ, ਜਾਤ ਜਾਂ ਇਲਾਕੇ ਤੋਂ ਸਨ, ਨੂੰ ਹਿੰਦੁਸਤਾਨ ਦੀ ਆਜ਼ਾਦੀ ਦੇ ਉਦੇਸ਼ ਲਈ ਇਕ-ਮੁੱਠ ਕੀਤਾ । ਪਹਿਲੀ ਵਿਸ਼ਵ ਜੰਗ ਦੌਰਾਨ, ਗਦਰ ਪਾਰਟੀ ਦੇ ਬਹੁਤ ਸਾਰੇ ਮੈਂਬਰਾਂ ਨੂੰ ਅੰਗਰੇਜ਼ਾਂ ਵਿਰੁੱਧ ਬਗਾਵਤ ਜਥੇਬੰਦ ਕਰਨ ਦੇ ਦੋਸ਼ ਵਿੱਚ ਕੈਦ ਕਰ ਦਿੱਤਾ ਗਿਆ ਸੀ । ਇਨ੍ਹਾਂ ਵਿੱਚੋਂ ਬਹੁਤ ਸਾਰੇ ਸਿੱਖ ਸਨ,ਪਰ ਜਿਸ ਮਨੋਰਥ ਲਈ ਉਨ੍ਹਾਂ ਜੇਲ੍ਹਾਂ ਕੱਟੀਆਂ ਸਨ ਉਸ ਵਿੱਚ ਧਾਰਮਿਕ ਤੰਗਨਜ਼ਰੀ ਦਾ ਕੋਈ ਨਿਸ਼ਾਂ ਤਕ ਨਹੀਂ ਸੀ ।

ਪਹਿਲੀ ਵਿਸ਼ਵ ਜੰਗ ਦੇ ਖਤਮ ਹੋਣ 'ਤੇ ਪੰਜਾਬ ਵਿੱਚ, ਅਤੇ ਪੂਰੇ ਹਿੰਦੁਸਤਾਨ ਵਿੱਚ ਤਰਥੱਲੀ ਮਚ ਗਈ । ਰੂਸ ਵਿੱਚ ਆਏ ਬਾਲਸ਼ਵਿਕ ਇਨਕਲਾਬ ਦੀ ਧਮਕ ਹਿੰਦੁਸਤਾਨ ਵਿੱਚ ਸੁਣੀ ਗਈ । ਪੂਰੇ ਦੇਸ਼ ਵਿੱਚ ਬਸ਼ਤੀਵਾਦੀਆਂ ਵਿਰੁੱਧ ਐਜੀਟੇਸ਼ਨ ਵਿਢ ਦਿੱਤੇ

Digitized by Panjab Digital Library | www.panjabdigilib.org

ਗਏ । ਲੋਕਾਂ ਦੇ ਇਸ ਵਿਸ਼ਾਲ ਉਭਾਰ ਨੂੰ ਕਾਬੂ ਕਰਨ ਲਈ, ਅੰਗਰੇਜ਼ ਸਰਕਾਰ ਨੇ ਬਦਨਾਮ ਰੌਲਟ ਐਕਟ ਪਾਸ ਕੀਤਾ । ਇਸ ਐਕਟ ਦੇ ਪਾਸ ਹੋਣ ਨਾਲ ਲੋਕਾਂ ਵਿੱਚ ਰੋਹ ਦੀ ਹੱਦ ਨਾ ਰਹੀ ਅਤੇ ਇਸ ਵਿਰੁੱਧ ਵੱਡੇ ਐਜੀਟੇਸ਼ਨ ਜਥੇਬੰਦ ਕੀਤੇ ਗਏ । ਅੰਮ੍ਰਿਤਸਰ ਅਤੇ ਹੋਰ ਜਿਲ੍ਹਿਆਂ ਵਿੱਚ ਮਾਰਸ਼ਲ ਲਾਅ ਠੋਸ ਦਿੱਤਾ ਗਿਆ । ਪਰ ਲੋਕਾਂ ਨੇ ਬਸਤੀਵਾਦੀ ਰਾਜ ਦੇ ਚਿੰਨ੍ਹਾਂ, ਜਿਵੇਂ ਕਿ ਸਰਕਾਰੀ ਇਮਾਰਤਾਂ ਵਗੈਰਾ ਨੂੰ ਘੇਰੇ ਪਾਉਣੇ ਜਾਰੀ ਰੱਖੇ ।

ਏਸੇ ਅਰਸੇ ਦੌਰਾਨ, ਅਕਾਲੀ ਲਹਿਰ ਦੇ ਨਾਂ ਨਾਲ ਜਾਣੀ ਜਾਂਦੀ ਇੱਕ ਹੋਰ ਜਨਤਕ ਲਹਿਰ ਸ਼ੁਰੂ ਹੋ ਚੁੱਕੀ ਸੀ । ਇਸ ਦਾ ਟੀਚਾ, ਗੁਰਦੁਆਰਿਆਂ ਨੂੰ ਅੰਗਰੇਜ਼ਾਂ ਦੇ ਕੰਟਰੋਲ ਤੋਂ ਮੁਕਤ ਕਰਵਾਉਣਾ ਸੀ, ਅਤੇ ਇਹ ਲਹਿਰ ਬਸਤੀਵਾਦ-ਵਿਰੋਧੀ ਲਹਿਰ ਦੇ ਇੱਕ ਅਟੁੱਟ ਅੰਗ ਵਜੋਂ ਵਿਕਸਤ ਹੋਈ । ਇਹ ਲਹਿਰ ਪੁਰਅਮਨ ਢੰਗ ਨਾਲ ਸ਼ੁਰੂ ਹੋਈ ਸੀ, ਪਰ ਅੰਗਰੇਜਾਂ ਨੇ ਹਜ਼ਾਰਾਂ ਦੀ ਗਿਣਤੀ ਵਿੱਚ ਗ੍ਰਿਫ਼ਤਾਰੀਆਂ ਕੀਤੀਆਂ । ਵੱਡੇ ਐਜੀਟੇਸ਼ਨਾਂ, ਜਿਵੇਂ ਕਿ 1921 ਵਿੱਚ ਨਨਕਾਣਾ ਸਾਹਿਬ ਦੇ ਮੋਰਚੇ ਅਤੇ ਗੁਰੂ ਕਾ ਬਾਗ ਦੇ ਮੋਰਚੇ ਵਿੱਚ ਅਤੇ 1923-24 ਵਿਚ ਜੈਤੋ ਦੇ ਮੋਰਚੇ ਵਿੱਚ 500 ਅੰਦੋਲਨਕਾਰੀ ਸ਼ਹੀਦ ਹੋਏ ਸਨ । ਅਕਾਲੀ ਲਹਿਰ ਛੇ ਸਾਲ ਤੱਕ ਚੱਲਦੀ ਰਹੀ ਅਤੇ ਆਖਰਕਾਰ ਅੰਗਰੇਜ਼ ਸਰਕਾਰ ਨੂੰ ਝੁਕਣਾ ਪਿਆ ਅਤੇ 1925 ਵਿੱਚ ਗੁਰਦੁਆਰੇ ਸਿੱਖਾਂ ਦੇ ਹਵਾਲੇ ਕਰ ਦਿੱਤੇ ਗਏ ।

1920 ਵਿੱਚ, ਫਜ਼ਲ-ਇ-ਹੁਸੈਨ ਅਤੇ ਸਰ ਛੋਟੂ ਰਾਮ ਦੀ ਅਗਵਾਈ ਹੇਠ, ਯੂਨੀਅਨਿਸਟ ਪਾਰਟੀ ਸਥਾਪਤ ਕੀਤੀ ਗਈ, ਜੋ ਸਿਰਫ ਵੱਡੇ ਜਾਗੀਰਦਾਰਾਂ ਅਤੇ ਖਾਨਾਂ ਦੇ ਇੱਕ ਹਿੱਸੇ ਦੀ ਹੀ ਨੁਮਾਇੰਦਗੀ ਕਰਦੀ ਸੀ । ਦਸੰਬਰ 1925 ਵਿੱਚ, ਹਿੰਦੁਸਤਾਨ ਦੀ ਕਮਿਊਨਿਸਟ ਪਾਰਟੀ ਕਾਇਮ ਕੀਤੀ ਗਈ । 1928 ਵਿੱਚ ਸ਼ਾਹੀ ਰਿਆਸਤਾਂ ਵਿੱਚ ਪਰਜਾ ਮੰਡਲ ਬਣਾਇਆ ਗਿਆ, ਜਿਸ ਦਾ ਮੋਢੀ ਸੇਵਾ ਸਿੰਘ ਠੀਕਰੀਵਾਲਾ ਸੀ, ਜਿਸ ਨੂੰ ਬਾਅਦ ਵਿੱਚ ਪਟਿਆਲੇ ਦੇ ਮਹਾਰਾਜੇ ਨੇ ਕਤਲ ਕਰਵਾ ਦਿੱਤਾ ਸੀ । ਪਰਜਾ ਮੰਡਲ, ਇੰਡੀਅਨ ਨੈਸ਼ਨਲ ਕਾਂਗਰਸ ਨਾਲ ਸਬੰਧਤ ਸੀ ਅਤੇ ਮਹਾਂਰਾਜਿਆਂ ਦੇ ਧੱਕੜਸ਼ਾਹੀ ਰਾਜ ਵਿਰੁੱਧ ਲੋਕਾਂ ਨੂੰ ਉਭਾਰਦਾ ਸੀ ।

ਸਿਆਸੀ ਪਾਰਟੀਆਂ ਦੇ ਵਿਕਾਸ ਦੇ ਇਸ ਪੜਾਅ ਵਿੱਚ, ਇੱਕ ਵਿਅਕਤੀ ਜੋ ਅਕਾਲੀ ਪਾਰਟੀ ਦਾ ਮੈਂਬਰ ਸੀ ਉਹ ਅਕਸਰ ਇੰਡੀਅਨ ਨੈਸ਼ਨਲ ਕਾਂਗਰਸ ਦਾ ਵੀ ਮੈਂਬਰ ਹੁੰਦਾ ਸੀ । ਕਮਿਊਨਿਸਟ ਪਾਰਟੀ ਦੇ ਕੁੱਝ ਮੈਂਬਰ ਇੰਡੀਅਨ ਨੈਸ਼ਨਲ ਕਾਂਗਰਸ ਦੇ ਵੀ ਮੈਂਬਰ ਬਣੇ ਰਹੇ । ਬੱਬਰ ਅਕਾਲੀਆਂ, ਗਦਰੀਆਂ, ਅਕਾਲੀਆਂ, ਕਾਂਗਰਸੀਆਂ ਅਤੇ ਹੋਰ ਗਰੁੱਪਾਂ ਵਿਚਲੇ ਦੇਸ਼ਭਗਤ ਕਮਿਊਨਿਸਟ ਪਾਰਟੀ ਦੇ ਮੈਂਬਰ ਬਣ ਗਏ । ਆਜ਼ਾਦੀ ਤੋਂ ਬਾਅਦ, 1948 ਵਿੱਚ ਅਕਾਲੀਆਂ ਦਾ ਇੱਕ ਧੜਾ ਇੰਡੀਅਨ ਨੈਸ਼ਨਲ ਕਾਂਗਰਸ ਵਿੱਚ ਸ਼ਾਮਲ ਹੋ ਗਿਆ । ਪੁਰਾਣੀਆਂ ਸਿਆਸੀ ਪਾਰਟੀਆਂ ਵਿੱਚੋਂ ਬਹੁਤ ਸਾਰੀਆਂ ਅੱਡੋ-ਫਾੜ ਹੋ ਕੇ ਵੱਖ-ਵੱਖ ਪਾਰਟੀਆਂ ਬਣ ਗਈਆਂ ਹਨ ਅਤੇ ਕਈ ਨਵੀਆਂ ਪਾਰਟੀਆਂ ਕਾਇਮ ਹੋ ਗਈਆਂ ਹਨ ।

ਵੱਖ-ਵੱਖ ਪਿਛੋਕੜਾਂ ਨਾਲ ਸਬੰਧਤ ਸਿੱਖਾਂ ਨੇ, ਕੌਮੀ ਸੰਘਰਸ਼ ਵਿੱਚ ਅਤੇ ਆਧੁਨਿਕ ਸਿਆਸੀ ਪਾਰਟੀਆਂ ਦੀ ਉਸਾਰੀ ਵਿੱਚ, ਇੱਕ ਅਹਿਮ ਭੂਮਿਕਾ ਨਿਭਾਈ ਹੈ । ਸਿੱਖ ਧਰਮ ਨਾਲ ਸਬੰਧ ਰੱਖਣ ਵਾਲੇ ਲੋਕ, ਹੋਰ ਸਭ ਧਰਮਾਂ ਨਾਲ ਸਬੰਧਤ ਲੋਕਾਂ ਦੀ ਤਰ੍ਹਾਂ ਹੀਂ, ਸਮਾਜ ਦੇ ਵੱਖ-ਵੱਖ ਵਰਗਾਂ ਵਿੱਚੋਂ ਆਉਂਦੇ ਹਨ, ਵੱਖ-ਵੱਖ ਦ੍ਰਿਸ਼ਟੀਕੋਣ ਰੱਖਦੇ ਹਨ, ਅਤੇ ਉਨ੍ਹਾਂ

Digitized by Panjab Digital Library | www.panjabdigilib.org

ਸਿਆਸੀ ਪਾਰਟੀਆਂ 'ਚ ਸ਼ਾਮਲ ਹੋ ਜਾਂਦੇ ਹਨ ਜਿਹੜੀਆਂ ਉਨ੍ਹਾਂ ਦੇ ਦ੍ਰਿਸ਼ਟੀਕੋਣ ਦੀਆਂ ਪ੍ਰਤੀਕ ਹੋਣ ।

ਆਧੁਨਿਕ ਸਿਆਸੀ ਪਾਰਟੀਆਂ ਦੇ ਜਨਮ ਦਾ ਇਤਿਹਾਸ ਇੱਕ ਵਾਰ ਫਿਰ ਦਿਖਾਉਂਦਾ ਹੈ ਕਿ ਕਿਵੇਂ ਕੇਂਦਰੀ ਸਰਕਾਰ ਪੰਜਾਬ ਵਿੱਚ ਹਾਲਤ ਦੀ ਗਲਤ-ਬਿਆਨੀ ਕਰ ਰਹੀ ਹੈ ਅਤੇ ਕਿਵੇਂ ਉਹ ਇਸ ਹਾਲਤ ਦਾ ਫਿਰਕੂਕਰਣ ਕਰ ਰਹੀ ਹੈ । ਮਿਸਾਲ ਵਜੋਂ, ਕੇਂਦਰੀ ਸਰਕਾਰ ਨੇ ਅਕਾਲੀ ਪਾਰਟੀ ਨਾਲ ਕੇਂਦਰ-ਰਾਜ ਸਬੰਧ ਬਾਰੇ ਗੱਲਬਾਤ ਨੂੰ, ਸਿੱਖਾਂ ਨਾਲ ਗੱਲਬਾਤ ਆਖ ਕੇ, ਇਕ ਫਿਰਕੂ ਰੰਗਤ ਦੇਣ ਦੀ ਕੋਸ਼ਿਸ਼ ਕੀਤੀ ਸੀ । ਜੂਨ 1980 ਤੋਂ ਅਕਤੂਬਰ 1983 ਤੱਕ ਪੰਜਾਬ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਸੀ, ਪਰ ਮੰਗਾਂ ਅਕਾਲੀ ਪਾਰਟੀ ਨੇ ਪੇਸ਼ ਕੀਤੀਆਂ ਸਨ । ਇਸ ਕਾਰਨ, ਗੱਲਬਾਤ ਕੇਂਦਰੀ ਸਰਕਾਰ ਅਤੇ ਅਕਾਲੀ ਪਾਰਟੀ ਵਿਚਾਲੇ ਹੋਈ ਸੀ । ਕੇਂਦਰੀ ਸਰਕਾਰ ਨਾਲ ਇਹ ਗੱਲਬਾਤ ਮਹਿਜ਼ ਸਿੱਖਾਂ ਦੀ ਕਿਸਮਤ ਦਾ ਫੈਸਲਾ ਕਰਨ ਖਾਤਰ ਨਹੀਂ, ਸਗੋਂ ਪੰਜਾਬ ਦੀ ਕਿਸਮਤ ਦਾ ਫੈਸਲਾ ਕਰਨ ਖਾਤਰ ਕੀਤੀ ਗਈ ਸੀ । ਏਸੇ ਤਰ੍ਹਾਂ ਇਹ ਕਹਿਣਾ ਵੀ ਓਨਾ ਹੀ ਗਲਤ ਹੋਵੇਗਾ ਕਿ ਕਿਉਂਕਿ ਕਾਂਗਰਸ (ਇੰ) ਦੇ ਬਹੁ-ਗਿਣਤੀ ਐਮ.ਪੀਜ਼. ਹਿੰਦੂ ਹਨ, ਇਸ ਲਈ ਗੱਲਬਾਤ ਹਿੰਦੂਆਂ ਅਤੇ ਸਿੱਖਾਂ ਵਿਚਾਲੇ ਸੀ । ਇਹ ਇਸ ਲਈ ਗਲਤ ਹੋਵੇਗਾ ਕਿ ਫੈਸਲਾ ਹਿੰਦੂਆਂ ਅਤੇ ਸਿੱਖਾਂ ਦੀ ਕਿਸਮਤ ਦਾ ਨਹੀਂ ਸਗੋਂ ਹਿੰਦੁਸਤਾਨ ਅਤੇ ਪੰਜਾਬ ਦੀ ਕਿਸਮਤ ਦਾ ਕੀਤਾ ਜਾ ਰਿਹਾ ਸੀ । ਪ੍ਰਧਾਨ ਮੰਤਰੀ ਨੇ ਸ਼ਰਾਰਤੀ ਢੰਗ ਨਾਲ, ਕੇਂਦਰ-ਰਾਜ ਸਬੰਧਾਂ ਦੇ ਇਸ ਮਸਲੇ ਨੂੰ ਹਿੰਦੂਆਂ ਅਤੇ ਸਿੱਖਾਂ ਵਿਚਕਾਰ ਲੜਾਈ ਕਹਿ ਕੇ ਪੇਸ਼ ਕੀਤਾ, ਤਾਂ ਜੋ ਫਿਰਕੂ ਹਿੰਸਾ ਦੇ ਭਾਂਬੜਾਂ ਨੂੰ ਹਵਾ ਦਿੱਤੀ ਜਾਵੇ, ਅਤੇ ਇਸ ਤਰ੍ਹਾਂ ਹਕੂਮਤੀ ਦਹਿਸ਼ਤਗਰਦੀ ਵਧਾਉਣ ਲਈ ਇਕ ਹੋਰ ਬਹਾਨਾ ਘੜਿਆ ਜਾਵੇ ।

Digitized by Panjab Digital Library | www.panjabdigilib.org

## ਕਾਂਡ ਚਾਰ

# ਸਿੱਖਾਂ 'ਤੇ ਹਮਲੇ ਕਿਉਂ ਕੀਤੇ ਜਾ ਰਹੇ ਹਨ ?

**ਜ਼ਰੂਰਤ ਗੁਲਿਸਤਾਂ ਕੋ ਪੜੀ ਤੋ ਖ਼ੂਨੇ ਜਿਗਰ ਹਮ ਨੇ ਦੀਆ,**
**ਬਹਾਰ ਆਈ ਤੋ ਕਹਿਤੇ ਹੈਂ ਕਿ ਤੁਮਾਰਾ ਕਾਮ ਹੀ ਕਿਆ ।**

ਸਿੱਖਾਂ 'ਤੇ ਹਮਲੇ ਕਿਉਂ ਕੀਤੇ ਜਾ ਰਹੇ ਹਨ ? ਇਸ ਦਾ ਜਵਾਬ ਦਰਅਸਲ ਬਿਲਕੁੱਲ ਸਪੱਸ਼ਟ ਹੈ । ਜੋਸਫ ਗੋਇਬਲਜ਼ ਵਾਂਗ, ਦਿੱਲੀ ਦੇ ਹਾਕਮ ਇਹੀ ਝੂਠ ਵਾਰ-ਵਾਰ ਦੁਹਰਾਈ ਜਾ ਰਹੇ ਹਨ ਕਿ ਸਿੱਖ, ਹਿੰਦੂਆਂ ਦਾ ਸਫਾਇਆ ਕਰਨਾ ਚਾਹੁੰਦੇ ਹਨ । ਅਜਿਹਾ ਹਿੰਦੂ ਸ਼ਾਵਨਵਾਦ ਨੂੰ ਭੜਕਾਉਣ ਲਈ ਕਿਹਾ ਜਾ ਰਿਹਾ ਹੈ ਅਤੇ ਇਹ ਆਰੀਆ ਨਸਲ ਦੀ ਸ਼ੁਧਤਾ ਅਤੇ ਦੁਨੀਆਂ ਉੱਤੇ ਰਾਜ ਕਰਨਾ ਇਹਦੀ ਤਕਦੀਰ ਵਿੱਚ ਲਿਖਿਆ ਹੋਣ ਬਾਰੇ, ਹਿਟਲਰ ਦੇ ਨਾਅਰਿਆਂ ਦੀ ਯਾਦ ਤਾਜ਼ਾ ਕਰਵਾਉਂਦਾ ਹੈ । ਹਿਟਲਰ ਨੇ ਅਖੌਤੀ, "ਨੀਵੀਂਆਂ ਨਸਲਾਂ" ਉੱਤੇ ਤਰ੍ਹਾਂ-ਤਰ੍ਹਾਂ ਦੇ ਜੁਰਮਾਂ ਅਤੇ ਸਾਜ਼ਸ਼ਾਂ ਦੇ ਇਲਜ਼ਾਮ ਲਾ ਕੇ, ਉਨ੍ਹਾਂ ਨੂੰ ਅਲਹਿਦਾ ਕੀਤਾ ਅਤੇ ਤਸੀਹੇ ਦਿੱਤੇ । ਇਸ ਲਈ ਉਸ ਨੇ ਖ਼ੂੰਖਾਰ ਮੁਹਿੰਮਾਂ ਚਲਾਈਆਂ ਅਤੇ ਵੱਡੇ ਪ੍ਰੈਮਾਨੇ 'ਤੇ ਕਤਲੇਆਮ ਜਥੇਬੰਦ ਕੀਤੇ । ਹਿੰਦੁਸਤਾਨੀ ਹਾਕਮਾਂ ਦਾ ਹਿੰਦੂ ਸ਼ਾਵਨਵਾਦੀ ਦਿਮਾਗ ਵੀ ਉਵੇਂ ਹੀ ਕੰਮ ਕਰਦਾ ਹੈ । ਸਿੱਖਾਂ ਉੱਤੇ ਹਮਲੇ, ਹਿੰਦੂ ਸ਼ਾਵਨਵਾਦ ਨੂੰ ਤਾਅ ਦੇਣ ਦਾ ਇੱਕ ਸੌਖਾ ਤਰੀਕਾ ਸਮਝ ਕੇ ਕੀਤੇ ਜਾ ਰਹੇ ਹਨ । ਸਿੱਖਾਂ ਨੂੰ ਕਿਹਾ ਜਾਂਦਾ ਹੈ ਕਿ ਮਰਜ਼ੀ ਤੁਹਾਡੀ ਹੈ ਜਾਂ ਤਾਂ ਗੋਡੇ ਟੇਕ ਦਿਓ, ਨਹੀਂ ਤਾਂ ਹਾਕਮਾਂ ਵੱਲੋਂ ਹਾਲਤ ਨੂੰ ਹੋਰ ਵੀ ਧਮਾਕਾਖੇਜ ਬਣਾਉਣ ਅਤੇ ਹੋਰ ਵਧੇਰੇ ਹਿੰਦੂ ਸ਼ਾਵਨਵਾਦ ਭੜਕਾਉਣ ਦੀ ਉਡੀਕ ਕਰੋ । ਇਹ ਤਾਂ ਉਹੀ ਗੱਲ ਹੋਈ ਜਿਵੇਂ ਇੱਕ ਬਲਾਤਕਾਰ ਅਬਲਾ ਨਾਰੀ ਦੇ ਪਤੀ ਨੂੰ ਕਹੇ ਕਿ ਮਰਜ਼ੀ ਤੇਰੀ ਹੈ : ਜਾਂ ਤਾਂ ਆਪਣੀ ਪਤਨੀ ਦੇ ਕੱਪੜੇ ਲਾਹ ਸੁੱਟ, ਨਹੀਂ ਤਾਂ ਜਬਰ-ਜਿਨਾਹ ਤਾਂ ਮੈਂ ਉਹਦੇ ਨਾਲ ਕਰਾਂਗਾ ਹੀ ਅਤੇ ਦੁਨੀਆਂ ਨੂੰ ਕਹਿ ਦਿਆਂਗਾ ਕਿ ਮੈਂ ਤੈਨੂੰ ਇਸ ਲਈ ਕਤਲ ਕੀਤਾ ਹੈ ਕਿ ਤੂੰ ਇੱਕ ਬਲਾਤਕਾਰੀ ਸੀ ।

ਸਿੱਖ ਪੰਜਾਬੀ ਕੌਮ ਦਾ ਇੱਕ ਅੰਗ ਹਨ । ਗਤੀਸ਼ੀਲ ਤੇ ਜਾਨਦਾਰ ਅੰਗ । ਕੇਂਦਰੀ ਸਰਕਾਰ ਇੱਕ ਵਾਰ ਫਿਰ ਧਰਮ ਨੂੰ ਲੋਕਾਂ ਵਿੱਚ ਪਾੜੇ ਪਾਉਣ ਲਈ ਵਰਤ ਰਹੀ ਹੈ । ਸਿੱਖਾਂ ਨੂੰ ਹਮਲੇ ਦਾ ਨਿਸ਼ਾਨਾ ਏਸ ਲਈ ਬਣਾਇਆ ਜਾ ਰਿਹਾ ਹੈ ਤਾਂ ਜੋ ਪੰਜਾਬੀ ਕੌਮ ਨੂੰ ਪੂਰੀ ਤਰ੍ਹਾਂ ਗੁਲਾਮ ਕੀਤਾ ਜਾ ਸਕੇ ਅਤੇ ਇਹਦੇ ਟੋਟੇ ਟੋਟੇ ਕਰਨ ਦਾ ਕੰਮ ਪੂਰਾ ਕੀਤਾ ਜਾ ਸਕੇ । ਸਿੱਖ ਪਿਛੋਕੜ ਵਾਲੇ ਪੰਜਾਬੀ ਆਪਣੀ ਕੌਮ, ਪੰਜਾਬ ਲਈ ਲੜ ਰਹੇ ਹਨ । ਉਹ ਵੱਖ ਨਹੀਂ ਹੋਣਾ ਚਾਹੁੰਦੇ । ਸਗੋਂ, ਇਹ ਕੇਂਦਰੀ ਸਰਕਾਰ ਹੀ ਹੈ ਜਿਹੜੀ ਸਿੱਖਾਂ ਦੀ ਨਾਕਾਬੰਦੀ ਕਰਕੇ ਅਤੇ ਹਿੰਦੂ ਧਰਮ ਵਾਲੇ ਪੰਜਾਬੀਆਂ ਨੂੰ ਆਪਣੀ ਰਾਖਵੀਂ ਫੌਜ ਬਣਾ ਕੇ, ਪੰਜਾਬੀ ਕੌਮ ਨੂੰ ਚਕਨਾਚੂਰ ਕਰਨਾ ਚਾਹੁੰਦੀ ਹੈ ।

ਦਿੱਲੀ ਦੇ ਹਾਕਮ ਸਭ ਹਿੰਦੁਸਤਾਨੀਆਂ ਨੂੰ ਆਰਥਿਕ, ਸਮਾਜਿਕ ਅਤੇ ਸਿਆਸੀ ਤੌਰ

Digitized by Panjab Digital Library | www.panjabdigilib.org

'ਤੇ ਲੁੱਟਦੇ ਰਹੇ ਹਨ ਅਤੇ ਖਾਸ ਕਰ ਸਿੱਖਾਂ ਅਤੇ ਮੁਸਲਮਾਨਾਂ ਦੀਆਂ ਜ਼ਿੰਦਗੀਆਂ ਵਿੱਚ ਕਲੇਸ਼ੀ ਦਖਲਅੰਦਾਜ਼ੀ ਕਰਦੇ ਰਹੇ ਹਨ। ਪੰਜਾਬੀਆਂ ਦੀ ਇਸ ਲੁੱਟ-ਖਸੁੱਟ ਦੇ ਖਿਲਾਫ, 1982 ਵਿੱਚ ਸ਼ੁਰੂ ਹੋਇਆ ਤਾਜ਼ਾ ਅੰਦੋਲਨ, ਆਨੰਦਪੁਰ ਸਾਹਿਬ ਦੇ ਮਤੇ ਗਿਰਦ ਕੇਂਦਰਤ ਸੀ। ਇਸ ਨੇ ਤਿੰਨ ਬੁਨਿਆਦੀ ਮੰਗਾਂ ਪੇਸ਼ ਕੀਤੀਆਂ : ਸੂਬਿਆਂ ਨੂੰ ਵਧੇਰੇ ਖੁਦਮੁਖਤਾਰੀ, ਚੰਡੀਗੜ੍ਹ ਅਤੇ ਹੋਰ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿੱਚ ਸ਼ਾਮਲ ਕਰਨੇ ਅਤੇ ਪੰਜਾਬ ਨੂੰ ਆਪਣੇ ਦਰਿਆਈ ਪਾਣੀਆਂ ਅਤੇ ਕੁਦਰਤੀ ਸਾਧਨਾਂ ਉੱਤੇ ਕੰਟਰੋਲ ਦਾ ਹੱਕ ਦੇਣਾ। ਇਹ ਮੋਰਚਾ ਪੂਰੀ ਤਰ੍ਹਾਂ ਪੁਰਅਮਨ ਸੀ ਅਤੇ ਇਸ ਵਿੱਚ ਕਦੇ ਵੀ ਹਿੰਸਾ ਨਹੀਂ ਸੀ ਵਰਤੀ ਗਈ। ਪਰ ਫਿਰ ਹਕੂਮਤ ਨੇ ਫੜੇ ਹੋਏ ਨੌਜਵਾਨਾਂ ਨੂੰ ਕਤਲ ਕਰਨਾ ਸ਼ੁਰੂ ਕਰ ਦਿੱਤਾ। ਇਹੀ ਪੰਜਾਬ ਵਿੱਚ ਦਹਿਸ਼ਤਗਰਦੀ ਦਾ ਮੁੱਢ ਸੀ।

ਅਜਿਹਾ ਇੱਕ ਖੌਫਨਾਕ ਵਾਕਿਆ 1983 ਵਿੱਚ ਹੋਇਆ ਜਦ ਪੁਲਸ ਵੱਲੋਂ ਫੜੇ ਹੋਏ ਕੁਲਵੰਤ ਸਿੰਘ ਨਾਗੋਕੇ ਨੂੰ ਡੀ.ਐਸ.ਪੀ. ਬਚਨ ਸਿੰਘ ਨੇ ਕਤਲ ਕਰ ਦਿੱਤਾ ਸੀ। ਪੁਲਿਸ ਨੇ ਦਾਅਵਾ ਕੀਤਾ ਕਿ ਉਹ ਮੁਕਾਬਲੇ ਵਿੱਚ ਮਾਰਿਆ ਗਿਆ ਸੀ। ਇਹ ਗੱਲ ਸਮਝ ਨਹੀਂ ਆਉਂਦੀ ਕਿ ਜਦ ਉਹ ਪੁਲਸ ਦੀ ਹਿਰਾਸਤ ਵਿੱਚ ਸੀ ਤਾਂ ਮੁਕਾਬਲਾ ਕਿਵੇਂ ਹੋ ਗਿਆ। ਸਰਕਾਰ ਨੇ ਬਚਨ ਸਿੰਘ ਦੇ ਖਿਲਾਫ ਕੋਈ ਕਾਰਵਾਈ ਨਾ ਕੀਤੀ। ਫਿਰ ਕੁੱਝ ਨੌਜਵਾਨਾਂ ਨੇ ਉਹਨੂੰ ਅਤੇ ਉਹਦੇ ਪ੍ਰੀਵਾਰ ਦੇ ਮੈਂਬਰਾਂ ਨੂੰ ਕਤਲ ਕਰ ਦਿੱਤਾ। ਇਸ ਤਰ੍ਹਾਂ, ਹਕੂਮਤ ਨੇ ਹੀ ਇਸ ਅੰਦੋਲਨ ਉੱਤੇ ਦਹਿਸ਼ਤਵਾਦ ਠੋਸਿਆ ਸੀ, ਜਿਹੜਾ ਫਿਰ ਇਸ ਅੰਦੋਲਨ ਦੇ ਰਾਹ ਵਿੱਚ ਇੱਕ ਅੜਿੱਕਾ ਬਣ ਗਿਆ। ਜਦ ਕਿ ਇਹ ਦਿਨ ਦੀ ਰੌਸ਼ਨੀ ਵਾਂਗ ਸਾਫ ਹੈ ਕਿ ਦਹਿਸ਼ਤਗਰਦੀ ਹਕੂਮਤ ਨੇ ਹੀ ਸ਼ੁਰੂ ਕੀਤੀ ਸੀ, ਫਿਰ ਵੀ ਸਰਕਾਰ ਵੱਲੋਂ ਸਿੱਖਾਂ ਉੱਤੇ ਲਾਇਆ ਜਾ ਰਿਹਾ ਸਭ ਤੋਂ ਪਹਿਲਾ ਇਲਜ਼ਾਮ ਇਹ ਹੈ ਕਿ ਉਹ ਦਹਿਸ਼ਤਗਰਦ ਹਨ।

ਪੁਲਸ ਦਾ ਫਰਜ਼ ਹੈ ਸ਼ੱਕੀਆਂ ਨੂੰ ਫੜੇ, ਤਫਤੀਸ਼ ਕਰੇ ਅਤੇ ਇਹ ਫੈਸਲਾ ਕਰਨ ਲਈ ਸਬੂਤ ਇਕੱਠੇ ਕਰੇ ਕਿ ਕੀ ਉਨ੍ਹਾਂ ਉੱਤੇ ਮੁਕੱਦਮਾ ਚਲਾਉਣ ਲਈ ਲੋੜੀਂਦੀ ਸਮੱਗਰੀ ਹੈ। ਇਹ ਫੈਸਲਾ ਅਦਾਲਤ ਉੱਤੇ ਹੈ ਕਿ ਕੀ ਉਨ੍ਹਾਂ ਨੂੰ ਸਜ਼ਾ ਦੇਣੀ ਹੈ ਜਾਂ ਬਰੀ ਕਰਨਾ ਹੈ। ਪੁਲਸ ਜੱਜਾਂ ਦਾ ਕੰਮ ਆਪਣੇ ਹੱਥਾਂ ਵਿੱਚ ਨਹੀਂ ਲੈ ਸਕਦੀ। ਉਹ ਕਾਨੂੰਨ ਆਪਣੇ ਹਥਾਂ ਵਿੱਚ ਨਹੀਂ ਲੈ ਸਕਦੀ। ਜਦੋਂ ਏਦਾਂ ਹੋਣ ਲੱਗ ਪੈਂਦਾ ਹੈ, ਜਦ ਕਾਨੂੰਨ ਦੀਆਂ ਧੱਜੀਆਂ ਉਡਾਈਆਂ ਜਾਂਦੀਆਂ ਹਨ ਤਾਂ ਹਕੂਮਤੀ ਜਬਰੋ-ਜ਼ੁਲਮ ਨਾਲ ਟੱਕਰ ਲਈ ਜਾਂਦੀ ਹੈ। ਜਿਵੇਂ ਪਹਿਲਾਂ ਦੱਸਿਆ ਜਾ ਚੁੱਕਾ ਹੈ, ਹਰਿਮੰਦਰ ਸਾਹਿਬ ਅਤੇ ਹੋਰ ਪਵਿੱਤਰ ਗੁਰਦੁਆਰਿਆਂ ਉੱਤੇ ਹਮਲਾ ਹਕੂਮਤੀ ਜਬਰ ਦੀ ਇੱਕ ਨੰਗੀ-ਚਿੱਟੀ ਕਰਤੂਤ ਸੀ ਅਤੇ ਉਸ ਤੋਂ ਬਾਅਦ ਦੇ ਹਰ ਵਾਕਿਆ, ਜਿਵੇਂ ਕਿ ਓਪਰੇਸ਼ਨ ਵੁਡਰੋਜ਼ ਅਤੇ ਸਿੱਖਾਂ ਦੀ ਨਸਲਕੁਸ਼ੀ ਨੇ ਪਾਸਾ ਪੁੱਠਾ ਹੀ ਪਾਇਆ ਹੈ।

ਇਸ ਲਈ, ਦਹਿਸ਼ਤਗਰਦ ਸਿੱਖ ਨਹੀਂ ਹਨ। ਸਗੋਂ, ਇਹ ਰਾਜ ਹੀ ਹੈ ਜੋ ਦਹਿਸ਼ਤਗਰਦ ਬਣ ਗਿਆ ਹੈ ਅਤੇ ਜਿਸ ਨੇ ਦੇਸ਼ 'ਤੇ ਹਕੂਮਤ ਕਰਨ ਦੇ ਸਭ ਜਮਹੂਰੀ ਨਿਯਮ ਛਿੱਕੇ ਟੰਗ ਦਿੱਤੇ ਹਨ। ਇਹ ਇੱਕ ਮੰਨੀ-ਪ੍ਰਮੰਨੀ ਸੱਚਾਈ ਹੈ ਕਿ ਹਿੰਦੁਸਤਾਨ ਵਿੱਚ ਅਤੇ ਹੁਣ ਪੰਜਾਬ ਵਿੱਚ, ਵਿਅਕਤੀਗਤ ਦਹਿਸ਼ਤ, ਰਾਜ ਦੀ ਦਹਿਸ਼ਤਗਰਦੀ ਦਾ ਹੀ ਫਲ ਹੈ। ਕੋਈ ਵੀ ਹਥਿਆਰ ਨਹੀਂ ਚੁੱਕਦਾ ਜੇਕਰ ਅਤੇ ਜਦ ਤੱਕ ਰਾਜ ਦੇ ਜਮਹੂਰੀਅਤ-ਵਿਰੋਧੀ ਕਾਰਨਾਮੇ ਉਹਨੂੰ ਅਜਿਹਾ ਕਰਨ ਲਈ ਮਜਬੂਰ ਨਹੀਂ ਕਰਦੇ। ਪੰਜਾਬ ਵਿੱਚ, ਏਦਾਂ

Digitized by Panjab Digital Library | www.panjabdigilib.org

ਹੀ ਹੋਇਆ ਹੈ । ਇਹ ਰਾਜ ਦਾ ਜਬਰੋ-ਜ਼ੁਲਮ ਹੀ ਹੈ ਜਿਸ ਨੇ ਕੁੱਝ ਨੌਜਵਾਨਾਂ ਨੂੰ ਹਥਿਆਰ ਚੁੱਕਣ 'ਤੇ ਮਜਬੂਰ ਕੀਤਾ ਹੈ । ਇਹ ਹਰ ਕੋਈ ਜਾਣਦਾ ਹੈ ਕਿ ਹਕੂਮਤੀ ਜਬਰੋ-ਜ਼ੁਲਮ ਕਦੇ ਵੀ ਲੋਕਾਂ, ਜਾਂ ਕਿਸੇ ਵੀ ਫਿਰਕੇ ਦਾ ਸਫਾਇਆ ਨਹੀਂ ਕਰ ਸਕਦਾ, ਸਿੱਖਾਂ ਦਾ ਸਫਾਇਆ ਤਾਂ ਬਹੁਤ ਦੂਰ ਦੀ ਗੱਲ ਹੈ । ਨਾ ਹੀ ਵਿਅਕਤੀਗਤ ਦਹਿਸ਼ਤ ਕੋਈ ਸਿਆਸੀ ਟੀਚਾ ਹਾਸਲ ਕਰ ਸਕਦੀ ਹੈ । ਇੱਕ ਜਥੇਬੰਦ ਕੀਤੀ ਹੋਈ ਲਹਿਰ ਹੀ ਕੋਈ ਟੀਚਾ ਹਾਸਲ ਕਰ ਸਕਦੀ ਹੈ । ਹਕੂਮਤੀ ਦਹਿਸ਼ਤਗਰਦੀ ਭੰਡਣ-ਲਾਇਕ ਹੈ ਅਤੇ ਵਿਅਕਤੀਗਤ ਦਹਿਸ਼ਤਗਰਦੀ ਦੀ ਸਫਾਈ ਨਹੀਂ ਪੇਸ਼ ਕੀਤੀ ਜਾ ਸਕਦੀ । ਜਿਨਾਂ ਚਿਰ ਹਕੂਮਤੀ ਦਹਿਸ਼ਤਗਰਦੀ ਬੰਦ ਨਹੀਂ ਹੁੰਦੀ, ਓਨਾਂ ਚਿਰ ਵਿਅਕਤੀਗਤ ਦਹਿਸ਼ਤਗਰਦੀ ਨੂੰ ਵੀ ਰੋਕਿਆ ਨਹੀਂ ਜਾ ਸਕਦਾ । ਬੈਂਸ ਕਮੇਟੀ, 1985 ਵਿੱਚ ਆਪਣੀ ਰਿਪੋਰਟ ਵਿੱਚ, ਸਰਬ ਸੰਮਤੀ ਨਾਲ ਇਸ ਸਿੱਟੇ 'ਤੇ ਪੁੱਜੀ ਸੀ ਕਿ ਹਕੂਮਤੀ ਦਹਿਸ਼ਤਗਰਦੀ ਹੀ ਵਿਅਕਤੀਗਤ ਦਹਿਸ਼ਤਗਰਦੀ ਦੀ ਮਾਂ ਹੈ । ਹਿੰਦੁਸਤਾਨੀ ਸਰਕਾਰ ਦਾ ਸਿੱਖਾਂ ਨੂੰ ਦਹਿਸ਼ਤਗਰਦ ਕਹਿਣਾ ਬਿਲਕੁੱਲ ਬੇਹੂਦਾ ਹੈ । ਇਹ ਸਿੱਖ ਜਾਂ ਪੰਜਾਬ ਦੇ ਕਈ ਹੋਰ ਲੋਕ ਨਹੀਂ ਹਨ, ਜੋ ਦਹਿਸ਼ਤਗਰਦ ਹਨ, ਸਗੋਂ ਇਹ ਰਾਜ ਮਸ਼ੀਨਰੀ ਹੀ ਹੈ ਜੋ ਸਿਰ ਤੋਂ ਲੈ ਕੇ ਪੈਰਾਂ ਤੱਕ ਦਹਿਸ਼ਤਗਰਦ ਬਣੀ ਹੋਈ ਹੈ, ਅਤੇ ਇਸ ਸਰਕਾਰੀ ਦਹਿਸ਼ਤਗਰਦੀ ਦੇ ਪ੍ਰਤੀਫਲ ਵਜੋਂ ਹੀ ਵਿਅਕਤੀਗਤ ਦਹਿਸ਼ਤਗਰਦੀ ਦਾ ਰੁਝਾਣ ਪ੍ਰਗਟ ਹੋ ਰਿਹਾ ਹੈ । ਹਕੂਮਤੀ ਦਹਿਸ਼ਤਗਰਦੀ, ਵਿਰੋਧ ਦੀ ਆਵਾਜ਼ ਨੂੰ ਦਬਾ ਸਕਦੀ ਹੈ, ਪਰ ਹਮੇਸ਼ਾਂ ਲਈ ਨਹੀਂ । ਆਖਰਕਾਰ, ਲੋਕ ਆਪਣੇ ਦਮਨ ਵਿਰੁੱਧ ਉੱਠਦੇ ਹਨ, ਅਤੇ ਇਤਿਹਾਸ ਏਦਾਂ ਦੀਆਂ ਮਿਸਾਲਾਂ ਨਾਲ ਭਰਿਆ ਪਿਆ ਹੈ ਕਿ ਕਿਵੇਂ ਜਾਬਰ ਅਤੇ ਨਜਾਇਜ਼ ਹਕੂਮਤਾਂ ਨੂੰ ਲੋਕਾਂ ਦੀਆਂ ਲਹਿਰਾਂ ਦੇ ਤੂਫਾਨ ਨੇ ਕੱਖ-ਕਾਨਿਆਂ ਵਾਂਗੂੰ ਹੂੰਝ ਸੁੱਟਿਆ ਸੀ । ਹਿਟਲਰ ਅਤੇ ਨਾਜ਼ੀ ਪਾਰਟੀ ਦਾ ਜੋ ਹਸ਼ਰ ਹੋਇਆ, ਵੀਤਨਾਮ ਦੇ ਲੋਕਾਂ ਹੱਥੋਂ ਅਮਰੀਕਣਾਂ ਦੀ ਹਾਰ, ਇਰਾਨ ਦੇ ਸ਼ਾਹ ਦਾ ਤਖਤਾ-ਪਲਟ, ਪਾਕਿਸਤਾਨੀ ਫੌਜ ਦੇ ਜਬਰੋ-ਜ਼ੁਲਮ ਦੇ ਬਾਵਜੂਦ ਬੰਗਲਾਦੇਸ਼ ਦਾ ਹੋਂਦ ਵਿੱਚ ਆਉਣਾ, ਅਤੇ ਅਫਗਾਨ ਲੋਕਾਂ ਉਤੇ ਗੁਲਾਮੀ ਠੋਸਣ ਵਿੱਚ ਸੋਵੀਅਤ ਯੂਨੀਅਨ ਦੀ ਨਾਕਾਮਯਾਬੀ, ਸਾਡੇ ਸਮਿਆਂ ਦੀਆਂ ਚੰਦ ਕੁ ਅਹਿਮ ਮਿਸਾਲਾਂ ਹਨ ।

ਹਿੰਦੁਸਤਾਨੀ ਸਰਕਾਰ ਦਾ ਸਿੱਖਾਂ ਉੱਤੇ ਵੱਖਵਾਦੀ ਹੋਣ ਦਾ ਇਲਜ਼ਾਮ ਵੀ ਤੱਥਾਂ ਉੱਤੇ ਅਧਾਰਤ ਨਹੀਂ ਹੈ । ਸਿੱਖਾਂ ਨੇ ਕਦੇ ਵੀ ਵੱਖਰੇ ਦੇਸ਼ ਦੀ ਮੰਗ ਨਹੀਂ ਕੀਤੀ । ਜੇਕਰ ਸਿੱਖ ਵਾਕਈ ਇੱਕ ਵੱਖਰਾ ਦੇਸ਼ ਚਾਹੁੰਦੇ ਹੁੰਦੇ ਤਾਂ ਇਹ ਬਟਵਾਰੇ ਵੇਲੇ ਹਾਸਲ ਕਰਨਾ ਕੋਈ ਔਖੀ ਗੱਲ ਨਹੀਂ ਸੀ । ਅੰਗਰੇਜ਼ ਸਰਕਾਰ, ਸਿੱਖਾਂ ਨਾਲ ਵੱਖਰੇ ਤੌਰ 'ਤੇ ਗੱਲ ਕਰਨ ਦੀ ਚਾਹਵਾਨ ਸੀ, ਕਿਉਂਕਿ ਅਜਿਹਾ ਕਰਨਾ ਉਹਦੇ ਹਿਤਾਂ ਵਿੱਚ ਸੀ, ਪਰ ਤੱਥ ਦਿਖਾਉਂਦੇ ਹਨ ਕਿ ਸਿੱਖਾਂ ਨੇ ਕਿਸੇ ਵੀ ਸਮੇਂ ਇੱਕ ਵੱਖਰੇ ਦੇਸ਼ ਦੀ ਮੰਗ ਨਹੀਂ ਕੀਤੀ । ਸਗੋਂ ਇਸ ਦੇ ਉਲਟ, ਉਹ ਪੂਰੇ ਜ਼ੋਰ ਨਾਲ ਆਖਰੀ ਦਮ ਤੱਕ ਦੇਸ਼ ਦੇ ਬਟਵਾਰੇ ਦਾ ਵਿਰੋਧ ਕਰਦੇ ਰਹੇ ਹਨ ।

ਏਸੇ ਤਰ੍ਹਾਂ, ਬਹੁਤ ਸਾਰੇ ਸਿਆਸੀ ਲੀਡਰਾਂ ਨੇ ਵੀ ਹਿੰਦੁਸਤਾਨ ਦੇ ਬਟਵਾਰੇ ਦਾ ਵਿਰੋਧ ਕੀਤਾ ਸੀ । 1920 ਵਿਆਂ ਦੇ ਸਿੱਖ ਲੀਡਰ, ਬਾਬਾ ਖੜਕ ਸਿੰਘ ਨੇ ਵੀ ਇੱਕ ਵੱਖਰੇ ਦੇਸ਼ ਦੀ ਮੰਗ ਨਹੀਂ ਸੀ ਕੀਤੀ । ਹਿੰਦੁਸਤਾਨ ਦੀ ਆਜ਼ਾਦੀ ਵੇਲੇ ਦੇ ਸਿੱਖ ਲੀਡਰ, ਮਾਸਟਰ ਤਾਰਾ ਸਿੰਘ ਅਤੇ ਬਲਦੇਵ ਸਿੰਘ, ਵੱਖਰਾ ਦੇਸ਼ ਨਹੀਂ ਸਨ ਚਾਹੁੰਦੇ ਅਤੇ ਉਨ੍ਹਾਂ ਨੇ ਹਿੰਦੁਸਤਾਨ ਦੇ ਬਟਵਾਰੇ ਦੀ ਪੁਰਜ਼ੋਰ ਵਿਰੋਧਤਾ ਕੀਤੀ ਸੀ । ਇਸ ਲਈ ਸਿੱਖਾਂ ਨੂੰ ਵੱਖਵਾਦੀ ਕਹਿਣਾ

Digitized by Panjab Digital Library | www.panjabdigilib.org

ਇੱਕ ਹੋਰ ਕੋਰਾ-ਝੂਠ ਹੈ ਜੋ ਕਿਸੇ ਸਬੂਤ ਉੱਤੇ ਅਧਾਰਤ ਨਹੀਂ ਹੈ । ਤਾਜ਼ਾ ਐਜੀਟੇਸ਼ਨਾਂ ਤੱਕ ਵੀ ਮੰਗ ਸਿਰਫ ਵਧੇਰੇ ਖੁਦਮੁਖਤਿਆਰੀ ਦੀ ਸੀ, ਵੱਖਰੇ ਦੇਸ਼ ਦੀ ਨਹੀਂ ਸੀ । ਸਿਰਫ ਓਪਰੇਸ਼ਨ ਬਲਿਊ ਸਟਾਰ, ਓਪਰੇਸ਼ਨ ਵੁਡ ਰੋਜ਼ ਅਤੇ ਸਿੱਖਾਂ ਦੀ ਨਸਲਕੁਸ਼ੀ ਤੋਂ ਬਾਅਦ ਹੀ, ਸਿੱਖਾਂ ਨੇ ਆਪਣੇ-ਆਪ ਨੂੰ ਬੇਗਾਨੇ ਮਹਿਸੂਸ ਕਰਨਾ ਸ਼ੁਰੂ ਕੀਤਾ ਹੈ ਅਤੇ ਉਹ ਸੋਚ ਰਹੇ ਹਨ ਕਿ ਕੀ ਉਹ ਇੱਕ ਐਸੇ ਦੇਸ਼ ਨੂੰ ਆਪਣਾ ਵਤਨ ਮੰਨ ਸਕਦੇ ਹਨ ਜਿੱਥੇ ਉਨ੍ਹਾਂ ਨੂੰ ਕੋਈ ਅਧਿਕਾਰ ਨਹੀਂ ਹਨ, ਜਿੱਥੇ ਉਨ੍ਹਾਂ ਦੀ ਤੌਹੀਨ ਕੀਤੀ ਜਾਂਦੀ ਹੈ, ਜਿੱਥੇ ਉਨ੍ਹਾਂ ਨੂੰ ਕੋਈ ਧਾਰਮਿਕ ਆਜ਼ਾਦੀ ਨਹੀਂ ਹੈ, ਜਿੱਥੇ ਉਨ੍ਹਾਂ ਲਈ ਕਾਨੂੰਨ ਦਾ ਕੋਈ ਰਾਜ ਨਹੀਂ ਹੈ । ਸਿਰਫ ਇਨ੍ਹਾਂ ਹਾਲਤਾਂ ਵਿੱਚ ਹੀ ਕੁੱਝ ਜਥੇਬੰਦੀਆਂ ਨੇ ਇੱਕ ਵੱਖਰੇ ਦੇਸ਼ ਦੀ ਮੰਗ ਉਠਾਈ ਹੈ । ਅਜੇ ਤੱਕ ਵੀ, ਅਕਾਲੀ ਪਾਰਟੀ ਅਤੇ ਸੰਯੁਕਤ ਅਕਾਲੀ ਦਲ ਨੇ ਇੱਕ ਵੱਖਰੇ ਦੇਸ਼ ਦੀ ਮੰਗ ਨਹੀਂ ਕੀਤੀ । ਸਗੋਂ, ਇਹ ਕੇਂਦਰੀ ਸਰਕਾਰ ਦੀਆਂ ਕਰਤੂਤਾਂ ਹੀ ਹਨ ਜੋ ਦੇਸ਼ ਨੂੰ ਖੇਰੂੰ ਖੇਰੂੰ ਕਰਨ ਵੱਲ ਲਿਜਾ ਰਹੀਆਂ ਹਨ । ਸਿੱਖਾਂ ਨੂੰ ਜਾਂ ਕਿਸੇ ਹੋਰ ਧਾਰਮਿਕ ਫਿਰਕੇ ਨੂੰ ਵੱਖਵਾਦੀ ਨਹੀਂ ਕਿਹਾ ਜਾ ਸਕਦਾ, ਪਰ ਕੇਂਦਰੀ ਸਰਕਾਰ ਦੀਆਂ ਗੈਰ-ਜਮਹੂਰੀ, ਲੋਕ-ਧ੍ਰੋਹੀ ਅਤੇ ਦੇਸ਼-ਧ੍ਰੋਹੀ ਨੀਤੀਆਂ ਜ਼ਰੂਰ ਹਿੰਦੁਸਤਾਨ ਨੂੰ ਟੋਟੇ-ਟੋਟੇ ਕਰ ਸਕਦੀਆਂ ਹਨ ।

ਕੇਂਦਰੀ ਸਰਕਾਰ ਦਾ ਸਿੱਖਾਂ ਉੱਤੇ ਤੀਜਾ ਇਲਜ਼ਾਮ-ਕਿ ਉਹ ਫਿਰਕਾਪ੍ਰਸਤ ਹਨ—ਵੀ ਤੱਥਾਂ ਉੱਤੇ ਅਧਾਰਤ ਨਹੀਂ ਹੈ । ਸਿੱਖਾਂ ਨੇ ਆਪਣੀ ਸਥਾਪਨਾ ਵੇਲੇ ਤੋਂ ਲੈ ਕੇ ਹਮੇਸ਼ਾਂ ਹੀ ਸਰਵ-ਸਾਂਝੀਵਾਲਤਾ ਦਾ ਉਪਦੇਸ਼ ਦਿੱਤਾ ਹੈ । ਉਨ੍ਹਾਂ ਦਾ ਇਤਿਹਾਸ ਦਿਖਾਉਂਦਾ ਹੈ ਕਿ ਉਹ ਕਦੇ ਵੀ ਕਿਸੇ ਫਿਰਕੇ ਵਿਰੁੱਧ ਨਹੀਂ ਲੜੇ । ਉਨ੍ਹਾਂ ਨੇ ਬ੍ਰਾਹਮਣਵਾਦ ਦੇ ਸਮਾਜਿਕ ਜਬਰ ਵਿਰੁੱਧ ਅਤੇ ਹਾਕਮਾਂ ਦੇ ਜ਼ੁਲਮਾਂ ਵਿਰੁੱਧ ਲੜਾਈ ਕੀਤੀ । ਮੁਗਲ ਹਾਕਮਾਂ ਦੇ ਦਿਨਾਂ ਵਿੱਚ, ਲੜਾਈ ਮੁਸਲਮਾਨ ਫਿਰਕੇ ਜਾਂ ਮੁਸਲਿਮ ਧਰਮ ਦੇ ਵਿਰੁੱਧ ਨਹੀਂ ਸੀ, ਸਗੋਂ ਜਾਬਰ ਹਾਕਮਾਂ ਦੇ ਵਿਰੁੱਧ ਸੀ । ਗੁਰੂ ਗੋਬਿੰਦ ਸਿੰਘ ਅਤੇ ਬੰਦਾ ਸਿੰਘ ਬਹਾਦਰ ਦੀਆਂ ਫੌਜਾਂ ਵਿੱਚ ਅਤੇ 18ਵੀਂ ਸਦੀ ਦੀਆਂ ਮਿਸਲਾਂ ਦੇ ਗੁਰੀਲਾ ਦਸਤਿਆਂ ਵਿੱਚ, ਮੁਸਲਮਾਨ ਵੀ ਸ਼ਾਮਲ ਸਨ ਅਤੇ ਉਨ੍ਹਾਂ ਨੇ ਸਿੱਖਾਂ ਨਾਲ ਮੋਢੇ ਨਾਲ ਮੋਢਾ ਲਾ ਕੇ ਜਾਬਰ ਮੁਸਲਮਾਨ ਹਾਕਮਾਂ ਵਿਰੁੱਧ ਲੜਾਈ ਕੀਤੀ ਸੀ ।

ਅੰਗਰੇਜ਼ਾਂ ਦੇ ਸਮੇਂ, ਵੱਖ-ਵੱਖ ਸਿਆਸੀ ਪਾਰਟੀਆਂ ਵਿੱਚ ਜਥੇਬੰਦ ਸਿੱਖਾਂ ਨੇ, ਬਰਤਾਨਵੀ ਹਕੂਮਤ ਦੇ ਵਿਰੁੱਧ ਲੜਾਈ ਕੀਤੀ ਸੀ, ਕਿਸੇ ਧਰਮ ਦੇ ਖਿਲਾਫ ਨਹੀਂ । ਹੁਣ ਵੀ ਉਨ੍ਹਾਂ ਦੀ ਲੜਾਈ, ਸਮਾਜਿਕ ਅਤੇ ਹਕੂਮਤੀ ਜਬਰ ਵਿਰੁੱਧ ਹੈ । ਇਹ ਉਹੀ ਲੜਾਈ ਹੈ ਜਿਸ ਦੀ ਸ਼ੁਰੂਆਤ ਬਾਬੇ ਨਾਨਕ ਅਤੇ ਉਨ੍ਹਾਂ ਦੇ ਜਾਨਸ਼ੀਨਾਂ ਨੇ ਕੀਤੀ ਸੀ ਅਤੇ ਇਹ ਕਿਸੇ ਧਰਮ ਦੇ ਖਿਲਾਫ ਨਹੀਂ । ਇਹ ਕੇਂਦਰੀ ਸਰਕਾਰ ਹੀ ਹੈ ਜਿਹੜੀ ਆਪਣੇ ਪ੍ਰਾਪੇਗੰਡੇ ਰਾਹੀਂ, ਇਸ ਨੂੰ ਇੱਕ ਫਿਰਕੂ ਰੰਗਤ ਦੇਣ ਦੇ ਯਤਨ ਕਰ ਰਹੀ ਹੈ ਅਤੇ ਕਹਿ ਰਹੀ ਹੈ ਕਿ ਸਿੱਖ ਹਿੰਦੂਆਂ ਦਾ ਸਫਾਇਆ ਕਰਨਾ ਚਾਹੁੰਦੇ ਹਨ । ਇਹ ਸਰਾਸਰ ਝੂਠ ਹੈ । ਉਨ੍ਹਾਂ ਦਾ ਰੋਸ ਕੇਂਦਰੀ ਸਰਕਾਰ ਦੇ ਖਿਲਾਫ ਹੈ, ਜਿਸਨੇ ਉਨ੍ਹਾਂ ਵਿਰੁੱਧ ਦਹਿਸ਼ਤ ਦੀ ਮੁਹਿੰਮ ਵਿੱਢੀ ਹੋਈ ਹੈ ਅਤੇ ਜਿਸ ਨੇ ਉਨ੍ਹਾਂ ਦੀਆਂ ਜਾਇਜ਼ ਜਮਹੂਰੀ ਅਤੇ ਧਰਮ-ਨਿਰਪੱਖ ਮੰਗਾਂ ਪੂਰੀਆਂ ਨਹੀਂ ਕੀਤੀਆਂ ਅਤੇ ਸਗੋਂ ਉਲਟਾ ਉਨ੍ਹਾਂ ਦੇ ਧਾਰਮਿਕ ਮਾਮਲਿਆਂ ਵਿੱਚ ਟੰਗ ਅੜਾ ਕੇ, ਹਰਿਮੰਦਰ ਸਾਹਿਬ ਨੂੰ ਘੇਰਾ ਪਾ ਕੇ ਅਤੇ ਉਨ੍ਹਾਂ ਦੀ ਹਰ ਪੱਖੋਂ ਨਾਕਾਬੰਦੀ ਕਰਕੇ ਉਨ੍ਹਾਂ ਨੂੰ ਦਬਾਉਣ ਦੇ ਯਤਨ ਕਰ ਰਹੀ ਹੈ । ਹਿੰਦੁਸਤਾਨੀ ਸਰਕਾਰ "ਬਹੁ-ਗਿਣਤੀ ਫਿਰਕੇ" ਦੀ

Digitized by Panjab Digital Library | www.panjabdigilib.org

ਕੱਟੜ ਹਮਾਇਤੀ ਹੋਣ ਦਾ ਸਾਂਗ ਕਰਦੀ ਹੈ, ਪਰ ਕੀਤਾ ਇਸ ਨੇ ਹਿੰਦੂਆਂ ਲਈ ਵੀ ਕੁੱਝ ਨਹੀਂ। ਉੱਤਰ ਪ੍ਰਦੇਸ਼, ਬਿਹਾਰ, ਮੱਧ ਪ੍ਰਦੇਸ਼, ਰਾਜਸਥਾਨ ਅਤੇ ਹਿੰਦੁਸਤਾਨ ਦੇ ਹੋਰ ਹਿੱਸਿਆਂ ਵਿੱਚ ਜ਼ਿਆਦਾਤਰ ਹਿੰਦੂ ਗਰੀਬੀ ਰੇਖਾ ਤੋਂ ਹੇਠਾਂ ਜੀਵਨ ਬਤੀਤ ਕਰ ਰਹੇ ਹਨ। ਕੇਂਦਰੀ ਸਰਕਾਰ ਇੱਕ ਜਾਬਰ ਸਰਕਾਰ ਹੈ, ਜਿਸ ਦਾ ਕੋਈ ਧਰਮ ਨਹੀਂ ਹੈ। ਜਾਬਰ ਹਕੂਮਤਾਂ, ਲੋਕਾਂ ਦੇ ਧਾਰਮਿਕ ਜਜ਼ਬਿਆਂ ਨੂੰ ਸਿਰਫ ਆਪਣੇ ਮਨੋਰਥਾਂ ਲਈ ਹੀ ਵਰਤਦੀਆਂ ਹਨ, ਜਿਵੇਂ ਕਿ ਮੌਜੂਦਾ ਸਰਕਾਰ ਕਰ ਰਹੀ ਹੈ।

ਹਰਦਿਆਲ ਬੈਂਸ, ਕਨੇਡਾ ਦੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਦੇ ਆਗੂ ਨੇ ਆਪਣੀ ਕਿਤਾਬ 'ਸ਼ਹੀਦਾਂ ਦਾ ਸੱਦਾ' ਵਿੱਚ ਲਿਖਿਆ ਹੈ ਕਿ ਕਿਸ ਢੰਗ ਨਾਲ ਹਿੰਦੁਸਤਾਨੀ ਸਰਕਾਰ, ਧਰਮ-ਨਿਰਪੱਖਤਾ ਦੇ ਅਸੂਲ ਨੂੰ ਤੋੜ-ਮਰੋੜ ਕੇ, ਇਸ ਦੀ ਥਾਂ ਫਿਰਕੂ ਵੰਡੀਆਂ ਪ੍ਰਚਾਰਦੀ ਹੈ। ਉਨ੍ਹਾਂ ਨੇ ਲਿਖਿਆ ਹੈ : "ਹਿੰਦੁਸਤਾਨੀ ਹਾਕਮ ਜਮਾਤਾਂ ਧਰਮ-ਨਿਰਪੱਖ ਅਸੂਲ ਨੂੰ ਸਿਰਫ ਧਰਮਾਂ ਵਿਚਕਾਰ 'ਸ਼ਹਿਣਸ਼ੀਲਤਾ' ਅਤੇ 'ਸੱਦਭਾਵਨਾ' ਦੇ ਮਸਲੇ ਦੇ ਤੌਰ 'ਤੇ ਪੇਸ਼ ਕਰਦੀਆਂ ਹਨ। ਪਰ ਹਿੰਦੁਸਤਾਨ ਵਿੱਚ ਇਹ ਵੀ ਨਹੀਂ ਹੈ, ਜਿਵੇਂ ਕਿ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਹਿੰਦੁਸਤਾਨੀ ਹਾਕਮ ਜਮਾਤਾਂ ਵੱਲੋਂ ਜਥੇਬੰਦ ਕੀਤੇ ਗਏ ਵਹਿਸ਼ੀ ਕਤਲੇਆਮ ਨੇ ਬੜੇ ਦਰਦਨਾਕ ਤਰੀਕੇ ਨਾਲ ਦਿਖਾਇਆ ਹੈ। ਜਿਸ ਨੁਮਾਇਸ਼ੀ ਢੰਗ ਨਾਲ ਰਾਜੀਵ ਗਾਂਧੀ ਨੇ ਆਪਣੀ ਮਾਂ ਦੇ ਅੰਤਿਮ ਸੰਸਕਾਰ ਉੱਤੇ ਵਿਹਾਰ ਕੀਤਾ, ਸਭ ਧਾਰਮਿਕ ਕ੍ਰਮਕਾਂਡ ਅਤੇ ਪਾਖੰਡ ਨਿਭਾਏ, ਉਹ ਇੱਕ ਧਰਮ-ਨਿਰਪੱਖ ਰਾਜ ਦੇ ਪ੍ਰਤੀਨਿਧ ਵਾਲਾ ਵਤੀਰਾ ਨਹੀਂ ਸੀ। ਕਿਸੇ ਨੇ ਆਪਣੇ ਵਿਅਕਤੀਗਤ ਜੀਵਨ ਵਿੱਚ ਕਿਹੜੇ ਧਾਰਮਿਕ ਕ੍ਰਮਕਾਂਡਾਂ ਅਤੇ ਰਿਵਾਜਾਂ 'ਤੇ ਚੱਲਣਾ ਹੈ, ਇਹ ਉਸਦੀ ਵਿਅਕਤੀਗਤ ਸੋਚਣੀ ਦਾ ਮਸਲਾ ਹੈ, ਪਰ ਇੱਕ ਧਰਮ-ਨਿਰਪੱਖ ਰਾਜ ਵਿੱਚ, ਪ੍ਰਧਾਨ ਮੰਤਰੀ ਅਤੇ ਰਾਜ ਦੇ ਹੋਰ ਪ੍ਰਤੀਨਿਧ ਆਪਣੇ ਧਾਰਮਿਕ ਵਿਸ਼ਵਾਸਾਂ ਦੀ ਨੁਮਾਇਸ਼ ਨਹੀਂ ਲਾਉਂਦੇ। ਇਸ ਦੇ ਵਤੀਰੇ ਨੇ ਇਸ ਦਾਅਵੇ ਨੂੰ ਝੂਠਾ ਸਾਬਤ ਕਰ ਦਿੱਤਾ ਹੈ ਕਿ ਹਿੰਦੁਸਤਾਨੀ ਰਾਜ ਇੱਕ ਧਰਮ-ਨਿਰਪੱਖ ਰਾਜ ਹੈ ਜਾਂ ਹਿੰਦੁਸਤਾਨ ਵਿੱਚ ਧਰਮ-ਨਿਰਪੇਖੀਕਰਣ ਕੀਤਾ ਗਿਆ ਹੈ।

ਪੰਜਾਬ ਵਿੱਚ ਇਸ ਵਕਤ, ਫੌਜ ਅਤੇ ਪੰਜਾਬ ਪੁਲਸ ਤੋਂ ਇਲਾਵਾ ਇੱਕ ਲੱਖ ਨੀਮ-ਫੌਜੀ ਸ਼ਕਤੀਆਂ ਤਾਇਨਾਤ ਹਨ। ਉਹ ਬੱਸਾਂ ਅਤੇ ਮੋਟਰ-ਗੱਡੀਆਂ ਵਿੱਚ ਲੋਕਾਂ ਨੂੰ ਤੰਗ ਕਰਦੇ ਹਨ, ਉਹ ਬਿਨਾਂ ਵਾਰੰਟ ਲੋਕਾਂ ਦੇ ਘਰਾਂ 'ਤੇ ਛਾਪੇ ਮਾਰਦੇ ਹਨ, ਉਹ ਦੁਕਾਨਦਾਰਾਂ, ਨੌਜਵਾਨਾਂ ਅਤੇ ਪੇਂਡੂ ਲੋਕਾਂ ਨੂੰ ਤੰਗ ਕਰਦੇ ਹਨ, ਅਤੇ ਫਿਰ ਨਿਰਦੋਸ਼ ਅਤੇ ਅਮਨ-ਪਸੰਦ ਲੋਕਾਂ ਵਿਰੁੱਧ ਝੂਠੇ ਕੇਸ ਬਣਾਉਂਦੇ ਹਨ। ਅਜਿਹੀ ਹਾਲਤ ਹਰ ਕਿਸੇ ਲਈ ਖੌਫਨਾਕ ਹੈ।

ਪਿਛਲੇ ਪੰਜ ਸਾਲਾਂ ਦੀਆਂ ਘਟਨਾਵਾਂ ਨੇ ਦਿਖਾਇਆ ਹੈ ਕਿ ਮਸਲਾ "ਅਮਨ-ਕਾਨੂੰਨ" ਦਾ ਨਹੀਂ ਹੈ, ਜਿਵੇਂ ਸਰਕਾਰ ਦਾਅਵਾ ਕਰਦੀ ਹੈ। ਸਗੋਂ, ਮਸਲਾ ਸਰਕਾਰੀ ਜਬਰੋ-ਜ਼ੁਲਮ ਦਾ ਹੈ। ਮਸਲਾ ਸਿਆਸੀ ਹੈ ਅਤੇ ਇਹਦੇ ਇੱਕ ਸਿਆਸੀ ਹੱਲ ਦੀ ਲੋੜ ਹੈ।

ਜਦੋਂ 1980 ਵਿੱਚ ਸ੍ਰੀਮਤੀ ਗਾਂਧੀ ਦੁਬਾਰਾ ਸਤ੍ਹਾ ਤੇ ਬਿਰਾਜਮਾਨ ਹੋਈ, ਤਾਂ ਉਸ ਨੇ ਜਾਣ-ਬੁੱਝ ਕੇ ਪੰਜਾਬ ਦੀ ਹਾਲਤ ਨੂੰ, ਹਿੰਦੁਸਤਾਨ ਦੀ ਏਕਤਾ ਅਤੇ ਅਖੰਡਤਾ ਲਈ

29. ਹਰਦਿਆਲ ਬੈਂਸ, ਸ਼ਹੀਦਾਂ ਦਾ ਸੱਦਾ (ਟਰਾਂਟੋ: ਮਾਰਕਸ, ਐਂਗਲਜ਼, ਲੈਨਿਨ, ਸਟਾਲਿਨ ਇੰਸਟੀਚਿਊਟ, 1985), ਸਫਾ 127-8

Digitized by Panjab Digital Library | www.panjabdigilib.org

ਇੱਕ ਖਤਰਾ ਆਖ ਕੇ ਪੇਸ਼ ਕਰਨਾ ਸ਼ੁਰੂ ਕਰ ਦਿੱਤਾ, ਤਾਂ ਜੋ ਲੋਕਾਂ ਦਾ ਧਿਆਨ ਪੰਜਾਬੀਆਂ ਵੱਲੋਂ ਉਠਾਏ ਜਾ ਰਹੇ ਸਿਆਸੀ ਮਸਲਿਆਂ ਤੋਂ ਪਰ੍ਹੇ ਕੀਤਾ ਜਾ ਸਕੇ। ਪੰਜਾਬੀਆਂ ਵੱਲੋਂ ਉਠਾਏ ਜਾ ਰਹੇ ਮਸਲੇ ਸਨ : ਕੌਮੀ ਢਾਂਚੇ ਦੇ ਅੰਦਰ ਸੂਬਿਆਂ ਨੂੰ ਵਧੇਰੇ ਖੁਦਮੁਖਤਾਰੀ, ਪੰਜਾਬੀਆਂ ਦਾ ਆਪਣੇ ਕੁਦਰਤੀ ਸਾਧਨਾਂ ਨੂੰ ਆਪਣੇ ਕੰਟਰੋਲ ਵਿੱਚ ਲੈਣ ਦਾ ਅਧਿਕਾਰ ਅਤੇ ਚੰਡੀਗੜ੍ਹ ਅਤੇ ਹੋਰ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿੱਚ ਸ਼ਾਮਲ ਕਰਨਾ। ਹਾਲਤ ਦਾ ਫਿਰਕੂਕਰਣ ਕੀਤਾ ਗਿਆ ਅਤੇ ਸਿੱਖਾਂ ਨੂੰ ਬਾਕੀ ਦੇ ਹਿੰਦੁਸਤਾਨੀ ਲੋਕਾਂ ਸਾਹਮਣੇ ਦੇਸ਼-ਧ੍ਰੋਹੀ ਅਤੇ ਗੈਰ-ਦੇਸ਼ਭਗਤ ਕਹਿ ਕੇ ਪੇਸ਼ ਕੀਤਾ ਗਿਆ। ਸੂਰਬੀਰ ਪੰਜਾਬੀ ਲੋਕਾਂ ਦੀ ਗਿਣੇ-ਮਿੱਥੇ ਢੰਗ ਨਾਲ ਤੌਹੀਨ ਕਰਨ ਦੀ ਮੁਹਿੰਮ ਪਿਛਲੇ ਪੰਜ ਸਾਲਾਂ ਤੋਂ ਲਗਾਤਾਰ ਚਲਾਈ ਜਾ ਰਹੀ ਹੈ। ਪੰਜਾਬ ਨੂੰ ਦਹਿਸ਼ਤਗਰਦਾਂ ਅਤੇ ਵੱਖਵਾਦੀਆਂ ਦੀ ਜਣਨ-ਭੂਮੀ ਕਹਿ ਕੇ ਪੇਸ਼ ਕੀਤਾ ਗਿਆ।

ਫੌਜੀਆਂ ਵਿੱਚ ਵੰਡੇ ਜਾਂਦੇ ਇੱਕ ਸਰਕਾਰੀ ਰਸਾਲੇ 'ਬਾਤਚੀਤ' ਦੇ ਜੁਲਾਈ, 1984 ਦੇ ਅੰਕ ਵਿੱਚ, ਆਰਮੀ ਹੈਡਕੁਆਰਟਰਜ਼ ਨੇ ਲਿਖਿਆ ਹੈ : ''ਬੇਸ਼ਕ ਜ਼ਿਆਦਾਤਰ ਦਹਿਸ਼ਤਗਰਦਾਂ ਨੂੰ ਨਜਿੱਠ ਲਿਆ ਗਿਆ ਹੈ, ਪਰ ਅਜੇ ਵੀ ਬਹੁਤ ਸਾਰੇ (ਦਹਿਸ਼ਤਗਰਦ) ਕਾਬੂ ਨਹੀਂ ਆਏ। ਦੇਸ਼ ਵਿੱਚ ਅਮਨ ਬਹਾਲ ਕਰਨ ਦਾ ਅੰਤਿਮ ਨਿਸ਼ਾਨਾ ਪੂਰਾ ਕਰਨ ਲਈ ਉਨ੍ਹਾਂ ਨੂੰ ਕਾਬੂ ਕਰਨਾ ਜ਼ਰੂਰੀ ਹੈ। ਅੰਮ੍ਰਿਤਧਾਰੀ, ਜੋ ਬਹੁਤ ਖਤਰਨਾਕ ਲੋਕ ਹਨ ਅਤੇ ਜਿਨ੍ਹਾਂ ਨੇ ਕਤਲ ਕਰਨ, ਅੱਗਾਂ ਲਾਉਣ ਅਤੇ ਦਹਿਸ਼ਤਵਾਦੀ ਕਾਰਵਾਈਆਂ ਕਰਨ ਦੀ ਕਸਮ ਖਾਧੀ ਹੋਈ ਹੈ, ਉਨ੍ਹਾਂ ਬਾਰੇ ਕੋਈ ਵੀ ਜਾਣਕਾਰੀ ਝੱਟ-ਪਟ ਅਧਿਕਾਰੀਆਂ ਦੇ ਨੋਟਿਸ 'ਚ ਲਿਆਉਣੀ ਚਾਹੀਦੀ ਹੈ। ਇਹ ਲੋਕ ਬਾਹਰੋਂ ਦੇਖਣ ਨੂੰ ਭਾਵੇਂ ਭੋਲੇ ਲੱਗਦੇ ਹਨ, ਪਰ ਇਹ ਕੱਟੜ ਦਹਿਸ਼ਤਵਾਦੀ ਹਨ। ਸਾਡੇ ਸਾਰਿਆਂ ਦੇ ਭਲੇ ਲਈ, ਉਨ੍ਹਾਂ ਦੀ ਸ਼ਨਾਖਤ ਅਤੇ ਥਾਂ-ਟਿਕਾਣਾ ਹਮੇਸ਼ਾਂ ਹੀ ਦੱਸ ਦੇਣਾ ਚਾਹੀਦਾ ਹੈ।''

ਹਿੰਦੂ ਸ਼ਾਵਨਵਾਦ ਦੀ ਭੜੂਆਗੀਰੀ ਕਰਨ ਲਈ, ਸਰਕਾਰ ਵੱਲੋਂ ਗਰੀਬਾਂ, ਦਲਿਤਾਂ, ਕਬਾਇਲੀਆਂ ਅਤੇ ਹੋਰ ਲੋਕਾਂ ਦੇ ਕਾਜ਼ ਲਈ ਕੰਮ ਕਰਨ ਵਾਲੀਆਂ ਜਥੇਬੰਦੀਆਂ ਨੂੰ, ਗਿਣੇ-ਮਿੱਥੇ ਢੰਗ ਨਾਲ ਗੈਰ-ਦੇਸ਼ਭਗਤ ਗਰਦਾਨਿਆ ਗਿਆ। ਦਿੱਲੀ ਤੋਂ ਕੰਮ ਕਰਦੀਆਂ ਸ਼ਹਿਰੀ ਆਜ਼ਾਦੀਆਂ ਬਾਰੇ ਜਥੇਬੰਦੀਆਂ, ਜਿਵੇਂ ਕਿ ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼, ਪੀਪਲਜ਼ ਯੂਨੀਅਨ ਫਾਰ ਡੈਮੋਕਰੈਟਿਕ ਰਾਈਟਸ ਅਤੇ ਸਿਟੀਜ਼ਨਜ਼ ਫਾਰ ਡੈਮੋਕਰੇਸੀ ਵਿਰੁੱਧ ਵੀ ਚਿੱਕੜ ਉਛਾਲਿਆ ਗਿਆ। ਇਹ ਹੈ ਤਸਵੀਰ ਸਾਡੇ ਦੇਸ਼ ਦੀ ਆਜ਼ਾਦੀ ਤੋਂ 40 ਸਾਲ ਬਾਅਦ। ਜੋ ਸਾਡੇ ਲੋਕਾਂ ਦੀ ਮਿਹਨਤ ਅਤੇ ਕੁਦਰਤੀ ਸਾਧਨਾਂ ਨੂੰ ਲੁੱਟਦੇ ਹਨ ਉਹ ਆਪਣੇ-ਆਪ ਨੂੰ ਦੇਸ਼ਭਗਤ ਅਤੇ ਕੌਮ-ਪ੍ਰਸਤ ਸਮਝਦੇ ਹਨ, ਜਦਕਿ ਮਿਹਨਤ ਕਰਨ ਵਾਲਿਆਂ ਨੂੰ, ਕਾਰਖਾਨਿਆਂ ਵਿੱਚ, ਖੇਤਾਂ ਵਿੱਚ ਕੰਮ ਕਰਨ ਅਤੇ ਪਦਾਰਥਕ ਦੌਲਤ ਪੈਦਾ ਕਰਨ ਵਾਲਿਆਂ ਨੂੰ ਅਤੇ ਆਪਣੇ ਜਾਇਜ਼ ਹੱਕ ਮੰਗਣ ਵਾਲਿਆਂ ਨੂੰ ਦੇਸ਼-ਧ੍ਰੋਹੀ ਅਤੇ ਗਦਾਰ ਕਿਹਾ ਜਾਂਦਾ ਹੈ।

ਬਦਕਿਸਮਤੀ ਨਾਲ, ਹਿੰਦੁਸਤਾਨ ਵਿੱਚ ਅਖ਼ਬਾਰਾਂ (ਪ੍ਰੈਸ) ਨੇ ਸਿੱਖਾਂ ਵਿਰੁੱਧ ਫਿਰਕੂ ਝੱਲ ਵਿੱਚ ਹਿੱਸਾ ਪਾਇਆ ਹੈ। ਟੈਲੀਵੀਜ਼ਨ ਅਤੇ ਰੇਡੀਓ ਸਿੱਧੇ ਤੌਰ 'ਤੇ ਸਰਕਾਰੀ ਕੰਟਰੋਲ ਹੇਠ ਹਨ, ਪਰ ਬਾਕੀ ਪ੍ਰੈਸ ਵੀ ਅਸਿੱਧੇ ਤੌਰ 'ਤੇ ਸਰਕਾਰੀ ਕੰਟਰੋਲ ਹੇਠ ਹੀ ਹੈ। ਜ਼ਿਆਦਾਤਰ ਕੌਮੀ ਪੱਧਰ ਦੇ ਅਖ਼ਬਾਰਾਂ ਦੇ ਮਾਲਕ ਵੱਡੇ ਸਨਅਤੀ ਘਰਾਣੇ ਹਨ। ਸਰਕਾਰ ਤੋਂ ਰਿਆਇਤਾਂ ਲੈਣ ਲਈ, ਉਹ ਸਰਕਾਰ ਦੀ ਪਸੰਦ ਦੀਆਂ ਖ਼ਬਰਾਂ ਹੀ ਦਿੰਦੇ ਹਨ। ਜੇਕਰ ਅਸੀਂ ਪਿਛਲੇ

Digitized by Panjab Digital Library | www.panjabdigilib.org

ਪੰਜ ਸਾਲਾਂ ਦੇ ਅਖ਼ਬਾਰਾਂ ਦਾ ਨਿਰੀਖਣ ਕਰੀਏ ਤਾਂ ਇਹ ਸਪੱਸ਼ਟ ਦੇਖਿਆ ਜਾ ਸਕਦਾ ਹੈ ਕਿ ਹਿੰਦੁਸਤਾਨੀ ਪ੍ਰੈਸ ਨੇ ਲੋਕਾਂ ਨੂੰ ਫਿਰਕੂ ਅਧਾਰ ਉੱਤੇ ਅੱਡੋ-ਫਾੜ ਕਰਨ ਵਿੱਚ ਅਤੇ ਸਿੱਖਾਂ ਨੂੰ ਦੇਸ਼-ਧ੍ਰੋਹੀ, ਗਦਾਰ ਅਤੇ ਦਹਿਸ਼ਤਗਰਦ ਕਹਿ ਕੇ ਪੇਸ਼ ਕਰਨ ਵਿੱਚ ਇੱਕ ਬਹੁਤ ਹੀ ਹਾਨੀਕਾਰਕ ਰੋਲ ਅਦਾ ਕੀਤਾ ਹੈ । ਪੰਜਾਬ ਸੰਕਟ ਵਿੱਚ, ਪ੍ਰੈਸ ਦਾ ਰੋਲ ਬਹੁਤ ਹੀ ਘਟੀਆ ਰਿਹਾ ਹੈ । ਇਸਨੇ ਹਿੰਦੂਆਂ ਅਤੇ ਸਿੱਖਾਂ ਵਿਚਕਾਰ ਵੈਰ-ਭਾਵਨਾ ਨੂੰ ਭੜਕਾਇਆ ਹੈ ।

ਦੀ ਟਾਈਮਜ਼ ਆਫ ਇੰਡੀਆ ਨੇ, 'ਸਿੱਖ ਖਤਰੇ ਵਿੱਚ ਹਨ' ਦੇ ਸਿਰਲੇਖ ਹੇਠ 7 ਮਾਰਚ 1984 ਨੂੰ ਲਿਖਿਆ : ''ਸਿੱਖ ਫਿਰਕੇ ਦੇ ਇਤਿਹਾਸ ਵਿੱਚ ਰਾਤ ਦੇ ਗਿਆਰਾਂ ਵੱਜ ਚੁੱਕੇ ਹਨ । ਇਹਨੂੰ ਲਾਜ਼ਮੀ ਹੀ ਘੜੀ ਪਿੱਛੇ ਵੱਲ ਮੋੜਨੀ ਚਾਹੀਦੀ ਹੈ । ਅਜੇ ਵੀ ਇਸ ਲਈ ਅਜਿਹਾ ਕਰਨਾ ਸੰਭਵ ਹੈ । ਪਰ ਵਕਤ ਹੱਥੋਂ ਨਿਕਲਦਾ ਜਾ ਰਿਹਾ ਹੈ । ਸਿੱਖ ਫਿਰਕੇ ਨੂੰ ਲਾਜ਼ਮੀ ਹੀ ਇਹ ਮੰਗ ਕਰਨੀ ਚਾਹੀਦੀ ਹੈ ਕਿ ਮੋਰਚਾ ਵਾਪਸ ਲਿਆ ਜਾਵੇ । ਸਿੱਖਾਂ ਨੂੰ ਲਾਜ਼ਮੀ ਹੀ ਖਤਰੇ ਦੀ ਇਸ ਚੇਤਾਵਨੀ ਉੱਤੇ ਤੁਰੰਤ ਗੌਰ ਕਰਨੀ ਚਾਹੀਦੀ ਹੈ, ਨਹੀਂ ਤਾਂ ਬਾਰਾਂ ਵੱਜ ਜਾਣਗੇ ।''

ਇਸ ਐਡੀਟਰ ਮੁਤਾਬਕ, ਸਾਰੇ ਹੀ ਸਿੱਖ ਮੋਰਚੇ ਲਈ ਕਸੂਰਵਾਰ ਸਨ । ਮੋਰਚਾ ਪੁਰਅਮਨ ਸੀ ਅਤੇ ਇੱਕ ਲੱਖ ਤੋਂ ਵਧੇਰੇ ਲੋਕ, ਆਪਣੀਆਂ ਜਾਇਜ਼ ਮੰਗਾਂ ਪੂਰੀਆਂ ਕਰਵਾਉਣ ਲਈ ਉਸ ਵਕਤ ਤੱਕ ਗ੍ਰਿਫ਼ਤਾਰੀਆਂ ਦੇ ਚੁੱਕੇ ਸਨ । ਫਿਰ ਵੀ ਅਖ਼ਬਾਰ ਨੇ ਸਮੁੱਚੇ ਫਿਰਕੇ ਨੂੰ ਹਾਲਤ ਲਈ ਦੋਸ਼ੀ ਠਹਿਰਾਇਆ ।

ਪ੍ਰੈਸ ਨੇ ਕਾਂਗਰਸ ਪਾਰਟੀ ਦੀ ਫਿਰਕੂ ਸਿਆਸਤ ਦਾ ਪ੍ਰਾਪੇਗੰਡਾ ਕੀਤਾ । ਇਸ ਨੇ ਕਿਸੇ ਵੀ ਪਰੋਫੈਸ਼ਨਲ ਵਾਸਤਵਿਕਤਾ ਤੋਂ ਕੰਮ ਨਾ ਲਿਆ ਅਤੇ ਹਿੰਦੁਸਤਾਨੀ ਲੋਕਾਂ ਦਾ ਬੇਹੱਦ ਨੁਕਸਾਨ ਕੀਤਾ । ਇਹ ਸਿੱਖਾਂ ਵਿਰੁੱਧ ਫਿਰਕੂ ਨਫਰਤ ਭੜਕਾਉਣ ਵਿੱਚ ਕਿਸੇ ਤੋਂ ਘੱਟ ਨਹੀਂ ਸੀ । ਮਿਸਾਲ ਵਜੋਂ, ਇੱਕ ਅਖ਼ਬਾਰ ਨੇ ਖ਼ਬਰ ਦਿੱਤੀ ਕਿ ਹਰਿਮੰਦਰ ਸਾਹਿਬ ਕੰਪਲੈਕਸ ਵਿੱਚੋਂ ਨੰਗੀਆਂ ਲੜਕੀਆਂ ਮਿਲੀਆਂ ਸਨ ਅਤੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਬੇਸ਼ਕ ਬਾਅਦ ਵਿੱਚ ਇਹ ਸਪੱਸ਼ਟੀਕਰਣ ਦਿੱਤਾ ਕਿ ਇਹ ਔਰਤਾਂ ਕੰਪਲੈਕਸ ਅੰਦਰ ਰਹਿਣ ਵਾਲੇ ਸੇਵਾਦਾਰਾਂ ਦੀਆਂ ਪਤਨੀਆਂ, ਧੀਆਂ ਜਾਂ ਰਿਸ਼ਤੇਦਾਰ ਸਨ, ਪਰ ਫਿਰ ਵੀ ਇਸ ਅਫਵਾਹ ਨੂੰ ਚਾਲੂ ਰੱਖਿਆ ਗਿਆ ।

ਬਹੁਤ ਸਾਰੇ ਮੌਕਿਆਂ 'ਤੇ ਪੱਤਰਕਾਰਾਂ ਨੇ ਜਾਣ-ਬੁੱਝ ਕੇ ਤੱਥ ਅਖਬਾਰਾਂ ਵਿੱਚ ਨਹੀਂ ਦਿੱਤੇ । ਮਿਸਾਲ ਦੇ ਤੌਰ 'ਤੇ, ਪ੍ਰੈਸ ਨੇ ਇਸ ਸੱਚਾਈ ਵੱਲ ਕੋਈ ਧਿਆਨ ਨਾ ਦਿੱਤਾ ਕਿ ਸੰਤ ਭਿੰਡਰਾਂਵਾਲੇ ਨੇ, ਪ੍ਰੋਫੈਸਰ ਵੀ.ਐਨ.ਤਿਵਾੜੀ ਦੇ ਕਤਲ ਦੀ ਸ਼ਰ੍ਹੇਆਮ ਨਿਖੇਧੀ ਕੀਤੀ ਸੀ । ਪ੍ਰੈਸ ਨੇ ਸਰਕਾਰ ਦੀ ਹਦਾਇਤ 'ਤੇ ਸਿੱਖਾਂ ਦੀ ਇਸ ਮੰਗ ਨੂੰ ਪੂਰੀ ਤਰ੍ਹਾਂ ਨਜ਼ਰ-ਅੰਦਾਜ਼ ਕਰ ਦਿੱਤਾ ਕਿ ਪੰਜਾਬ ਵਿੱਚ ਕਤਲਾਂ ਦੀ ਪੜਤਾਲ ਕਰਨ ਲਈ ਸੁਪਰੀਮ ਕੋਰਟ ਦਾ ਇੱਕ ਪੜਤਾਲੀਆ ਕਮਿਸ਼ਨ ਬਿਠਾਇਆ ਜਾਵੇ ।

ਇਸ ਤਰ੍ਹਾਂ ਫਿਰਕੂ ਜ਼ਹਿਰ ਫੈਲਾਉਣ ਦੀ ਇੱਕ ਹੋਰ ਮਿਸਾਲ, 2 ਨਵੰਬਰ 1984 ਦੇ 'ਦੀ ਟਾਈਮਜ਼ ਆਫ ਇੰਡੀਆ' ਵਿੱਚ ਛਪੇ ਇੱਕ ਲੇਖ ਵਿੱਚ ਦੇਖੀ ਜਾ ਸਕਦੀ ਹੈ : ''ਉਨ੍ਹਾਂ (ਸਿੱਖਾਂ) ਨੂੰ ਅਜਿਹੀ ਭੁੱਲ ਫਿਰ ਨਹੀਂ ਦੁਹਰਾਉਣੀ ਚਾਹੀਦੀ । ਸ੍ਰੀਮਤੀ ਗਾਂਧੀ ਦੇ ਕਤਲ ਨੇ ਹਿੰਦੁਸਤਾਨੀ ਜਜ਼ਬਿਆਂ ਨੂੰ ਬੁਰੀ ਤਰ੍ਹਾਂ ਭੜਕਾ ਦਿੱਤਾ ਹੈ । ਲੋਕਾਂ ਦੇ ਗੁੱਸੇ ਨੂੰ ਠੰਡਾ ਕਰਨਾ ਪਏਗਾ ਅਤੇ ਇਹ ਸਿਰਫ ਤਦ ਹੀ ਠੰਡਾ ਕੀਤਾ ਜਾ ਸਕਦਾ ਹੈ, ਜੇਕਰ ਸਿੱਖ

Digitized by Panjab Digital Library | www.panjabdigilib.org

ਦਲੀਲ ਅਤੇ ਦੇਸ਼ਭਗਤੀ ਦੀ ਅਪੀਲ ਸੁਣਨ ਨੂੰ ਤਿਆਰ ਹੋਣ ।''

ਜਲੰਧਰ ਦੇ ਪੰਜਾਬੀ ਅਤੇ ਹਿੰਦੀ ਪ੍ਰੈਸ ਨੇ ਖਾਸ ਹੀ ਕਮੀਨਾ ਰੋਲ ਅਦਾ ਕੀਤਾ ਹੈ । ਇਸ ਨੇ ਕਦੇ ਵੀ ਪੰਜਾਬੀਆਂ ਨੂੰ ਦਰਪੇਸ਼ ਮਸਲਿਆਂ ਬਾਰੇ ਸਹੀ ਰੀਪੋਰਟਿੰਗ ਨਹੀਂ ਕੀਤੀ । ਇਸ ਨੇ ਹਮੇਸ਼ਾਂ ਹੀ ਹਿੰਦੂਆਂ ਅਤੇ ਸਿੱਖਾਂ ਬਾਰੇ ਗੱਲ ਕੀਤੀ ਅਤੇ ਪੰਜਾਬ ਵਿੱਚ ਸਮੁੱਚੇ ਰਾਜ ਦਾ ਫਿਰਕੂਕਰਣ ਕਰਨ ਦੀ ਕੇਂਦਰੀ ਸਰਕਾਰ ਦੀ ਲਾਈਨ ਦੀ ਪੈਰਵੀ ਕੀਤੀ ।

ਇਸ ਤਰ੍ਹਾਂ, ਹਿੰਦੁਸਤਾਨੀ ਪ੍ਰੈਸ ਕੇਂਦਰੀ ਸਰਕਾਰ ਦੇ ਇਸ਼ਾਰਿਆਂ 'ਤੇ ਨੱਚਦੀ ਰਹੀ ਹੈ ਅਤੇ ਇਸ ਨੇ ਪੰਜਾਬ ਵਿੱਚ ਸਿੱਖਾਂ ਬਾਰੇ ਰੀਪੋਰਟਿੰਗ ਰਾਹੀਂ ਬਹੁਤ ਹੀ ਘਟੀਆ ਰੋਲ ਅਦਾ ਕੀਤਾ ਹੈ । ਸੁਤੰਤਰ ਅਤੇ ਨਿਰਪੱਖ ਰੀਪੋਰਟਿੰਗ ਕਰਨ ਅਤੇ ਸਰਕਾਰ ਦੀ ਨੁਕਤਾਚੀਨੀ ਕਰਨ ਦੀ ਬਜਾਇ, ਇਹ ਸਗੋਂ ਸਰਕਾਰ ਦੇ ਹੱਥਾਂ 'ਚ ਖੇਲਦੀ ਰਹੀ ਹੈ ।

ਓਪਰੇਸ਼ਨ ਬਲੈਕ ਥੰਡਰ ਦੌਰਾਨ, ਸਰਕਾਰ ਨੇ 100 ਪੱਤਰਕਾਰ ਅਤੇ ਟੀ.ਵੀ. ਅਮਲਾ, ਇਸ ਹਮਲੇ ਨੂੰ ਵਿਸਥਾਰ ਨਾਲ ਦੇਖਣ ਲਈ ਲਿਆਂਦੇ ਸਨ । ਇੱਕ ਵੱਡਾ ਤੰਬੂ ਲਾ ਕੇ ਕੁਰਸੀਆਂ ਡਾਹ ਦਿੱਤੀਆਂ ਗਈਆਂ ਤਾਂ ਜੋ ਉਨ੍ਹਾਂ ਨੂੰ ਵਧੀਆ ਤੋਂ ਵਧੀਆ ਲਾਹੇਵੰਦ ਥਾਂ ਮਿਲ ਸਕੇ । ਉਨ੍ਹਾਂ ਦੀ ਦੇਖਭਾਲ ਕਰਨ ਅਤੇ ਉਨ੍ਹਾਂ ਦੀਆਂ ਸਭ ਲੋੜਾਂ ਪੂਰੀਆਂ ਕਰਨ ਲਈ ਸਰਕਾਰ ਨੇ ਆਪਣੇ ਇੱਕ ਲੋਕ-ਸੰਪਰਕ ਅਧਿਕਾਰੀ ਦੀ ਜ਼ਿੰਮੇਵਾਰੀ ਲਾਈ ਹੋਈ ਸੀ, ਅਤੇ ਇਸ ਲਈ ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਇਨ੍ਹਾਂ ਸਭ ਨੇ ਹੀ ਇਸ ਵਹਿਸ਼ੀ ਕਰਤੂਤ ਦੀ ਹਮਾਇਤ ਕੀਤੀ ਅਤੇ ਇਸ ਦੀਆਂ ਸਿਫਤਾਂ ਕਰਨ ਵਿੱਚ ਇੱਕ ਦੂਜੇ ਤੋਂ ਮੂਹਰੇ ਹੋਣ ਲਈ ਇਨ੍ਹਾਂ ਵਿੱਚ ਦੌੜ ਲੱਗੀ ਹੋਈ ਸੀ । ਕਈ ਤਾਂ ਇਸ ਨੂੰ ਸੁਨਹਿਰੀ ਮੌਕਾ ਕਹਿਣ ਤੱਕ ਗਏ ।

ਹਿੰਦੁਸਤਾਨ ਵਿੱਚ ਤਾਜ਼ਾ ਇਤਿਹਾਸ ਨੂੰ, ਦੇਸ਼ ਵਿੱਚ ਢਾਹੇ ਗਏ ਜਬਰਾਂ ਅਤੇ ਜ਼ੁਲਮਾਂ ਦੇ ਨਜ਼ਰੀਏ ਤੋਂ ਦੇਖਿਆਂ, ਮਾਰਟਿਨ ਨੀਮੋਲਰ ਦੇ ਇਹ ਸ਼ਬਦ ਯਾਦ ਆਉਂਦੇ ਹਨ ਜੋ 1930ਵਿਆਂ ਦੀ ਜਰਮਨੀ ਦਾ ਵਰਨਣ ਕਰਦੇ ਹਨ :

''ਨਾਜ਼ੀ ਪਹਿਲਾਂ ਕਮਿਊਨਿਸਟਾਂ (ਨੂੰ ਮਾਰਨ) ਲਈ ਆਏ, ਅਤੇ ਮੈਂ ਆਵਾਜ਼ ਨਾ ਉਠਾਈ ਕਿਉਂਕਿ ਮੈਂ ਇੱਕ ਕਮਿਊਨਿਸਟ ਨਹੀਂ ਸਾਂ । ਦੁਬਾਰਾ ਉਹ ਯਹੂਦੀਆਂ ਲਈ ਆਏ ਅਤੇ ਮੈਂ ਆਵਾਜ਼ ਨਾ ਉਠਾਈ ਕਿਉਂਕਿ ਮੈਂ ਇੱਕ ਯਹੂਦੀ ਨਹੀਂ ਸਾਂ । ਫਿਰ ਉਹ ਟਰੇਡ-ਯੂਨੀਅਨਿਸਟਾਂ ਲਈ ਆਏ, ਅਤੇ ਮੈਂ ਚੁੱਪ ਰਿਹਾ, ਕਿਉਂਕਿ ਮੈਂ ਇੱਕ ਟਰੇਡ ਯੂਨੀਅਨਿਸਟ ਨਹੀਂ ਸਾਂ । ਫਿਰ ਉਹ ਕੈਥੋਲਿਕ ਮਤ ਵਾਲਿਆਂ ਲਈ ਆਏ, ਪਰ ਮੈਂ ਪਰੋਟੈਸਟੈਂਟ ਮਤ ਵਾਲਾ ਸਾਂ ਇਸ ਲਈ ਚੁੱਪ ਰਿਹਾ । ਫਿਰ ਉਹ ਮੇਰੇ ਲਈ ਆਏ, ਤਦ ਤੱਕ ਕਿਸੇ ਲਈ ਆਵਾਜ਼ ਉਠਾਉਣ ਵਾਲਾ ਕੋਈ ਵੀ ਬਚਿਆ ਹੀ ਨਹੀਂ ਸੀ ।''

Digitized by Panjab Digital Library | www.panjabdigilib.org

## ਭਾਗ ਪੰਜਵਾਂ

# ਜ਼ਾਲਮ ਅਤੇ ਮਜ਼ਲੂਮ ਇੱਕੋ ਜਿੰਨੇ ਦੋਸ਼ੀ ਨਹੀਂ ਹਨ

ਪਾੜੋ ਤੇ ਰਾਜ ਕਰੋ—ਇਤਿਹਾਸ ਵਿੱਚ ਇਸ ਨਾਅਰੇ ਹੇਠ ਹਿੰਦੁਸਤਾਨੀ ਲੋਕਾਂ ਨੂੰ ਲੁੱਟਿਆ ਅਤੇ ਦਬਾਇਆ ਜਾਂਦਾ ਰਿਹਾ ਹੈ, ਉਨ੍ਹਾਂ ਦੇ ਬੁਨਿਆਦੀ ਜਮਹੂਰੀ ਹੱਕਾਂ ਤੋਂ ਇਨਕਾਰ ਕੀਤਾ ਜਾਂਦਾ ਰਿਹਾ ਹੈ ਅਤੇ ਉਨ੍ਹਾਂ ਨੂੰ ਆਪਣੀ ਮਨੁੱਖੀ ਗੈਰਤ ਅਤੇ ਆਜ਼ਾਦੀ ਪ੍ਰਾਪਤ ਕਰਨ ਤੋਂ ਰੋਕਿਆ ਗਿਆ ਹੈ। ਅੰਗਰੇਜ਼ਾਂ ਲਈ ਇਹ ਰਣਨੀਤੀ ਸਿੱਧੀ-ਸਾਧੀ ਅਤੇ ਖੁੱਲ੍ਹੇ-ਆਮ ਵਰਤੀ ਜਾਣ ਵਾਲੀ ਨੀਤੀ ਸੀ। ਅੰਗਰੇਜ਼ ਲਿਖਾਰੀਆਂ, ਸਿਆਸਤਦਾਨਾਂ ਅਤੇ ਬਸਤੀਵਾਦੀ ਬੁਲਾਰਿਆਂ ਨੇ ਬਾਰ-ਬਾਰ ਅਤੇ ਖੁੱਲ੍ਹੇਆਮ ਕਿਹਾ ਕਿ ਉਨ੍ਹਾਂ ਦੇ ਰਾਜ ਨੂੰ ਸਥਾਈ ਬਣਾਉਣ ਦੀ ਇੱਕੋ-ਇੱਕ ਗਾਰੰਟੀ ਇਹ ਸੀ ਕਿ ਹਿੰਦੁਸਤਾਨੀ ਲੋਕਾਂ ਨੂੰ ਆਪਸ ਵਿੱਚ ਪਾੜ ਕੇ ਰੱਖਿਆ ਜਾਵੇ। ਅੰਗਰੇਜ਼ਾਂ ਨੇ ਇਸ ਨੀਤੀ ਨੂੰ ਹੋਰ ਵੀ ਵਧੇਰੇ ਵਹਿਸ਼ੀ ਢੰਗ ਨਾਲ ਲਾਗੂ ਕਰਨ ਦਾ ਮਤਾ 1857 ਵਿੱਚ ਪਕਾਇਆ ਸੀ, ਜਦ ਵੱਖ-ਵੱਖ ਧਰਮਾਂ, ਜਾਤਾਂ ਅਤੇ ਇਲਾਕਿਆਂ ਦੇ ਹਿੰਦੁਸਤਾਨੀ ਲੋਕ ਬਸਤੀਵਾਦੀ ਰਾਜ ਦਾ ਵਿਰੋਧ ਕਰਨ ਲਈ ਪਹਿਲੀ ਜੰਗੇ ਆਜ਼ਾਦੀ ਵਿੱਚ ਇੱਕ-ਮੁੱਠ ਹੋ ਗਏ ਸਨ। ਹਲੂਣੇ ਗਏ ਪਰ ਹਾਰ ਤੋਂ ਬਚ ਗਏ, ਬਸਤੀਵਾਦੀ ਹਾਕਮਾਂ ਨੇ ਫੌਜ ਵਿੱਚ ਧਾਰਮਿਕ ਵੰਡੀਆਂ ਅਤੇ ਨਫਰਤਾਂ ਨੂੰ ਪੱਕਾ ਕਰਨ, ਕਈ ਖੇਤਰਾਂ ਵਿੱਚ ਫਿਰਕੂ ਜਥੇਬੰਦੀਆਂ ਕਾਇਮ ਕਰਨ ਅਤੇ ਲੋਕਾਂ ਨੂੰ ਧਾਰਮਿਕ ਅਧਾਰ 'ਤੇ ਇੱਕ ਦੂਜੇ ਵਿਰੁੱਧ ਭੜਕਾਉਣ ਦੀ ਮੁਹਿੰਮ ਵਿੱਢ ਦਿੱਤੀ। ਅੰਗਰੇਜ਼ ਇਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਆਪਸ ਵਿੱਚ ਪਾਟੇ ਹੋਏ ਅਤੇ ਇੱਕ ਦੂਜੇ ਵਿਰੁੱਧ ਲੜ ਰਹੇ ਲੋਕ ਕਦੇ ਵੀ ਆਪਣੇ ਸਿਆਸੀ, ਆਰਥਿਕ ਅਤੇ ਸਮਾਜਿਕ ਹੱਕਾਂ ਲਈ ਅਸਰਦਾਰ ਢੰਗ ਨਾਲ ਸੰਘਰਸ਼ ਨਹੀਂ ਕਰ ਸਕਦੇ।

"ਪਾੜੋ ਤੇ ਰਾਜ ਕਰੋ" ਦੀ ਰਣਨੀਤੀ 1947 ਵਿੱਚ ਆਜ਼ਾਦੀ ਦੇ ਐਲਾਨ ਨਾਲ ਖਤਮ ਨਾ ਹੋਈ। ਇਹ ਦਿੱਲੀ ਦੇ ਮੌਜੂਦਾ ਹਾਕਮਾਂ ਨੂੰ ਵਿਰਸੇ ਵਿੱਚ ਦੇ ਦਿੱਤੀ ਗਈ, ਜਿਨ੍ਹਾਂ ਨੇ ਇਸ ਨੂੰ ਵਰਤਮਾਨ ਹਾਲਤਾਂ ਮੁਤਾਬਕ ਢਾਲ ਲਿਆ ਹੈ। ਜਿਵੇਂ ਮੈਂ ਇਸ ਕਿਤਾਬ ਵਿੱਚ ਦਿਖਾਉਣ ਦੀ ਕੋਸ਼ਿਸ਼ ਕੀਤੀ ਹੈ, ਕੇਂਦਰੀ ਸਰਕਾਰ ਪਿਛਲੇ 40 ਸਾਲਾਂ ਤੋਂ ਲਗਾਤਾਰ ਫਿਰਕੂ ਅਧਾਰ 'ਤੇ ਪਾੜੇ ਪਾਉਣ ਦੀ ਨੀਤੀ ਉੱਤੇ ਚਲਦੀ ਆ ਰਹੀ ਹੈ। ਜਿਸ ਢੰਗ ਨਾਲ ਅੰਗਰੇਜ਼ਾਂ ਨੇ ਇਸ ਨੀਤੀ ਨੂੰ ਵਰਤਿਆ ਸੀ ਅਤੇ ਜਿਸ ਢੰਗ ਨਾਲ ਮੌਜੂਦਾ ਹਾਕਮ ਇਸ ਨੂੰ ਵਰਤ ਰਹੇ ਹਨ, ਇਨ੍ਹਾਂ ਦੋਨਾਂ ਵਿਚਾਲੇ ਇਤਿਹਾਸਕ ਤੁਲਨਾ ਬੜੀ ਹੀ ਦਿਲਚਸਪ ਹੈ। ਮਿਸਾਲ ਵਜੋਂ, ਅੰਗਰੇਜ਼ਾਂ ਨੇ ਇਲਜ਼ਾਮ ਲਾਇਆ ਕਿ ਮੁਸਲਮਾਨ ਹੀ ਪਹਿਲੀ ਜੰਗੇ-ਆਜ਼ਾਦੀ ਲਈ ਕਸੂਰਵਾਰ ਹਨ ਅਤੇ ਉਨ੍ਹਾਂ ਨੇ ਪ੍ਰਚਾਰ ਕੀਤਾ ਕਿ ਪੰਜਾਬੀ ਅਤੇ ਖਾਸ ਕਰ ਸਿੱਖ ਅੰਗਰੇਜ਼ਾਂ ਦੇ ਵਫਾਦਾਰ ਬਣੇ ਰਹੇ ਸਨ। ਇਤਿਹਾਸ ਨੂੰ ਇਸ ਤਰ੍ਹਾਂ ਝੁਠਲਾ ਕੇ ਮੁਸਲਮਾਨ ਵਸੋਂ ਦਾ ਵੱਡੇ ਪੈਮਾਨੇ ਤੇ ਕਤਲੇਆਮ ਕਰਵਾਇਆ ਗਿਆ ਸੀ ਅਤੇ ਹੋਰ ਵਧੇਰੇ ਫਿਰਕੂ ਪਾੜੇ ਪਾਉਣ

Digitized by Panjab Digital Library | www.panjabdigilib.org

ਅਤੇ ਕਤਲ ਕਰਵਾਉਣ ਦੇ ਯਤਨ ਕੀਤੇ ਗਏ ਸਨ । ਅੱਜ, ਕੇਂਦਰੀ ਸਰਕਾਰ ਸਿੱਖਾਂ ਨੂੰ ਪੁਆੜੇ ਦੀ ਜੜ੍ਹ ਕਹਿੰਦੀ ਹੈ । ਉਨ੍ਹਾਂ ਨੂੰ ਮੁਜਰਿਮ ਅਤੇ ਦਹਿਸ਼ਤਗਰਦ ਹੋਣ ਦਾ ਇਲਜ਼ਾਮ ਦਿੰਦੀ ਹੈ ਅਤੇ ਇਸ ਅਧਾਰ ਤੇ ਫਿਰਕੂ ਨਫਰਤਾਂ ਭੜਕਾਉਣ ਦੇ ਯਤਨ ਕਰਦੀ ਹੈ । ਪਰ ਅਸਲੀਅਤ ਇਹ ਹੈ ਕਿ ਸਭਨਾਂ ਹੀ ਧਰਮਾਂ, ਜਾਤਾਂ ਅਤੇ ਇਲਾਕਿਆਂ ਦੇ ਲੋਕ ਆਪਣੀ ਆਜ਼ਾਦੀ ਅਤੇ ਹੱਕਾਂ ਲਈ ਲੜ ਰਹੇ ਹਨ, ਜਿਵੇਂ ਉਹ ਪਹਿਲੀ ਜੰਗੇ-ਆਜ਼ਾਦੀ ਵਿੱਚ ਵੀ ਲੜੇ ਸਨ ।

''ਪਾੜੋ ਤੇ ਰਾਜ ਕਰੋ'' ਦੀ ਇਸ ਰਣਨੀਤੀ ਦੇ ਪ੍ਰਸੰਗ ਵਿੱਚ ਇੱਕ ਪੁਰਾਣੀ ਧਾਰਣਾ, ਜੋ ਇੱਕ ਨਵੇਂ ਰੂਪ ਵਿੱਚ ਸਾਹਮਣੇ ਆਈ ਹੈ, ਉਹ ਹੈ ''ਦੋ ਤਰਫੀ ਜ਼ਿੰਮੇਵਾਰੀ'' ਦੀ ਧਾਰਣਾ, ਜਿਸ ਦਾ ਅਰਥ ਹੈ ਕਿ ਜ਼ਾਲਮਾਂ ਅਤੇ ਮਜ਼ਲੂਮਾਂ ਦਾ ਇੱਕੋ-ਜਿੰਨਾ ਦੋਸ਼ ਹੈ । ਇਹ ਧਾਰਣਾ ਉਨ੍ਹਾਂ ਵੱਲੋਂ ਪੇਸ਼ ਕੀਤੀ ਜਾ ਰਹੀ ਹੈ ਜੋ ਆਪਣੇ-ਆਪ ਨੂੰ ਸਰਕਾਰ ਦੀ ਹਕੂਮਤੀ ਦਹਿਸ਼ਤਗਰਦੀ ਅਤੇ ਜਬਰ ਦੀ ਰਣਨੀਤੀ ਦੇ ਵਿਰੋਧੀ ਅਖਵਾਉਂਦੇ ਹਨ, ਜਿਹੜੇ ਆਪਣੇ ਆਪ ਨੂੰ ਲੋਕਾਂ ਦੇ ਅਧਿਕਾਰਾਂ ਦੇ ਪਹਿਰੇਦਾਰ ਦੱਸਦੇ ਹਨ । ਪਰ ਇਹ ਇੱਕ ਅਜਿਹੀ ਧਾਰਣਾ ਹੈ ਜੋ ਹਾਲਤ ਨੂੰ ਜਿਉਂ-ਦੀ-ਤਿਉਂ ਬਣਾਈ ਰੱਖਣ ਦਾ ਪੱਖ ਪੂਰਦੀ ਹੈ ਅਤੇ ਲੋਕਾਂ ਵਿਰੁੱਧ ਹੋਰ ਵੀ ਵੱਡੇ ਜਾਬਰ ਕਾਨੂੰਨਾਂ ਦੀ ਮੰਗ ਕਰਦੀ ਹੈ । ਇਹ ਇੱਕ ਐਸਾ ਸਿਧਾਂਤ ਹੈ ਜੋ ਲੋਕਾਂ ਨੂੰ ਇੱਕ ਬੇ-ਅਸੂਲੇ ਆਧਾਰ 'ਤੇ ਅੱਡੋ-ਫਾੜ ਕਰਨਾ ਚਾਹੁੰਦਾ ਹੈ ਅਤੇ ਜਿਹੜਾ ਇਸ ਮਸਲੇ ਤੋਂ ਧਿਆਨ ਪਰ੍ਹੇ ਕਰਨਾ ਚਾਹੁੰਦਾ ਹੈ ਕਿ ਦੁਸ਼ਮਣ ਕੌਣ ਹੈ ਅਤੇ ਹਾਲਤ ਨੂੰ ਸੁਧਾਰਨ ਲਈ ਕੀ ਕੀਤਾ ਜਾਣਾ ਚਾਹੀਦਾ ਹੈ ।

''ਦੋ ਤਰਫੀ ਜ਼ਿੰਮੇਵਾਰੀ'' ਦਾ ਵਿਚਾਰ ਕੋਈ ਨਵਾਂ ਵਿਚਾਰ ਨਹੀਂ ਹੈ । ਇਹ ਬਹੁਤ ਮੌਕਿਆਂ 'ਤੇ ਜਾਬਰ ਹਕੂਮਤਾਂ ਦੀਆਂ ਕਰਤੂਤਾਂ ਦੇ ਪੱਖ ਵਿੱਚ ਸਫਾਈ ਪੇਸ਼ ਕਰਨ ਲਈ ਵਰਤਿਆ ਜਾਂਦਾ ਰਿਹਾ ਹੈ । ਇਸ ਬਹਾਨੇ ਹੇਠ ਕਿ ਦੱਬੇ-ਕੁਚਲੇ ਲੋਕ ਜਵਾਬੀ ਕਾਰਵਾਈ ਸਹੀ ਢੰਗ ਨਾਲ ਨਹੀਂ ਕਰ ਰਹੇ ਜਾਂ ਦਮਨ ਦਾ ਵਿਰੋਧ ਕਰਨ ਲਈ ਇੱਕ ਸਹੀ ਰਣਨੀਤੀ ਉੱਤੇ ਨਹੀਂ ਚੱਲ ਰਹੇ, ਹਰ ਕਿਸਮ ਦੇ ਵਹਿਸ਼ੀ ਜਬਰ ਦੀ ਸਫਾਈ ਪੇਸ਼ ਕੀਤੀ ਜਾਂਦੀ ਹੈ । ਗੁਲਾਮਾਂ ਅਤੇ ਗੁਲਾਮਕਰੂਆਂ ਨੂੰ ਇੱਕੋ ਰੱਸੇ ਬੰਨ੍ਹ ਦਿੱਤਾ ਜਾਂਦਾ ਹੈ । ਬੇਅਸੂਲ ਨਸੀਹਤਾਂ ਨੂੰ ਅਸੂਲ ਦੇ ਮਾਮਲਿਆਂ ਉੱਤੇ ਪਹਿਲ ਦਿੱਤੀ ਜਾਂਦੀ ਹੈ । ਇਸ ਦਾ ਨਤੀਜਾ, ਜਿਵੇਂ ਕਿ ਇਤਿਹਾਸ ਨੇ ਦਿਖਾਇਆ ਹੈ, ਇੱਕੋ ਨਿਕਲਦਾ ਹੈ ਅਤੇ ਉਹ ਹੁੰਦਾ ਹੈ ਦੱਬੇ ਕੁਚਲੇ ਲੋਕਾਂ ਲਈ ਆਫਤ । 1921 ਵਿੱਚ ਜਦ ਬਰਤਾਨਵੀ ਬਸਤੀਵਾਦੀਆਂ ਵਿਰੁੱਧ ਇੱਕ ਵਿਸ਼ਾਲ ਜਨਤਕ ਉਭਾਰ ਉੱਠਿਆ ਸੀ ਤਾਂ ਉਸ ਵਕਤ ਵੀ ਇਹੀ ਕੁੱਝ ਹੋਇਆ । ਲੋਕਾਂ ਨੇ ਬਸਤੀਵਾਦੀ ਰਾਜ ਦਾ ਵਿਰੋਧ ਕਰਨ ਅਤੇ ਆਪਣੀ ਆਜ਼ਾਦੀ ਖਾਤਰ ਸੰਘਰਸ਼ ਕਰਨ ਲਈ ਵੱਡੀ ਗਿਣਤੀ ਵਿੱਚ ਮੁਜ਼ਾਹਰੇ, ਰੈਲੀਆਂ ਅਤੇ ਹੋਰ ਐਕਸ਼ਨ ਕੀਤੇ । ਅੰਗਰੇਜ਼ਾਂ ਨੇ ਇਸ ਉਭਾਰ ਨੂੰ ਕਾਬੂ ਕਰਨ ਲਈ ਬੇਹੱਦ ਜਾਬਰ ਢੰਗ ਵਰਤੇ । ਚੌਰਾ-ਚੌਰੀ ਵਿੱਚ ਪੁਲਸ ਨੇ ਮੁਜ਼ਾਹਰਾਕਾਰੀਆਂ ਉੱਤੇ ਵਹਿਸ਼ੀਆਨਾ ਹਮਲਾ ਕੀਤਾ । ਲੋਕਾਂ ਨੇ ਇਸ ਦਾ ਡੱਟ ਕੇ ਮੁਕਾਬਲਾ ਕੀਤਾ, ਪੁਲਸ ਨੂੰ ਮੂਹਰੇ ਲਾ ਕੇ ਪੁਲਸ ਸਟੇਸ਼ਨ ਵੱਲ ਭਜਾਇਆ ਗਿਆ ਅਤੇ ਪੁਲਸ ਸਟੇਸ਼ਨ ਸਾੜ ਕੇ ਸੁਆਹ ਕਰ ਦਿੱਤਾ । ਇਨ੍ਹਾਂ ਹਾਲਤਾਂ ਵਿੱਚ ਲੋਕਾਂ ਨੂੰ ਮੋਰਚਾ ਵਾਪਸ ਲੈਣ ਦਾ ਸੱਦਾ ਦਿੱਤਾ ਗਿਆ ਕਿਉਂਕਿ ਉਨ੍ਹਾਂ ਨੇ ਸਮਝਦਾਰੀ ਤੋਂ ਕੰਮ ਨਹੀਂ ਸੀ ਲਿਆ । ਅਜਿਹੇ ਸੱਦੇ ਦੇਣ ਵਾਲੇ ਲੋਕਾਂ ਨੇ ਕਿਹਾ ਕਿ ਨਾ ਪੁਲਸ ਦੀ ਕਾਰਵਾਈ ਅਤੇ ਨਾ ਹੀ ਲੋਕਾਂ ਦੀ ਜਵਾਬੀ ਕਾਰਵਾਈ

Digitized by Panjab Digital Library | www.panjabdigilib.org

ਦਰੁੱਸਤ ਸੀ । ਕੁੱਲ ਮਿਲਾ ਕੇ ਨਤੀਜਾ ਅਤੇ ਸੱਦਾ ਐਜੀਟੇਸ਼ਨ ਨੂੰ ਖ਼ਤਮ ਕਰਨ ਦਾ ਸੀ ਜੋ ਕਿ ਪੁਲਸ ਅਤੇ ਸਰਕਾਰ ਪਹਿਲਾਂ ਹੀ ਚਾਹੁੰਦੀ ਸੀ । ਇਹ ਇੱਕ ਸਪੱਸ਼ਟ ਮਿਸਾਲ ਸੀ ਕਿ ਕਿਵੇਂ ਜ਼ਾਲਮ, ਅਤੇ ਖੁਦ ਨੂੰ ਲੋਕਾਂ ਦੇ ਹਮਾਇਤੀ ਦੱਸਣ ਵਾਲੇ-ਇੱਕ ਅਮਨ ਕਾਨੂੰਨ ਦੇ ਫੱਟੇ ਹੇਠ ਅਤੇ ਦੂਸਰੇ ਦੋਹਰੀ ਜ਼ਿੰਮੇਵਾਰੀ ਦੇ ਸਿਧਾਂਤ ਦੇ ਫੱਟੇ ਹੇਠ-ਲੋਕਾਂ ਦੇ ਹੱਕਾਂ ਨੂੰ ਕੁਚਲਣ ਲਈ ਆਪਸ ਵਿੱਚ ਰਲੇ ਹੋਏ ਸਨ ।

ਇਸ ਦਲੀਲ ਦੀ ਆੜ ਵਿੱਚ, 1919 ਦਾ ਜਲ੍ਹਿਆਂ ਵਾਲੇ ਬਾਗ ਦਾ ਕਤਲੇਆਮ ਵੀ ਜਾਇਜ਼ ਕਿਹਾ ਗਿਆ, ਕਿਉਂਕਿ ਲੋਕਾਂ ਨੇ ਕਥਿਤ ਤੌਰ ਤੇ ਸਮਝਦਾਰੀ ਤੋਂ ਕੰਮ ਨਹੀਂ ਸੀ ਲਿਆ । ਪਰ ਜਿਹੜੇ ਸ਼ਖ਼ਸ ਲੋਕਾਂ ਤੋਂ ਏਨੇ ਸਖ਼ਤ ਅਤੇ ਸਹੀ ਵਤੀਰੇ ਦੀ ਮੰਗ ਕਰਦੇ ਹਨ, ਉਹ ਇਸ ਬਹਾਨੇ ਨੂੰ ਲੋਕਾਂ ਦਾ ਧਿਆਨ ਦੁਸ਼ਮਣ ਨੂੰ ਪਛਾਨਣ ਤੋਂ ਹਟਾਉਣ ਨੂੰ, ਉਨ੍ਹਾਂ ਨੂੰ ਵੰਡੀਆਂ ਅਤੇ ਖੁਦ ਨੂੰ ਦੋਸ਼ ਦੇਣ ਦੇ ਦਲ-ਦਲ ਵਿੱਚ ਫਸਾਉਣ ਨੂੰ ਤਿਆਰ ਹਨ, ਜਿਸ ਨਾਲ ਇਹ ਯਕੀਨੀ ਹੋ ਜਾਵੇਗਾ ਕਿ ਉਹ ਆਪਸ ਵਿੱਚ ਪਾਟੇ ਰਹਿਣ ਅਤੇ ਦਮਨ ਦੀਆਂ ਜ਼ੰਜੀਰਾਂ ਨੂੰ ਤੋੜਨ ਦੇ ਕਾਬਿਲ ਨਾ ਬਣ ਸਕਣ ।

ਅੱਜ ਕੇਂਦਰੀ ਸਰਕਾਰ ਇਹ ਦਲੀਲ ਪੇਸ਼ ਕਰਦੀ ਹੈ ਕਿ ਇਹ ਤਾਂ ਸਿਰਫ ਲੋਕਾਂ ਨੂੰ ਦਹਿਸ਼ਤਵਾਦੀ ਹਮਲਿਆਂ ਤੋਂ ਬਚਾ ਰਹੀ ਹੈ ਅਤੇ ਅਮਨ-ਕਾਨੂੰਨ ਕਾਇਮ ਰੱਖ ਰਹੀ ਹੈ । ਇਸ ਬਹਾਨੇ ਹੇਠ ਇਹ ਹੋਰ ਵਧੇਰੇ ਜਾਬਰ ਕਾਨੂੰਨ ਪਾਸ ਕਰਦੀ ਹੈ, ਹਿੰਦੁਸਤਾਨੀ ਲੋਕਾਂ ਦੇ ਬੁਨਿਆਦੀ ਮਨੁੱਖੀ ਅਧਿਕਾਰਾਂ ਉੱਤੇ ਰੋਕਾਂ ਲਾਉਂਦੀ ਹੈ ਅਤੇ ਇਨ੍ਹਾਂ (ਹੱਕਾਂ) ਨੂੰ ਖ਼ਤਮ ਕਰਦੀ ਹੈ, ਫਿਰਕੂ ਪਾੜਿਆਂ ਅਤੇ ਨਫ਼ਰਤ ਨੂੰ ਹਵਾ ਦਿੰਦੀ ਹੈ, ਹਕੂਮਤੀ ਦਹਿਸ਼ਤਗਰਦੀ ਅਤੇ ਹਮਲੇ, ਆਦਿ ਦੀਆਂ ਕਾਰਵਾਈਆਂ ਕਰਦੀ ਹੈ । ਇਸ ਹਾਲਤ ਨੇ ਹਿੰਦੁਸਤਾਨ ਵਿੱਚ ਇੱਕ ਬਹੁਤ ਹੀ ਗੁੰਝਲਦਾਰ ਅਤੇ ਤਣਾਓ-ਭਰਿਆ ਮਾਹੌਲ, ਇੱਕ ਐਸਾ ਮਾਹੌਲ ਪੈਦਾ ਕਰ ਦਿੱਤਾ ਹੈ, ਜੋ ਪੂਰੇ ਦੇਸ਼ ਦੇ ਲੋਕਾਂ ਲਈ ਵੱਡਾ ਖਤਰਾ ਬਣਿਆਂ ਹੋਇਆ ਹੈ । ਇਸ ਨੇ ਇੱਕ ਐਸੀ ਸਥਿਤੀ ਪੈਦਾ ਕਰ ਦਿੱਤੀ ਹੈ ਜਿੱਥੇ ਪ੍ਰੈਸ ਲਗਾਤਾਰ ਵਿਅਕਤੀਗਤ ਦਹਿਸ਼ਤਗਰਦੀ ਦੀਆਂ, ਅਕਸਰ ਭੇਦ-ਭਰੇ ਅਤੇ ਅਣਜਾਣੇ ਹਾਲਤਾਂ ਵਿੱਚ ਵਾਪਰਦੀਆਂ ਘਟਨਾਵਾਂ ਦੀਆਂ ਰਿਪੋਰਟਾਂ ਛਾਪਦੀ ਹੈ, ਜਿੱਥੇ ਤਕਰੀਬਨ ਰੋਜ਼ਾਨਾ ਹੀ ਪੁਲਸ ਅਤੇ ਸ਼ੱਕੀ ਦਹਿਸ਼ਤਗਰਦਾਂ ਵਿਚਾਲੇ "ਮੁਕਾਬਲਿਆਂ" ਦੀਆਂ ਖ਼ਬਰਾਂ ਮਿਲਦੀਆਂ ਹਨ, ਜਿਨ੍ਹਾਂ ਦਾ ਨਤੀਜਾ ਜੇਲ੍ਹਾਂ ਜਾਂ ਮੌਤਾਂ ਵਿੱਚ ਨਿਕਲਦਾ ਹੈ । ਇਹ ਇੱਕ ਅਜਿਹੀ ਸਥਿਤੀ ਹੈ ਜਿੱਥੇ ਪੁਲਸ ਨੂੰ ਹਰਿਮੰਦਰ ਸਾਹਿਬ ਅੰਦਰੋਂ ਕਰਤੂਤਾਂ ਕਰਨ ਲਈ ਹਥਿਆਰਬੰਦ ਕਾਤਲਾਂ ਦੇ ਗਰੋਹ ਬਣਾਉਂਦਿਆਂ ਦੇਖਿਆ ਗਿਆ ਹੈ । ਜਿੱਥੇ ਆਪਣੇ-ਆਪ ਨੂੰ "ਦਹਿਸ਼ਤਗਰਦਾਂ ਵਿਰੁੱਧ ਲੜਨ ਵਾਲੇ" ਦੱਸਦੇ ਗੁੰਡੇ ਅਤੇ ਮੁਜਰਮ ਫੜ੍ਹਾਂ ਮਾਰਦੇ ਹਨ ਕਿ ਕਿਵੇਂ ਉਨ੍ਹਾਂ ਨੂੰ ਪੁਲਸ ਹਥਿਆਰ ਅਤੇ ਹੋਰ ਇਮਦਾਦ ਦਿੰਦੀ ਹੈ, ਕਿ ਕਿਵੇਂ ਉਨ੍ਹਾਂ ਨੂੰ ਹਿੰਦੁਸਤਾਨ ਦੇ ਪ੍ਰਧਾਨ ਮੰਤਰੀ ਅਤੇ ਪੰਜਾਬ ਸਰਕਾਰ ਦੇ ਸਲਾਹਕਾਰ ਦੀ ਅਸ਼ੀਰਵਾਦ ਹਾਸਲ ਹੈ ।

ਵਿਅਕਤੀਗਤ ਦਹਿਸ਼ਤਗਰਦੀ ਦੀਆਂ ਕਾਰਵਾਈਆਂ, ਜਿਨ੍ਹਾਂ ਤੋਂ ਬਾਅਦ ਅਕਸਰ ਹੀ ਹੋਰ ਵਧੇਰੇ ਹਕੂਮਤੀ ਜਬਰ ਢਾਹਿਆ ਜਾਂਦਾ ਹੈ, ਏਨੀਆਂ ਸੰਦੇਹ ਪੂਰਨ ਹਨ ਅਤੇ ਇਨ੍ਹਾਂ ਪਿੱਛੇ ਕੇਂਦਰੀ ਸਰਕਾਰ ਦਾ ਹੱਥ ਹੋਣ ਦੀ ਛਾਪ ਏਨੀ ਗੂੜ੍ਹੀ ਹੈ ਕਿ ਕੋਈ ਵੀ ਦਿਆਨਤਦਾਰ ਬੰਦਾ ਇਹ ਪੁੱਛਣੋਂ ਨਹੀਂ ਰਹਿ ਸਕਦਾ ਕਿ ਆਖ਼ਰ ਇਹ ਸਭ ਕਾਰਵਾਈਆਂ ਕੌਣ ਕਰ ਰਿਹਾ ਹੈ । ਇਹ ਰਾਜ ਖੁਦ ਹੀ ਹੈ ਜੋ ਇਨ੍ਹਾਂ ਅਖੌਤੀ ਵਿਅਕਤੀਗਤ ਦਹਿਸ਼ਤ ਦੀਆਂ ਕਾਰਵਾਈਆਂ

Digitized by Panjab Digital Library | www.panjabdigilib.org

ਵਿੱਚੋਂ ਜ਼ਿਆਦਾਤਰ ਨੂੰ ਜਥੇਬੰਦ ਕਰਦਾ ਅਤੇ ਸ਼ਹਿ ਦਿੰਦਾ ਹੈ, ਅਤੇ ਫਿਰ ਇਨ੍ਹਾਂ ਨੂੰ ਹਕੂਮਤੀ ਜਬਰ ਵਧਾਉਣ ਲਈ ਇੱਕ ਬਹਾਨੇ ਦੇ ਤੌਰ 'ਤੇ ਵਰਤਦਾ ਹੈ । ਇਸ ਹਾਲਤ ਵਿੱਚ, ਜਿਵੇਂ ਮੈਂ ਦੱਸਿਆ ਹੈ, ਕੁੱਝ ਅਜਿਹੇ ਬੰਦੇ ਹੋ ਸਕਦੇ ਹਨ, ਜਿਨ੍ਹਾਂ ਨੇ ਬੌਖਲਾਹਟ ਵਿੱਚ ਅਤੇ ਮੁੱਖ ਤੌਰ 'ਤੇ ਬਦਲੇ ਦੀ ਭਾਵਨਾ ਨਾਲ ਕੁੱਝ ਅਜਿਹੀਆਂ ਕਾਰਵਾਈਆਂ ਕੀਤੀਆਂ ਹੋਣ । ਪਰ ਇਸ ਨੂੰ ਕਿਸੇ ਵੀ ਤਰ੍ਹਾਂ ਕੇਂਦਰੀ ਸਰਕਾਰ ਦੀਆਂ ਕਾਲੀਆਂ ਕਰਤੂਤਾਂ ਦੀ ਸਫਾਈ ਪੇਸ਼ ਕਰਨ ਲਈ ਨਹੀਂ ਵਰਤਿਆ ਜਾ ਸਕਦਾ । ਜਿਹੜੇ ਸ਼ਖ਼ਸ, ਲੋਕਾਂ ਦੇ ਹਿੱਤਾਂ ਦੀ ਰਖਵਾਲੀ ਕਰਨ ਦੇ ਬਹਾਨੇ ਹੇਠ ਅਜਿਹਾ ਕਰਦੇ ਹਨ, ਉਹ ਇੱਕ ਬਹੁਤ ਵੱਡਾ ਧੋਖਾ ਕਰ ਰਹੇ ਹਨ ।

ਉਨ੍ਹਾਂ ਬੰਦਿਆਂ ਦੇ ਇਰਾਦਿਆਂ 'ਤੇ ਵਾਕਈ ਸ਼ੱਕ ਹੁੰਦੀ ਹੈ, ਜਿਹੜੇ ਸਰਕਾਰ ਨੂੰ, ਫਿਰਕੂ ਦਹਿਸ਼ਤਗਰਦਾਂ ਵਿਰੁੱਧ ਲੜਨ ਵਿੱਚ "ਹੌਸਲੇ ਅਤੇ ਇਮਾਨਦਾਰੀ" ਤੋਂ ਕੰਮ ਲੈਣ ਦੀਆਂ ਤਾਕੀਦਾਂ ਕਰਦੇ ਹਨ । ਉਨ੍ਹਾਂ ਸਿਆਸੀ ਤਾਕਤਾਂ ਦੇ ਕੀ ਇਰਾਦੇ ਹਨ, ਜਿਹੜੀਆਂ ਖੁਦ ਨੂੰ ਸਮਾਜਵਾਦ ਅਤੇ ਕਮਿਊਨਿਜ਼ਮ ਦੀਆਂ ਹਮਾਇਤੀ ਤਾਂ ਦੱਸਦੀਆਂ ਹਨ, ਪਰ ਦਹਿਸ਼ਤ ਅਤੇ ਹਿੰਸਾ ਦੇ ਜਨਮ-ਦਾਤਿਆਂ ਨੂੰ ਹੀ ਹਿੰਦੁਸਤਾਨ ਵਿਚੋਂ ਦਹਿਸ਼ਤ ਅਤੇ ਹਿੰਸਾ ਦਾ ਤੁਖਮ ਮਿਟਾਉਣ ਦੇ ਹੋਕੇ ਦਿੰਦੀਆਂ ਹਨ ? ਉਨ੍ਹਾਂ ਬੰਦਿਆਂ ਦੇ ਇਰਾਦਿਆਂ ਬਾਰੇ ਕੀ ਕਿਹਾ ਜਾ ਸਕਦਾ ਹੈ ਜਿਹੜੇ ਕੇਂਦਰੀ ਸਰਕਾਰ ਦੇ ਵਿਰੋਧੀ ਹੋਣ ਦਾ ਸਾਂਗ ਤਾਂ ਕਰਦੇ ਹਨ, ਪਰ ਨਾਲ ਹੀ ਓਪਰੇਸ਼ਨ ਬਲੈਕ ਥੰਡਰ ਨੂੰ ਪੰਜਾਬ ਵਿਚ ਦਹਿਸ਼ਤਵਾਦ ਵਿਰੁਧ ਇਕ ਵਧੀਆ ਕਦਮ ਕਹਿ ਕੇ ਇਹਦੀਆਂ ਸਿਫਤਾਂ ਕਰਦੇ ਹਨ ? ਕੀ ਇਹ ਦੋ ਤਰਫ਼ੀ ਜ਼ਿਮੇਵਾਰੀ ਦੇ ਸਿਧਾਂਤ ਦੇ ਵਕੀਲ, ਪੰਜਾਬ ਅਤੇ ਹਿੰਦੁਸਤਾਨ ਦੇ ਲੋਕਾਂ ਦੇ ਹਿਤਾਂ ਦੀ ਰਾਖੀ ਕਰ ਰਹੇ ਹਨ, ਜਾਂ ਕੀ ਉਹ ਲੋਕਾਂ ਵਿਚ ਹੋਰ ਵਧੇਰੇ ਵੰਡੀਆਂ ਪਾ ਰਹੇ ਹਨ ? ਹਿੰਦੁਸਤਾਨ ਦਾ ਅਤੇ ਪੂਰੀ ਦੁਨੀਆਂ ਦਾ ਇਤਿਹਾਸ ਦਿਖਉਂਦਾ ਹੈ ਕਿ ਅਜਿਹੇ ਸਿਧਾਂਤ ਜਾਬਰ ਹਕੂਮਤਾਂ ਦੇ ਉਦੇਸ਼ਾਂ ਅਤੇ ਨਿਸ਼ਾਨਿਆਂ ਨਾਲ ਪੂਰੀ ਤਰ੍ਹਾਂ ਮੇਲ ਖਾਦੇ ਹਨ, ਉਨ੍ਹਾਂ ਦੀ ਸੇਵਾ ਕਰਦੇ ਹਨ। ਖੁਦ ਲੋਕਾਂ ਨੂੰ ਹੀ ਜਾਂ ਲੋਕਾਂ ਦੇ ਕਿਸੇ ਇਕ ਤਬਕੇ ਨੂੰ ਉਨ੍ਹਾਂ ਦੇ ਆਪਣੇ ਹੀ ਦਮਨ ਵਿਚ ਭਾਗੀ ਹੋਣ ਦਾ ਦੋਸ਼ ਦੇਣਾ ਵੱਧ ਤੋਂ ਵੱਧ ਇਕ ਬੇਸਮਝੀ ਹੋ ਸਕਦੀ ਹੈ, ਪਰ ਇਹ ਇਕ ਐਸੀ ਧਾਰਣਾ ਹੈ, ਜੋ ਲੋਕਾਂ ਦੇ ਹਿਤਾਂ ਨੂੰ ਅੱਗੇ ਵਧਾਉਣ ਦਾ ਰਾਹ ਰੋਕ ਖੜ੍ਹੀ ਹੁੰਦੀ ਹੈ ।

ਮੈਂ ਕਨੇਡਾ ਵਿਚ ਅਤੇ ਹੋਰ ਥਾਵਾਂ 'ਤੇ ਮਾਰਕਸਵਾਦੀਆਂ-ਲੈਨਿਨਵਾਦੀਆਂ ਨਾਲ ਵਿਸਥਾਰ ਪੂਰਬਕ ਗੱਲਾਂ ਕੀਤੀਆਂ ਹਨ, ਪਰ ਉਨ੍ਹਾਂ 'ਚੋਂ ਕੋਈ ਵੀ ਹਕੂਮਤੀ ਦਹਿਸ਼ਤਗਰਦੀ ਅਤੇ ਵਿਅੱਕਤੀਗਤ ਦਹਿਸ਼ਤਗਰਦੀ ਦੀ ਹਮਾਇਤ ਨਹੀਂ ਕਰਦਾ। ਉਨ੍ਹਾਂ ਨੇ ਹਜ਼ਾਰਾ ਹੀ ਮਾਰਕਸਵਾਦੀਆਂ-ਲੈਨਿਨਵਾਦੀਆਂ (ਜਿਨ੍ਹਾਂ ਨੂੰ ਆਮ ਤੌਰ ਤੇ ਨਕਸਲਬਾੜੀਏ ਕਿਹਾ ਜਾਂਦਾ ਸੀ) ਬਾਰੇ ਗੱਲ ਕੀਤੀ, ਜਿਨ੍ਹਾਂ ਨੂੰ ਉਸ ਵਕਤ ਕਤਲ ਕਰ ਦਿਤਾ ਗਿਆ ਜਾਂ ਜੇਲ੍ਹਾਂ ਦੀਆਂ ਕਾਲ-ਕੋਠੜੀਆਂ ਵਿਚ ਡੱਕ ਦਿਤਾ ਗਿਆ ਸੀ , ਜਦ ਉਹ ਲੋਕ-ਜਮਹੂਰੀ ਇਨਕਲਾਬ ਲਿਆਉਣ ਲਈ ਉਠੇ ਸਨ। ਦੂਜੇ ਪਾਸੇ, ਪੰਜਾਬ ਦੇ ਇਹ ਮੌਜੂਦਾ ਮਾਓਵਾਦੀਏ ਹਨ- ਜੋ ਅੱਜ ਸਿੱਖ ਅੱਤਵਾਦੀਆਂ ਵਿਰੁਧ ਗੋਲੀਆਂ ਚਲਾਉਣ ਲਈ ਤਾਂ ਰੱਸੇ ਤੁੜਾਉਦੇ ਫਿਰਦੇ ਹਨ –ਜਿਨ੍ਹਾਂ ਨੇ ਉਸ ਵਕਤ ਲੋਕ-ਜਮਹੂਰੀ ਇਨਕਲਾਬ ਲਈ ਹਥਿਆਰਬੰਦ ਸੰਘਰਸ਼ ਦਾ ਪੂਰੇ ਜ਼ੋਰ ਨਾਲ ਵਿਰੋਧ ਕੀਤਾ ਸੀ । ਇਹੀ ਮਾਓਵਾਦੀਏ ਅਤੇ ਹੋਰ ਦੋ ਤਰਫੀ ਜ਼ਿੰਮੇਵਾਰੀ ਦਾ ਇਹ ਜ਼ਹਿਰੀਲਾ ਸਿਧਾਂਤ ਪ੍ਰਚਾਰਨ ਵਿਚ ਸਭ ਤੋਂ ਮੂਹਰੇ ਹਨ । ਨਾਲੋ-ਨਾਲ ਉਨ੍ਹਾਂ ਨੂੰ ਅੱਜ ਇਕ ਜਾਬਰ ਧਿਰ ਦੇ ਗੰਨਮੈਨਾਂ ਬਤੌਰ ਮਜ਼ਲੂਮਾਂ ਵਿਰੁਧ ਹਥਿਆਰਬੰਦ ਕੀਤਾ ਜਾ ਰਿਹਾ ਹੈ ।

Digitized by Panjab Digital Library | www.panjabdigilib.org

ਫਿਰਕੂ ਨਫਰਤ ਦੇ ਬੀਜ, ਜੋ ਅੰਗਰੇਜ਼ ਬਸਤੀਵਾਦੀਆ ਨੇ ਬੀਜੇ ਸਨ ਅਤੇ ਜਿਨ੍ਹਾਂ ਨੂੰ ਹਿੰਦੁਸਤਾਨੀ ਹਾਕਮ ਦਾਇਰੇ 1947 ਤੋਂ ਬਾਅਦ ਬੜੇ ਚਾਅ ਨਾਲ ਪਾਲਦੇ ਰਹੇ ਹਨ, ਅੱਜ ਵਧ ਕੇ ਵੱਡੇ ਹੋ ਗਏ ਹਨ ਅਤੇ ਇਨ੍ਹਾਂ ਨਾਲ ਖੌਫ ਅਤੇ ਨਫਰਤ ਦਾ ਮਾਹੌਲ ਹਰ ਪਾਸੇ ਛਾ ਗਿਆ ਹੈ । ਪੰਜਾਬ ਦੇ ਲੋਕਾਂ ਵਿਰੁੱਧ ਅਤੇ ਖਾਸਕਰ ਸਿੱਖਾਂ ਵਿਰੁੱਧ ਕੀਤੇ ਜਾ ਰਹੇ ਹਮਲੇ, ਇਸ ਸਦੀਆਂ ਤੋ ਚਲੀ ਆ ਰਹੀ ਰਣਨੀਤੀ ਦਾ ਹੀ ਨਵਾਂ ਪ੍ਰਗਟਾਵਾ ਹਨ । ਲੋਕਾਂ ਨੂੰ ਸਰਕਾਰ ਦੀ ਫਿਰਕੂ ਹਿੰਸਾ ਦਾ ਜਵਾਬ ਕਿਸ ਤਰ੍ਹਾਂ ਦੇਣਾ ਚਾਹੀਦਾ ਹੈ? ਮੈਂ ਇਸ ਕਿਤਾਬ ਵਿਚ ਸਪੱਸ਼ਟ ਦੱਸਿਆ ਹੈ ਕਿ ਲੋਕਾਂ ਦਾ ਜਵਾਬ ਫਿਰਕੂ ਭਾਵਨਾਵਾਂ ਨੂੰ ਕਠੋਰ ਕਰਨਾ ਜਾਂ ਵਿਅੱਕਤੀਗਤ ਹਿੰਸਾ ਦੀਆਂ ਕਾਰਵਾਈਆਂ ਨਹੀ ਹੋਣਾ ਚਾਹੀਦਾ। ਅਜਿਹਾ ਜਵਾਬ ਸਿਰਫ ਗੈਰ-ਉਪਜਾਊ ਹੀ ਨਹੀਂ ਸਗੋ ਸਿੱਧੇ ਤੌਰ 'ਤੇ ਹਿੰਦੁਸਤਾਨੀ ਹਾਕਮਾਂ ਅਤੇ ਖ਼ੁਦਗਰਜ਼ ਵਿਦੇਸ਼ੀ ਤਾਕਤਾਂ ਦੀਆਂ ਉਂਗਲੀਆਂ 'ਤੇ ਨੱਚਣ ਵਾਲੀ ਗੱਲ ਹੋਵੇਗਾ । ਸਿੱਖਾਂ ਦੀ ਨਾਕਾਬੰਦੀ ਨੂੰ ਖਤਮ ਕਰਨ ਦੀ ਬਜਾਇ, ਇਹ ਸਗੋਂ ਇਸ ਨਾਕਾਬੰਦੀ ਨੂੰ ਸਥਾਈ ਬਣਾਏਗਾ, ਅਤੇ ਇਸ ਤਰ੍ਹਾਂ ਲੋਕਾਂ ਲਈ ਹੋਰ ਵਧੇਰੇ ਦਮਨ ਅਤੇ ਆਫਤਾਂ ਹੀ ਲਿਆਏਗਾ ।

ਵਕਤ ਆ ਗਿਆ ਹੈ ਕਿ ਸਭ ਆਜ਼ਾਦੀ-ਪਸੰਦ ਅਤੇ ਨਿਆਂ-ਪਸੰਦ ਲੋਕਾਂ ਦੀ ਵੱਡੇ ਪੈਮਾਨੇ 'ਤੇ ਏਕਤਾ ਕਾਇਮ ਕੀਤੀ ਜਾਵੇ, ਚਾਹੇ ਉਹ ਕਿਸੇ ਵੀ ਧਰਮ, ਵਿਚਾਰਧਾਰਾ, ਜਾਤ ਜਾਂ ਇਲਾਕੇ ਨਾਲ ਸਬੰਧ ਰੱਖਦੇ ਹੋਣ । ਅਜਿਹੀ ਇਕ ਏਕਤਾਬੱਧ ਤਾਕਤ ਨੂੰ ਲਾਜ਼ਮੀ ਹੀ, ਸਮਾਜਕ ਜਬਰ ਅਤੇ ਹਿੰਦੁਸਤਾਨੀ ਸਰਕਾਰ ਦੀ ਹਕੂਮਤੀ ਦਹਿਸ਼ਤਗਰਦੀ ਵਿਰੁੱਧ ਲੜਨਾ ਚਾਹੀਦਾ ਹੈ । ਇਸ ਨੂੰ ਲਾਜ਼ਮੀ ਹੀ "ਦੁਨੀਆਂ ਦੀ ਸਭ ਤੋਂ ਵਿਸ਼ਾਲ ਜਮਹੂਰੀਅਤ " ਦੀ ਸਰਕਾਰ ਵਲੋ ਠੋਸੇ ਗਏ ਕਾਲੇ ਕਾਨੂੰਨ ਅਤੇ ਜਾਬਰ ਉਪਾਵਾਂ ਦਾ ਵਿਰੋਧ ਕਰਨਾ ਚਾਹੀਦਾ ਹੈ। ਇਕ ਅਸੂਲ ਦੇ ਤੌਰ 'ਤੇ, ਇਸ ਨੂੰ ਸਿੱਖ ਧਰਮ ਵਾਲੇ ਲੋਕਾਂ ਦੀ ਰਖਵਾਲੀ ਕਰਨੀ ਚਾਹੀਦੀ ਹੈ , ਜਿਨ੍ਹਾਂ ਨੂੰ ਪਿਛਾਖੜ ਦੀਆਂ ਤਾਕਤਾਂ ਦਬਾ ਰਹੀਆਂ ਹਨ, ਕਤਲ ਕਰ ਰਹੀਆਂ ਅਤੇ ਬੇਇਜ਼ਤ ਕਰ ਰਹੀਆਂ ਹਨ, ਜਿਵੇਂ ਇਸ ਨੂੰ ਕਿਸੇ ਵੀ ਧਰਮ ਜਾਂ ਇਲਾਕੇ ਦੇ ਲੋਕਾਂ ਦੀ ਵੀ ਵਿਤਕਰੇ , ਲੁੱਟ ਅਤੇ ਦਮਨ ਵਿਰੁੱਧ ਰਖਵਾਲੀ ਕਰਨੀ ਚਾਹੀਦੀ ਹੈ ।

ਕਿੰਨੇ ਵੀ ਅਟੇਸਟੇ ਅਤੇ ਝੂਠੀਆਂ ਦਲੀਲਾਂ ਇਸ ਸਚਾਈ ਤੇ ਮਿੱਟੀ ਨਹੀ ਪਾ ਸਕਦੀਆਂ ਕਿ ਪੰਜਾਬ ਅਤੇ ਪੂਰੇ ਹਿੰਦੁਸਤਾਨ ਵਿਚ ਲੋਕਾਂ ਦੇ ਸਭ ਤੋਂ ਮੁੱਢਲੇ ਅਤੇ ਬੁਨਿਆਦੀ ਅਧਿਕਾਰ ਪੈਰਾਂ ਹੇਠ ਲਿਤਾੜੇ ਜਾ ਰਹੇ ਹਨ । ਇਤਿਹਾਸ ਨੇ ਸਾਬਤ ਕੀਤਾ ਹੈ ਕਿ ਲੋਕ ਅਜਿਹੇ ਜਬਰ ਨੂੰ ਸਦੀਵੀ ਨਹੀਂ ਬਣਨ ਦੇਣਗੇ । ਉਹ ਬਗਾਵਤ ਵਿਚ ਉੱਠ ਕੇ ਇਸ ਹਾਲਤ ਨੂੰ ਖਤਮ ਕਰ ਦੇਣਗੇ ਅਤੇ ਇਕ ਨਵਾਂ ਰਾਜ ਕਾਇਮ ਕਰਨਗੇ, ਜਿਥੇ ਅਸਲੀ ਜਮਹੂਰੀਅਤ ਅਤੇ ਤਰੱਕੀ ਦੀ ਗਰੰਟੀ ਹੋਵੇਗੀ। ਕਿਸੇ ਵੀ ਕਿਸਮ ਦੀਆਂ ਨਾਕਾਬੰਦੀਆਂ ਕਦੇ ਵੀ ਸਥਾਈ ਨਹੀਂ ਹੁੰਦੀਆਂ । ਮੌਜੂਦਾ ਨਾਕਾਬੰਦੀ ਜਲਦੀ ਹੀ ਤੋੜ ਦਿਤੀ ਜਾਵੇਗੀ, ਪਰ ਓਨਾ ਚਿਰ ਨਹੀ ਜਿੰਨਾ ਚਿਰ ਪੰਜਾਬ ਵਿਚ ਬਲ ਰਹੇ ਭਾਂਬੜ, ਆਪਣੇ ਹੱਕਾਂ ਅਤੇ ਆਜ਼ਾਦੀ ਖਾਤਰ ਲੜਨ ਲਈ ਇਕ-ਮੁੱਠ ਹੋਏ ਲੋਕਾਂ ਦੀ ਗਰਮਜੋਸ਼ੀ ਨਾਲ ਹੋਰ ਵਧੇਰੇ ਗਰਮ ਨਹੀ ਹੁੰਦੇ। ਦ੍ਰਿੜ ਹੌਸਲੇ ਅਤੇ ਆਸ਼ਾਵਾਦ ਨਾਲ ਸਾਨੂੰ ਉਸ ਦਿਨ ਵੱਲ ਵੱਧਣਾ ਚਾਹੀਦਾ ਹੈ, ਜਦ ਸਾਡਾ ਕਾਜ਼ ਜੇਤੂ ਹੋਵੇਗਾ, ਜਦ ਲੋਕਾਂ ਦੇ ਅਧਿਕਾਰਾਂ ਦੀਆਂ ਉਲੰਘਣਾਵਾਂ ਖਤਮ ਕਰ ਦਿੱਤੀਆਂ ਜਾਣਗੀਆਂ ਅਤੇ ਇਕ ਮੁਨਾਸਬ ਅਤੇ ਜਮਹੂਰੀ ਸਮਾਜ ਆਖਰ ਕਾਇਮ ਕਰ ਲਿਆ ਜਾਵੇਗਾ ।

Digitized by Panjab Digital Library | www.panjabdigilib.org

## ਜ਼ਮੀਮਾ

# ਮਨੁੱਖੀ ਅਧਿਕਾਰਾਂ ਦਾ ਆਮ ਐਲਾਨਨਾਮਾ

## ਮੁੱਖ ਬੰਧ

ਜਦ ਕਿ ਮਨੁੱਖੀ ਪਰਿਵਾਰ ਦੇ ਸਭ ਮੈਂਬਰਾਂ ਦੀ ਜਮਾਂਦਰੂ ਗੈਰਤ ਦੀ ਅਤੇ ਬਰਾਬਰ ਅਤੇ ਨਾ-ਖੋਹਣ-ਯੋਗ ਅਧਿਕਾਰਾਂ ਦੀ ਮਾਨਤਾ, ਦੁਨੀਆਂ ਵਿੱਚ ਆਜ਼ਾਦੀ, ਨਿਆਂ ਅਤੇ ਅਮਨ ਦੀ ਬੁਨਿਆਦ ਹੈ।

ਜਦ ਕਿ ਮਨੁੱਖੀ ਅਧਿਕਾਰਾਂ ਦੀ ਅਣਗਹਿਲੀ ਅਤੇ ਇਨ੍ਹਾਂ ਦੀ ਅਵੱਗਿਆ ਕਾਰਨ ਅਜਿਹੇ ਖੂੰਖਾਰ ਕੰਮ ਹੋਏ ਹਨ, ਜਿਨ੍ਹਾਂ ਨੇ ਮਾਨਵਤਾ ਦੀ ਜ਼ਮੀਰ ਨੂੰ ਕਹਿਰ ਦਾ ਗੁੱਸਾ ਚੜ੍ਹਾਇਆ ਹੈ, ਅਤੇ ਇੱਕ ਐਸੀ ਦੁਨੀਆਂ ਦਾ ਆਗਮਨ, ਜਿੱਥੇ ਮਨੁੱਖਾਂ ਨੂੰ ਬੋਲਣ ਅਤੇ ਵਿਸ਼ਵਾਸ ਦੀ ਆਜ਼ਾਦੀ ਹੋਵੇਗੀ ਅਤੇ ਡਰ ਅਤੇ ਮੁਥਾਜੀ ਤੋਂ ਮੁਕਤੀ ਮਿਲੇਗੀ, ਨੂੰ ਆਮ ਲੋਕਾਂ ਦੀ ਉੱਚਤਮ ਉਮੰਗ ਕਰਾਰ ਦਿੱਤਾ ਗਿਆ ਹੈ,

ਜਦ ਕਿ, ਜੇਕਰ ਮਨੁੱਖ ਨੂੰ, ਆਖਰੀ ਚਾਰੇ ਦੇ ਤੌਰ 'ਤੇ, ਜਬਰ ਤੇ ਜ਼ੁਲਮ ਦੇ ਵਿਰੁੱਧ ਬਗਾਵਤ ਦਾ ਸਹਾਰਾ ਲੈਣ 'ਤੇ ਮਜਬੂਰ ਨਹੀਂ ਕਰਨਾ, ਤਾਂ ਇਹ ਜ਼ਰੂਰੀ ਹੈ ਕਿ ਮਨੁੱਖੀ ਅਧਿਕਾਰਾਂ ਦੀ ਰਾਖੀ ਕਾਨੂੰਨ ਰਾਹੀਂ ਕੀਤੀ ਜਾਵੇ,

ਜਦ ਕਿ ਕੌਮਾਂ ਵਿਚਕਾਰ ਦੋਸਤਾਨਾ ਸਬੰਧਾਂ ਦੇ ਵਿਕਾਸ ਨੂੰ ਅੱਗੇ ਵਧਾਉਣਾ ਜ਼ਰੂਰੀ ਹੈ,

ਜਦ ਕਿ ਸੰਯੁਕਤ ਰਾਸ਼ਟਰ ਦੇ ਲੋਕਾਂ ਨੇ ਚਾਰਟਰ ਵਿਚ ਬੁਨਿਆਦੀ ਮਨੁੱਖੀ ਅਧਿਕਾਰਾਂ ਵਿੱਚ, ਇਨਸਾਨ ਦੀ ਗੈਰਤ ਅਤੇ ਮਹੱਤਵ ਵਿੱਚ ਅਤੇ ਮਰਦਾਂ ਅਤੇ ਔਰਤਾਂ ਲਈ ਬਰਾਬਰ ਦੇ ਹੱਕਾਂ ਵਿੱਚ ਆਪਣੇ ਯਕੀਨ ਦੀ ਪ੍ਰੋੜ੍ਹਤਾ ਕੀਤੀ ਹੈ ਅਤੇ ਵਧੇਰੇ ਆਜ਼ਾਦੀ ਵਿੱਚ ਸਮਾਜਿਕ ਉਨਤੀ ਅਤੇ ਜੀਵਨ ਦੇ ਚੰਗੇਰੇ ਮਿਆਰ ਨੂੰ ਵਧਾਉਣ ਦਾ ਫੈਸਲਾ ਕੀਤਾ ਹੈ,

ਜਦ ਕਿ ਮੈਂਬਰ ਦੇਸ਼ਾਂ ਨੇ ਸੰਯੁਕਤ ਰਾਸ਼ਟਰ ਦੇ ਸਹਿਯੋਗ ਨਾਲ, ਮਨੁੱਖੀ ਅਧਿਕਾਰਾਂ ਅਤੇ ਬੁਨਿਆਦੀ ਆਜ਼ਾਦੀਆਂ ਨੂੰ ਸਰਵ-ਵਿਆਪੀ ਸਤਿਕਾਰ ਦੇਣ ਅਤੇ ਲਾਗੂ ਕਰਨ ਦਾ ਪ੍ਰਣ ਕੀਤਾ ਹੈ,

ਜਦ ਕਿ ਇਨ੍ਹਾਂ ਹੱਕਾਂ ਅਤੇ ਆਜ਼ਾਦੀਆਂ ਬਾਰੇ ਸਾਂਝੀ ਸਮਝ ਇਸ ਪ੍ਰਣ ਨੂੰ ਅਮਲ ਵਿੱਚ ਲਿਆਉਣ ਲਈ ਬਹੁਤ ਵੱਡੀ ਅਹਿਮੀਅਤ ਰੱਖਦੀ ਹੈ,

ਹੁਣ, ਏਸ ਕਰਕੇ,
ਜਨਰਲ ਅਸੈਂਬਲੀ
ਮਨੁੱਖੀ ਅਧਿਕਾਰਾਂ ਦੇ
ਆਮ ਐਲਾਨਨਾਮੇ
ਦੀ ਘੋਸ਼ਣਾ ਕਰਦੀ ਹੈ

Digitized by Panjab Digital Library | www.panjabdigilib.org

ਜੋ ਸਭ ਲੋਕਾਂ ਅਤੇ ਕੌਮਾਂ ਲਈ ਮਿੱਥਿਆ ਗਿਆ ਸਾਂਝਾ ਮਿਆਰ ਹੈ, ਜਿਸ ਦਾ ਟੀਚਾ ਇਹ ਹੈ ਕਿ ਸਮਾਜ ਵਿੱਚ ਹਰੇਕ ਵਿਅਕਤੀ ਅਤੇ ਸਮਾਜ ਦਾ ਹਰ ਅੰਗ, ਇਸ ਐਲਾਨਨਾਮੇ ਨੂੰ ਹਮੇਸ਼ਾਂ ਦਿਮਾਗ ਵਿੱਚ ਰੱਖਦਿਆਂ, ਸਿੱਖਿਆ ਅਤੇ ਪੜ੍ਹਾਈ ਰਾਹੀਂ ਇਨ੍ਹਾਂ ਅਧਿਕਾਰਾਂ ਅਤੇ ਆਜ਼ਾਦੀਆਂ ਲਈ ਸਤਿਕਾਰ ਪੈਦਾ ਕਰਨ ਅਤੇ ਮੈਂਬਰ ਦੇਸ਼ਾਂ ਦੇ ਲੋਕਾਂ ਅਤੇ ਉਨ੍ਹਾਂ ਦੇ ਅਧਿਕਾਰ ਖੇਤਰ ਵਿੱਚ ਆਉਂਦੇ ਇਲਾਕਿਆਂ ਦੇ ਲੋਕਾਂ ਵਿੱਚ, ਕੌਮੀ ਅਤੇ ਕੌਮਾਂਤਰੀ, ਅਗਾਂਹਵਧੂ ਉਪਾਵਾਂ ਰਾਹੀਂ, ਇਨ੍ਹਾਂ ਦੀ ਸਰਵ-ਵਿਆਪੀ ਅਤੇ ਅਸਰਦਾਇਕ ਮਾਨਤਾ ਯਕੀਨੀ ਬਣਾਉਣ ਲਈ ਆਪਣੀ ਵਾਹ ਲਾਏਗਾ ।

### ਧਾਰਾ 1

ਸਭ ਇਨਸਾਨ, ਜਨਮ ਤੋਂ ਆਜ਼ਾਦ ਅਤੇ ਗੈਰਤ ਤੇ ਅਧਿਕਾਰਾਂ ਵਿੱਚ ਬਰਾਬਰ ਹਨ । ਉਨ੍ਹਾਂ ਕੋਲ ਜ਼ਮੀਰ ਅਤੇ ਦਲੀਲ ਦੀ ਲਿਆਕਤ ਹੈ ਅਤੇ ਉਨ੍ਹਾਂ ਨੂੰ ਇੱਕ ਦੂਸਰੇ ਵੱਲ ਭਰਾਤਰੀ ਭਾਵ ਨਾਲ ਪੇਸ਼ ਆਉਣਾ ਚਾਹੀਦਾ ਹੈ ।

### ਧਾਰਾ 2

ਹਰ ਕੋਈ ਇਸ ਐਲਾਨਨਾਮੇ ਵਿੱਚ ਦੱਸੇ ਗਏ ਅਧਿਕਾਰਾਂ ਅਤੇ ਆਜ਼ਾਦੀਆਂ ਦਾ ਨਸਲ, ਰੰਗ, ਲਿੰਗ, ਭਾਸ਼ਾ, ਧਰਮ, ਸਿਆਸੀ ਜਾਂ ਹੋਰ ਵਿਚਾਰਾਂ, ਕੌਮੀ ਜਾਂ ਸਮਾਜਕ ਪਿਛੋਕੜ, ਜਾਇਦਾਦ, ਜਨਮ ਜਾਂ ਕਿਸੇ ਵੀ ਹੋਰ ਹੈਸੀਅਤ, ਵਿੱਚ ਕਿਸੇ ਵੀ ਫਰਕ ਤੋਂ ਬਗੈਰ, ਹੱਕਦਾਰ ਹੈ ।

ਇਸ ਤੋਂ ਇਲਾਵਾ, ਉਸ ਦੇ ਦੇਸ਼ ਜਾਂ ਇਲਾਕੇ ਦੇ ਸਿਆਸੀ, ਕਾਨੂੰਨੀ ਜਾਂ ਕੌਮਾਂਤਰੀ ਰੁੱਤਬੇ ਦੇ ਅਧਾਰ 'ਤੇ ਕੋਈ ਫਰਕ ਨਹੀਂ ਕੀਤਾ ਜਾਵੇਗਾ, ਚਾਹੇ ਉਹ ਆਜ਼ਾਦ ਹੋਵੇ, ਟਰੱਸਟ ਹੋਵੇ, ਗੈਰ-ਸਵੈਰਾਜੀ ਹੋਵੇ ਜਾਂ ਉਹਦੀ ਸਰਬ ਸਮੱਰਥਾ ਉੱਤੇ ਕੋਈ ਵੀ ਹੋਰ ਰੋਕ ਲੱਗੀ ਹੋਵੇ ।

### ਧਾਰਾ 3

ਹਰੇਕ ਨੂੰ, ਜ਼ਿੰਦਗੀ, ਆਜ਼ਾਦੀ ਅਤੇ ਵਿਅਕਤੀਗਤ ਸੁਰੱਖਿਆ ਦਾ ਅਧਿਕਾਰ ਹੈ ।

### ਧਾਰਾ 4

ਕਿਸੇ ਨੂੰ ਵੀ ਗੁਲਾਮੀ ਜਾਂ ਚਾਕਰੀ ਵਿੱਚ ਬੰਨ੍ਹ ਕੇ ਨਹੀਂ ਰੱਖਿਆ ਜਾਵੇਗਾ, ਕਿਸੇ ਵੀ ਰੂਪ ਵਿੱਚ ਗੁਲਾਮੀ ਅਤੇ ਗੁਲਾਮਾਂ ਦੇ ਵਿਓਪਾਰ ਦੀ ਮਨਾਹੀ ਹੋਵੇਗੀ ।

### ਧਾਰਾ 5

ਕਿਸੇ ਨੂੰ ਵੀ ਤਸੀਹੇ ਜਾਂ ਨਿਰਦਈ, ਅਣਮਨੁੱਖੀ ਜਾਂ ਅਪਮਾਨਜਨਕ ਸਲੂਕ ਜਾਂ ਦੰਡ ਨਹੀਂ ਦਿੱਤੇ ਜਾਣਗੇ ।

### ਧਾਰਾ 6

ਹਰੇਕ ਨੂੰ ਹਰ ਜਗ੍ਹਾ ਕਾਨੂੰਨ ਸਾਹਮਣੇ ਇੱਕ ਇਨਸਾਨ ਮੰਨੇ ਜਾਣ ਦਾ ਅਧਿਕਾਰ ਹੈ ।

### ਧਾਰਾ 7

ਕਾਨੂੰਨ ਦੇ ਸਾਹਮਣੇ ਸਭ ਬਰਾਬਰ ਹਨ ਅਤੇ ਉਨ੍ਹਾਂ ਨੂੰ ਕਿਸੇ ਵੀ ਵਿਤਕਰੇ ਤੋਂ ਬਿਨਾਂ

Digitized by Panjab Digital Library | www.panjabdigilib.org

ਬਰਾਬਰ ਦੀ ਕਾਨੂੰਨੀ ਹਿਫਾਜ਼ਤ ਦਾ ਹੱਕ ਹੈ । ਇਸ ਐਲਾਨਨਾਮੇ ਦੀ ਉਲੰਘਣਾ ਕਰਕੇ ਕੀਤੇ ਜਾਂਦੇ ਕਿਸੇ ਵੀ ਵਿਤਕਰੇ ਦੇ ਖਿਲਾਫ ਅਤੇ ਅਜਿਹੇ ਵਿਤਕਰੇ ਨੂੰ ਕਿਸੇ ਵੀ ਹੱਲਾਸ਼ੇਰੀ ਦੇ ਖਿਲਾਫ, ਸਭ ਨੂੰ ਬਰਾਬਰ ਦੀ ਹਿਫਾਜ਼ਤ ਦਾ ਹੱਕ ਹੈ ।

## ਧਾਰਾ 8

ਹਰ ਕਿਸੇ ਨੂੰ ਸੰਵਿਧਾਨ ਜਾਂ ਕਾਨੂੰਨ ਵਿੱਚ ਦਿੱਤੇ ਗਏ ਬੁਨਿਆਦੀ ਅਧਿਕਾਰਾਂ ਦੀਆਂ ਉਲੰਘਣਾਵਾਂ ਵਿਰੁੱਧ, ਯੋਗ ਕੌਮੀ ਅਦਾਲਤ ਤੋਂ ਅਸਰਦਾਰ ਇਨਸਾਫ ਹਾਸਲ ਕਰਨ ਦਾ ਹੱਕ ਹੈ ।

## ਧਾਰਾ 9

ਕਿਸੇ ਨੂੰ ਵੀ ਮਨਮਰਜ਼ੀ ਨਾਲ ਗ੍ਰਿਫ਼ਤਾਰ ਜਾਂ ਨਜ਼ਰਬੰਦ ਨਹੀਂ ਕੀਤਾ ਜਾਏਗਾ ਅਤੇ ਦੇਸ਼-ਨਿਕਾਲਾ ਨਹੀਂ ਦਿੱਤਾ ਜਾਵੇਗਾ ।

## ਧਾਰਾ 10

ਹਰ ਕਿਸੇ ਨੂੰ, ਉਹਦੇ ਹੱਕਾਂ ਅਤੇ ਫ਼ਰਜ਼ਾਂ ਨੂੰ ਅਤੇ ਉਹਦੇ ਵਿਰੁੱਧ ਕਿਸੇ ਵੀ ਅਪਰਾਧ ਦੇ ਦੋਸ਼ ਨੂੰ ਨਿਰਧਾਰਤ ਕਰਨ ਵਿੱਚ, ਇੱਕ ਆਜ਼ਾਦ ਅਤੇ ਨਿਰਪੱਖ ਅਦਾਲਤ ਰਾਹੀਂ ਪੂਰੀ ਬਰਾਬਰਤਾ ਵਿੱਚ ਮੁਨਾਸਬ ਅਤੇ ਖੁੱਲ੍ਹੀ (ਪਬਲਿਕ) ਸੁਣਵਾਈ ਦਾ ਹੱਕ ਹੈ ।

## ਧਾਰਾ 11

(1) ਹਰ ਕਿਸੇ ਨੂੰ, ਜਿਸ ਉੱਤੇ ਕਿਸੇ ਸਜ਼ਾਯੋਗ (ਪੀਨਲ) ਅਪਰਾਧ ਦਾ ਦੋਸ਼ ਲੱਗਾ ਹੋਵੇ, ਓਨਾਂ ਚਿਰ ਨਿਰਦੋਸ਼ ਮੰਨੇ ਜਾਣ ਦਾ ਹੱਕ ਹੈ, ਜਿੰਨਾ ਚਿਰ ਖੁੱਲ੍ਹੇ ਮੁਕੱਦਮੇ ਵਿੱਚ, ਉਹ ਕਾਨੂੰਨ ਅਨੁਸਾਰ ਦੋਸ਼ੀ ਸਾਬਤ ਨਹੀਂ ਹੋ ਜਾਂਦਾ, ਜਿੱਥੇ ਉਹਨੂੰ ਆਪਣੀ ਡੀਫੈਂਸ ਲਈ ਲੋੜੀਂਦੀਆਂ ਸਭ ਸ਼ਰਤਾਂ ਪੂਰੀਆਂ ਕੀਤੀਆਂ ਗਈਆਂ ਹੋਣ ।

(2) ਕਿਸੇ ਨੂੰ ਵੀ, ਕਿਸੇ ਸਜ਼ਾਯੋਗ ਅਪਰਾਧ ਵਿੱਚ ਦੋਸ਼ੀ ਨਹੀਂ ਮੰਨਿਆ ਜਾਵੇਗਾ, ਜਿਹੜਾ ਕਿਸੇ ਅਜਿਹੀ ਕਾਰਵਾਈ ਕਰਨ ਜਾਂ ਨਾਂ ਕਰਨ ਕਰਕੇ ਲਾਇਆ ਗਿਆ ਹੋਵੇ, ਜੋ ਕੌਮੀ ਜਾਂ ਕੌਮਾਂਤਰੀ ਕਾਨੂੰਨ ਅਧੀਨ, ਉਸ ਵਕਤ ਸਜ਼ਾਯੋਗ ਨਹੀਂ ਸੀ, ਜਦ ਇਹ ਅਪਰਾਧ ਕੀਤਾ ਗਿਆ ਸੀ । ਨਾ ਹੀ ਉਸ ਤੋਂ ਜ਼ਿਆਦਾ ਸਜ਼ਾ ਦਿੱਤੀ ਜਾਵੇਗੀ ਜਿੰਨੀ ਉਸ ਵਕਤ ਲਾਗੂ ਸੀ, ਜਦ ਇਹ ਸਜ਼ਾਯੋਗ ਅਪਰਾਧ ਕੀਤਾ ਗਿਆ ਸੀ ।

## ਧਾਰਾ 12

ਕਿਸੇ ਦੀ ਵੀ ਗੁਪਤਤਾ, ਪਰਿਵਾਰ, ਘਰ ਜਾਂ ਪੱਤਰ-ਵਿਹਾਰ ਵਿੱਚ ਮਨਮਰਜ਼ੀ ਨਾਲ ਦਖਲ-ਅੰਦਾਜ਼ੀ ਨਹੀਂ ਕੀਤੀ ਜਾਵੇਗੀ, ਨਾ ਹੀ ਉਹਦੀ ਗੈਰਤ ਅਤੇ ਸ਼ੁਹਰਤ ਉੱਤੇ ਹਮਲੇ ਕੀਤੇ ਜਾਣਗੇ । ਹਰ ਕਿਸੇ ਨੂੰ ਅਜਿਹੀ ਦਖਲ-ਅੰਦਾਜ਼ੀ ਅਤੇ ਹਮਲਿਆਂ ਵਿਰੁੱਧ ਕਾਨੂੰਨੀ ਹਿਫਾਜ਼ਤ ਦਾ ਹੱਕ ਹੈ ।

## ਧਾਰਾ 13

(1) ਹਰ ਕਿਸੇ ਨੂੰ ਆਪਣੇ ਦੇਸ਼ ਦੀਆਂ ਹੱਦਾਂ ਅੰਦਰ ਘੁੰਮਣ-ਫਿਰਨ ਅਤੇ ਰਿਹਾਇਸ਼ ਦੀ ਆਜ਼ਾਦੀ ਦਾ ਹੱਕ ਹੈ ।

(2) ਹਰ ਕਿਸੇ ਨੂੰ ਕਿਸੇ ਵੀ ਦੇਸ਼ ਤੋਂ, ਆਪਣੇ ਦੇਸ਼ ਤੋਂ ਵੀ, ਜਾਣ ਦਾ, ਅਤੇ ਆਪਣੇ ਦੇਸ਼ ਵਾਪਸ ਪਰਤਣ ਦਾ ਹੱਕ ਹੈ ।

Digitized by Panjab Digital Library | www.panjabdigilib.org

### ਧਾਰਾ 14

(1) ਹਰ ਕਿਸੇ ਨੂੰ ਅੱਤਿਆਚਾਰ ਤੋਂ ਦੂਸਰੇ ਦੇਸ਼ਾਂ ਵਿੱਚ ਪਨਾਹ ਮੰਗਣ ਅਤੇ ਮਾਨਣ ਦਾ ਹੱਕ ਹੈ ।

(2) ਇਹ ਹੱਕ ਅਜਿਹੇ ਕੇਸਾਂ ਵਿੱਚ ਨਹੀਂ ਵਰਤਿਆ ਜਾ ਸਕਦਾ ਜਿੱਥੇ ਗੈਰ-ਸਿਆਸੀ ਜੁਰਮਾਂ ਕਰਕੇ ਜਾਂ ਸੰਯੁਕਤ ਰਾਸ਼ਟਰ ਦੇ ਉਦੇਸ਼ਾਂ ਅਤੇ ਅਸੂਲਾਂ ਦੇ ਉਲਟ ਕਾਰਵਾਈਆਂ ਕਰਕੇ ਕਿਸੇ ਨੂੰ ਸਜ਼ਾ ਦਿੱਤੀ ਗਈ ਹੋਵੇ ।

### ਧਾਰਾ 15

(1) ਹਰ ਕਿਸੇ ਨੂੰ ਇੱਕ ਨਾਗਰਿਕਤਾ ਦਾ ਹੱਕ ਹੈ ।

(2) ਕਿਸੇ ਤੋਂ ਵੀ ਮਨਮਰਜ਼ੀ ਨਾਲ ਉਹਦੀ ਨਾਗਰਿਕਤਾ ਨਹੀਂ ਖੋਹੀ ਜਾਵੇਗੀ, ਨਾ ਉਸਨੂੰ ਆਪਣੀ ਨਾਗਰਿਕਤਾ ਬਦਲਣ ਦੇ ਹੱਕ ਤੋਂ ਇਨਕਾਰ ਕੀਤਾ ਜਾਵੇਗਾ ।

### ਧਾਰਾ 16

(1) ਬਾਲਗ ਉਮਰ ਦੇ ਆਦਮੀਆਂ ਅਤੇ ਔਰਤਾਂ ਨੂੰ ਨਸਲ, ਕੌਮੀਅਤ ਜਾਂ ਧਰਮ ਦੀ ਕਿਸੇ ਬੰਦਸ਼ ਤੋਂ ਬਗੈਰ, ਵਿਆਹ ਕਰਵਾਉਣ ਅਤੇ ਪਰਿਵਾਰ ਬਣਾਉਣ ਦਾ ਹੱਕ ਹੈ । ਉਨ੍ਹਾਂ ਨੂੰ ਵਿਆਹ ਕਰਵਾਉਣ ਸਮੇਂ, ਸ਼ਾਦੀ-ਸ਼ੁਦਾ ਰਹਿੰਦਿਆਂ ਅਤੇ ਤਲਾਕ ਸਮੇਂ ਬਰਾਬਰ ਦੇ ਹੱਕ ਹਨ ।

(2) ਵਿਆਹ ਆਦਮੀ ਅਤੇ ਔਰਤ, ਦੋਨਾਂ ਦੀ ਆਜ਼ਾਦ ਅਤੇ ਪੂਰੀ ਸਹਿਮਤੀ ਨਾਲ ਹੀ ਹੋਵੇਗਾ ।

(3) ਪਰਿਵਾਰ ਸਮਾਜ ਦੀ ਕੁਦਰਤੀ ਅਤੇ ਬੁਨਿਆਦੀ ਗਰੁੱਪ ਇਕਾਈ ਹੈ ਅਤੇ ਇਹਦੀ ਹਿਫਾਜ਼ਤ ਸਮਾਜ ਅਤੇ ਰਾਜ ਦਾ ਕਰਤੱਵ ਹੈ ।

### ਧਾਰਾ 17

(1) ਹਰ ਕਿਸੇ ਨੂੰ ਇਕੱਲਿਆਂ ਜਾਂ ਦੂਸਰਿਆਂ ਨਾਲ ਮਿਲਕੇ ਜਾਇਦਾਦ ਰੱਖਣ ਦਾ ਹੱਕ ਹੈ ।

(2) ਕਿਸੇ ਨੂੰ ਵੀ ਆਪਹੁਦਰੇ ਢੰਗ ਨਾਲ ਉਹਦੀ ਜਾਇਦਾਦ ਤੋਂ ਵਾਂਝਿਆ ਨਹੀਂ ਕੀਤਾ ਜਾਵੇਗਾ ।

### ਧਾਰਾ 18

ਹਰ ਕਿਸੇ ਨੂੰ ਸੋਚਣੀ, ਜ਼ਮੀਰ ਅਤੇ ਧਰਮ ਦੀ ਆਜ਼ਾਦੀ ਦਾ ਅਧਿਕਾਰ ਹੈ, ਇਸ ਅਧਿਕਾਰ ਵਿੱਚ ਉਸਦੇ ਆਪਣਾ ਧਰਮ ਜਾਂ ਮਤ ਬਦਲਣ ਦੀ ਆਜ਼ਾਦੀ ਅਤੇ ਇਕੱਲਿਆਂ ਜਾਂ ਦੂਸਰਿਆਂ ਨਾਲ ਮਿਲਕੇ ਅਤੇ ਖੁੱਲ੍ਹੇਆਮ ਜਾਂ ਨਿੱਜੀ ਤੌਰ 'ਤੇ ਉਪਦੇਸ਼, ਵਿਹਾਰ, ਸਿਮਰਨ ਅਤੇ ਪਾਲਣਾ ਰਾਹੀਂ ਆਪਣੇ ਧਰਮ ਜਾਂ ਮਤ ਦਾ ਇਜ਼ਹਾਰ ਕਰਨ ਦੀ ਆਜ਼ਾਦੀ ਵੀ ਸ਼ਾਮਲ ਹੈ ।

### ਧਾਰਾ 19

ਹਰ ਕਿਸੇ ਨੂੰ ਆਪਣੀ ਰਾਇ ਰੱਖਣ ਅਤੇ ਜ਼ਾਹਿਰ ਕਰਨ ਦੀ ਆਜ਼ਾਦੀ ਦਾ ਅਧਿਕਾਰ ਹੈ, ਇਸ ਅਧਿਕਾਰ ਵਿੱਚ ਕਿਸੇ ਵੀ ਦਖਲ ਤੋਂ ਬਿਨਾਂ ਆਪਣੇ ਵਿਚਾਰ ਰੱਖਣ ਅਤੇ ਕਿਸੇ ਵੀ ਸਾਧਨ ਰਾਹੀਂ ਅਤੇ ਸਰਹੱਦਾਂ ਤੋਂ ਬੇਖਬਰ, ਜਾਣਕਾਰੀ ਅਤੇ ਵਿਚਾਰ ਢੂੰਡਣ ਅਤੇ ਪ੍ਰਾਪਤ ਕਰਨ ਅਤੇ ਪ੍ਰਦਾਨ ਕਰਨ (ਪਹੁੰਚਾਉਣ) ਦੀ ਆਜ਼ਾਦੀ ਵੀ ਸ਼ਾਮਲ ਹੈ ।

Digitized by Panjab Digital Library | www.panjabdigilib.org

### ਧਾਰਾ 20

(1) ਹਰ ਕਿਸੇ ਨੂੰ ਪੁਰਅਮਨ ਇਕੱਠੇ ਹੋਣ ਅਤੇ ਸੰਸਥਾ ਬਣਾਉਣ ਦੀ ਆਜ਼ਾਦੀ ਦਾ ਅਧਿਕਾਰ ਹੈ ।

(2) ਕਿਸੇ ਨੂੰ ਵੀ ਕਿਸੇ ਸੰਸਥਾ ਵਿੱਚ ਸ਼ਾਮਲ ਹੋਣ ਲਈ ਮਜਬੂਰ ਨਹੀਂ ਕੀਤਾ ਜਾਵੇਗਾ ।

### ਧਾਰਾ 21

(1) ਹਰ ਕਿਸੇ ਨੂੰ, ਸਿੱਧੇ ਤੌਰ 'ਤੇ ਜਾਂ ਆਜ਼ਾਦੀ ਨਾਲ ਚੁਣੇ ਹੋਏ ਨੁਮਾਇੰਦਿਆਂ ਰਾਹੀਂ, ਆਪਣੇ ਦੇਸ਼ ਦੀ ਸਰਕਾਰ ਵਿੱਚ ਹਿੱਸਾ ਲੈਣ ਦਾ ਅਧਿਕਾਰ ਹੈ ।

(2) ਹਰ ਕਿਸੇ ਨੂੰ ਆਪਣੇ ਦੇਸ਼ ਵਿੱਚ ਸਰਕਾਰੀ ਸੇਵਾ ਵਿੱਚ ਬਰਾਬਰ ਪ੍ਰਵੇਸ਼ ਦਾ ਅਧਿਕਾਰ ਹੈ ।

### ਧਾਰਾ 22

ਹਰ ਕਿਸੇ ਨੂੰ, ਸਮਾਜ ਦੇ ਬਤੌਰ ਇੱਕ ਮੈਂਬਰ, ਸਮਾਜਿਕ ਸੁਰੱਖਿਆ ਦਾ ਅਧਿਕਾਰ ਹੈ ਅਤੇ ਕੌਮੀ ਯਤਨ ਅਤੇ ਕੌਮਾਂਤਰੀ ਸਹਿਯੋਗ ਨਾਲ ਅਤੇ ਹਰ ਦੇਸ਼ ਦੀ ਜਥੇਬੰਦੀ ਅਤੇ ਸਾਧਨਾਂ ਮੁਤਾਬਕ, ਉਹਦੀ ਗੈਰਤ ਅਤੇ ਉਹਦੀ ਸ਼ਖ਼ਸੀਅਤ ਦੇ ਸੁਤੰਤਰ ਵਿਕਾਸ ਲਈ ਲਾਜ਼ਮੀ ਆਰਥਿਕ, ਸਮਾਜਿਕ ਅਤੇ ਸਭਿਆਚਾਰਕ ਅਧਿਕਾਰਾਂ ਨੂੰ ਸਾਕਾਰ ਕਰਨ ਦਾ ਹੱਕ ਹੈ ।

### ਧਾਰਾ 23

(1) ਹਰ ਕਿਸੇ ਨੂੰ ਕੰਮ ਕਰਨ, ਮਰਜ਼ੀ ਦਾ ਰੁਜ਼ਗਾਰ ਚੁਣਨ, ਕੰਮ ਦੀਆਂ ਮੁਨਾਸਬ ਅਤੇ ਅਨੁਕੂਲ ਹਾਲਤਾਂ ਅਤੇ ਬੇਰੁਜ਼ਗਾਰੀ ਵਿਰੁੱਧ ਸੁਰੱਖਿਆ ਦਾ ਅਧਿਕਾਰ ਹੈ ।

(2) ਹਰ ਕਿਸੇ ਨੂੰ, ਕਿਸੇ ਵੀ ਵਿਤਕਰੇ ਤੋਂ ਬਿਨਾਂ, ਬਰਾਬਰ ਦੇ ਕੰਮ ਲਈ ਬਰਾਬਰ ਦੀ ਤਨਖਾਹ ਦਾ ਅਧਿਕਾਰ ਹੈ ।

(3) ਕੰਮ ਕਰਨ ਵਾਲੇ ਹਰ ਕਿਸੇ ਨੂੰ ਮੁਨਾਸਬ ਅਤੇ ਅਨੁਕੂਲ ਤਨਖਾਹ ਹਾਸਲ ਕਰਨ ਦਾ ਅਧਿਕਾਰ ਹੈ, ਜਿਸ ਨਾਲ ਉਹ ਆਪਣੇ ਲਈ ਅਤੇ ਆਪਣੇ ਪਰਿਵਾਰ ਲਈ ਮਨੁੱਖੀ ਗੈਰਤ ਵਾਲਾ ਨਿਰਬਾਹ ਚਲਾ ਸਕੇ ਅਤੇ ਜਿਸ ਵਿੱਚ ਜ਼ਰੂਰਤ ਪੈਣ 'ਤੇ, ਸਮਾਜਿਕ ਸੁਰੱਖਿਆ ਦੇ ਹੋਰ ਸਾਧਨਾਂ ਰਾਹੀਂ ਵਾਧਾ ਕੀਤਾ ਜਾਵੇ ।

(4) ਹਰ ਕਿਸੇ ਨੂੰ ਆਪਣੇ ਹਿੱਤਾਂ ਦੀ ਰਖਵਾਲੀ ਲਈ ਟਰੇਡ ਯੂਨੀਅਨਾਂ ਬਣਾਉਣ ਅਤੇ ਉਨ੍ਹਾਂ ਵਿੱਚ ਸ਼ਾਮਲ ਹੋਣ ਦਾ ਅਧਿਕਾਰ ਹੈ ।

### ਧਾਰਾ 24

ਹਰ ਕਿਸੇ ਨੂੰ ਆਰਾਮ ਅਤੇ ਵਿਹਲ ਦਾ ਅਧਿਕਾਰ ਹੈ, ਜਿਸ ਵਿੱਚ ਕੰਮ ਦੇ ਘੰਟਿਆਂ ਦੀ ਮੁਨਾਸਬ ਸੀਮਾ ਮਿੱਥਣਾ ਅਤੇ ਸਮੇਂ-ਸਮੇਂ ਤਨਖਾਹ ਸਮੇਤ ਛੁੱਟੀਆਂ ਲੈਣਾ ਵੀ ਸ਼ਾਮਲ ਹੈ ।

### ਧਾਰਾ 25

(1) ਹਰ ਕਿਸੇ ਨੂੰ, ਆਪਣੇ ਅਤੇ ਆਪਣੇ ਪਰਿਵਾਰ ਦੀ ਸਿਹਤ ਅਤੇ ਭਲਾਈ ਵਾਸਤੇ ਭੋਜਨ, ਬਸਤਰ, ਘਰ ਅਤੇ ਡਾਕਟਰੀ ਦੇਖ-ਭਾਲ ਅਤੇ ਲੋੜੀਂਦੀਆਂ ਸਮਾਜਿਕ ਸੇਵਾਵਾਂ ਸਮੇਤ, ਇੱਕ ਮੁਨਾਸਬ ਜੀਵਨ ਮਿਆਰ ਦਾ ਅਧਿਕਾਰ ਅਤੇ ਬੇਰੁਜ਼ਗਾਰੀ, ਬੀਮਾਰੀ, ਅੰਗਹੀਣਤਾ, ਵਿਧਵਾਪਣ, ਬੁਢਾਪੇ ਜਾਂ ਉਸ ਦੇ ਵੱਸ ਤੋਂ ਬਾਹਰ ਦੇ ਕਾਰਨਾਂ ਕਰਕੇ ਨਿਰਬਾਹ ਦੀ ਥੁੜ੍ਹੋਂ

Digitized by Panjab Digital Library | www.panjabdigilib.org

ਦੀ ਹਾਲਤ ਵਿੱਚ, ਸੁਰੱਖਿਆ ਦਾ ਅਧਿਕਾਰ ਹੈ ।

(2) ਮਾਤਾਪਨ ਅਤੇ ਬਚਪਨ ਵੇਲੇ ਉਚੇਚੇ ਤਵੱਜੋਂ ਅਤੇ ਇਮਦਾਦ ਦਾ ਹੱਕ ਹੈ । ਸਭ ਬੱਚੇ, ਚਾਹੇ ਉਹ ਵਿਆਹੇ ਹੋਏ ਜਾਂ ਅਣ-ਵਿਆਹੇ ਜੋੜਿਆਂ ਦੇ ਬੱਚੇ ਹੋਣ, ਨੂੰ ਇੱਕੋ ਜਿਹੀ ਉਚੇਚੀ ਸੁਰੱਖਿਆ ਦਾ ਹੱਕ ਹੈ ।

## ਧਾਰਾ 26

(1) ਹਰ ਇੱਕ ਨੂੰ ਵਿੱਦਿਆ ਹਾਸਲ ਕਰਨ ਦਾ ਅਧਿਕਾਰ ਹੈ । ਵਿੱਦਿਆ, ਘੱਟੋ-ਘੱਟ ਮੁੱਢਲੀ ਅਤੇ ਬੁਨਿਆਦੀ ਪੱਧਰ ਤੱਕ ਮੁਫਤ ਹੋਵੇਗੀ । ਮੁੱਢਲੀ ਵਿੱਦਿਆ ਲਾਜ਼ਮੀ ਹੋਵੇਗੀ । ਤਕਨੀਕੀ ਤੇ ਪੇਸ਼ਾਵਾਰਾਨਾ ਵਿਦਿਆ ਆਮ ਮੁਹੱਈਆ ਕੀਤੀ ਜਾਵੇਗੀ ਅਤੇ ਉਚੇਰੀ ਵਿੱਦਿਆ ਸਭ ਨੂੰ ਕਾਬਲੀਅੱਤ ਦੇ ਅਧਾਰ 'ਤੇ ਬਰਾਬਰ ਮਿਲੇਗੀ ।

(2) ਵਿੱਦਿਆ ਦਾ ਟੀਚਾ ਮਨੁੱਖੀ ਸ਼ਖ਼ਸੀਅਤ ਦਾ ਪੂਰਾ ਵਿਕਾਸ ਕਰਨਾ ਅਤੇ ਮਨੁੱਖੀ ਅਧਿਕਾਰਾਂ ਅਤੇ ਬੁਨਿਆਦੀ ਆਜ਼ਾਦੀਆਂ ਲਈ ਸਤਿਕਾਰ ਪੈਦਾ ਕਰਨਾ ਹੋਵੇਗਾ । ਇਹ ਸਭ ਕੌਮਾਂ, ਨਸਲਾਂ ਜਾਂ ਧਾਰਮਿਕ ਗਰੁੱਪਾਂ ਵਿਚਾਲੇ ਸਹਿਮਤੀ, ਸ਼ਹਿਣਸ਼ੀਲਤਾ ਅਤੇ ਦੋਸਤੀ ਨੂੰ ਵਧਾਏਗੀ ਅਤੇ ਸੰਯੁਕਤ ਰਾਸ਼ਟਰ ਦੀਆਂ ਅਮਨ ਬਰਕਰਾਰ ਰੱਖਣ ਦੀਆਂ ਸਰਗਰਮੀਆਂ ਵਿੱਚ ਸਹਾਈ ਹੋਵੇਗੀ ।

(3) ਮਾਪਿਆਂ ਨੂੰ, ਆਪਣੇ ਬੱਚਿਆਂ ਨੂੰ ਦਿੱਤੀ ਜਾਣ ਵਾਲੀ ਵਿੱਦਿਆ ਅਗਾਊਂ ਚੁਣਨ ਦਾ ਅਧਿਕਾਰ ਹੈ ।

## ਧਾਰਾ 27

(1) ਹਰ ਕਿਸੇ ਨੂੰ ਭਾਈਚਾਰੇ ਦੇ ਸਭਿਆਚਾਰਕ ਜੀਵਨ ਵਿੱਚ ਆਜ਼ਾਦੀ ਨਾਲ ਹਿੱਸਾ ਲੈਣ, ਕਲਾ ਨੂੰ ਮਾਨਣ ਅਤੇ ਵਿਗਿਆਨਕ ਉੱਨਤੀ ਵਿੱਚ ਇਸ ਦੇ ਫਾਇਦਿਆਂ ਵਿੱਚ ਹਿੱਸੇਦਾਰ ਹੋਣ ਦਾ ਅਧਿਕਾਰ ਹੈ ।

(2) ਹਰ ਕਿਸੇ ਨੂੰ ਕਿਸੇ ਵਿਗਿਆਨਕ, ਸਾਹਿਤਕ ਜਾਂ ਕਲਾਤਮਕ ਕਿਰਤ, ਜਿਸਦਾ ਉਹ ਲੇਖਕ ਹੋਵੇ, ਤੋਂ ਉਤਪੰਨ ਹੁੰਦੇ ਨੈਤਿਕ ਅਤੇ ਪਦਾਰਥਕ ਹਿਤਾਂ ਦੀ ਰਾਖੀ ਦਾ ਹੱਕ ਹੈ ।

## ਧਾਰਾ 28

ਹਰ ਕਿਸੇ ਨੂੰ ਇੱਕ ਸਮਾਜਿਕ ਅਤੇ ਕੌਮਾਂਤਰੀ ਵਿਵਸਥਾ ਦਾ ਹੱਕ ਹੈ ਜਿਸ ਵਿੱਚ ਇਸ ਐਲਾਨਨਾਮੇ 'ਚ ਦੱਸੇ ਗਏ ਅਧਿਕਾਰਾਂ ਅਤੇ ਆਜ਼ਾਦੀਆਂ ਨੂੰ ਪੂਰੀ ਤਰ੍ਹਾਂ ਸਾਕਾਰ ਕੀਤਾ ਜਾ ਸਕੇ ।

## ਧਾਰਾ 29

(1) ਹਰੇਕ ਦੇ ਸਮਾਜ ਵੱਲ ਫਰਜ਼ ਹਨ, ਸਿਰਫ ਜਿਸ (ਸਮਾਜ) ਵਿੱਚ ਹੀ ਉਹਦੀ ਸ਼ਖ਼ਸੀਅਤ ਦਾ ਆਜ਼ਾਦ ਅਤੇ ਮੁਕੰਮਲ ਵਿਕਾਸ ਸੰਭਵ ਹੈ ।

(2) ਆਪਣੇ ਅਧਿਕਾਰਾਂ ਅਤੇ ਆਜ਼ਾਦੀਆਂ ਦੇ ਅਮਲ ਵਿੱਚ, ਹਰ ਕਿਸੇ ਉੱਤੇ ਸਿਰਫ ਉਹੀ ਬੰਦਸ਼ਾਂ ਹੋਣਗੀਆਂ, ਜੋ ਹੋਰਨਾਂ ਦੇ ਅਧਿਕਾਰਾਂ ਅਤੇ ਆਜ਼ਾਦੀਆਂ ਲਈ ਵਾਜਬ ਸਤਿਕਾਰ ਨੂੰ ਯਕੀਨੀ ਬਣਾਉਣ ਲਈ ਅਤੇ ਇੱਕ ਜਮਹੂਰੀ ਸਮਾਜ ਵਿੱਚ ਇਖਲਾਕ, ਅਮਨ ਅਤੇ ਲੋਕ-ਭਲਾਈ ਦੀਆਂ ਜਾਇਜ਼ ਲੋੜਾਂ ਪੂਰੀਆਂ ਕਰਨ ਦੇ ਇੱਕੋ-ਇੱਕ ਮਨੋਰਥ ਲਈ ਕਾਨੂੰਨ ਵੱਲੋਂ ਲਾਈਆਂ ਗਈਆਂ ਹੋਣ ।

Digitized by Panjab Digital Library | www.panjabdigilib.org

(3) ਇਹ ਅਧਿਕਾਰ ਅਤੇ ਆਜ਼ਾਦੀਆਂ, ਕਿਸੇ ਵੀ ਹਾਲਤ ਵਿੱਚ ਸੰਯੁਕਤ ਰਾਸ਼ਟਰ ਦੇ ਉਦੇਸ਼ਾਂ ਅਤੇ ਅਸੂਲਾਂ ਦੇ ਉਲਟ ਨਹੀਂ ਵਰਤੇ ਜਾਣੇ ਚਾਹੀਦੇ।

## ਧਾਰਾ 30

ਇਸ ਐਲਾਨਨਾਮੇ ਵਿੱਚ ਕਿਸੇ ਵੀ ਚੀਜ਼ ਦਾ ਅਰਥ ਇਸ ਤਰ੍ਹਾਂ ਨਹੀਂ ਕੱਢਿਆ ਜਾਣਾ ਚਾਹੀਦਾ, ਜਿਸ ਦਾ ਭਾਵ ਇਹ ਬਣ ਜਾਵੇ ਕਿ ਕਿਸੇ ਦੇਸ਼, ਗਰੁੱਪ ਜਾਂ ਬੰਦੇ ਨੂੰ ਇਸ ਐਲਾਨਨਾਮੇ ਵਿੱਚ ਅੰਕਿਤ ਅਧਿਕਾਰਾਂ ਅਤੇ ਆਜ਼ਾਦੀਆਂ ਵਿੱਚੋਂ ਕਿਸੇ ਇੱਕ ਨੂੰ ਵੀ ਤਬਾਹ ਕਰਨ ਵਾਲੀ ਕੋਈ ਕਾਰਵਾਈ ਕਰਨ ਦਾ ਹੱਕ ਹੈ।

(ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਵੱਲੋਂ 10 ਦਸੰਬਰ, 1948 ਨੂੰ ਪ੍ਰਵਾਨ ਅਤੇ ਘੋਸ਼ਿਤ ਕੀਤਾ ਗਿਆ)

Digitized by Panjab Digital Library | www.panjabdigilib.org

# ਹਕੂਮਤੀ ਦਹਿਸ਼ਤਗਰਦੀ ਅਤੇ ਮਨੁੱਖੀ ਅਧਿਕਾਰ

ਇਤਿਹਾਸਕ ਤੌਰ 'ਤੇ, ਦਹਿਸ਼ਤਗਰਦੀ ਤੋਂ ਭਾਵ ਹੈ ਹੱਕੀ ਸੰਘਰਸ਼, ਚਾਹੇ ਉਹ ਹਥਿਆਰਬੰਦ ਜਾਂ ਗੈਰ ਹਥਿਆਰਬੰਦ ਹੋਣ, ਨੂੰ ਢਾਹ ਲਾਉਣ ਲਈ ਇੱਕ ਢੰਗ ਦੇ ਤੌਰ 'ਤੇ ਦਹਿਸ਼ਤ ਦਾ ਇਸਤੇਮਾਲ ਕਰਨਾ। ਰਾਜ ਕਈ ਤਰੀਕਿਆਂ ਨਾਲ ਇਸ ਢੰਗ ਦਾ ਇਸਤੇਮਾਲ ਕਰਦਾ ਹੈ, ਜਿਨ੍ਹਾਂ ਵਿੱਚੋਂ ਦੋ ਤਰੀਕੇ ਬਹੁਤ ਹੀ ਬਦਨਾਮ ਹਨ। ਪਹਿਲਾ ਹੈ : ਰਾਜ ਦੁਆਰਾ ਲੋਕਾਂ ਵਿਰੁੱਧ ਦਹਿਸ਼ਤ ਦਾ ਸਿੱਧਾ ਅਤੇ ਅੰਨ੍ਹੇਵਾਹ ਇਸਤੇਮਾਲ, ਜਿਵੇਂ ਕਿ "ਝੂਠੇ ਮੁਕਾਬਲਿਆਂ" ਰਾਹੀਂ ਕਤਲ, ਥਾਣਿਆਂ ਅਤੇ ਇਨਟੈਰੋਗੇਸ਼ਨ ਸੈਂਟਰਾਂ ਵਿੱਚ ਤਸੀਹੇ ਦੇਣਾ, ਗ੍ਰਿਫ਼ਤਾਰੀਆਂ ਜਾਂ ਜੇਲ੍ਹ ਜਾਂ ਬਲਾਤਕਾਰ ਦੀਆਂ ਧਮਕੀਆਂ ਦੇ ਕੇ ਪੈਸੇ ਬਟੋਰਨੇ, ਅਤੇ ਲੋਕਾਂ ਵਿਰੁੱਧ ਹਿੰਸਾ ਦੀਆਂ ਹੋਰ ਵੱਖ-ਵੱਖ ਕਾਰਵਾਈਆਂ। ਦੂਸਰਾ : ਰਾਜ ਗੈਰ-ਸਰਕਾਰੀ, ਦਹਿਸ਼ਤਗਰਦ ਜੱਥੇਬੰਦੀਆਂ ਨੂੰ ਵੀ ਖ਼ੀਦ ਕੇ ਵੱਖ-ਵੱਖ ਢੰਗਾਂ ਨਾਲ ਦਹਿਸ਼ਤ ਫੈਲਾਉਣ ਲਈ ਇਸਤੇਮਾਲ ਕਰਦਾ ਹੈ, ਜਿਵੇਂ ਕਿ ਬੰਬ ਧਮਾਕੇ ਕਰਨਾ, ਅਗਵਾ ਕਰਨਾ, ਅੰਨੇਵਾਹ ਫਾਇਰਿੰਗ ਕਰਕੇ ਲੋਕਾਂ ਨੂੰ ਕਤਲ ਕਰਨਾ ਆਦਿ। ਇਸ ਦੂਸਰੇ ਤਰੀਕੇ ਦਾ ਉਦੇਸ਼ ਅਰਾਜਕਤਾ ਅਤੇ ਹਿੰਸਾ ਦਾ ਇੱਕ ਮਹੌਲ ਪੈਦਾ ਕਰਨਾ ਹੈ ਤਾਂ ਜੋ ਸਤੇ ਹੋਏ ਲੋਕ ਰਾਜ ਦੁਆਰਾ ਸਿੱਧੇ ਤੌਰ 'ਤੇ ਦਹਿਸ਼ਤ ਅਤੇ ਤਸ਼ੱਦਦ ਦੇ ਹੋਰ ਢੰਗਾਂ ਦੇ ਇਸਤੇਮਾਲ ਨੂੰ ਜਾਇਜ਼ ਸਮਝਣ ਲੱਗ ਪੈਣ।

## ਜ਼ੁਰਮ ਅਤੇ ਸਜ਼ਾ

ਜਦ ਇੱਕ ਸਧਾਰਣ ਬੰਦਾ ਕਿਸੇ ਦੂਸਰੇ ਬੰਦੇ ਦਾ ਕਤਲ ਕਰਦਾ ਹੈ, ਤਾਂ ਇਹ ਇੱਕ ਜ਼ੁਰਮ ਹੈ, ਅਤੇ ਹਰ ਸੱਭਿਅਤ ਦੇਸ਼ ਵਿੱਚ ਇਸ ਨੂੰ ਇੱਕ ਜ਼ੁਰਮ ਐਲਾਨਿਆਂ ਹੋਇਆ ਹੈ। ਕਾਤਿਲ ਦੇ ਖਿਲਾਫ ਕਨੂੰਨੀ ਕਾਰਵਾਈ ਕੀਤੀ ਜਾਂਦੀ ਹੈ। ਇੱਕ ਜਮਹੂਰੀ ਸੰਵਿਧਾਨਕ ਸਰਕਾਰ ਵਾਲੇ ਹਰ ਦੇਸ਼ ਦੀ ਮੁਜ਼ਰਮਾਨਾ ਕਾਰਵਾਈਆਂ ਦੀ ਇੱਕ ਦੰਡਾਵਲੀ ਹੁੰਦੀ ਹੈ ਅਤੇ ਉਸ ਦੰਡਾਵਲੀ ਦਾ ਉਲੰਘਣ ਕਰਨ ਵਾਲਿਆਂ ਨੂੰ ਉਹ ਸਜ਼ਾ ਦਿੰਦਾ ਹੈ। ਪਰ ਬੜੇ ਦੁੱਖ ਦੀ ਗੱਲ ਹੈ ਕਿ ਅੱਜ ਦੁਨੀਆਂ ਵਿੱਚ ਕਈ ਅਜੇਹੀਆਂ ਸਰਕਾਰਾਂ ਹਨ ਜੋ ਆਪਣੇ ਨਾਗਰਿਕਾਂ ਨੂੰ ਬੁਨਿਆਦੀ ਮਨੁੱਖੀ ਅਧਿਕਾਰਾਂ ਤੋਂ ਸੱਖਣੇ ਰੱਖਦੀਆਂ ਹਨ ਅਤੇ ਕਈ ਵਾਕਿਆਤ ਵਿੱਚ, ਆਪਣੇ ਹੀ ਲੋਕਾਂ ਵਿਰੁੱਧ ਦਹਿਸ਼ਤਗਰਦੀ ਦਾ ਇਸਤੇਮਾਲ ਕਰਦੀਆਂ ਹਨ।

ਤਾਨਾਸ਼ਾਹ ਸਰਕਾਰਾਂ ਆਮ ਤੌਰ 'ਤੇ ਕਾਨੂੰਨ ਬਣਾ ਕੇ ਜਾਂ ਆਪਣੇ ਅਧਿਕਾਰੀਆਂ ਅਤੇ ਏਜੰਸੀਆਂ ਨੂੰ ਗੈਰ-ਰਸਮੀ ਹਦਾਇਤਾਂ ਜਾਰੀ ਕਰਕੇ, ਨਾਗਰਿਕਾਂ ਨੂੰ ਜੀਵਨ ਅਤੇ ਆਜ਼ਾਦੀ ਦੇ ਹੱਕਾਂ ਤੋਂ ਵਾਂਝੇ ਕਰਦੀਆਂ ਹਨ। ਕਾਨੂੰਨੀ ਤੌਰ 'ਤੇ ਜਦ ਇੱਕ ਪੁਲਿਸ ਅਧਿਕਾਰੀ ਨੂੰ ਹੁਕਮ ਮਿਲਦਾ ਹੈ ਕਿ ਉਹ ਇੱਕ ਗ੍ਰਿਫ਼ਤਾਰ ਕੀਤੇ ਹੋਏ ਸ਼ੱਕੀ ਵਿਅਕਤੀ ਨੂੰ ਕਤਲ ਕਰ ਦੇਵੇ ਤਾਂ ਉਹ ਕਾਨੂੰਨ ਰਾਹੀਂ ਸੁਰੱਖਿਅਤ ਹੈ ਕਿਉਂਕਿ ਉਹ ਆਪਣੇ ਉੱਚ ਅਧਿਕਾਰੀ ਦੇ ਹੁਕਮਾਂ

Digitized by Panjab Digital Library | www.panjabdigilib.org

ਦੀ ਪਾਲਣਾ ਕਰ ਰਿਹਾ ਹੈ ਅਤੇ ਇਸ ਲਈ, ਕਾਨੂੰਨ ਦੀ ਤਾਕਤ ਉਸ ਦਾ ਕੁੱਝ ਨਹੀਂ ਵਿਗਾੜ ਸਕਦੀ। ਇਸ ਤੋਂ ਇਹ ਅਰਥ ਨਿਕਲਦਾ ਹੈ ਕਿ ਇੱਕ ਕਾਨੂੰਨੀ (ਸਰਕਾਰੀ) ਅਧਿਕਾਰੀ ਬੜੀ ਆਸਾਨੀ ਨਾਲ ਜੀਵਨ ਅਤੇ ਅਜ਼ਾਦੀ ਦੇ ਹੱਕ ਦਾ ਉਲੰਘਣ ਕਰ ਸਕਦਾ ਹੈ, ਜਦ ਕਿ ਇੱਕ ਸਧਾਰਣ ਆਦਮੀ ਨੂੰ ਕਾਨੂੰਨ ਦੀ ਤਾਕਤ ਦਾ ਡਰ ਹੁੰਦਾ ਹੈ। ਉਸਨੂੰ ਉਸ ਵਿਰੋਧੀ ਦਾ ਵੀ ਡਰ ਹੁੰਦਾ ਜਿਸ ਦੇ ਹੱਕਾਂ ਦਾ ਉਲੰਘਣ ਕਰਨ ਦਾ ਉਹ ਇਰਾਦਾ ਰੱਖਦਾ ਹੈ।

ਜਿਉਂ ਹੀ ਇੱਕ ਸਧਾਰਣ ਨਾਗਰਿਕ ਇੱਕ ਦੂਸਰੇ ਨਾਗਰਿਕ ਦਾ ਕਤਲ ਕਰਦਾ ਹੈ ਜਾਂ ਉਸ ਨੂੰ ਜਿਸਮਾਨੀ ਚੋਟ ਮਾਰਦਾ ਹੈ, ਉਸ ਦੀ ਕਾਰਵਾਈ ਇੱਕ ਮੁਜ਼ਰਿਮਾਨਾ ਕਾਰਵਾਈ ਬਣ ਜਾਂਦੀ ਹੈ। ਉਸਦੇ ਖਿਲਾਫ਼ ਤੁਰੰਤ ਕਾਰਵਾਈ ਕੀਤੀ ਜਾ ਸਕਦੀ ਹੈ ਅਤੇ ਆਮ ਤੌਰ 'ਤੇ ਮਜ਼ਲੂਮ ਨੂੰ ਖੁਦ ਇਹ ਲੋੜ ਵੀ ਨਹੀਂ ਪੈਂਦੀ ਕਿ ਉਹ ਮੁਜ਼ਰਿਮ ਨੂੰ ਕਾਨੂੰਨ ਮੁਤਾਬਿਕ ਸਜ਼ਾ ਦੁਆਉਣ ਲਈ ਕਾਨੂੰਨੀ ਮਸ਼ੀਨਰੀ ਨੂੰ ਹਰਕਤ ਵਿੱਚ ਲਿਆਵੇ। ਕਾਨੂੰਨ ਦਾ ਤੱਤ ਹੀ ਜ਼ੁਰਮ ਕਰਨ ਵਾਲੇ ਵਿਅਕਤੀ ਨੂੰ ਵਿਧਾਨ ਮੁਤਾਬਿਕ ਸਜ਼ਾ ਦੇਣ ਵਿੱਚ ਹੈ।

ਸਿਧਾਂਤਕ ਤੌਰ 'ਤੇ ਜਦੋਂ ਇੱਕ ਸਰਕਾਰੀ ਅਧਿਕਾਰੀ ਕੋਈ ਗੈਰ-ਕਾਨੂੰਨੀ ਕਾਰਵਾਈ ਕਰਦਾ ਹੈ, ਤਾਂ ਕਾਨੂੰਨ ਨੂੰ ਉਸ ਦੇ ਖਿਲਾਫ ਵੀ ਕੰਮ ਕਰਨਾ ਚਾਹੀਦਾ ਹੈ ਅਤੇ ਉਸ ਨੂੰ ਵੀ ਇੱਕ ਆਮ ਵਿਅਕਤੀ ਦੀ ਤਰ੍ਹਾਂ ਹੀ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਬਦਕਿਸਮਤੀ ਨਾਲ, ਕਿਉਂਕਿ ਸਰਕਾਰ ਆਪਣੇ ਅਧਿਕਾਰੀਆਂ ਰਾਹੀਂ ਕੰਮ ਕਰਦੀ ਹੈ, ਦਿਨ-ਪ੍ਰਤੀ-ਦਿਨ ਸਥਿਤੀਆਂ ਵਿੱਚ ਸਰਕਾਰੀ ਅਧਿਕਾਰੀਆਂ ਦੀਆਂ ਮੁਜ਼ਰਿਮਾਨਾ ਕਾਰਵਾਈਆਂ ਦੀ ਪਰਖ ਕਰਨਾ ਮੁਸ਼ਕਿਲ ਹੈ। ਜ਼ਿਆਦਾਤਰ ਸਥਿੱਤੀਆਂ ਵਿੱਚ, ਉਹ ਸਿਰਫ ਆਪਣੇ ਉੱਚ ਅਧਿਕਾਰੀਆਂ ਦੀ ਆਗਿਆ ਦਾ ਹੀ ਪਾਲਣ ਕਰ ਰਿਹਾ ਹੁੰਦਾ ਹੈ, ਜਿਨ੍ਹਾਂ ਦੇ ਕੋਈ ਗੁਪਤ ਇਰਾਦੇ ਜਾਂ ਸਵਾਰਥੀ ਹਿੱਤ ਹੁੰਦੇ ਹਨ। ਵੀਹਵੀਂ ਸਦੀ ਦਾ ਤਜ਼ਰਬਾ ਸਾਬਤ ਕਰਦਾ ਹੈ ਕਿ ਇਸ ਧਰਤੀ ਦੇ ਨਾਗਰਿਕਾਂ ਦੇ ਹੱਕਾਂ ਦਾ ਸਭ ਤੋਂ ਵੱਧ ਉਲੰਘਣ ਸਰਕਾਰਾਂ ਨੇ ਕੀਤਾ ਹੈ।

ਹਿੰਦੁਸਤਾਨ ਵਿੱਚ ਸਾਡੀ ਫੌਜਦਾਰੀ ਦੰਡਾਵਲੀ ਵਿੱਚ ਇੱਕ ਪ੍ਰਾਚੀਨ ਦਫਾ 197 ਹੈ ਜਿਸ ਅਧੀਨ ਇੱਕ ਸਰਕਾਰੀ ਅਧਿਕਾਰੀ ਉੱਤੇ ਕਿਸੇ ਵੀ ਜ਼ੁਰਮ ਲਈ ਮੁਕੱਦਮਾ ਚਲਾਉਣ ਲਈ ਸਰਕਾਰ ਤੋਂ ਮਨਜ਼ੂਰੀ ਲੈਣੀ ਪੈਂਦੀ ਹੈ। ਜਦ ਕਿ ਇਹ ਨਿਸਚਿਤ ਹੈ ਕਿ ਅਪਰਾਧੀ ਅਧਿਕਾਰੀ ਆਮ ਤੌਰ 'ਤੇ ਉਸੇ ਸਰਕਾਰ ਦੇ ਹੁਕਮਾਂ 'ਤੇ ਅਪਰਾਧ ਕਰ ਰਿਹਾ ਹੁੰਦਾ ਹੈ ਜੋ ਸਰਕਾਰ ਉਸ ਉੱਤੇ ਮੁਕੱਦਮਾ ਚਲਾਉਣ ਲਈ ਮਨਜ਼ੂਰੀ ਦਿੰਦੀ ਹੈ ਤਾਂ ਇਹ ਸਮਝਣਾ ਅਸਾਨ ਹੈ ਕਿ ਆਮ ਤੌਰ 'ਤੇ ਇਹ ਮਨਜ਼ੂਰੀ ਕਿਉਂ ਨਹੀਂ ਦਿੱਤੀ ਜਾਂਦੀ। ਪੰਜਾਬ ਅਤੇ ਜੰਮੂ-ਕਸ਼ਮੀਰ ਬਾਰੇ ਪਾਸ ਕੀਤਾ ਗਿਆ ਇੱਕ ਤਾਜ਼ਾ ਕਾਨੂੰਨ ਤਾਂ ਅਰਧ ਫੌਜੀ ਅਤੇ ਫੌਜੀ ਸ਼ਕਤੀਆਂ. ਨੂੰ ''ਡਿਊਟੀ ਨਿਭਾਉਂਦੇ ਵਕਤ'' ਕੀਤੇ ਗਏ ਜ਼ੁਰਮਾਂ ਲਈ ਮੁਕੱਦਮੇ ਤੋਂ ਛੋਟ ਦੇਣ ਤੱਕ ਜਾਂਦਾ ਹੈ।

ਸਿਧਾਂਤਕ ਤੌਰ 'ਤੇ ਕਾਨੂੰਨ ਦਾ ਰਾਜ ਇਹ ਮੰਨਦਾ ਹੈ ਕਿ ਕੋਈ ਵੀ ਇਸ ਤੋਂ (ਕਾਨੂੰਨ ਤੋਂ) ਉੱਤੇ ਨਹੀਂ ਹੈ ਅਤੇ ਜੋ ਵੀ ਕੋਈ ਜ਼ੁਰਮ ਕਰਦਾ ਹੈ ਉਸਨੂੰ ਸਜ਼ਾ ਮਿਲਣੀ ਚਾਹੀਦੀ ਹੈ। ਸਰਕਾਰੀ ਢਾਂਚੇ ਵਿੱਚ ਕੋਈ ਵਿਅਕਤੀ ਚਾਹੇ ਕਿੱਡੀ ਵੀ ਪਦਵੀ 'ਤੇ ਹੋਵੇ, ਕਾਨੂੰਨ ਦਾ ਰਾਜ ਉਸ ਤੋਂ ਉੱਤੇ ਹੈ। ਕਾਨੂੰਨ ਦਾ ਇਹ ਗੁਣ ਉਨ੍ਹਾਂ ਸਭ ਨੂੰ ਸੁਰੱਖਿਆ ਪ੍ਰਦਾਨ ਕਰਦਾ ਹੈ ਜਿਹੜੇ ਆਪਣਾ ਜੀਵਨ ਜਿਊਣਾ ਚਾਹੁੰਦੇ ਹਨ। ਸਜ਼ਾ ਅਤੇ ਸੁਰੱਖਿਆ, ਕਾਨੂੰਨ ਦੀਆਂ ਲਾਜ਼ਮੀ ਖਾਸੀਅਤਾਂ ਹਨ। ਪਰ ਜਦ ਰਾਜ ਸੁਰੱਖਿਆ ਪ੍ਰਦਾਨ ਕਰਨ ਵਿੱਚ ਤਰਫ਼ਦਾਰੀ ਕਰਦਾ

Digitized by Panjab Digital Library | www.panjabdigilib.org

ਹੈ, ਤਾਂ ਕਾਨੂੰਨ ਦਾ ਰਾਜ ਖਤਰੇ ਵਿੱਚ ਪੈ ਜਾਂਦਾ ਹੈ । ਰਾਜ ਵਿੱਚ ਆਪਣੀ ਪਦਵੀ ਦਾ ਇਸਤੇਮਾਲ ਕਰਨਾ ਅਤੇ ਇਸ ਢੰਗ ਨਾਲ ਚਲਾਉਣਾ ਮਾਨੋ ਕਿ ਇੱਕ ਵਿਅਕਤੀ ਜਾਂ ਇੱਕ ਗਰੁੱਪ ਕਾਨੂੰਨ ਤੋਂ ਉੱਤੇ ਹੈ–ਇਹ ਕਾਨੂੰਨ ਦੇ ਰਾਜ ਨੂੰ ਖਤਮ ਕਰ ਦਿੰਦਾ ਹੈ ।

**ਮਨੁੱਖੀ ਅਧਿਕਾਰ ਜਥੇਬੰਦੀਆਂ ਦਾ ਕੰਮ**

ਰਾਜ ਇੱਕ ਕਨੂੰਨੀ ਹਸਤੀ ਹੈ ਜੋ ਆਪਣੇ ਨਾਗਰਿਕਾਂ ਦੀ ਰੱਖਿਆ ਕਰਨ ਲਈ ਵਚਨ-ਬੱਧ ਹੈ ਅਤੇ ਮਨੁੱਖੀ ਅਧਿਕਾਰ ਜਥੇਬੰਦੀਆਂ ਇਹ ਯਕੀਨੀ ਬਣਾਉਣ ਦਾ ਕੰਮ ਕਰਦੀਆਂ ਹਨ ਕਿ ਇਸ ਰਾਜ ਦੀਆਂ ਕਾਰਵਾਈਆਂ ਅਤੇ ਰਵੱਈਆ ਕਾਨੂੰਨ ਦੇ ਅਧਿਕਾਰ ਖੇਤਰ ਅੰਦਰ ਰਹਿਣ । ਨਹੀਂ ਤਾਂ, ਇੱਕ ਜਮਹੂਰੀ ਰਾਜ ਪ੍ਰਬੰਧ ਦੀ ਨੀਂਹ ਨੂੰ ਹੀ ਖਤਰਾ ਬਣ ਜਾਂਦਾ ਹੈ।

ਸਧਾਰਣ ਵਿਅਕਤੀਆਂ ਕੋਲ ਬਹੁਤ ਥੋੜ੍ਹੀ ਤਾਕਤ ਹੁੰਦੀ ਹੈ । ਖਤਰਨਾਕ ਤੋਂ ਖਤਰਨਾਕ ਡਾਕੂ ਵੀ ਇੱਕ ਦਿਨ ਮਰ ਜਾਂਦਾ ਹੈ, ਪਰ ਜਦੋਂ ਰਾਜ ਨੂੰ ਅਪਰਾਧ ਦੀ ਇੱਕ ਸੰਸਥਾ ਵਿੱਚ ਤਬਦੀਲ ਕਰ ਦਿੱਤਾ ਜਾਂਦਾ ਹੈ ਤਾਂ ਇਹ ਆਪਣੇ-ਆਪ ਨੂੰ ਹਮੇਸ਼ਾਂ ਕਾਇਮ ਰੱਖਣ ਦੀ ਕੋਸ਼ਿਸ਼ ਕਰਦਾ ਹੈ । ਇਸ ਲਈ ਮਨੁੱਖੀ ਅਧਿਕਾਰ ਜਥੇਬੰਦੀਆਂ ਆਮ ਤੌਰ 'ਤੇ ਇਨ੍ਹਾਂ ਸਰਕਾਰਾਂ ਅਤੇ ਉਨ੍ਹਾਂ ਦੇ ਅਧਿਕਾਰੀਆਂ ਦੀਆਂ ਕਾਰਵਾਈਆਂ ਉੱਤੇ ਨਜ਼ਰ ਰੱਖਦੀਆਂ ਹਨ, ਜੋ ਆਪਣੇ ਆਪ ਨੂੰ ਕਾਨੂੰਨ ਦੇ ਅਧਿਕਾਰ ਖੇਤਰ ਤੋਂ ਬਚਾਉਂਦੇ ਹਨ । ਜਦੋਂ ਇੱਕ ਨਾਗਰਿਕ ਦੂਸਰੇ ਨਾਗਰਕਿ ਨੂੰ ਜ਼ਖ਼ਮੀ ਕਰਦਾ ਹੈ ਤਾਂ ਇੰਡੀਅਨ ਪੀਨਲ ਕੋਡ ਅਧੀਨ ਤੁਰੰਤ ਇੱਕ ਕੇਸ ਦਾਇਰ ਕੀਤਾ ਜਾ ਸਕਦਾ ਹੈ । ਜਦ ਇੱਕ ਪੁਲਿਸ ਅਧਿਕਾਰੀ ਇੱਕ ਨਾਗਰਿਕ ਨੂੰ ਥਾਣੇ ਅੰਦਰ ਤਸੀਹੇ ਦੇ ਕੇ ਉਸਦੀ ਸੰਵਿਧਾਨਕ ਸੁਰੱਖਿਆ ਭੰਗ ਕਰਦਾ ਹੈ ਤਾਂ ਉਹ ਅੱਖਾਂ ਤੋਂ ਉਹਲੇ ਰਹਿੰਦਾ ਹੈ, ਕਿਉਂਕਿ ਉਹ ਇਹ ਕਾਰਵਾਈ ਇੱਕ ਕਾਨੂੰਨੀ ਛਤਰ-ਛਾਇਆ ਅਧੀਨ ਕਰਦਾ ਹੈ, ਜਿਸ ਮੁਤਾਬਿਕ ਉਹ ਇੱਕ ਸ਼ੱਕੀ ਨੂੰ ਪੁੱਛਗਿੱਛ (ਇਨਟੈਰੋਗੇਟ) ਕਰਨ ਲਈ ਪਾਬੰਦ ਹੈ ।

ਬੇਅਸੂਲੇ ਬੰਦਿਆਂ ਦੇ ਹੱਥਾਂ ਵਿੱਚ ਸਭ ਤੋਂ ਵੱਧ ਜਮਹੂਰੀ ਅਤੇ ਦਿਆਲੂ ਰਾਜ ਵੀ ਦਮਨਕਾਰੀ ਜ਼ਾਬਰ ਅਤੇ ਤਾਨਾਸ਼ਾਹ ਬਣ ਸਕਦਾ ਹੈ । ਅਜੇਹੇ ਵਾਕਿਆਤ ਵਿੱਚ, ਕਾਨੂੰਨ ਦਾ ਰਾਜ ਛਿੱਕੇ ਟੰਗ ਦਿੱਤਾ ਜਾਂਦਾ ਹੈ । ਮਨੁੱਖੀ ਅਧਿਕਾਰ ਜਥੇਬੰਦੀਆਂ ਦੀ ਸਭ ਤੋਂ ਵੱਧ ਦਿਲਚਸਪੀ ਇੱਕ ਖੁਲ੍ਹੇ ਸਮਾਜ ਨੂੰ ਬਰਕਰਾਰ ਰੱਖਣ ਵਿੱਚ ਹੈ, ਜਿਸ ਲਈ ਇਹ ਜ਼ਰੂਰੀ ਹੈ ਕਿ ਹਰ ਕੋਈ ਕਾਨੂੰਨ ਦੀ ਪਾਲਣਾ ਕਰੇ । ਕਾਨੂੰਨ ਦੀ ਪਾਲਣਾ ਕਰਨਾ ਇੱਕ ਸਧਾਰਣ ਨਾਗਰਿਕ ਦਾ ਵੀ ਓਨਾ ਹੀ ਫ਼ਰਜ਼ ਹੈ ਜਿੰਨਾਂ ਕਿ ਇੱਕ ਸਰਕਾਰੀ ਅਧਿਕਾਰੀ ਦਾ ਫ਼ਰਜ਼ ਹੈ । ਇਸ ਲਈ ਇਹ ਲਾਜ਼ਮੀ ਹੈ ਕਿ ਜੇਕਰ ਇੱਕ ਸਰਕਾਰ ਨੇ ਨਿਆਂ ਕਰਨ ਅਤੇ ਅਮਨ-ਕਨੂੰਨ ਬਰਕਰਾਰ ਰੱਖਣ ਦੀ ਆਪਣੀ ਸ਼ਕਤੀ ਕਾਇਮ ਰੱਖਣੀ ਹੈ ਤਾਂ ਇਸਨੂੰ ਖੁਦ ਕਦੇ ਵੀ ਕਨੂੰਨ ਦਾ ਉਲੰਘਣ ਨਹੀਂ ਕਰਨਾ ਚਾਹੀਦਾ ਜਾਂ ਉਲੰਘਣ ਕਰਦੀ ਨਹੀਂ ਦਿਖਣਾ ਚਾਹੀਦਾ । ਅਮਨ-ਕਾਨੂੰਨ ਲਈ ਸਭ ਤੋਂ ਖਤਰਨਾਕ ਹੈ ਇਸ ਭਾਵਨਾ ਦਾ ਪੈਦਾ ਹੋਣਾ ਕਿ ਜਿਨ੍ਹਾਂ ਨੂੰ ਅਮਨ-ਕਾਨੂੰਨ ਦੀ ਰਖਵਾਲੀ ਕਰਨ ਦੀ ਜਿੰਮੇਵਾਰੀ ਸੌਂਪੀ ਗਈ ਹੈ ਉਹ ਅਮਲ ਵਿੱਚ ਇਸਦੀ ਉਲੰਘਣਾ ਕਰਦੇ ਹਨ ਅਤੇ ਉਨ੍ਹਾਂ ਵਿਅਕਤੀਆਂ ਵਰਗੇ ਹੀ ਹਨ ਜਿਨ੍ਹਾਂ ਨੂੰ ਕਾਨੂੰਨੀ ਤੌਰ 'ਤੇ ਮੁਜ਼ਰਿਮ ਕਿਹਾ ਜਾਂਦਾ ਹੈ ਅਤੇ ਜਿਨ੍ਹਾਂ ਵਿਰੁੱਧ ਇਨ੍ਹਾਂ ਨੇ ਕਨੂੰਨ ਮੁਤਾਬਿਕ ਕਾਰਵਾਈ ਕਰਨੀ ਹੈ ।

ਸਰਕਾਰੀ ਏਜੰਸੀਆਂ ਦੀਆਂ ਵਧੀਕੀਆਂ ਉੱਤੇ ਨਿਗ੍ਹਾ ਰੱਖਣ ਦੇ ਮਨੁੱਖੀ ਅਧਿਕਾਰ ਜਥੇਬੰਦੀਆਂ ਦੇ ਇਸ ਨਾਜ਼ੁਕ ਕੰਮ ਨੂੰ ਕਦੇ ਵੀ ਕੋਈ ਵੀ ਸਰਕਾਰ ਪਸੰਦ ਨਹੀਂ ਕਰਦੀ ।

Digitized by Panjab Digital Library | www.panjabdigilib.org

ਬੰਦਿਆਂ ਨੂੰ ਜਦੋਂ ਕਾਨੂੰਨੀ ਤਾਕਤ ਅਤੇ ਅਧਿਕਾਰ ਮਿਲ ਜਾਂਦੇ ਹਨ ਤਾਂ ਉਹ ਆਪਣੇ ਆਪ ਨੂੰ ਰੱਬ, ਬੇਰਹਿਮ ਰੱਬ, ਸਮਝਣ ਲੱਗ ਪੈਂਦੇ ਹਨ ।

ਸੱਤਾਧਾਰੀ ਵਿਅਕਤੀਆਂ ਦਾ ਮਨਮਾਨੀ ਵਾਲਾ ਵਤੀਰਾ ਬਹੁਤ ਸਾਰੇ ਦੇਸ਼ਾਂ ਵਿੱਚ ਇਤਿਹਾਸਕ ਤਜ਼ਰਬੇ ਦਾ ਮਾਮਲਾ ਹੈ, ਅਤੇ ਜੋ ਵੀ ਉਨ੍ਹਾਂ ਦਾ ਪਰਦਾ ਫਾਸ਼ ਕਰਦਾ ਹੈ ਉਸਨੂੰ ਆਪਣੇ ਵਿਰੁੱਧ ਰਾਜ-ਸੱਤਾ ਦਾ ਇਸਤੇਮਾਲ ਕੀਤੇ ਜਾਣ ਦਾ ਜੋਖਮ ਉਠਾਉਣਾ ਪੈਂਦਾ ਹੈ। ਮਨੁੱਖੀ ਅਧਿਕਾਰ ਜਥੇਬੰਦੀਆਂ ਦੀ ਸਭ ਤੋਂ ਵੱਡੀ ਨੁਕਤਾਚੀਨੀ ਇਹ ਕੀਤੀ ਜਾਂਦੀ ਹੈ ਕਿ ਉਨ੍ਹਾਂ ਨੂੰ ਕੈਦੀਆਂ ਅਤੇ ਸ਼ੱਕੀਆਂ ਦੇ ਹੱਕਾਂ ਦੀ ਵਧੇਰੇ ਚਿੰਤਾ ਹੈ ਅਤੇ ਆਪਣੇ ਸਾਥੀ ਨਾਗਰਿਕਾਂ ਦੇ ਹੱਕਾਂ ਦੀ ਨਹੀਂ, ਜਿਨ੍ਹਾਂ ਨੂੰ ਇਨ੍ਹਾਂ ਹੀ ਵਿਅਕਤੀਆਂ ਤੋਂ ਖਤਰਾ ਹੈ ਜਿਨ੍ਹਾਂ ਨੂੰ ਮਨੁੱਖੀ ਅਧਿਕਾਰ ਜਥੇਬੰਦੀਆਂ ਸੁਰੱਖਿਆ ਦਿੰਦੀਆਂ ਹਨ । ਪਰ ਅਜੇਹੀ ਨੁਕਤਾਚੀਨੀ ਬੇਹੂਦਾ ਹੈ, ਕਿਉਂਕਿ ਅਪਰਾਧੀਆਂ ਨੂੰ ਫੜਨਾ ਅਤੇ ਸਜ਼ਾ ਦੇਣਾ ਰਾਜ ਦਾ ਕੰਮ ਹੈ ਮਨੁੱਖੀ ਅਧਿਕਾਰ ਜਥੇਬੰਦੀਆਂ ਦਾ ਨਹੀਂ । ਮਨੁੱਖੀ ਅਧਿਕਾਰ ਜਥੇਬੰਦੀਆਂ ਦਾ ਕੰਮ ਇਹ ਯਕੀਨੀ ਬਨਾਉਣਾ ਹੈ ਕਿ ਇੱਕ ਵਾਰ ਜਦੋਂ ਸ਼ੱਕੀ ਵਿਅਕਤੀ ਨੂੰ ਫੜ ਲਿਆ ਜਾਂਦਾ ਹੈ ਤਾਂ ਉਸ ਵਿਰੁੱਧ ਕਾਨੂੰਨ ਮੁਤਾਬਕ ਕਾਰਵਾਈ ਕੀਤੀ ਜਾਵੇ । ਇਹ ਆਸ ਰੱਖਣਾ ਹਾਸੋਹੀਣਾ ਹੋਵੇਗਾ ਕਿ ਦਹਿਸ਼ਤਗਰਦ ਆਪਣੇ ਦੁਸ਼ਮਣਾਂ ਨਾਲ ਕਾਨੂੰਨ ਮੁਤਾਬਕ ਪੇਸ਼ ਆਉਣ ।

ਚਲਾਕ ਸਰਕਾਰਾਂ ਲੋਕਾਂ ਨੂੰ ਵਰਗਲਾਅ ਲੈਂਦੀਆਂ ਹਨ ਕਿ ਮਨੁੱਖੀ ਅਧਿਕਾਰ ਜਥੇਬੰਦੀਆਂ ਦਹਿਸ਼ਤਗਰਦ ਗਰੁੱਪਾਂ ਦੀਆਂ ਫਰੰਟ ਜਥੇਬੰਦੀਆਂ ਮਾਤਰ ਹਨ, ਕਿਉਂਕਿ ਮਨੁੱਖੀ ਅਧਿਕਾਰ ਜਥੇਬੰਦੀਆਂ ਇਹ ਮੰਗ ਕਰਦੀਆਂ ਹਨ ਕਿ ਜਿਨ੍ਹਾਂ ਨੂੰ ਅਧਿਕਾਰੀ ਦਹਿਸ਼ਤਗਰਦ ਜਾਂ ਅਤਿਵਾਦੀ ਕਰਾਰ ਦਿੰਦੇ ਹਨ ਉਨ੍ਹਾਂ ਨੂੰ ਵੀ ਆਪਣੀ ਸਫਾਈ ਪੇਸ਼ ਕਰਨ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ ।

## ਤਫਤੀਸ਼ਕਾਰੇ, ਜੱਜ ਅਤੇ ਜਿਊਰੀ ਦੀ ਭੂਮਿਕਾ

ਰਵਾਇਤੀ ਤੌਰ 'ਤੇ ਵਕੀਲ ਅਤੇ ਜੱਜ ਬੜੀ ਜਲਦੀ ਇਹ ਸਮਝ ਜਾਂਦੇ ਹਨ ਕਿ ਇੱਕ ਅਪਰਾਧੀ ਦਾ ਖੁਰਾ ਖੋਜ ਲੱਭਣ ਲਈ, ਪੜਤਾਲੀਆਂ ਏਜੰਸੀਆਂ ਕਈ ਬੇਗੁਨਾਹ ਵਿਅਕਤੀਆਂ ਨੂੰ ਵੀ ਫੜ ਲੈਂਦੀਆਂ ਹਨ । ਇਹੀ ਵਜ੍ਹਾ ਹੈ ਕਿ ਪੂਰੀ ਦੁਨੀਆਂ ਵਿੱਚ ਕਾਨੂੰਨੀ ਢਾਂਚੇ ਇਸ ਤਰ੍ਹਾਂ ਬਣਾਏ ਗਏ ਹਨ ਕਿ ਜਿਹੜਾ ਵਿਅਕਤੀ ਤਫਤੀਸ਼ ਕਰਦਾ ਹੈ ਉਹੀ ਆਦਮੀ ਜੱਜ ਦਾ ਕੰਮ ਨਾ ਕਰੇ । ਮਨੋਵਿਗਿਆਨੀਆਂ ਨੇ ਇਹ ਨਿਚੋੜ ਕੱਢਿਆ ਹੈ ਕਿ ਬੰਦਿਆਂ ਵਿੱਚ ਜਲਦੀ ਨਾਲ ਸਿੱਟੇ ਕੱਢਣ ਦੀ ਬਿਰਤੀ ਹੁੰਦੀ ਹੈ ਅਤੇ ਮਨੁੱਖੀ ਬੁੱਧੀ ਸਹਿਕਰਮ ਨਾਲ ਕੰਮ ਕਰਦੀ ਹੈ । ਹਨੇਰੇ ਵਿੱਚ ਇੱਕ ਚੰਗਾ-ਭਲਾ ਬੰਦਾ ਵੀ ਰੱਸੀ ਨੂੰ ਸੱਪ ਸਮਝ ਸਕਦਾ ਹੈ, ਪਰਛਾਵੇਂ ਨੂੰ ਵਿਅਕਤੀ ਸਮਝ ਸਕਦਾ ਹੈ ।

ਮਨੁੱਖੀ ਤਜਰਬੇ ਅਤੇ ਮਨੋਵਿਗਿਆਨਕ ਸੱਚਾਈਆਂ ਤੋਂ ਸਬਕ ਲੈਂਦਿਆਂ, ਪ੍ਰਤਿਭਾਵਾਨ ਕਾਨੂੰਨੀ ਹਸਤੀਆਂ ਨੇ ਪ੍ਰਬੰਧਕੀ ਨਿਆਂ ਦਾ ਇੱਕ ਢਾਂਚਾ ਤਿਆਰ ਕੀਤਾ, ਜਿਸ ਵਿੱਚ ਕੁੱਝ ਵਿਅਕਤੀਆਂ ਦੇ ਇੱਕ ਗਰੁੱਪ ਨੂੰ ਇਹ ਜਿੰਮੇਵਾਰੀ ਦਿੱਤੀ ਜਾਂਦੀ ਹੈ ਕਿ ਉਹ ਮੁਜ਼ਰਿਮਾਨਾ ਕਾਰਵਾਈਆਂ ਦੀ ਤਫਤੀਸ਼ ਕਰੇ ਅਤੇ ਆਪਣੀ ਰਿਪੋਰਟ ਇੱਕ ਹੋਰ ਵਿਅਕਤੀ ਨੂੰ ਪੇਸ਼ ਕਰੇ ਜਿਸ ਨੂੰ ਅਪਰਾਧੀ ਦੇ ਖਿਲਾਫ਼ ਮਨ ਬਨਾਉਣ ਦਾ ਕੋਈ ਮੌਕਾ ਨਹੀਂ ਮਿਲਿਆ ।

ਇਹ ਮੰਨਿਆ ਜਾਂਦਾ ਹੈ ਕਿ ਤਫਤੀਸ਼ਕਾਰ ਸ਼ੱਕ ਦੀ ਬਿਨਾਂ 'ਤੇ ਕਾਰਵਾਈ ਕਰਦਾ

Digitized by Panjab Digital Library | www.panjabdigilib.org

ਹੈ ਅਤੇ ਇਸ ਲਈ, ਹਰ ਛੋਟਾ-ਮੋਟਾ ਸਬੂਤ ਸ਼ੱਕ ਨੂੰ ਪੱਕਾ ਕਰਦਾ ਹੈ । ਤਫਤੀਸ਼ਕਾਰ ਇਹ ਸਮਝਣ ਲੱਗ ਪੈਂਦਾ ਹੈ ਕਿ ਜਿਹੜਾਂ ਬੰਦਾ ਉਸਨੇ ਫੜਿਆ ਹੈ ਉਹੀ ਅਸਲੀ ਅਪਰਾਧੀ ਹੈ । ਜਦੋਂ ਸਮੁੱਚੇ ਸਬੂਤ ਇੱਕ ਹੋਰ ਵਿਅਕਤੀ ਸਾਹਮਣੇ ਪੇਸ਼ ਕੀਤੇ ਜਾਂਦੇ ਹਨ, ਜਿਸਦਾ ਤਫਤੀਸ ਨਾਲ ਕੋਈ ਵਾਸਤਾ ਨਹੀਂ ਸੀ, ਤਾਂ ਉਹ ਨਿਰਪੱਖ ਦ੍ਰਿਸ਼ਟੀ ਤੋਂ ਇਹ ਫੈਸਲਾ ਕਰਨ ਦੇ ਯੋਗ ਹੁੰਦਾ ਹੈ ਕਿ ਕੀ ਫੜਿਆ ਹੋਇਆ ਅਪਰਾਧੀ ਹੀ ਅਸਲੀ ਮੁਜ਼ਰਿਮ ਹੈ ਜਾਂ ਨਹੀਂ । ਤਫਤੀਸ਼ਕਾਰ ਏਜੰਸੀ ਵੱਲੋਂ ਇਕੱਤਰ ਕੀਤੇ ਗਏ ਸਬੂਤਾਂ ਦੇ ਅਧਾਰ 'ਤੇ ਉਹ ਅਪਰਾਧੀਪੁਣਾ ਜਾਂ ਨਿਰਦੋਸ਼ਤਾ ਦਾ ਫੈਸਲਾ ਸੁਣਾਉਂਦਾ ਹੈ ।

ਇਸ ਵਿਧੀ ਵਿੱਚ, ਜਦ ਅਪਰਾਧੀ ਨੂੰ ਆਪਣੀ ਸਫਾਈ ਪੇਸ਼ ਕਰਨ ਦਾ ਪੂਰਾ ਮੌਕਾ ਦਿੱਤਾ ਜਾਂਦਾ ਹੈ ਤਾਂ ਉਸ ਨੂੰ ਸਜ਼ਾ ਸਮਾਜ ਦੀ ਸਹਿਮਤੀ ਨਾਲ ਦਿੱਤੀ ਜਾਂਦੀ ਹੈ । ਦੋਸ਼ੀ ਨੂੰ ਕਸੂਰਵਾਰ ਸਮਝਿਆ ਜਾਂਦਾ ਹੈ ਅਤੇ ਇਹ ਮੰਨਿਆ ਜਾਂਦਾ ਹੈ ਕਿ ਉਸ ਨੂੰ ਸਜ਼ਾ ਦੇਣਾ ਸਮਾਜ ਦੇ ਹਿੱਤ ਵਿੱਚ ਹੈ । ਆਮ ਤੌਰ 'ਤੇ ਮੁਜ਼ਰਿਮ ਨੂੰ ਕੈਦ ਦੀ ਸਜ਼ਾ ਦਿੱਤੀ ਜਾਂਦੀ ਹੈ ਤਾਂ ਜੋ ਉਹ ਆਪਣੇ ਆਪ ਨੂੰ ਸੁਧਾਰਨ ਲਈ ਜਿਊਂਦਾ ਰਹਿ ਸਕੇ ਅਤੇ ਇਹ ਸਮਝ ਸਕੇ ਕਿ ਉਸਦਾ ਵਤੀਰਾ ਸਮਾਜ ਦੇ ਹਿੱਤ ਵਿੱਚ ਨਹੀਂ ਸੀ ।

ਕਾਨੂੰਨ ਅਧੀਨ, ਪੁਲਿਸ ਨੂੰ ਦੋਸ਼ੀਆਂ ਦੀ ਤਫਤੀਸ਼ ਕਰਨ ਦੀ ਜਿੰਮੇਵਾਰੀ ਦਿੱਤੀ ਜਾਂਦੀ ਹੈ। ਨਿਆਂ-ਪਾਲਿਕਾ ਦੋਸ਼ੀ ਨੂੰ ਆਪਣੀ ਸਫਾਈ ਪੇਸ਼ ਕਰਨ ਦਾ ਪੂਰਾ ਮੌਕਾ ਦੇਣ ਤੋਂ ਬਾਅਦ ਆਪਣਾ ਫੈਸਲਾ ਸੁਣਾਉਂਦੀ ਹੈ । ਇਸੇ ਤੋਂ ਇਹ ਕਾਨੂੰਨੀ ਕਹਾਵਤ ਬਣੀ ਹੈ ਕਿ ਦੋਸ਼ੀ ਉਨਾਂ ਚਿਰ ਬੇਕਸੂਰ ਹੈ ਜਿੰਨਾਂ ਚਿਰ ਉਸਦਾ ਜ਼ੁਰਮ ਸਾਬਤ ਨਹੀਂ ਹੋ ਜਾਂਦਾ । ਹਾਲਤਾਂ, ਖੁੰਦਕ ਜਾਂ ਦੁਸ਼ਮਣੀ ਕਿਸੇ ਬੇਗੁਨਾਹ ਵਿਅਕਤੀ ਨੂੰ ਵੀ ਕਿਸੇ ਜ਼ੁਰਮ ਵਿੱਚ ਫਸਾ ਕੇ ਦੋਸ਼ੀ ਸਾਬਤ ਕਰ ਸਕਦੀਆਂ ਹਨ। ਜੇਕਰ ਹਿੰਦੋਸਤਾਨੀ ਅਦਾਲਤਾਂ ਦੇ ਤਜ਼ਰਬੇ ਨੂੰ ਦੇਖਿਆ ਜਾਵੇ ਤਾਂ ਬਹੁਤ ਸਾਰੇ ਕੇਸਾਂ ਵਿੱਚ ਬੇਗੁਨਾਹ ਵਿਅਕਤੀ ਫਸ ਜਾਂਦੇ ਹਨ ਅਤੇ ਇਸੇ ਤੋਂ ਦੋਸ਼ੀ ਦਾ ਜ਼ੁਰਮ ਨਿਰਧਾਰਤ ਕਰਨ ਲਈ ਨਿਆਂਇਕ ਢੰਗ ਦੀ ਲੋੜ ਪੈਦਾ ਹੁੰਦੀ ਹੈ ।

ਸਿਆਣਪ ਇਹ ਮੰਗ ਕਰਦੀ ਹੈ ਕਿ ਇੱਕ ਪੁਲਿਸ ਅਧਿਕਾਰੀ, ਚਾਹੇ ਉਹ ਕਿੰਨਾ ਹੀ ਸੂਝਵਾਨ ਹੋਵੇ ਅਤੇ ਸੱਚੇ ਦਿਲੋਂ ਇਹ ਸਮਝਦਾ ਹੋਵੇ ਕਿ ਕਿਸੇ ਵਿਅਕਤੀ ਨੇ ਇੱਕ ਜ਼ੁਰਮ ਕੀਤਾ ਹੈ, ਉਸ ਨੂੰ ਵੀ ਉਸ ਵਿਅਕਤੀ ਨੂੰ ਸਜ਼ਾ ਦੇਣ ਦਾ ਅਧਿਕਾਰ ਨਾ ਦਿੱਤਾ ਜਾਵੇ । ਕਿਉਂਕਿ ਇਹ ਆਮ ਮੰਨੀ ਜਾਂਦੀ ਸੱਚਾਈ ਹੈ ਕਿ ਮਨੁੱਖੀ ਬੁੱਧੀ ਕਾਰਸਤਾਨੀ ਕਰਦੀ ਹੈ ਅਤੇ ਇੱਕ ਪ੍ਰਤਿਬੰਧਿਤ ਬੁੱਧੀ ਇੱਕ ਐਸੇ ਢੰਗ ਨਾਲ ਕੰਮ ਕਰਦੀ ਹੈ ਜੋ ਕਿ ਅਕਸਰ ਗਲਤ ਹੁੰਦਾ ਹੈ ।

## ਸੁਰੱਖਿਆ-ਸਾਧਨਾਂ ਵਿੱਚ ਨਰਮੀ

ਹਕੂਮਤੀ ਦਹਿਸ਼ਤਗਰਦੀ ਆਮ ਤੌਰ 'ਤੇ ਸਭ ਤੋਂ ਪਹਿਲਾਂ ਸੱਚਾਈ ਲੱਭਣ ਦੇ ਇਸ ਥੰਮ ਉੱਤੇ ਚੋਟ ਮਾਰਦੀ ਹੈ। ਤਫਤੀਸ਼ਕਾਰ ਏਜੰਸੀ ਨੂੰ ਜਦੋਂ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਉਹ ਇਹ ਦਲੀਲ ਦਿੰਦੀ ਹੈ ਕਿ ਜੇਕਰ ਆਮ ਸੁਰੱਖਿਆ ਸਾਧਨਾਂ ਨੂੰ ਕੁੱਝ ਦੇਰ ਲਈ ਨਰਮ ਨਹੀਂ ਕੀਤਾ ਜਾਂਦਾ ਅਤੇ ਇਸੇ (ਏਜੰਸੀ) ਨੂੰ ਹੀ ਜੱਜ ਦੀ ਭੂਮਿਕਾ ਅਦਾ ਕਰਨ ਦੀ ਖੁੱਲ੍ਹ ਨਹੀਂ ਦਿੱਤੀ ਜਾਂਦੀ ਤਾਂ ਮੁਜ਼ਰਿਮਾਂ ਨਾਲ ਸਿੱਝਣਾ ਅਸੰਭਵ ਹੈ । ਅਜੇਹੀ ਨਰਮੀ ਨਾਲ

Digitized by Panjab Digital Library | www.panjabdigilib.org

ਕਾਨੂੰਨ ਦਾ ਰਾਜ ਖਤਮ ਹੋ ਜਾਂਦਾ ਹੈ, ਚਾਹੇ ਉਹ ਪਹਿਲਾਂ ਵੀ ਕਿਸੇ ਵੱਡੀ ਪੱਧਰ ਤੱਕ ਕੰਮ ਨਾ ਕਰ ਰਿਹਾ ਹੋਵੇ। ਹਿੰਦੋਸਤਾਨ ਵਿੱਚ ਹਥਿਆਰਬੰਦ ਸ਼ਕਤੀਆਂ ਨੂੰ ਇਹ ਗੈਰ-ਰਸਮੀ ਮਸ਼ਵਰਾ ਦੇਣ ਦਾ ਢੰਗ ਕਾਫੀ ਦੇਰ ਤੋਂ ਪ੍ਰਚੱਲਤ ਹੈ ਕਿ ''ਕਾਨੂੰਨ ਦੀ ਪ੍ਰਵਾਹ ਨਾ ਕਰੋ, ਤੁਹਾਡੇ ਖਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ।'' ਹਥਿਆਰਬੰਦ ਆਦਮੀ ਕਨੂੰਨ ਦੇ ਰਾਜ ਤੋਂ ਬਿਨਾਂ ਬੜੀ ਤੇਜ਼ੀ ਨਾਲ ਉਨ੍ਹਾਂ ਮੁਜ਼ਰਿਮਾਂ ਨਾਲੋਂ ਵੀ ਬੁਰੇ ਬਣ ਜਾਂਦੇ ਹਨ ਜਿਨ੍ਹਾਂ ਨੂੰ ਖਤਮ ਕਰਨ ਦੀ ਇਨ੍ਹਾਂ ਨੂੰ ਜ਼ਿੰਮੇਵਾਰੀ ਸੌਂਪੀ ਗਈ ਹੁੰਦੀ ਹੈ।

ਮਨੁੱਖੀ ਅਧਿਕਾਰ ਜਥੇਬੰਦੀਆਂ ਚਾਹੁੰਦੀਆਂ ਹਨ ਕਿ ਸਰਕਾਰੀ ਅਧਿਕਾਰੀ ਕਾਨੂੰਨ ਮੁਤਾਬਕ ਚੱਲਣ, ਬਿਲਕੁੱਲ ਉਵੇਂ ਹੀ ਜਿਵੇਂ ਕਿ ਹਰ ਇੱਕ ਸਰਕਾਰੀ ਅਧਿਕਾਰੀ ਚਾਹੁੰਦਾ ਹੈ ਕਿ ਨਾਗਰਿਕ ਕਾਨੂੰਨ ਮੁਤਾਬਿਕ ਚੱਲਣ। ਮਨੁੱਖੀ ਅਧਿਕਾਰ ਜਥੇਬੰਦੀਆਂ ਨੂੰ ਚਿੰਤਾ ਹੁੰਦੀ ਹੈ ਜਦ ਸਰਕਾਰ ਕਾਨੂੰਨ ਦੀ ਗੱਲ ਤਾਂ ਕਰਦੀ ਹੈ ਪਰ ਇਸਦਾ ਅਸਲੀ ਰਵੱਈਆ ਇਸਦੇ ਅਧਿਕਾਰੀਆਂ ਨੂੰ ਕਹਿੰਦਾ ਹੈ ਕਿ ਉਹ ਕਾਨੂੰਨ ਤੋਂ ਉੱਤੇ ਹਨ। ਉਨ੍ਹਾਂ ਨੂੰ ਇਹ ਮਹਿਸੂਸ ਕਰਵਾਇਆ ਜਾਂਦਾ ਹੈ ਕਿ ਸਿਆਸੀ ਐਂਕੜ ਜਾਂ ਲੋੜ ਕਾਰਣ, ਉਹ ਸਜ਼ਾ ਮਿਲਣ ਦੇ ਕਿਸੇ ਵੀ ਡਰ ਤੋਂ ਮੁਕਤ ਹੋਕੇ ਲੋਕਾਂ ਦੇ ਹੱਕ ਖੋਹ ਸਕਦੇ ਹਨ। ਏਸੇ ਤੋਂ ਮਨੁੱਖੀ ਅਧਿਕਾਰ ਜਥੇਬੰਦੀਆਂ ਦੀ ਭੂਮਿਕਾ ਪੈਦਾ ਹੁੰਦੀ ਹੈ ਜੋ ਚੌਕਸੀ ਨਾਲ ਇਸ ਗੱਲ 'ਤੇ ਪਹਿਰਾ ਦਿੰਦੀਆਂ ਹਨ ਕਿ ਸਰਕਾਰ ਕਨੂੰਨਾਂ ਦਾ ਉਲੰਘਣ ਕਰਨ ਦੀ ਕੋਸ਼ਿਸ਼ ਨਾ ਕਰੇ।

ਮਨੁੱਖੀ ਅਧਿਕਾਰ ਜਥੇਬੰਦੀਆਂ ਵੱਲੋਂ ਸਰਕਾਰਾਂ ਉੱਤੇ ਨਿਗ੍ਹਾ ਰੱਖਣ ਦਾ ਇੱਕ ਹੋਰ ਕਾਰਨ ਇਹ ਹੈ ਕਿ ਸਰਕਾਰਾਂ ਇੱਕੋ-ਇੱਕ ਐਸੀਆਂ ਹਸਤੀਆਂ ਹਨ, ਜੋ ਕਾਨੂੰਨ ਰਾਹੀਂ ਮਨੁੱਖੀ ਅਧਿਕਾਰ ਖੋਹ ਸਕਦੀਆਂ ਹਨ। ਕੋਈ ਵੀ ਆਮ ਬੰਦਾ ਕਨੂੰਨੀ ਸਜ਼ਾ ਦਾ ਜੋਖਮ ਉਠਾਏ ਬਿਨਾਂ ਕਿਸੇ ਦੂਸਰੇ ਬੰਦੇ ਦੇ ਹੱਕ ਨਹੀਂ ਖੋਹ ਸਕਦਾ। ਪਰ, ਸਰਕਾਰ ਸਜ਼ਾ ਦੇ ਕਿਸੇ ਭੈ ਤੋਂ ਬਿਨਾਂ ਅਜੇਹਾ ਕਰ ਸਕਦੀ ਹੈ ਅਤੇ ਇਸ ਤੋਂ ਸੇਂਟ ਅਗਸਟੀਨ ਦੇ ਸ਼ਬਦਾਂ ਦੀ ਯਾਦ ਤਾਜ਼ਾ ਹੁੰਦੀ ਹੈ: **''ਨਿਆਂ ਖਤਮ ਕਰ ਦਿਓ ਤਾਂ ਵੱਡੀਆਂ ਸਹਿਨਸ਼ਾਹੀਆਂ ਵੱਡੇ ਡਾਕਿਆਂ ਤੋਂ ਸਿਵਾ ਕੁੱਝ ਨਹੀਂ ਰਹਿ ਜਾਂਦੀਆਂ।''**

## ਰਾਜ ਅਤੇ ਸਰਕਾਰਾਂ ਦੀ ਭੂਮਿਕਾ

ਮਨੁੱਖੀ ਅਧਿਕਾਰ ਜਥੇਬੰਦੀਆਂ ਇਹ ਮੰਨ ਕੇ ਚੱਲਦੀਆਂ ਹਨ ਕਿ ਰਾਜ ਕਾਨੂੰਨੀ ਤੌਰ 'ਤੇ ਗਠਿਤ ਹਨ, ਜਿਨ੍ਹਾਂ ਦੀ ਕਾਰਵਾਈ ਸੂਝਵਾਨ ਅਤੇ ਦਿਆਲੂ ਬੰਦਿਆਂ ਦੇ ਹੱਥਾਂ ਵਿੱਚ ਹੈ, ਜਿਨ੍ਹਾਂ ਕੋਲ ਸਜ਼ਾ ਦੇਣ ਅਤੇ ਅਮਨ-ਕਾਨੂੰਨ ਬਰਕਰਾਰ ਰੱਖਣ ਅਤੇ ਦਹਿਸ਼ਤਗਰਦਾਂ ਅਤੇ ਦੂਸਰੇ ਮੁਜਰਿਮਾਂ ਨੂੰ ਸਜ਼ਾ ਦੇਣ ਲਈ ਹਥਿਆਰਬੰਦ ਸ਼ਕਤੀਆਂ ਰੱਖਣ ਦੀ ਤਾਕਤ ਅਤੇ ਹੱਕ ਹਨ। ਇਸੇ ਧਾਰਨਾ ਕਰਕੇ ਮਨੁੱਖੀ ਅਧਿਕਾਰ ਜਥੇਬੰਦੀਆਂ ਰਾਜ ਅਤੇ ਇਸਦੀਆਂ ਸਰਕਾਰਾਂ ਨੂੰ ਸੰਬੋਧਨ ਕਰਦੀਆਂ ਹਨ। ਉਹ ਸਮਝਦੀਆਂ ਹਨ ਕਿ ਸਰਕਾਰਾਂ ਦਲੀਲ ਨੂੰ ਸੁਣਨਗੀਆਂ। ਮਨੁੱਖੀ ਅਧਿਕਾਰ ਜਥੇਬੰਦੀਆਂ ਸਰਕਾਰਾਂ ਅਤੇ ਦਹਿਸ਼ਤਗਰਦਾਂ ਵਿਚਾਲੇ ਫਰਕ ਕਰਦੀਆਂ ਹਨ।

ਸਰਕਾਰ ਦਾ ਉਦੇਸ਼ ਆਪਣੇ ਨਾਗਰਿਕਾਂ ਦੀ ਰਖਵਾਲੀ ਕਰਨਾ ਹੈ ਅਤੇ ਉਨ੍ਹਾਂ ਨੂੰ ਸਜ਼ਾ ਦੇਣਾ ਹੈ ਜੋ ਲੋਕਾਂ ਦੇ ਜੀਵਨ, ਆਜ਼ਾਦੀ ਅਤੇ ਭਲਾਈ ਨੂੰ ਜੋਖਮ ਵਿੱਚ ਪਾਉਂਦੇ ਹਨ। ਜਦੋਂ ਇੱਕ ਦਹਿਸ਼ਤਗਰਦ ਕਾਰਵਾਈ ਅਤੇ ਇੱਕ ਸਰਕਾਰੀ ਕਾਰਵਾਈ ਵਿਚਾਲੇ ਵੰਡ-ਰੇਖਾ ਅਲੋਪ

Digitized by Panjab Digital Library | www.panjabdigilib.org

ਹੋ ਜਾਂਦੀ ਹੈ, ਮਨੁੱਖੀ ਅਧਿਕਾਰ ਜਥੇਬੰਦੀਆਂ ਕੋਲ ਸਰਕਾਰ ਦੀਆਂ ਵਧੀਕੀਆਂ ਦਾ ਪਰਦਾ ਫਾਸ਼ ਕਰਨ ਤੋਂ ਸਿਵਾ ਹੋਰ ਕੋਈ ਚਾਰਾ ਨਹੀਂ ਰਹਿ ਜਾਂਦਾ। ਜਦੋਂ ਇੱਕ ਸਰਕਾਰੀ ਅਧਿਕਾਰੀ ਇੱਕ ਦਹਿਸ਼ਤਗਰਦ ਵਾਂਗ ਵਤੀਰਾ ਕਰਦਾ ਹੈ, ਉਹ ਦਹਿਸ਼ਤਗਰਦ ਨਾਲੋਂ ਵਧੇਰੇ ਖਤਰਨਾਕ ਬਣ ਜਾਂਦਾ ਹੈ, ਕਿਉਂਕਿ ਕਾਨੂੰਨ ਦਹਿਸ਼ਤਗਰਦ ਵਿਰੁੱਧ ਕੰਮ ਕਰਦਾ ਹੈ ਪਰ ਇੱਕ ਸਰਕਾਰੀ ਅਧਿਕਾਰੀ ਵਿਰੁੱਧ ਨਹੀਂ ਜੋ ਕਾਨੂੰਨ ਨੂੰ ਆਪਣੇ ਹੱਥਾਂ 'ਚ ਲੈ ਲੈਂਦਾ ਹੈ। ਜੇਕਰ ਹਾਕਮ ਖੁਦ ਆਪਣੇ ਅਧਿਕਾਰੀਆਂ ਨੂੰ ਕਾਨੂੰਨ ਦਾ ਉਲੰਘਣ ਕਰਨ ਦੇ ਆਦੇਸ਼ ਦਿੰਦੇ ਹਨ, ਤਾਂ ਕਾਨੂੰਨੀ ਢਾਂਚੇ ਵਿੱਚ ਕੋਈ ਸੁਰੱਖਿਆ-ਸਾਧਨ ਨਹੀਂ, ਰਹਿ ਜਾਂਦਾ।

ਇਹੀ ਵਜ੍ਹਾ ਹੈ ਕਿ ਮਨੁੱਖੀ ਅਧਿਕਾਰ ਜਥੇਬੰਦੀਆਂ ਜ਼ਰੂਰੀ ਬਣ ਜਾਂਦੀਆਂ ਹਨ ਅਤੇ ਗੈਰ-ਕਾਨੂੰਨੀ ਸਰਕਾਰਾਂ ਦੀਆਂ ਵਧੀਕੀਆਂ ਉੱਤੇ ਰੋਕ ਲਾਉਣ ਲਈ ਇਨ੍ਹਾਂ ਦੀ ਲੋੜ ਪੈਂਦੀ ਹੈ। ਆਪਣੀ ਤਰਫੋਂ, ਅਜੇਹੀ ਹਰ ਸਰਕਾਰ ਮਨੁੱਖੀ ਅਧਿਕਾਰ ਜਥੇਬੰਦੀਆਂ ਨੂੰ ਦੋਸ਼ ਦਿੰਦੀ ਹੈ ਕਿ ਉਨ੍ਹਾਂ ਨੂੰ ਸਿਰਫ ਕੈਦੀਆਂ ਅਤੇ ਦੋਸ਼ੀਆਂ ਦੇ ਮਨੁੱਖੀ ਅਧਿਕਾਰਾਂ ਦੀ ਹੀ ਚਿੰਤਾ ਹੈ ਅਤੇ ਆਮ ਲੋਕਾਂ ਦੀ ਨਹੀਂ। ਉਲਟੇ ਪਾਸਿਉਂ, ਸਰਕਾਰ ਇਸ ਅਧਾਰ 'ਤੇ ਦਹਿਸ਼ਤਗਰਦੀ ਦੇ ਸ਼ੱਕੀਆਂ ਨੂੰ ਹੱਕਾਂ ਤੋਂ ਵਾਂਝੇ ਕਰਨ ਨੂੰ ਉਚਿਤ ਕਹਿੰਦੀ ਹੈ ਕਿ ਇਸ ਨੂੰ ਆਮ ਲੋਕਾਂ ਦੇ ਹੱਕਾਂ ਬਾਰੇ ਚਿੰਤਾ ਹੈ।

## ਦਹਿਸ਼ਤਗਰਦ ਕੌਣ ਹਨ ?

ਦਹਿਸ਼ਤਗਰਦ ਕੌਣ ਹਨ ? ਤੁਸੀਂ ਜਾਂ ਮੈਂ, ਜਿਨ੍ਹਾਂ ਉੱਤੇ ਇਤਫਾਕ ਨਾਲ ਇੱਕ ਪੁਲਿਸ ਅਧਿਕਾਰੀ ਵੱਲੋਂ ਦਹਿਸ਼ਤਗਰਦੀ ਦਾ ਦੋਸ਼ ਲਾਇਆ ਗਿਆ ਹੈ ? ਸ਼ੱਕੀਆਂ ਬਾਰੇ ਸੱਚ ਦਾ ਪਤਾ ਲਾਉਣਾ ਜ਼ਰੂਰੀ ਹੈ ਕਿਉਂਕਿ ਉਹ ਤੁਹਾਡੇ ਅਤੇ ਮੇਰੇ ਵਿੱਚੋਂ ਫੜੇ ਗਏ ਹਨ, ਅਤੇ ਜਦ ਤੱਕ ਉਨ੍ਹਾਂ ਦਾ ਕਸੂਰ ਜਾਂ ਬੇਗੁਨਾਹੀ ਸਾਬਿਤ ਨਹੀਂ ਹੁੰਦੀ, ਉਨ੍ਹਾਂ ਨੂੰ ਦਹਿਸ਼ਤਗਰਦ ਨਹੀਂ ਗਰਦਾਨਿਆਂ ਜਾ ਸਕਦਾ। ਬਹੁਤ ਸਾਰੇ ਦੇਸ਼ਾਂ ਵਿੱਚ ਤਾਨਾਸ਼ਾਹ ਸਰਕਾਰਾਂ ਵਿਰੁੱਧ ਲੜਨ ਵਾਲੇ ਸਿਆਸੀ ਵਿਰੋਧੀਆਂ ਨੂੰ ਦਹਿਸ਼ਤਗਰਦ ਗਰਦਾਨਿਆਂ ਗਿਆ ਅਤੇ ਮਾਰਿਆ ਗਿਆ, ਕਿਉਂਕਿ ਉਨ੍ਹਾਂ ਨੇ ਦਹਿਸ਼ਤਗਰਦ ਸਰਕਾਰਾਂ ਦਾ ਵਿਰੋਧ ਕੀਤਾ ਸੀ। ਕਿਸੇ ਦੋਸ਼ੀ ਨੂੰ ਦਹਿਸ਼ਤਗਰਦ ਗਰਦਾਨਣ ਤੋਂ ਪਹਿਲਾਂ ਬਹੁਤ ਹੀ ਚੌਕਸੀ ਦੀ ਲੋੜ ਹੈ।

ਮਨੁੱਖੀ ਅਧਿਕਾਰ ਜਥੇਬੰਦੀਆਂ ਆਮ ਤੌਰ 'ਤੇ ਕਦੇ ਵੀ ਦਹਿਸ਼ਤਗਰਦਾਂ ਨੂੰ ਸਜ਼ਾ ਨਾ ਦੇਣ ਦੀ ਮੰਗ ਨਹੀਂ ਕਰਦੀਆਂ। ਇੱਕ ਦਹਿਸ਼ਤਗਰਦ ਗ੍ਰੂਹ ਆਪਣੇ ਸੁਭਾਅ ਤੋਂ ਹੀ ਕਾਨੂੰਨ ਦੀਆਂ ਸੀਮਾਵਾਂ ਤੋਂ ਬਾਹਰ ਹੁੰਦੀ ਹੈ ਅਤੇ ਸਿਰਫ ਰਾਜ ਹੀ ਇਸਨੂੰ ਪਕੜ ਸਕਦਾ ਹੈ, ਤਫਤੀਸ਼ ਕਰ ਸਕਦਾ ਹੈ, ਮੁਕੱਦਮਾ ਚਲਾ ਸਕਦਾ ਹੈ ਅਤੇ ਸਜ਼ਾ ਦੇ ਸਕਦਾ ਹੈ। ਇੰਤਜ਼ਾਰ ਕਰਕੇ ਇੱਕ ਦਹਿਸ਼ਤਗਰਦ ਨੂੰ ਤਸਦੀਕਯੋਗ ਸਬੂਤ ਦੇ ਅਧਾਰ 'ਤੇ ਫਾਂਸੀ ਦੇਣ ਦਾ ਢੰਗ, ਪਹਿਲਾਂ ਬੰਦੇ ਨੂੰ ਕਤਲ ਕਰਕੇ ਬਾਅਦ ਵਿੱਚ ਸਵਾਲ ਪੁੱਛਣ ਦੇ ਢੰਗ ਨਾਲੋਂ ਹਮੇਸ਼ਾ ਹੀ ਬੇਹਤਰ ਰਹਿੰਦਾ ਹੈ। ਮਨੁੱਖੀ ਅਧਿਕਾਰ ਜਥੇਬੰਦੀਆਂ ਚਾਹੁੰਦੀਆਂ ਹਨ ਕਿ ਦਹਿਸ਼ਤਗਰਦਾਂ ਨੂੰ ਫੜਿਆ ਜਾਵੇ। ਪਰ ਉਹ ਇਹ ਨਹੀਂ ਚਾਹੁੰਦੀਆਂ ਕਿ ਹਰ ਇੱਕ ਵਿਅਕਤੀ ਦਹਿਸ਼ਤਗਰਦ ਗਰਦਾਨਿਆਂ ਜਾਵੇ, ਜੇਕਰ ਅਸਲ ਵਿੱਚ ਉਹ ਸਿਆਸੀ ਕਾਰਕੁੰਨ ਹੈ ਜਾਂ ਕਬਾਇਲੀਆਂ ਦਾ ਆਗੂ ਹੈ, ਜਾਂ ਸਿਰਫ ਇਸ ਕਰਕੇ ਕਿ ਉਸਨੇ ਕਿਸੇ ਅਪ੍ਰਸਿੱਧ ਕਾਜ਼ ਦੀ ਵਕਾਲਤ ਕੀਤੀ ਹੈ, ਜਾਂ ਕੋਈ ਸਥਾਨਕ ਜਾਗੀਰਦਾਰ ਜਾਂ ਸਰਮਾਏਦਾਰ ਉਸ ਨੂੰ ਪਸੰਦ ਨਹੀਂ ਕਰਦਾ।

Digitized by Panjab Digital Library | www.panjabdigilib.org

ਬਸਤੀਵਾਦੀ ਜਾਂ ਤਾਨਾਸ਼ਾਹ ਖਾਸੇ ਵਾਲੀਆਂ ਸਰਕਾਰਾਂ ਵਿਰੁੱਧ ਜਾਂ ਵਸੋਂ ਦੀਆਂ ਉਮੰਗਾਂ ਅਤੇ ਇੱਛਾਵਾਂ ਵੱਲ ਅਣਗਹਿਲੀ ਵਰਤਣ ਵਾਲੀਆਂ ਸਰਕਾਰਾਂ ਵਿਰੁੱਧ ਲੋਕਾਂ ਦੇ ਛੋਟੇ ਜਾਂ ਵੱਡੇ ਹਿੱਸਿਆਂ ਦੇ ਹਥਿਆਰਬੰਦ ਸੰਘਰਸ਼ ਨੂੰ ਦਹਿਸ਼ਤਵਾਦ ਦੀ ਪਰੀਭਾਸ਼ਾ ਵਿੱਚ ਸ਼ਾਮਲ ਨਹੀਂ ਕੀਤਾ ਜਾ ਸਕਦਾ। **ਜਦੋਂ ਨਿਆਂ ਦੇ ਸਭ ਰਸਤੇ ਖਤਮ ਹੋ ਜਾਣ, ਤਾਂ ਲੋਕਾਂ ਨੂੰ ਮਜਬੂਰਨ ਹਥਿਆਰਬੰਦ ਸੰਘਰਸ਼ ਦਾ ਰਾਹ ਅਪਨਾਉਣਾ ਪੈਂਦਾ ਹੈ ਅਤੇ ਇਸ ਕਦਮ ਦੀ ਪ੍ਰਸੰਸਾ ਅਤੇ ਹਮਾਇਤ ਕੀਤੀ ਜਾਂਦੀ ਹੈ।** ਜੇਕਰ ਇਸ ਹੱਕੀ ਸੰਘਰਸ਼ ਨੂੰ ਬਦਨਾਮ ਕਰਨ ਦੀ ਮਣਸ਼ਾ ਨਾ ਹੋਵੇ, ਜੋ ਕਿ ਰਾਜ ਦੀ ਮਣਸ਼ਾ ਹੈ, ਤਾਂ ਇਸ ਸੰਘਰਸ਼ ਨੂੰ ਦਹਿਸ਼ਤਵਾਦ ਦੇ ਬਰਾਬਰ ਨਹੀਂ ਰੱਖਿਆ ਜਾ ਸਕਦਾ। ਹਥਿਆਰਬੰਦ ਸੰਘਰਸ਼ ਕੋਈ ਨਵੀਂ ਚੀਜ਼ ਨਹੀਂ ਅਤੇ ਆਧੁਨਿਕ ਇਤਿਹਾਸ ਵਿੱਚ 1776 ਵਿੱਚ ਅਮਰੀਕਾ ਦੀ ਅਜ਼ਾਦੀ ਦੀ ਜੰਗ ਅਤੇ 1789 ਦੇ ਫਰਾਂਸੀਸੀ ਇਨਕਲਾਬ ਤੋਂ ਲੈ ਕੇ ਫਾਸ਼ੀਵਾਦ-ਵਿਰੋਧੀ ਮੁਕਤੀ (ਵਿਸ਼ਵ) ਜੰਗ ਅਤੇ ਵੀਅਤਨਾਮੀ ਅਤੇ ਹਿੰਦ-ਚੀਨੀ ਲੋਕਾਂ ਦੇ ਸੰਘਰਸ਼ਾਂ ਤੱਕ, ਬਹੁਤ ਸਾਰੇ ਹਥਿਆਰਬੰਦ ਸੰਘਰਸ਼ ਦਰਜ ਹਨ। ਮੁਕਤੀ ਦੇ ਇਸ ਸਾਧਨ ਨੂੰ ਦਹਿਸ਼ਤਵਾਦ ਦੇ ਬਰਾਬਰ ਕਹਿਣਾ ਬਿਲਕੁੱਲ ਬੇਹੂਦਾ ਹੋਵੇਗਾ। ਦਹਿਸ਼ਤਵਾਦ ਅਤੇ ਭੜਕਾਊ ਏਜੰਟਾਂ ਦਾ ਇਸਤੇਮਾਲ ਇੱਕ ਢੰਗ ਦੇ ਤੌਰ 'ਤੇ ਰੂਸ ਦੇ ਜ਼ਾਰਾਂ ਨੇ ਵਿਕਸਿਤ ਕੀਤਾ ਸੀ, ਜਿਨ੍ਹਾਂ ਨੇ ਇਨਕਲਾਬੀ ਲਹਿਰ ਵਿੱਚ ਤੋੜ-ਭੰਨ ਕਰਨ ਲਈ ਰਾਜਕੀ ਢਾਂਚੇ, ਚਿੱਟ-ਕਪੜੀਏ ਪੁਲਸੀਆਂ, ਅਤੇ ਗੈਰ ਸਰਕਾਰੀ ਜਥੇਬੰਦੀਆਂ ਨੂੰ ਲਾਕੇ ਦਹਿਸ਼ਤਗਰਦ ਹਮਲੇ ਕਰਵਾਏ ਸਨ। ਬਗਾਵਤ-ਵਿਰੋਧੀ ਇਹੋ ਜਿਹੀਆਂ ਆਧੁਨਿਕ ਤਕਨੀਕਾਂ ਇਸ ਲਈ ਦੁਨੀਆਂ ਦੇ ਬਹੁਤ ਸਾਰੇ ਹਿੱਸਿਆਂ ਵਿੱਚ ਵਰਤੀਆਂ ਗਈਆਂ ਹਨ, ਅਤੇ ਇਨ੍ਹਾਂ ਵਿੱਚ ਲੋਕਾਂ ਵਿਰੁੱਧ ਭੜਕਾਊ ਕਾਰਵਾਈਆਂ ਵੀ ਸ਼ਾਮਲ ਕੀਤੀਆਂ ਗਈਆਂ ਹਨ ਤਾਂ ਜੁ ਉਨ੍ਹਾਂ ਵਿੱਚ ਸ਼ੱਕ ਅਤੇ ਸੰਦੇਹ ਖੜੇ ਕੀਤੇ ਜਾ ਸਕਣ ਅਤੇ ਉਨ੍ਹਾਂ ਨੂੰ ਭੈ-ਭੀਤ ਕੀਤਾ ਜਾਵੇ ਤਾਂ ਕਿ ਲੋਕ ਹਿੰਸਕ ਦਮਨ ਦੇ ਸਰਕਾਰੀ ਉਪਾਵਾਂ ਨੂੰ ਉੱਚਿਤ ਸਮਝਣ ਲੱਗ ਪੈਣ।

ਬਹੁਤ ਸਾਰੇ ਅਜਿਹੇ ਵਾਕਿਆਤ ਹਨ ਜਦ ਹਿੰਦੋਸਤਾਨ ਵਿੱਚ ਵੀ ਹਥਿਆਰਬੰਦ ਸੰਘਰਸ਼ ਇੱਕ ਜ਼ਾਇਜ਼ ਕਾਰਵਾਈ ਸੀ, ਪਰ ਅਜਿਹੇ ਸੰਘਰਸ਼ ਨੂੰ ਦਹਿਸ਼ਤਗਰਦੀ ਨਹੀਂ ਕਿਹਾ ਜਾ ਸਕਦਾ। ਦਹਿਸ਼ਤਗਰਦੀ, ਸਹੀ ਮਾਅਨਿਆਂ ਵਿੱਚ, ਬੇਗੁਨਾਹ ਲੋਕਾਂ ਨੂੰ ਭੈ-ਭੀਤ ਕਰਨ, ਉਨ੍ਹਾਂ ਦਾ ਜੀਵਨ ਜੋਖਮ ਵਿੱਚ ਪਾਉਣ, ਉਨ੍ਹਾਂ ਦੀ ਜਾਇਦਾਦ ਨਸ਼ਟ ਕਰਨ, ਉਨ੍ਹਾਂ ਨੂੰ ਅਜ਼ਾਦੀ ਤੋਂ ਵਿਰਵੇ ਕਰਨ ਅਤੇ ਉਨ੍ਹਾਂ ਵਿਚਾਲੇ ਤਣਾਓ ਪੈਦਾ ਕਰਨ ਦੀ ਇੱਕ ਕਾਰਵਾਈ ਹੈ। ਅਜਿਹਾ ਕਾਇਰਤਾ ਭਰਿਆ ਵਤੀਰਾ ਸੰਘਰਸ਼ ਦੁਆਰਾ ਹਾਸਲ ਕੀਤੀ ਮੁਕਤੀ ਦੀ ਕਿਰਿਆ ਨਹੀਂ ਹੈ। ਇਹ ਹੱਕੀ ਸੰਘਰਸ਼ ਨੂੰ ਭੰਗ ਕਰਦਾ ਹੈ ਅਤੇ ਰਾਜ ਨੂੰ ਲੋਕਾਂ ਉੱਤੇ ਹਮਲੇ ਕਰਨ ਦਾ ਬਹਾਨਾ ਦਿੰਦਾਹੈ। ਬੇਗੁਨਾਹ ਲੋਕਾਂ ਵਿਰੁੱਧ ਹਿੰਸਾ ਦੀਆਂ ਸਭ ਕਾਰਵਾਈਆਂ ਹੱਕੀ ਸੰਘਰਸ਼ ਦੀ ਸਫਲਤਾ ਨੂੰ ਜੋਖਮ ਵਿੱਚ ਪਾਉਂਦੀਆਂ ਹਨ। ਇੱਕ ਹੱਕੀ ਉਦੇਸ਼ ਲਈ ਹਥਿਆਰਬੰਦ ਸੰਘਰਸ਼ ਵਿੱਚ ਜਿੱਤ ਹਾਸਲ ਕਰਨ ਦੇ ਬਹਾਨੇ ਹੇਠ ਲੋਕਾਂ ਵਿਰੁੱਧ ਹਿੰਸਾ ਦੀ ਕਿਸੇ ਵੀ ਵਿਅਕਤੀਗਤ ਕਾਰਵਾਈ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ।

**ਅਜ਼ਾਦੀ ਲਈ ਲੜਨ ਵਾਲੇ ਸੰਘਰਸ਼ ਦੇ ਐਸੇ ਵਸੀਲੇ ਵਰਤਦੇ ਹਨ ਜੋ ਬੇਗੁਨਾਹ ਲੋਕਾਂ ਨੂੰ ਜਾਂ ਉਨ੍ਹਾਂ ਦੇ ਉਦੇਸ਼ ਨੂੰ ਚੋਟ ਨਹੀਂ ਪਹੁੰਚਾਉਂਦੇ, ਜਿਸ ਉਦੇਸ਼ ਨੂੰ ਲੋਕਾਂ ਦੀ ਪ੍ਰਵਾਨਗੀ ਪ੍ਰਾਪਤ ਹੁੰਦੀ ਹੈ। ਜਦੋਂ ਸਿਆਸੀ ਉਦੇਸ਼ ਸਿਰਫ ਹਥਿਆਰਬੰਦ ਸੰਘਰਸ਼ ਰਾਹੀਂ**

Digitized by Panjab Digital Library | www.panjabdigilib.org

ਹੀ ਪ੍ਰਾਪਤ ਕੀਤੇ ਜਾ ਸਕਦੇ ਹੋਣ, ਉਦੋਂ ਇਹ ਹਥਿਆਰ ਵਰਤਣ ਵਾਲਿਆਂ ਨੂੰ ਲੋਕਾਂ ਪ੍ਰਤੀ ਬਹੁਤ ਹੀ ਜ਼ਿੰਮੇਵਾਰ ਰਹਿਣਾ ਪੈਂਦਾ ਹੈ । ਉਨ੍ਹਾਂ ਨੂੰ ਹੱਕੀ ਸੰਘਰਸ਼ ਰਾਹੀਂ ਲੋਕਾਂ ਦਾ ਦਿਲ ਜਿੱਤਣਾ ਚਾਹੀਦਾ ਹੈ ਅਤੇ ਉਨ੍ਹਾਂ ਉੱਤੇ ਕਿਸੇ ਵੀ ਤਰ੍ਹਾਂ ਚੋਟ ਨਹੀਂ ਮਾਰਨੀ ਚਾਹੀਦੀ।

ਵੀਹਵੀਂ ਸਦੀ ਦੇ ਦੂਸਰੇ ਅੱਧ ਵਿੱਚ, ਏਸ਼ੀਆ, ਅਫ਼ਰੀਕਾ ਅਤੇ ਲਾਤੀਨੀ ਅਮਰੀਕਾ ਵਿੱਚ ਬਹੁਤ ਸਾਰੇ ਹਥਿਆਰਬੰਦ ਸੰਘਰਸ਼ ਅਜਾਦੀ ਜਿੱਤਣ ਵਿੱਚ ਸਹਾਈ ਹੋਏ ਹਨ । ਜਦ ਤਬਦੀਲੀ ਦੇ ਹੋਰ ਸਭ ਵਸੀਲੇ ਅਸਫਲ ਹੋ ਜਾਣ ਤਾਂ ਹਥਿਆਰਬੰਦ ਸੰਘਰਸ਼ ਅਤੇ ਗੁਰੀਲਾ ਜੰਗ ਨੂੰ ਆਜ਼ਾਦੀ ਜਿੱਤਣ ਦੇ ਜ਼ਾਇਜ਼ ਵਸੀਲੇ ਮੰਨਿਆ ਗਿਆ ਹੈ । ਨਸਲਵਾਦੀ ਹਕੂਮਤ ਵਿਰੁੱਧ ਦੱਖਣੀ ਅਫਰੀਕਾ ਦੇ ਲੋਕਾਂ ਦੇ ਸੰਘਰਸ਼ ਨੂੰ ਦਹਿਸ਼ਤਗਰਦ ਅੰਦੋਲਨ ਨਹੀਂ ਕਿਹਾ ਜਾ ਸਕਦਾ । ਇੱਕ ਅਨੈਤਿਕ ਹਕੂਮਤ ਵਿਰੁੱਧ ਉਨ੍ਹਾਂ ਦੇ ਸ਼ਾਨਦਾਰ ਸੰਘਰਸ਼ ਨੂੰ ਦੁਨੀਆਂ ਭਰ ਵਿੱਚ ਹਮਾਇਤ ਮਿਲ ਰਹੀ ਹੈ ।

ਇੱਕ ਸਿਆਸੀ ਉਦੇਸ਼ ਨੂੰ ਹਾਸਿਲ ਕਰਨ ਲਈ ਵਰਤੀ ਜਾਂਦੀ ਹਿੰਸਾ ਨਜਾਇਜ਼ ਹੈ ਜੇਕਰ ਉਹੀ ਸਿਆਸੀ ਉਦੇਸ਼ ਹੋਰ ਵਸੀਲਿਆਂ ਅਤੇ ਢੰਗਾਂ, ਜਿਵੇਂ ਕਿ ਪੁਰਅਮਨ ਸੰਘਰਸ਼ ਜਾਂ ਚੋਣਾਂ ਰਾਹੀਂ ਹਾਸਿਲ ਕੀਤਾ ਜਾ ਸਕਦਾ ਹੋਵੇ । ਪਰ ਜੇਕਰ ਇੱਕ ਰਾਜ ਹਿੰਸਾ ਦੀ ਰੀਤ ਨੂੰ ਜਨਮ ਦਿੰਦਾ ਹੈ ਅਤੇ ਜਮਹੂਰੀ ਵਸੀਲਿਆਂ ਦੀ ਬਜਾਇ ਤਾਨਾਸ਼ਾਹੀ ਤੋਂ ਕੰਮ ਲੈਂਦਾ ਹੈ, ਤਾਂ ਇਹ ਸਰਵ-ਵਿਆਪੀ ਤੌਰ 'ਤੇ ਮੰਨਿਆ ਗਿਆ ਹੈ ਕਿ ਲੋਕਾਂ ਕੋਲ ਹੋਰ ਕੋਈ ਚਾਰਾ ਨਹੀਂ ਰਹਿੰਦਾ । ਇੱਕ ਲੋਕ-ਦੋਖੀ ਸਰਕਾਰ ਅਤੇ ਲੋਕਾਂ ਵਿਚਾਲੇ ਹਥਿਆਰਬੰਦ ਤਾਕਤ-ਅਜ਼ਮਾਈ, ਜਨਤਕ ਰਾਜ ਬਹਾਲ ਕਰਨ ਦੇ ਸਪੱਸ਼ਟ ਉਦੇਸ਼ ਲਈ ਹੁੰਦੀ ਹੈ । ਇਹ ਫੈਸਲਾ ਮਨੁੱਖੀ ਅਧਿਕਾਰ ਜਥੇਬੰਦੀਆਂ ਨਹੀਂ ਕਰਦੀਆਂ । ਉਹ ਤਾਂ ਸਿਰਫ ਜੋ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਵਾਪਰ ਰਿਹਾ ਹੁੰਦਾ ਹੈ, ਉਸ ਬਾਰੇ ਆਪਣੀ ਰਾਇ ਦੇ ਸਕਦੀਆਂ ਹਨ ।

**ਹਕੂਮਤੀ ਦਹਿਸ਼ਤਗਰਦੀ**

ਜਦੋਂ ਕਿਸੇ ਵੀ ਸਮਾਜ ਵਿੱਚ, ਕੋਈ ਐਸੀ ਹਿੰਸਕ ਘਟਨਾ ਵਾਪਰਦੀ ਹੈ ਜੋ ਆਮ ਜ਼ੁਰਮ ਨਾਲੋਂ ਵਧੇਰੇ ਹੌਲਨਾਕ ਹੁੰਦੀ ਹੈ ਅਤੇ ਇਸਨੂੰ ਦਹਿਸ਼ਤਵਾਦ ਦਾ ਨਾਂ ਦਿੱਤਾ ਜਾਂਦਾ ਹੈ, ਤਾਂ ਸ਼ੱਕੀਆਂ ਨੂੰ ਬਿਨਾਂ ਸਹੀ ਤੌਰ 'ਤੇ ਮੁਕੱਦਮਾ ਚਲਾਏ ਕਤਲ ਕਰਨ ਦੀ ਰੁਚੀ ਪੈਦਾ ਹੁੰਦੀ ਹੈ– ਇਸ ਬਹਾਨੇ ਹੇਠ ਕਿ ਇੱਕ ਦਹਿਸ਼ਤਗਰਦ ਨੂੰ ਇੱਕ ਆਮ ਅਪਰਾਧੀ ਵਾਂਗ ਸਫਾਈ ਪੇਸ਼ ਕਰਨ ਦਾ ਮੌਕਾ ਦੇਣਾ ਜਰੂਰੀ ਨਹੀਂ ਹੈ ।

ਦਹਿਸ਼ਤਵਾਦ, ਚਾਹੇ ਉਹ ਕਿੰਨਾ ਵੀ ਤਬਾਹਕੁੰਨ ਹੋਵੇ, ਨਾਲ ਨਿਪਟਣ ਲਈ ਤਾਨਾਸ਼ਾਹ ਢੰਗ-ਤਰੀਕੇ ਅਪਨਾਉਣ ਦੀ ਰੁਚੀ ਸਫਲ ਨਹੀਂ ਹੋ ਸਕਦੀ । ਜੇਕਰ ਅਸੀਂ ਜਮਹੂਰੀਅਤ ਦੇ ਅਸੂਲਾਂ ਬਾਰੇ ਲਾਪ੍ਰਵਾਹ ਹਾਂ ਤਾਂ ਅਸੀਂ ਵੀ ਦਹਿਸ਼ਤਗਰਦਾਂ ਵਾਲੀ ਹੀ ਗਲਤੀ ਵਿੱਚ ਫਸ ਜਾਵਾਂਗੇ, ਜਿਨ੍ਹਾਂ ਕੋਲ ਆਪਣੇ ਢੰਗਾਂ ਅਤੇ ਉਦੇਸ਼ਾਂ ਨੂੰ ਜ਼ਾਇਜ਼ ਕਹਿਣ ਲਈ ਦਲੀਲਾਂ ਦੀ ਕੋਈ ਘਾਟ ਨਹੀਂ । ਅੰਨ੍ਹੇਵਾਹ ਦਮਨ ਸਿਰਫ ਉਨ੍ਹਾਂ ਕਦਰਾਂ ਦੇ ਹੀ ਉਲਟ ਨਹੀਂ ਜਿਨ੍ਹਾਂ ਨੂੰ ਅਸੀਂ ਬਚਾਉਣ ਦੇ ਯਤਨ ਕਰ ਰਹੇ ਹਾਂ, ਬਲਕਿ ਇਹ ਸਮਝੌਤੇ ਨੂੰ ਜੇਕਰ ਅਸੰਭਵ ਨਹੀਂ ਤਾਂ ਬਹੁਤ ਹੀ ਕਠਿਨ ਜ਼ਰੂਰ ਬਣਾ ਦਿੰਦਾ ਹੈ ।

ਨਿਸਚੇ ਹੀ, ਇੱਕ ਹਥਿਆਰਬੰਦ ਸੰਘਰਸ਼ ਨੂੰ ਸਰਕਾਰ ਦਾ ਤਾਨਾਸ਼ਾਹ ਢਾਂਚਾ

Digitized by Panjab Digital Library | www.panjabdigilib.org

ਅਪਨਾ ਕੇ ਕਾਬੂ ਕੀਤਾ ਜਾ ਸਕਦਾ ਹੈ, ਜੋ ਲੋਕਾਂ ਵਿਰੁੱਧ ਅਨ੍ਹੇਵਾਹ ਹਿੰਸਾ ਇਸਤੇਮਾਲ ਕਰਦਾ ਹੈ। ਲੇਕਿਨ ਏਸ ਤਰ੍ਹਾਂ ਸਰਕਾਰ ਖੁਦ ਹੀ ਹਾਲਤ ਦੇ ਦਹਿਸ਼ਤਗਰਦ ਖਾਸੇ ਨੂੰ ਸਾਬਿਤ ਕਰ ਰਹੀ ਹੋਵੇਗੀ ਜਿਸ ਨੇ ਨਿਸ਼ਚੇ ਹੀ ਪਹਿਲਾਂ, ਹਥਿਆਰਬੰਦ ਸੰਘਰਸ਼ ਨੂੰ ਜਨਮ ਦਿੱਤਾ ਹੋਵੇਗਾ।

ਸਰਕਾਰੀ ਪਦਵੀ ਵਾਲੀ ਇੱਕ ਵੱਡੀ ਗੈਂਗ ਦਾ ਮਤਲਬ ਇਹ ਨਹੀਂ ਕਿ ਉਹ ਗੈਂਗ ਜਾਇਜ਼ ਹੈ। ਇਸ ਲਈ ਲੋਕਾਂ ਦੀ ਹਮਦਰਦੀ ਅਤੇ ਦਿਲ ਜਿੱਤਣ ਲਈ ਇਹ ਜ਼ਰੂਰੀ ਹੈ ਕਿ ਜਦੋਂ ਵੀ ਸਰਕਾਰ ਦਹਿਸ਼ਤਗਰਦਾਂ ਨੂੰ ਫੜਨ ਦਾ ਯਤਨ ਕਰਦੀ ਹੈ ਤਾਂ ਇਸ ਨੂੰ ਚਾਹੀਦਾ ਹੈ ਕਿ ਉਨ੍ਹਾਂ ਨਾਲ ਕਾਨੂੰਨ ਮੁਤਾਬਕ ਵਰਤਾਓ ਕਰੇ। ਇਹ ਇੱਕ ਆਮ ਗੱਲ ਬਣ ਗਈ ਹੈ ਕਿ ਸਰਕਾਰ ਕਿਸੇ ਵਿਅਕਤੀ ਨੂੰ ਦਹਿਸ਼ਤਗਰਦ ਗਰਦਾਨਦੀ ਹੈ ਅਤੇ ਫਿਰ ਉਸ ਨੂੰ ਗੋਲੀ ਮਾਰ ਦਿੰਦੀ ਹੈ, ਅਤੇ ਉਸ ਉੱਤੇ ਮੁਕੱਦਮਾ ਨਹੀਂ ਚਲਾਉਂਦੀ ਜਿੱਥੇ ਸੱਚ ਸਾਹਮਣੇ ਆ ਸਕਦਾ ਸੀ। ਇਹ ਹੋ ਸਕਦਾ ਹੈ ਕਿ ਕਿਸੇ ਵਿਅਕਤੀ ਨੂੰ ਕਿਸੇ ਨਫ਼ਰਤ ਕਾਰਨ ਦਹਿਸ਼ਤਗਰਦ ਗਰਦਾਨਿਆਂ ਗਿਆ ਹੋਵੇ ਜਾਂ ਫਿਰ ਇਹ ਵੀ ਹੋ ਸਕਦਾ ਹੈ ਕਿ ਪੁਲਿਸ, ਇੱਕ ਵਿਅਕਤੀ ਨੂੰ ਮਾਰਕੇ ਅਤੇ ਫਿਰ ਉਸਨੂੰ "100 ਜਾਂ 200 ਕਤਲਾਂ ਲਈ ਜ਼ਿੰਮੇਵਾਰ" ਕਹਿ ਕੇ ਤਫਤੀਸ਼ ਛੱਡਣ ਅਤੇ ਕੁੱਝ ਕੇਸ ਬੰਦ ਕਰਨ ਦਾ ਸੁਖਾਲਾ ਰਾਹ ਫੜ ਲਵੇ। ਦਹਿਸ਼ਤਵਾਦ ਉੱਤੇ ਕਾਬੂ ਪਾਇਆ ਜਾ ਸਕਦਾ ਹੈ ਜੇਕਰ ਉਨ੍ਹਾਂ ਸਭ ਦੇ ਮਨੁੱਖੀ ਅਧਿਕਾਰਾਂ ਦੀ ਕਦਰ ਕੀਤੀ ਜਾਵੇ ਜਿਨ੍ਹਾਂ ਉੱਤੇ ਦਹਿਸ਼ਤਗਰਦ ਹੋਣ ਦਾ ਇਲਜ਼ਾਮ ਹੈ। ਇੱਕ ਮੁਕੱਦਮੇ ਤੋਂ ਬਿਨਾਂ ਮਾਰਿਆ ਗਿਆ ਦਹਿਸ਼ਤਗਰਦ ਲੋਕਾਂ ਦੇ ਇੱਕ ਤਬਕੇ ਲਈ ਸ਼ਹੀਦ ਬਣ ਜਾਂਦਾ ਹੈ।

## ਸ਼ਾਸਨ-ਪ੍ਰਣਾਲੀ ਦਾ ਮੁਜ਼ਰਿਮੀਕਰਣ

ਮਨੁੱਖੀ ਅਧਿਕਾਰਾਂ ਅਤੇ ਬੁਨਿਆਦੀ ਆਜ਼ਾਦੀਆਂ ਦੀ ਸੁਰੱਖਿਆ ਲਈ ਯੂਰਪੀਨ ਕਮਿਸ਼ਨ ਨੇ 1961 ਵਿੱਚ ਲਾਲੈਸ ਕੇਸ ਵਿੱਚ ਕਿਹਾ ਸੀ ਕਿ ਬੇਸ਼ਕ ਦੋਸ਼ੀ ਆਇਰਸ਼ ਰੀਪਬਲੀਕਨ ਆਰਮੀ, ਜਿਸ ਨੂੰ ਤੋੜ-ਫੋੜ ਦੀਆਂ ਕਾਰਵਾਈਆਂ ਕਰਨ ਵਾਲੀ ਇੱਕ ਜਥੇਬੰਦੀ ਕਿਹਾ ਜਾਂਦਾ ਹੈ, ਦਾ ਇੱਕ ਦਹਿਸ਼ਤਗਰਦ ਹੋਵੇ, ਫਿਰ ਵੀ ਉਤਰਦਾਇਕ ਰਾਜ, ਆਇਰਲੈਂਡ, ਨੂੰ ਮਨਮਾਨੀ ਨਾਲ ਗ੍ਰਿਫ਼ਤਾਰ ਅਤੇ ਬਿਨਾਂ ਮੁਕੱਦਮਾ ਨਜ਼ਰਬੰਦੀ ਤੋਂ ਅਜ਼ਾਦੀ ਦੇ ਕਾਨੂੰਨ ਨੂੰ ਲਾਗੂ ਨਾ ਕਰਨ ਦੀ ਛੋਟ ਨਹੀਂ ਮਿਲ ਜਾਂਦੀ। ਹਰ ਸਮਾਜ ਅੰਦਰ ਨਸ਼ੀਲੀਆਂ ਦਵਾਈਆਂ ਦਾ ਧੰਦਾ ਕਰਨ ਵਾਲਿਆਂ, ਸਮਗਲਰਾਂ, ਹਥਿਆਰ ਵੇਚਣ ਵਾਲਿਆਂ ਅਤੇ ਜ਼ਰਾਇਮ ਪੇਸ਼ਾ ਬੰਦਿਆਂ ਦਾ ਇੱਕ ਮੌਲਿਕ ਮੁਜ਼ਰਿਮਾਨਾ ਉਪ ਤਬਕਾ ਹੁੰਦਾ ਹੈ। ਇਹ ਸੀਮਿਤ ਪਰ ਸਰਵ-ਵਿਆਪੀ ਮੁਜ਼ਰਿਮੀਅਤ ਉਸ ਵਕਤ ਵੱਡੇ ਪੈਮਾਨੇ 'ਤੇ ਫੈਲ ਜਾਂਦੀ ਹੈ ਅਤੇ ਆਪਣੇ ਲਈ ਸਿਆਸੀ ਉਦੇਸ਼ ਅਪਣਾ ਲੈਂਦੀ ਹੈ ਜਿਸ ਵਕਤ ਲੋਕਾਂ ਦਾ ਇੱਕ ਵੱਡਾ ਹਿੱਸਾ ਮੁੱਖ-ਧਾਰਾ ਤੋਂ ਬੇਗਾਨਾ ਹੋ ਜਾਂਦਾ ਹੈ। ਲੇਕਿਨ ਜਦ ਤੱਕ ਸ਼ਕਾਇਤਾਂ ਦਾ ਨਿਪਟਾਰਾ ਕਰਨ ਦੇ ਕਾਨੂੰਨੀ ਢੰਗ ਮੌਜੂਦ ਹੁੰਦੇ ਹਨ, ਦਹਿਸ਼ਤਵਾਦ, ਇਸਦੇ ਉਦੇਸ਼ ਚਾਹੇ ਕਿੰਨੇ ਵੀ ਪਵਿੱਤਰ ਹੋਣ, ਆਖਿਰਕਾਰ ਪ੍ਰਚਲਿਤ ਮੁਜ਼ਰਿਮੀਅਤ ਨਾਲ ਰਚਮਿਚ ਜਾਂਦਾ ਹੈ। ਅਕਸਰ ਅਜਿਹੇ ਮੁਜ਼ਰਿਮ ਤਬਕੇ ਨੂੰ ਰਾਜ ਲੋਕਾਂ ਉੱਤੇ ਚੋਟ ਮਾਰਨ ਲਈ ਵਰਤ ਸਕਦਾ ਹੈ, ਜਿਵੇਂ ਕਿ 1984 ਵਿੱਚ ਦਿੱਲੀ ਅਤੇ ਹੋਰ ਥਾਵਾਂ ਉੱਤੇ ਸਿੱਖਾਂ ਦੇ ਕਤਲੇਆਮ ਵਿੱਚ ਵਰਤਿਆ ਗਿਆ ਸੀ। ਦੱਖਣੀ ਅਫਰੀਕਾ ਦੀ ਹਕੂਮਤ ਅਤੇ ਕਈ ਹੋਰ ਹਕੂਮਤਾਂ ਦੁਨੀਆਂ ਪੱਧਰ ਉੱਤੇ ਜ਼ਰਾਇਮ ਪੇਸ਼ਾ ਤਬਕੇ ਦੇ ਇਸਤੇਮਾਲ ਲਈ

Digitized by Panjab Digital Library | www.panjabdigilib.org

ਬਦਨਾਮ ਹਨ । ਜਥੇਬੰਦ ਜ਼ੁਰਮ, ਜਿਵੇਂ ਕਿ ਮਾਫੀਆ ਦਾ ਇਸਤੇਮਾਲ ਇੱਕ ਹੋਰ ਮਿਸਾਲ ਹੈ । ਜਦ ਰਾਜ ਅਤੇ ਇਸ ਦੀਆਂ ਸਰਕਾਰਾਂ ਇਸ ਤਰ੍ਹਾਂ ਦੇ ਹੋਰ ਢੰਗਾਂ ਨਾਲ ਸ਼ਾਸਨ-ਪ੍ਰਣਾਲੀ ਦਾ ਮੁਜ਼ਰਿਮੀਕਰਣ ਕਰਦੀਆਂ ਹਨ ਅਤੇ ਦਹਿਸ਼ਤਗਰਦੀ ਨੂੰ ਉਭਾਰਦੀਆਂ ਹਨ ਤਾਂ ਬਦ-ਅਮਨੀ ਅਤੇ ਹਿੰਸਾ ਦਾ ਬੋਲ-ਬਾਲਾ ਹੋ ਜਾਂਦਾ ਹੈ । ਅਜਿਹੀ ਚੀਜ਼ ਲੋਕਾਂ ਲਈ ਬਹੁਤ ਹੀ ਤਬਾਹਕੁੰਨ ਬਣ ਜਾਂਦੀ ਹੈ ।

ਆਪਣੇ ਟੀਚੇ ਪ੍ਰਾਪਤ ਕਰਨ ਲਈ, ਇੱਕ ਦਹਿਸ਼ਤਗਰਦ ਨੂੰ ਹਥਿਆਰਾਂ ਦੀ ਜ਼ਰੂਰਤ ਹੁੰਦੀ ਹੈ । ਉਹ ਹਥਿਆਰ ਸਮਗਰਲਰਾਂ ਤੋਂ ਲੈਂਦਾ ਹੈ, ਜਿਸ ਲਈ ਉਸ ਨੂੰ ਪੈਸਾ ਚਾਹੀਦਾ ਹੈ । ਇਹ ਪੈਸਾ ਉਹ ਲੁੱਟਾਂ-ਖੋਹਾਂ, ਡਾਕਿਆਂ ਅਤੇ ਨਸ਼ੀਲੀਆਂ ਵਸਤਾਂ (ਡਰੱਗਸ) ਦੀ ਵਿਕਰੀ ਰਾਹੀਂ ਪ੍ਰਾਪਤ ਕਰਦਾ ਹੈ । ਡਰੱਗ ਮਾਫੀਆ, ਸਮਗਲਰ, ਮੁਜ਼ਰਿਮ ਅਤੇ ਦਹਿਸ਼ਤਗਰਦ ਆਪਸ ਵਿੱਚ ਇੱਕ ਵਿਸਤ੍ਰਿਤ ਤਾਲਮੇਲ ਬਣਾ ਲੈਂਦੇ ਹਨ । ਜਿਵੇਂ-ਜਿਵੇਂ ਰਾਜ ਲੋਕਾਂ ਦੇ ਮਨੁੱਖੀ ਅਧਿਕਾਰ ਖੋਹੇ ਬਿਨਾਂ, ਖ਼ੁਦ ਨੂੰ ਦਹਿਸ਼ਤਗਰਦੀ ਵਿਰੁੱਧ ਜਥੇਬੰਦ ਕਰਦਾ ਹੈ, ਦਹਿਸ਼ਤਗਰਦ ਹੌਲੀ-ਹੌਲੀ ਡਰੱਗ ਮਾਫੀਆ, ਸਮਗਲਰਾਂ ਅਤੇ ਮੁਜ਼ਰਿਮਾਂ ਦੀ ਦੁਨੀਆਂ ਵਿੱਚ ਅਲੋਪ ਹੋ ਜਾਂਦੇ ਹਨ । ਲੋਕਾਂ ਵਿੱਚੋਂ ਉਨ੍ਹਾਂ ਦੀ ਸਾਖ ਅਤੇ ਹਮਾਇਤ ਖਤਮ ਹੋ ਜਾਂਦੀ ਹੈ, ਜਦਕਿ ਰਾਜ ਵਿਸ਼ਾਲ ਪੈਮਾਨੇ 'ਤੇ ਹਮਾਇਤ ਜਿੱਤਦਾ ਹੈ ਅਤੇ ਸਾਬਿਤ ਕਰਦਾ ਹੈ ਕਿ ਉਹ ਨਾ ਤਾਂ ਕਿਸੇ ਤਰ੍ਹਾਂ ਦਹਿਸ਼ਤਗਰਦੀ 'ਤੇ ਅਮਲ ਕਰਦਾ ਹੈ ਅਤੇ ਨਾ ਹੀ ਦਹਿਸ਼ਤਗਰਦੀ ਨੂੰ ਮਾਫ ਕਰਦਾ ਹੈ ।

ਹਾਲਤ ਨਾਜ਼ੁਕ ਬਣ ਜਾਂਦੀ ਹੈ ਕਿ ਜੇਕਰ ਇਹ ਸਪੱਸ਼ਟ ਹੋ ਜਾਵੇ ਕਿ ਖੁਦ ਰਾਜ ਨੇ, ਹੱਕੀ ਸੰਘਰਸ਼ਾਂ ਨੂੰ ਕੁਚਲਣ ਦੇ ਉਦੇਸ਼ ਨਾਲ ਹਿੰਸਾ ਅਤੇ ਦਹਿਸ਼ਤ ਦੀ ਨੀਤੀ ਅਪਨਾ ਲਈ ਹੈ । ਫਿਰ ਇਸ ਕੋਲ ਉਨ੍ਹਾਂ ਲੋਕਾਂ ਉੱਤੇ ਦਹਿਸ਼ਤਗਰਦੀ ਦਾ ਇਲਜ਼ਾਮ ਲਾਉਣ ਦਾ ਹੱਕ ਨਹੀਂ ਰਹਿੰਦਾ ਜੋ ਲੋਕ ਸਰਕਾਰ ਦਾ ਇੱਕ ਵਧੇਰੇ ਜਾਇਜ਼ ਢੰਗ ਸਥਾਪਿਤ ਕਰਨ ਲਈ ਹਥਿਆਰਬੰਦ ਸੰਘਰਸ਼ ਚਲਾਉਂਦੇ ਹਨ। ਏਥੇ ਹਕੂਮਤੀ ਦਹਿਸ਼ਤਗਰਦੀ ਦੀ ਇਹ ਪਰਿਭਾਸ਼ਾ ਕਰਨ ਦੀ ਲੋੜ ਪੈਂਦੀ ਹੈ ਕਿ ਜਿੱਥੇ ਸਰਕਾਰ ਕਾਨੂੰਨ ਦੇ ਦਾਇਰੇ ਤੋਂ ਬਾਹਰ ਕਰਵਾਈ ਕਰਦੀ ਹੈ ਅਤੇ ਸਰਕਾਰ ਚਲਾਉਣ ਵਿੱਚ ਲੋਕਾਂ ਦੀ ਹਮਾਇਤ ਅਤੇ ਮੱਦਦ ਨਹੀਂ ਲੈਂਦੀ । ਉਸ ਹਾਲਤ ਵਿੱਚ ਦਹਿਸ਼ਤਗਰਦੀ ਇੱਕ ਰੀਤ ਬਣ ਜਾਂਦੀ ਹੈ ਅਤੇ ਕੁੱਝ ਦਹਿਸ਼ਤਗਰਦ ਹੀਰੋ ਅਤੇ ਸ਼ਹੀਦ ਦਾ ਰੁਤਬਾ ਹਾਸਲ ਕਰ ਲੈਂਦੇ ਹਨ । ਇਹ ਦਹਿਸ਼ਤਗਰਦ ਐਸੇ ਮੁਜਾਹਦ ਸਮਝੇ ਜਾਣ ਲੱਗ ਪੈਂਦੇ ਹਨ ਜਿਨ੍ਹਾਂ ਨੇ ਆਪਣੇ ਲੋਕਾਂ ਦੀ ਰਖਵਾਲੀ ਲਈ ਹਥਿਆਰ ਉਠਾਏ ਹਨ । ਜਲਦੀ ਹੀ ਦਹਿਸ਼ਤਗਰਦੀ ਦੀ ਸਮੱਸਿਆ ਵੱਡੇ ਪੈਮਾਨੇ 'ਤੇ ਫੈਲ ਕੇ ਬਦ-ਅਮਨੀ ਅਤੇ ਹਿੰਸਾ ਦਾ ਮਾਹੌਲ ਪੈਦਾ ਕਰ ਸਕਦੀ ਹੈ ਜਿਸ ਨਾਲ ਵਿਸ਼ਾਲ ਪੱਧਰ 'ਤੇ ਮੌਤਾਂ ਹੁੰਦੀਆਂ ਹਨ ਅਤੇ ਤਬਾਹੀ ਮਚਦੀ ਹੈ,ਜਿਵੇਂ ਕਿ ਅੱਜ ਹਿੰਦੋਸਤਾਨ ਦੇ ਬਹੁਤ ਸਾਰੇ ਹਿੱਸਿਆਂ ਵਿੱਚ ਹੋ ਰਿਹਾ ਹੈ । ਅਜੇਹੀ ਹਾਲਤ 'ਉਨ੍ਹਾਂ ਲੋਕਾਂ ਨੂੰ ਵੀ ਅੱਗੇ ਲਿਆ ਸਕਦੀ ਹੈ ਜਿਹੜੇ ਇਹ ਮੰਨਣਾ ਸ਼ੁਰੂ ਕਰ ਦਿੰਦੇ ਹਨ ਕਿ ਬਦ-ਅਮਨੀ ਅਤੇ ਹਿੰਸਾ ਨੂੰ ਖਤਮ ਕਰਨ ਲਈ ਰਾਜ ਦਾ ਤਖਤਾ ਉਲਟਾਉਣਾ ਜ਼ਰੂਰੀ ਹੈ । ਅਜਿਹੇ ਉਭਾਰ ਨੂੰ ਹੋਰ ਵਧੇਰੇ ਦਮਨ ਨਾਲ ਕਾਬੂ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਇੱਕ ਪਾਸੇ ਲੋਕਾਂ, ਅਤੇ ਦੂਸਰੇ ਪਾਸੇ ਜ਼ਾਬਰ ਸਰਕਾਰਾਂ ਵਿਚਕਾਰ ਤਾਕਤ-ਅਜ਼ਮਾਈ ਦਾ ਰੂਪ ਧਾਰਨ ਕਰ ਲੈਂਦਾ ਹੈ ।

Digitized by Panjab Digital Library | www.panjabdigilib.org

## ਅਗਵਾ ਕਰਕੇ ਕਤਲ ਕਰਨਾ

ਪੰਜਾਬ ਵਿੱਚ, ਰਾਜ ਨੇ ਹੁਣ ਤੱਕ ਇੱਕ ਦਹਿਸ਼ਤਗਰਦ ਪਹੁੰਚ ਤੋਂ ਕੰਮ ਲਿਆ ਹੈ । ਬੇਕਸੂਰ ਲੋਕਾਂ ਨੂੰ ਪੁਲਿਸ ਦੇ ਹਥਿਆਰਬੰਦ ਦਸਤੇ ਬੇਪਛਾਣ ਗੱਡੀਆਂ ਵਿੱਚ ਚੁੱਕ ਕੇ ਲੈ ਜਾਂਦੇ ਹਨ ਅਤੇ ਕਿਸੇ ਵੀ ਅਦਾਲਤ ਵਿੱਚ ਪੇਸ਼ ਨਹੀਂ ਕਰਦੇ । ਬਹੁਤ ਸਾਰਿਆਂ ਨੂੰ ਝੂਠੇ ਮੁਕਾਬਲਿਆਂ ਵਿੱਚ ਕਤਲ ਕਰ ਦਿੱਤਾ ਜਾਂਦਾ ਹੈ ਅਤੇ ਉਨ੍ਹਾਂ ਦੀਆਂ ਲਾਸ਼ਾਂ ਵੀ ਉਨ੍ਹਾਂ ਦੇ ਵਾਰਸਾਂ ਨੂੰ ਨਹੀਂ ਦਿੱਤੀਆਂ ਜਾਂਦੀਆਂ । ਲੋਕਾਂ ਨੂੰ ਕਤਲ ਕੀਤੇ ਗਏ ਵਿਅਕਤੀਆਂ ਦੇ ਭੋਗਾਂ ਉੱਤੇ ਜਾਣ ਤੋਂ ਵੀ ਰੋਕਿਆ ਜਾਂਦਾ ਹੈ । ਸੈਂਕੜੇ ਵਿਅਕਤੀ ਲਾਪਤਾ ਹਨ ਅਤੇ ਉਨ੍ਹਾਂ ਦਾ ਕੋਈ ਥਹੁ-ਪਤਾ ਨਹੀਂ । ਅਜਿਹਾ ਇੱਕ ਵਿਅਕਤੀ, ਇੱਕ ਮਨੁੱਖੀ ਅਧਿਕਾਰ ਕਾਰਕੁਨ ਅਤੇ ਪੱਤਰਕਾਰ, ਰਾਮ ਸਿੰਘ ਬਿਲਿੰਗ ਹੈ, ਜਿਸ ਨੂੰ ਪੁਲਿਸ 3 ਜਨਵਰੀ 1992 ਨੂੰ ਸੰਗਰੂਰ ਜ਼ਿਲ੍ਹੇ ਵਿੱਚੋਂ ਚੁੱਕ ਕੇ ਲੈ ਗਈ ਸੀ । ਦੁਨੀਆਂ ਭਰ ਵਿੱਚੋਂ ਸਰਕਾਰ ਕੋਲ ਪ੍ਰਗਟ ਕੀਤੇ ਗਏ ਰੋਸ ਦੇ ਬਾਵਜੂਦ ਅਜੇ ਤੱਕ ਉਸ ਨੂੰ ਅਦਾਲਤ ਵਿੱਚ ਪੇਸ਼ ਨਹੀਂ ਕੀਤਾ ਗਿਆ । ਪਿੱਛੇ ਜਿਹੇ ਅਮਰੀਕਾ ਦੇ ਹਾਊਸ ਆਫ ਰਿਪ੍ਰਜ਼ੈਨਟੇਟਿਵਸ ਦੇ ਇੱਕ ਮੈਂਬਰ ਨੇ ਹਿੰਦੋਸਤਾਨੀ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਸ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇ ਅਤੇ ਉਸਦੀ ਸੁਰੱਖਿਆ ਬਾਰੇ ਚਿੰਤਾ ਪ੍ਰਗਟਾਈ ਹੈ ।

ਕਿਹੜਾ ਕਾਨੂੰਨ ਗ੍ਰਿਫ਼ਤਾਰ ਲੋਕਾਂ ਨੂੰ ਕਤਲ ਕਰਨ ਦੀ ਇਜ਼ਾਜਤ ਦਿੰਦਾ ਹੈ ? ਕਿਹੜਾ ਕਾਨੂੰਨ ਪੁਲਿਸ ਨੂੰ ਇਜ਼ਾਜਤ ਦਿੰਦਾ ਹੈ ਕਿ ਉਹ ਲੋਕਾਂ ਨੂੰ ਅਗਵਾ ਕਰ ਸਕੇ ? ਕਿਹੜਾ ਕਾਨੂੰਨ ਤਸੀਹਿਆਂ ਨੂੰ ਤਫਤੀਸ਼ ਦਾ ਇਕੋ-ਇੱਕ ਢੰਗ ਪ੍ਰਵਾਨਦਾ ਹੈ ?

ਗ੍ਰਿਫ਼ਤਾਰ ਕੀਤੇ ਹੋਏ ਕੁਲਵੰਤ ਸਿੰਘ ਨਾਗੋਕੇ ਨੂੰ, ਅੰਮ੍ਰਿਤਸਰ ਸ਼ਹਿਰ ਦੇ ਡੀ. ਐਸ. ਪੀ.ਬਚਨ ਸਿੰਘ ਨੇ 1983 ਵਿੱਚ ਕਤਲ ਕੀਤਾ ਸੀ । ਇਸ ਮਸਲੇ 'ਤੇ ਉੱਠੇ ਵਿਸ਼ਾਲ ਰੋਸ ਨੂੰ ਸਰਕਾਰ ਨੇ ਨਜ਼ਰ-ਅੰਦਾਜ਼ ਕਰ ਦਿੱਤਾ ਸੀ । ਪੁਲਿਸ ਅਧਿਕਾਰੀ ਨੂੰ ਨਾ ਮੁਅੱਤਲ ਕੀਤਾ ਗਿਆ ਅਤੇ ਨਾ ਹੀ ਦੋਸ਼ਾਂ ਦੀ ਤਫਤੀਸ਼ ਕੀਤੀ ਗਈ । ਨਿੱਜੀ ਬਦਲੇ ਦੇ ਫਲਸਰੂਪ ਪੁਲਿਸ ਅਧਿਕਾਰੀ ਦਾ ਸਾਰਾ ਪ੍ਰੀਵਾਰ ਮਾਰਿਆ ਗਿਆ ।

ਬਟਾਲਾ ਦਾ ਐਸ.ਐਸ.ਪੀ.ਗੋਬਿੰਦ ਰਾਮ ਸ਼ਰੇਆਮ ਤਸੀਹਿਆਂ ਦਾ ਇਸਤੇਮਾਲ ਕਰਦਾ ਸੀ । ਬਟਾਲੇ ਦੇ ਸਰਪੰਚਾਂ ਅਤੇ ਪੰਚਾਂ ਨੇ ਅਸਤੀਫੇ ਦਿੱਤੇ ਅਤੇ ਦੱਸਿਆ ਕਿ ਗੋਬਿੰਦ ਰਾਮ ਨੇ ਗ੍ਰਿਫ਼ਤਾਰ ਕੀਤੇ ਹੋਏ ਬਹੁਤ ਸਾਰੇ ਨੌਜੁਆਨਾਂ ਨੂੰ ਕਤਲ ਕਰ ਦਿੱਤਾ ਸੀ । ਉਸਦੇ ਜ਼ਬਰਾਂ ਬਾਰੇ ਗਵਰਨਰ ਰੇਅ ਨੂੰ ਦੱਸਿਆ ਗਿਆ ਸੀ । ਪੰਜਾਬ ਹਿਊਮਨ ਰਾਈਟਸ ਆਰਗੇਨਾਈਜ਼ੇਸ਼ਨ ਨੇ ਵੀ ਗੋਵਿੰਦ ਰਾਮ ਦੀਆਂ ਕਰਤੂਤਾਂ ਗਵਰਨਰ ਦੇ ਧਿਆਨ ਵਿੱਚ ਲਿਆਂਦੀਆਂ ਸਨ । 1 ਸਤੰਬਰ 1989 ਨੂੰ ਬਟਾਲਾ ਪੁਲਿਸ ਸਟੇਸ਼ਨ ਦਾ ਪੁਰਅਮਨ ਘੇਰਾਓ ਕੀਤਾ ਗਿਆ । ਪੰਜਾਬ ਹਿਊਮਨ ਰਾਈਟਸ ਆਰਗੇਨਾਈਜ਼ੇਸ਼ਨ ਨੇ ਗੋਬਿੰਦ ਰਾਮ ਵਿਰੁੱਧ ਕਾਰਵਾਈ ਦੀ ਮੰਗ ਕਰਨ ਲਈ 30 ਸਤੰਬਰ 1989 ਨੂੰ ਚੰਡੀਗੜ੍ਹ ਵਿੱਚ ਧਰਨਾ ਦੇਣ ਲਈ ਲੋਕਾਂ ਨੂੰ ਲਾਮਬੰਦ ਕੀਤਾ । ਉਸ ਦਿਨ ਬਹੁਤ ਸਾਰੇ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਜਿਨ੍ਹਾਂ ਵਿੱਚ ਮੈਂ ਵੀ ਸ਼ਾਮਿਲ ਸਾਂ ਅਤੇ ਧਰਨੇ ਦੀ ਇਜ਼ਾਜ਼ਤ ਨਾ ਦਿੱਤੀ ਗਈ । ਗੋਬਿੰਦ ਰਾਮ ਵਿਰੁੱਧ ਕੋਈ ਵੀ ਕਾਰਵਾਈ ਨਾ ਕੀਤੀ ਗਈ । ਨਤੀਜਾ : ਵਿਅਕਤੀਗਤ ਦੁਸ਼ਮਣੀ ਕਾਰਨ ਪਹਿਲਾਂ ਉਸਦੇ ਪੁੱਤਰ ਦਾ ਅਤੇ ਫਿਰ ਗੋਬਿੰਦ ਰਾਮ ਦਾ ਵੀ ਕਤਲ ਹੋਇਆ ।

Digitized by Panjab Digital Library | www.panjabdigilib.org

"ਮੁਕਾਬਲੇ" ਵਿੱਚ ਜਾਂ ਹਵਾਲਾਤ ਵਿੱਚ ਮਾਰੇ ਗਏ ਵਿਅਕਤੀਆਂ ਦੇ ਦੋਸ਼ਾਂ ਵਿੱਚ, ਇਹ ਅੰਦਾਜ਼ਾ ਲਗਾਉਣਾ ਮੁਸ਼ਕਲ ਨਹੀਂ ਕਿ ਪੁਲਿਸ ਪੋਸਟ-ਮਾਰਟਮ ਰਿਪੋਰਟ ਜਾਂ ਲਾਸ਼ਾਂ ਵਾਰਸਾਂ ਨੂੰ ਕਿਉਂ ਨਹੀਂ ਦੇਣਾ ਚਾਹੁੰਦੀ ਜਾਂ ਡਾਕਟਰਾਂ ਤੋਂ ਪੜਤਾਲ ਕਿਉਂ ਨਹੀਂ ਕਰਾਉਣਾ ਚਾਹੁੰਦੀ। ਕੋਈ ਵੀ ਇਮਾਨਦਾਰ ਸਰਕਾਰ ਇਹ ਯਕੀਨੀ ਬਣਾਏਗੀ ਕਿ ਹਰ ਇੱਕ ਲਾਸ਼ ਉਸਦੇ ਵਾਰਸਾਂ ਦੇ ਹਵਾਲੇ ਕੀਤੀ ਜਾਵੇ ਅਤੇ ਹਰ ਇੱਕ ਲਾਸ਼ ਦਾ ਡਾਕਟਰਾਂ ਅਤੇ ਫੋਟੋਗ੍ਰਾਫਰਾਂ ਦੀ ਇੱਕ ਸੁਤੰਤਰ ਟੀਮ ਵੱਲੋਂ ਮੁਆਇਨਾ ਕੀਤਾ ਜਾਵੇ ਅਤੇ ਫੋਟੋਆਂ ਲਈਆਂ ਜਾਣ ਤਾਂ ਜੋ ਮੌਤ ਦੇ ਅਸਲ ਕਾਰਨ ਦਾ ਪਤਾ ਲਗਾਇਆ ਜਾ ਸਕੇ ਅਤੇ ਪੁਲਸ ਵਿਰੁੱਧ ਮੁਨਾਸਬ ਨਿਆਂਇਕ ਕਾਰਵਾਈ ਚਲਾਈ ਜਾ ਸਕੇ।

ਵਰਤਮਾਨ ਹਾਲਤ ਦੀ 13 ਅਪ੍ਰੈਲ 1919 ਨੂੰ ਜਨਰਲ ਡਾਇਰ ਵੱਲੋਂ ਕੀਤੇ ਗਏ ਜ਼ਲ੍ਹਿਆਂਵਾਲਾ ਬਾਗ ਕਤਲੇਆਮ ਨਾਲ ਤੁਲਨਾ ਕਰਨਾ ਸਿੱਖਿਆਦਾਇਕ ਹੋਵੇਗਾ, ਜੋ ਹਿੰਦੋਸਤਾਨ ਵਿੱਚ ਬਰਤਾਨਵੀ ਰਾਜ ਦੀ ਸਭ ਤੋਂ ਕਾਲੀ ਕਰਤੂਤ ਸੀ। ਲਾਸ਼ਾਂ ਦੀ ਸ਼ਨਾਖਤ ਕੀਤੀ ਗਈ ਅਤੇ ਉਹ ਵਾਰਸਾਂ ਦੇ ਹਵਾਲੇ ਕਰ ਦਿੱਤੀਆਂ ਗਈਆਂ, ਜ਼ਖ਼ਮੀਆਂ ਨੂੰ ਹਸਪਤਾਲਾਂ ਵਿੱਚ ਪਹੁੰਚਾਇਆ ਗਿਆ ਇੱਕ ਪੜਤਾਲੀਆ ਕਮਿਸ਼ਨ ਨਿਯੁਕਤ ਕੀਤਾ ਗਿਆ, ਜੋ ਹੰਟਰ ਕਮਿਸ਼ਨ ਦੇ ਨਾਂ ਨਾਲ ਜਾਣਿਆਂ ਜਾਂਦਾ ਸੀ। ਬੇਸ਼ਕ ਕਮਿਸ਼ਨ ਨੇ ਕਿਹਾ ਕਿ ਫਾਇਰਿੰਗ ਨਜ਼ਾਇਜ਼ ਸੀ ਅਤੇ ਮਰਨ ਵਾਲਿਆਂ ਦੇ ਰਿਸ਼ਤੇਦਾਰਾਂ ਨੂੰ ਦੋ-ਦੋ ਹਜ਼ਾਰ ਰੁਪਏ ਅਤੇ ਜ਼ਖ਼ਮੀਆਂ ਨੂੰ ਪੰਜ-ਪੰਜ ਸੌ ਰੁਪਏ ਮੁਆਵਜ਼ਾ ਦਿੱਤਾ, ਪਰ ਇਹ ਜਨਰਲ ਡਾਇਰ ਨੂੰ, ਜਾਂ ਉਸ ਵਕਤ ਪੰਜਾਬ ਦੇ ਗਵਰਨਰ, ਮਾਈਕਲ ਉਡਵਾਇਰ ਨੂੰ ਸਜ਼ਾ ਦੇਣ ਵਿੱਚ ਅਸਫਲ ਰਿਹਾ। ਉਡਵਾਇਰ ਨੂੰ ਸਜ਼ਾ ਦੇਣ ਦਾ ਕੰਮ ਕੈਕਸਟਨ ਹਾਲ ਲੰਡਨ ਵਿੱਚ 1941 ਵਿੱਚ ਊਧਮ ਸਿੰਘ ਨੇ ਕੀਤਾ।

ਵਕਤ ਆ ਗਿਆ ਹੈ ਕਿ ਅਸੀਂ ਦਹਿਸ਼ਤਗਰਦੀ ਅਤੇ ਮਨੁੱਖੀ ਅਧਿਕਾਰਾਂ ਦੇ ਉਲਝ ਹੋਏ ਮਸਲੇ ਨੂੰ ਸਹੀ ਦ੍ਰਿਸ਼ਟੀ ਤੋਂ ਦੇਖੀਏ।

## ਇੱਕ ਜ਼ਾਤੀ ਟਿੱਪਣੀ

ਜ਼ਾਤੀ ਤੌਰ ਤੇ, 3 ਅਪ੍ਰੈਲ 1992 ਨੂੰ ਮੈਨੂੰ ਗ੍ਰਿਫਤਾਰ ਨਹੀਂ, ਅਗਵਾ ਕੀਤਾ ਗਿਆ ਸੀ। ਮੇਰਾ ਮੂੰਹ ਬੰਦ ਕਰਕੇ ਮੈਨੂੰ ਚੁੱਕ ਕੇ ਥਾਣੇ ਲਿਜਾਇਆ ਗਿਆ, ਮੇਰੇ ਪਰਿਵਾਰ ਅਤੇ ਮਿੱਤਰਾਂ ਨੂੰ ਕੋਈ ਇਤਲਾਹ ਨਾ ਦਿੱਤੀ। ਇਹ ਅਗਵਾ ਕਰਨ ਦਾ ਇੱਕ ਸਪੱਸ਼ਟ ਕੇਸ ਸੀ, ਲੇਕਿਨ ਕੋਈ ਚਾਰਾ ਨਹੀਂ ਸੀ ਕਿਉਂਕਿ ਮੇਰੇ ਅਗਵਾਕਾਰ ਪੁਲਸੀਏ ਸਨ। ਮੇਰੇ ਘਰ ਦੀ ਤਲਾਸ਼ੀ ਲਈ ਗਈ ਅਤੇ ਕੀਮਤੀ ਸਮਾਨ ਚੋਰੀ ਕਰ ਲਿਆ ਗਿਆ। ਇਹ ਕਾਰਵਾਈ ਡਾਕੇ ਅਤੇ ਚੋਰੀ ਨਾਲੋਂ ਘੱਟ ਨਹੀਂ ਸੀ, ਪਰ ਇਸ ਵਿੱਚ ਵੀ ਕੋਈ ਚਾਰਾ ਨਹੀਂ ਸੀ, ਕਿਉਂਕਿ ਡਾਕੂ ਪੁਲਸੀਏ ਸਨ। ਮੈਨੂੰ ਜਿਸਮਾਨੀ ਨੁਕਸਾਨ ਪਹੁੰਚਾਣ ਦੀਆਂ ਧਮਕੀਆਂ ਦਿੱਤੀਆਂ ਗਈਆਂ, ਜੋ ਕਿ ਮੁਜ਼ਰਿਮਾਨਾ ਡਰਾਵਾ ਹੈ, ਪਰ ਇਸ ਵਿੱਚ ਵੀ ਕੋਈ ਚਾਰਾ ਨਹੀਂ ਸੀ ਕਿਉਂਕਿ ਬੰਦਿਆਂ ਨੇ ਰਾਜ ਦੀਆਂ ਵਰਦੀਆਂ ਪਹਿਨੀਆਂ ਹੋਈਆਂ ਸਨ। ਮੈਂ ਇਸ ਨੂੰ ਰਾਜ ਦੀ ਦਹਿਸ਼ਤਗਰਦੀ ਕਹਿੰਦਾ ਹਾਂ ਅਤੇ ਅਜੇਹੇ ਰਾਜ ਨੂੰ ਦਹਿਸ਼ਤਗਰਦੀ ਦੀ ਜੜ੍ਹ ਕਹਿੰਦਾ ਹਾਂ। ਕਿਸ ਨੈਤਿਕ ਅਧਾਰ 'ਤੇ ਇਹ ਉਪਦੇਸ਼ ਦਿੱਤਾ ਜਾ ਸਕਦਾ ਹੈ ਕਿ ਲੋਕ ਕਾਨੂੰਨ ਦੀ ਪਾਲਣਾ ਕਰਨ, ਜਦਕਿ ਉਹ ਵੀ ਇਸ ਦਾ ਪਾਲਣ ਨਹੀਂ ਕਰਦੇ ਜਿਨ੍ਹਾਂ ਨੇ ਇਸ (ਕਾਨੂੰਨ) ਨੂੰ ਬਣਾਇਆ ਹੈ ਅਤੇ ਜੋ ਇਸ

Digitized by Panjab Digital Library | www.panjabdigilib.org

ਤੋਂ ਅਖ਼ਤਿਆਰ ਲੈਂਦੇ ਹਨ ? ਏਦਾਂ ਲੱਗਦਾ ਹੈ ਕਿ ਰਾਜ ਕੋਲ ਅਜੇਹਾ ਕੋਈ ਨੈਤਿਕ ਅਧਾਰ ਨਹੀਂ ਹੈ, ਪਰ ਮੇਰੇ ਕੋਲ ਹੈ । ਮੈਂ ਸਭ ਨੂੰ ਸੱਦਾ ਦਿੰਦਾ ਹਾਂ ਕਿ ਕਨੂੰਨ ਦੇ ਰਾਜ ਦੀ ਹਮਾਇਤ ਕਰੋ ਅਤੇ ਮੰਗ ਕਰੋ ਕਿ ਜਿਨ੍ਹਾਂ ਨੇ ਕਨੂੰਨ ਦਾ ਉਲੰਘਣ ਕੀਤਾ ਹੈ ਉਨ੍ਹਾਂ ਨੂੰ ਸਜ਼ਾ ਦਿੱਤੀ ਜਾਵੇ ।

ਮੈਂ ਆਪਣੀ ਵੋਟ ਅਤੇ ਟੈਕਸ ਦਿੰਦਾ ਹਾਂ ਤਾਂ ਜੋ ਪੁਲਸ ਨਿੱਜੀ ਮੁਜ਼ਰਿਮਾਂ ਅਤੇ ਦਹਿਸ਼ਤਗਰਦਾਂ ਤੋਂ ਮੇਰੀ ਰਖਵਾਲੀ ਕਰੇ । ਮੁਜ਼ਰਿਮ ਮੇਰੀ ਵੋਟ ਜਾਂ ਮੇਰੇ ਪੈਸੇ ਨਾਲ ਬੰਦੂਕਾਂ ਨਹੀਂ ਖਰੀਦਦੇ । ਉਹ ਨਿਜ਼ਾਮ ਦਾ, ਮੇਰੇ ਸਮਾਜ ਦਾ ਅੰਗ ਨਹੀਂ ਹਨ । ਪਰ, ਜਿਨ੍ਹਾਂ ਦੀ ਦੇਖ-ਭਾਲ ਲਈ ਮੈਂ ਟੈਕਸ ਦਿੰਦਾ ਹਾਂ, ਅਤੇ ਜਿਨ੍ਹਾਂ ਲਈ ਮੈਂ ਸੁਰੱਖਿਆ ਅਤੇ ਰਿਆਇਤਾਂ ਦਾ ਇੱਕ ਵਿਸਤ੍ਰਿਤ ਢਾਂਚਾ ਖੜਾ ਕਰਦਾ ਹਾਂ ਅਤੇ ਆਪਣੇ ਅਧਿਕਾਰਾਂ ਦਾ ਕੁੱਝ ਹਿੱਸਾ ਕੁਰਬਾਨ ਕਰਦਾ ਹਾਂ ਤਾਂ ਜੋ ਉਨ੍ਹਾਂ ਦਾ ਰੁਤਬਾ ਉੱਚਾ ਹੋ ਸਕੇ, ਜਦ ਉਹ ਹੀ ਜ਼ਰਾਇਮ ਪੇਸ਼ਾ ਮੁਜ਼ਰਿਮਾਂ ਦੀ ਤਰ੍ਹਾਂ ਮਨਮਰਜ਼ੀ ਨਾਲ ਲੋਕਾਂ ਨੂੰ ਅਗਵਾ ਕਰਦੇ ਹਨ, ਲੁੱਟਦੇ ਹਨ ਅਤੇ ਕਤਲ ਕਰਦੇ ਹਨ ਤਾਂ ਮੈਂ ਚੁੱਪ ਨਹੀਂ ਰਹਿ ਸਕਦਾ । ਇਹ ਹਕੂਮਤੀ ਦਹਿਸ਼ਤਗਰਦੀ ਹੈ । ਅਗਰ ਮੇਰੇ ਦੇਸ਼ ਵਿੱਚ ਅਮਨ ਦਾ ਵਾਸਾ ਹੋਣਾ ਹੈ ਤਾਂ ਇਸ ਨੂੰ ਤੁਰੰਤ ਖ਼ਤਮ ਕਰਨਾ ਲਾਜ਼ਮੀ ਹੈ ।

ਜਸਟਿਸ ਅਜੀਤ ਸਿੰਘ ਬੈਂਸ (ਰਿਟਾਇਰਡ)

ਮਈ, 1992 ਬੁੜੈਲ ਜੇਲ੍ਹ, ਚੰਡੀਗੜ੍ਹ ।

Digitized by Panjab Digital Library | www.panjabdigilib.org

# ਵਿਚਾਰ ਪ੍ਰਕਾਸ਼ਨ ਦੀਆਂ ਪ੍ਰਕਾਸ਼ਨਾਵਾਂ

| ਲੜੀ ਨੰ: | ਪੁਸਤਕ ਦਾ ਨਾਂ | ਲੇਖਕ ਦਾ ਨਾਂ | ਸਜਿਲਦ | ਪੇਪਰ ਬੈਕ |
|---|---|---|---|---|
| 1. | ਇਨਕਲਾਬੀ ਲਹਿਰਾਂ ਦੇ ਪ੍ਰਸੰਗ 'ਚ ਸਿੱਖ ਲਹਿਰ | ਜਗਜੀਤ ਸਿੰਘ | 60 | 20 |
| 2. | ਖਾੜਕੂ ਸਿੱਖ ਸੰਘਰਸ਼ ਕੁਝ ਨਿਰਣੇ ਕੁਝ ਵਿਚਾਰ | ਅਜਮੇਰ ਸਿੰਘ | | 20 |
| 3. | ਕੌਮੀ ਆਜ਼ਾਦੀ ਵੱਲ ਪੰਜਾਬ ਤੇ ਪੰਜਾਬੀ ਸਭਿਆਚਾਰ ਦਾ ਭਵਿੱਖ | ਗੁਰਭਗਤ ਸਿੰਘ | 60 | 20 |
| 4. | ਪੰਜਾਬ ਦੇ ਖ਼ੂਨੀ ਦਹਾਕੇ ਦੀ ਗਾਥਾ ਖਾੜਕੂ ਲਹਿਰ ਦਾ ਇਕ ਬਹੁ ਪੱਖੀ ਵਿਸ਼ਲੇਸ਼ਣ | ਮੇਜਰ ਸਿੰਘ | 30 | 10 |
| 5. | ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਤੇ ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਦੀਆਂ ਜੇਲ੍ਹ ਚਿੱਠੀਆਂ | | | 20 |
| 6. | ਆਖਰੀ ਪਿੰਡ ਦੀ ਕਥਾ (ਨਾਵਲ) | ਜਸਬੀਰ ਸਿੰਘ ਮੰਡ | 50 | 20 |
| 7. | ਇਹ ਅੱਖਰ (ਕਾਵਿ ਸੰਗ੍ਰਹਿ) | ਅਜਾਇਬ ਅਜ਼ਨਬੀ | 50 | 15 |
| 8. | ਬੰਜਰ ਹੋ ਰਿਹਾ ਪੰਜਾਬ (ਦਰਿਆਈ ਪਾਣੀਆਂ ਦਾ ਮਸਲਾ) | ਵਿਦਵਾਨਾਂ ਦੀ ਨਜ਼ਰ 'ਚ | 60 | 20 |
| 9. | ਕਾਵਿ ਸ਼ਾਸਤਰ, ਦੇਹ ਅਤੇ ਕ੍ਰਾਂਤੀ | ਗੁਰਭਗਤ ਸਿੰਘ | 150 | 50 |
| 10. | ਦਹਿਸ਼ਤਗਰਦ ਕੌਣ ? ਸਿੱਖ ਕਿ ਸਰਕਾਰ | ਜਸਟਿਸ ਅਜੀਤ ਸਿੰਘ ਬੈਂਸ (ਰਿਟਾਇਰਡ) | 150 | 50 |
| 11. | ਪੰਜਾਬ ਖਾੜਕੂ ਲਹਿਰ ਦੇ ਜ਼ਲਜ਼ਲੇ ਤੋਂ ਬਾਅਦ | ਮੇਜਰ ਸਿੰਘ | 60 | 20 |

ਪੁਸਤਕਾਂ ਮੰਗਵਾਉਣ ਦਾ ਪਤਾ :

**ਵਿਚਾਰ ਪ੍ਰਕਾਸ਼ਨ**

ਪਿੰਡ ਤੇ ਡਾ: ਸਕਰੌਦੀ,

ਜ਼ਿਲ੍ਹਾ ਸੰਗਰੂਰ—148026

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਪੰਜਾਬ ਸਰਕਾਰ ਨੇ ਜਸਟਿਸ ਬੈਂਸ ਨੂੰ, ਬੈਂਸ ਕਮੇਟੀ ਦਾ ਪ੍ਰਧਾਨ ਨਿਯੁਕਤ ਕੀਤਾ, ਜਿਸਨੂੰ 1981 ਤੋਂ 1985 ਤੱਕ ਸਿਆਸੀ ਅੰਦੋਲਨ ਦੇ ਸਬੰਧ ਵਿਚ ਫੜੇ ਨਜ਼ਰਬੰਦਾਂ ਦੇ ਮੁਕੱਦਮਿਆਂ ਦੀ ਛਾਣ-ਬੀਣ ਕਰਨ ਦਾ ਅਧਿਕਾਰ ਦਿੱਤਾ ਗਿਆ। ਬੈਂਸ ਹੋਰਾਂ ਨੂੰ ਪੰਜਾਬ ਜੇਲ੍ਹ ਸੁਧਾਰ ਕਮੇਟੀ ਦਾ ਮੈਂਬਰ ਵੀ ਨਿਯੁਕਤ ਕੀਤਾ ਗਿਆ ਸੀ, ਜਿਸ ਅਹੁਦੇ ਤੋਂ ਪਿਛੋਂ ਜਾ ਕੇ ਆਪ ਨੇ 30 ਅਪ੍ਰੈਲ 1986 ਨੂੰ ਹਰਿਮੰਦਰ ਸਾਹਿਬ ਵਿਚ ਨੀਮ-ਫੌਜੀ ਦਲਾਂ ਦੇ ਦਾਖਲੇ ਵਿਰੁਧ ਰੋਸ ਵਜੋਂ ਅਸਤੀਫਾ ਦੇ ਦਿੱਤਾ ਸੀ।



ਜਸਟਿਸ ਬੈਂਸ ਜੋ ਪੰਜਾਬ ਦੀ ਮਨੁੱਖੀ ਹੱਕਾਂ ਬਾਰੇ ਜਥੇਬੰਦੀ ਦੇ ਚੇਅਰਮੈਨ ਵੀ ਹਨ, ਨੇ 1987 ਅਤੇ 1988 ਵਿਚ ਯੂਰਪ ਅਤੇ ਉਤਰੀ ਅਮਰੀਕਾ ਵਿਚ ਦੂਰ ਦੂਰ ਥਾਵਾਂ ਦੀ ਯਾਤਰਾ ਕੀਤੀ ਅਤੇ ਪੰਜਾਬ ਦੇ ਹਾਲਾਤ ਬਾਰੇ ਤੇ ਮਨੁੱਖੀ ਹੱਕਾਂ ਦੀ ਉਲੰਘਣਾ ਬਾਰੇ ਤਕਰੀਰਾਂ ਕੀਤੀਆਂ। ਆਪ ਨੇ ਬਹੁਤ ਸਾਰੀਆਂ ਯੂਨੀਵਰਸਿਟੀਆਂ, ਪ੍ਰੋਫੈਸ਼ਨਲ ਅਤੇ ਕਮਿਉਨਿਟੀ ਦੀਆਂ ਜਥੇਬੰਦੀਆਂ 'ਚ ਵੀ ਤਕਰੀਰਾਂ ਕੀਤੀਆਂ। ਆਪ ਵੱਖ ਵੱਖ ਦੇਸ਼ਾਂ ਦੇ ਵਿਧਾਇਕਾਂ, ਕਾਨੂੰਨਦਾਨਾਂ ਦੇ ਕੌਮਾਂਤਰੀ ਕਮਿਸ਼ਨ ਅਤੇ ਪੱਤਰਕਾਰਾਂ ਨੂੰ ਵੀ ਮਿਲੇ ਅਤੇ ਉਨ੍ਹਾਂ ਨੂੰ ਹਿੰਦੁਸਤਾਨ ਦੇ ਹਾਲਾਤ ਬਾਰੇ ਆਪਣੇ ਵਿਚਾਰ ਦੱਸੇ।

ਜਸਟਿਸ ਬੈਂਸ ਨੂੰ 3 ਅਪ੍ਰੈਲ 1992 ਨੂੰ ਚੰਡੀਗੜ੍ਹ ਤੋਂ ਪੁਲਿਸ ਵੱਲੋਂ ਹਿਰਾਸਤ 'ਚ ਲੈ ਲਿਆ ਗਿਆ ਅਤੇ 4 ਮਹੀਨੇ ਤੱਕ ਜੇਲ੍ਹ ਅੰਦਰ ਰੱਖਿਆ।

ਮਨੁੱਖੀ ਅਧਿਕਾਰਾਂ ਦੇ ਖੇਤਰ ਅੰਦਰ ਆਪ ਦੇ ਕੰਮਾਂ ਨੂੰ ਉਸ ਸਮੇਂ ਕੌਮਾਂਤਰੀ ਮਾਨਤਾ ਮਿਲ ਗਈ ਜਦੋਂ ਆਪ ਨੂੰ ਨਿਪਾਲ ਵਿਚ 1994 ਦੀਆਂ ਪਾਰਲੀਮਾਨੀ ਚੋਣਾਂ ਸਮੇਂ ਅੰਤਰ-ਰਾਸ਼ਟਰੀ ਨਿਗਰਾਨ ਟੀਮ ਦਾ ਮੈਂਬਰ ਨਾਮਜਦ ਕੀਤਾ ਗਿਆ।

B-0602

Digitized by Panjab Digital Library | www.panjabdigilib.org



Digitized by Panjab Digital Library | www.panjabdigilib.org